**Worldwide Travel, Inc.**
Call for special fares
ਅੰਮ੍ਰਿਤਸਰ, ਦਿੱਲੀ, ਬੰਬੇ
734-525-7304 ਜਾਂ 800-504-3044
ਵਾਜਬ ਰੇਟ, ਵਧੀਆ ਸਰਵਿਸ

APPROVED MORTGAGE
THE LENDER YOU CAN TRUST

C.S. Ahluwalia
Mortgage Consultant

916.747.5801 cell
317.423.7000 fax
317.634.4391 office
cgate007@yahoo.com
1740 Lafayette Rd Indianapolis, IN 46222
Headquarters: 107 N. State Rd 135 Ste. 301 Greenwood, IN 46142
www.approvedonline.com

Call Prince Buttar 513-693-5125
7801 Brightfield Ct. Liberty Township, Ohio 45044
Prince Art Gallery

Professional HD, Video and Digital Photography
Wedding & Birthday Parties, Sweet Sixteen, Marriage Anny.
Discounts for Religious Events
Dj services available Princeart13@Hotmail.com

Eleventh Year in Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 22, May 29, 2010 20451 N Plum Grove Rd. Palatine, IL 60074 Ph:847-359-0746, Fax:847-705-9388

## ਡਾ. ਮਨਮੋਹਨ ਸਿੰਘ ਸਰਕਾਰ ਦਾ ਪਹਿਲਾ ਸਾਲ ਮਹਿੰਗਾਈ ਦੇ ਲੇਖੇ

**ਪ੍ਰਧਾਨ ਮੰਤਰੀ ਨੇ ਕਿਹਾ: • ਪਾਕਿਸਤਾਨ ਨਾਲ ਸੁਖਾਵੇਂ ਸਬੰਧਾਂ 'ਚ ਬੇਵਿਸਾਹੀ ਸਭ ਤੋਂ ਵੱਡਾ ਅੜਿੱਕਾ • ਸੋਨੀਆ ਗਾਂਧੀ ਨਾਲ ਕੋਈ ਮਤਭੇਦ ਨਹੀਂ • ਅਰਥਚਾਰਾ ਮਜ਼ਬੂਤ; ਮਹਿੰਗਾਈ ਦਰ ਛੇਤੀ ਘਟ ਕੇ 5-6% ਹੋ ਜਾਵੇਗੀ • ਨਵੇਂ ਰਾਜ ਕਾਇਮ ਕਰਨ ਦੀ ਕੋਈ ਤਜਵੀਜ਼ ਨਹੀਂ**

**ਪੰਜਾਬ ਟਾਈਮਜ਼ ਬਿਊਰੋ**

**ਨਵੀਂ ਦਿੱਲੀ:** ਵਿਰੋਧੀ ਅਤੇ ਸਰਕਾਰ, ਦੋਨੋਂ ਇਹ ਤੱਥ ਸਵੀਕਾਰ ਕਰਦੇ ਹਨ ਕਿ ਕੇਂਦਰ ਸਰਕਾਰ ਦਾ ਪਹਿਲਾ ਸਾਲ ਮਹਿੰਗਾਈ ਦੇ ਲੇਖੇ ਲੱਗ ਗਿਆ ਹੈ। ਫਿਰ ਵੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਯੂ ਪੀ ਏ ਸਰਕਾਰ ਦੇ ਦੂਜੇ ਕਾਰਜਕਾਲ ਦੇ ਪਹਿਲੇ ਸਾਲ ਦਾ ਰਿਪੋਰਟ ਕਾਰਡ ਪੇਸ਼ ਕਰਦਿਆਂ ਆਸ ਪ੍ਰਗਟਾਈ ਕਿ ਦਸੰਬਰ ਤੱਕ ਮਹਿੰਗਾਈ 'ਤੇ ਕਾਬੂ ਪਾ ਲਿਆ ਜਾਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਦੇਸ਼ ਵਿਚ ਦਸੰਬਰ ਤਕ ਮਹਿੰਗਾਈ ਦਰ 5-6 ਫੀਸਦੀ ਤਕ ਘਟ ਜਾਵੇਗੀ ਅਤੇ ਇਸ ਮਾਲੀ ਸਾਲ ਦੌਰਾਨ ਆਰਥਿਕ ਵਿਕਾਸ ਦਰ 8.5 ਫੀਸਦੀ ਰਹੇਗੀ।

ਕੌਮੀ ਪੱਧਰ ਦੀ ਇਕ ਪ੍ਰੈਸ ਕਾਨਫਰੰਸ ਵਿਚ ਉਹ ਨਕਸਲਵਾਦ, ਭਾਰਤ-ਪਾਕਿ ਸਬੰਧ ਸਮੇਤ ਅਨੇਕ ਮੁੱਦਿਆਂ 'ਤੇ ਡਟ ਕੇ ਬੋਲੇ। ਸਾਂਝਾ ਪ੍ਰਗਤੀਸ਼ੀਲ ਗੱਠਜੋੜ (ਯੂ ਪੀ ਏ) ਸਰਕਾਰ ਦੇ ਦੂਜੇ ਕਾਰਜਕਾਲ ਦਾ ਪਹਿਲਾ ਸਾਲ ਮੁਕੰਮਲ ਹੋਣ ਮੌਕੇ ਸੋਮਵਾਰ ਆਪਣੀ ਪਹਿਲੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਡਾ. ਮਨਮੋਹਨ ਸਿੰਘ ਨੇ ਕਿਹਾ, "ਮਹਿੰਗਾਈ ਦਾ ਵਾਧਾ ਸਰਕਾਰ ਲਈ ਵੱਡੀ ਚਿੰਤਾ ਦਾ ਕਾਰਨ ਹੈ, ਸਰਕਾਰ ਵੀ ਕੀਮਤਾਂ ਕਾਬੂ ਵਿਚ ਰੱਖਣ ਲਈ ਹਰ ਸੰਭਵ ਉਪਰਾਲਾ ਕਰ ਰਹੀ ਹੈ ਤਾਂ ਕਿ ਆਮ ਆਦਮੀ 'ਤੇ ਹੋਰ ਬੋਝ ਨਾ ਪਵੇ।" ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵਲੋਂ ਰਾਜ ਸਰਕਾਰਾਂ ਨਾਲ ਮਿਲ ਕੇ ਇਸ ਪਾਸੇ


*ਪ੍ਰੈਸ ਕਾਨਫਰੰਸ 'ਚ ਪ੍ਰਧਾਨ ਮੰਤਰੀ ਦੇ ਵੱਖ ਵੱਖ ਅੰਦਾਜ਼*

ਢੁੱਕਵੇਂ ਕਦਮ ਪੁੱਟੇ ਜਾਣਗੇ ਤਾਂ ਕਿ ਸਮਾਜ ਦੇ ਗਰੀਬ ਵਰਗ ਨੂੰ ਮਹਿੰਗਾਈ ਦੀ ਮਾਰ ਤੋਂ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਤੇਲ ਕੀਮਤਾਂ ਸਮੇਤ ਹੋਰ ਕੌਮਾਂਤਰੀ ਹਾਲਾਤ ਅਤੇ ਦੇਸ਼ ਵਿਚ ਸੋਕੇ ਅਤੇ ਹੜ੍ਹਾਂ ਕਾਰਨ ਮਹਿੰਗਾਈ ਦਰ ਵਧੀ ਹੈ।

ਸਰਕਾਰ ਨੂੰ ਆਪਣੇ ਦੂਜੀ ਮਿਆਦ ਦੇ ਪਹਿਲੇ ਸਾਲ ਦੇ ਅਖੀਰਲੇ ਦਿਨਾਂ ਵਿਚ ਸੰਸਦ ਅੰਦਰ ਬਜਟ ਵਿਚ ਕਟੌਤੀ ਪ੍ਰਸਤਾਵ 'ਤੇ ਕਾਫੀ ਕਠਿਨ ਸਥਿਤੀ ਨਾਲ ਦੋ-ਚਾਰ ਹੋਣਾ ਪਿਆ ਸੀ ਅਤੇ ਕਿਸੇ ਨਾ ਕਿਸੇ ਤਰ੍ਹਾਂ ਸਰਕਾਰ ਆਪਣੀ

*(ਬਾਕੀ ਸਫਾ 6 'ਤੇ)*


*ਹਾਦਸੇ ਦਾ ਸ਼ਿਕਾਰ ਹੋਏ ਜਹਾਜ਼ ਨੂੰ ਲੱਗੀ ਅੱਗ ਬੁਝਾਉਂਦਾ ਹੋਇਆ ਅਮਲਾ*

## ਮੰਗਲੌਰ ਨੇੜੇ ਹਵਾਈ ਜਹਾਜ਼ ਹਾਦਸੇ ਦਾ ਸ਼ਿਕਾਰ, 158 ਮੌਤਾਂ

***ਹਾਦਸੇ ਦੇ ਕਾਰਨਾਂ ਬਾਰੇ ਕਿਆਸਅਰਾਈਆਂ ਦਾ ਬਾਜ਼ਾਰ ਗਰਮ***

**ਮੰਗਲੌਰ:** ਦੁਬਈ ਤੋਂ ਮੰਗਲੌਰ ਆ ਰਿਹਾ ਏਅਰ ਇੰਡੀਆ ਦਾ ਐਕਸਪ੍ਰੈਸ ਬੋਇੰਗ 737-800 ਜਹਾਜ਼ ਬੀਤੀ 22 ਮਈ ਨੂੰ ਸਵੇਰੇ ਮੰਗਲੌਰ ਨੇੜਲੇ ਬਾਜਪੇ ਹਵਾਈ ਅੱਡੇ ਦੇ ਰਨਵੇ 'ਤੇ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ ਵਿਚ 158 ਵਿਅਕਤੀਆਂ ਦੀ ਮੌਤ ਹੋ ਗਈ। ਜਹਾਜ਼ ਵਿਚ 4 ਨਵਜੰਮੇ ਬੱਚਿਆਂ ਤੇ ਚਾਲਕ ਟੀਮ ਦੇ 6 ਮੈਂਬਰਾਂ ਸਮੇਤ 166 ਵਿਅਕਤੀ ਸਵਾਰ ਸਨ।

ਪਿਛਲੇ ਇਕ ਦਹਾਕੇ ਦੀ ਇਸ ਸਭ ਤੋਂ ਭਿਆਨਕ ਤ੍ਰਾਸਦੀ ਵਿਚ 8 ਵਿਅਕਤੀ ਚਮਤਕਾਰੀ ਢੰਗ ਨਾਲ ਬਚ ਗਏ। ਹਾਦਸੇ 'ਚੋਂ ਜ਼ਿੰਦਾ ਬਚੇ ਵਿਅਕਤੀਆਂ ਵਿਚ ਸਬਰੀਨਾ, ਉਮਰ ਫਾਰੂਕ, ਰੇਜ਼ਾ ਪ੍ਰਤਾਪ ਡਿਸੂਜਾ, ਮੁਹੰਮਦ ਕੁਟੀ, ਕ੍ਰਿਸ਼ਨਾ ਅਤੇ ਪ੍ਰਦੀਪ ਸ਼ਾਮਲ ਹਨ।

ਸ਼ਹਿਰੀ ਹਵਾਬਾਜ਼ੀ ਮੰਤਰਾਲੇ ਵਲੋਂ ਜਾਰੀ ਇਕ ਬਿਆਨ ਮੁਤਾਬਕ ਦੁਬਈ ਤੋਂ ਮੰਗਲੌਰ ਆਉਂਦੇ ਸਮੇਂ ਇਹ ਜਹਾਜ਼ ਕਰੀਬ 6 ਵਜ ਕੇ 30 ਮਿੰਟ 'ਤੇ ਬਾਜਪੇ ਹਵਾਈ ਅੱਡੇ 'ਤੇ ਹਾਦਸਾਗ੍ਰਸਤ ਹੋ ਗਿਆ। ਦੂਜੇ ਪਾਸੇ ਹਾਦਸੇ ਤੋਂ ਬਾਅਦ ਸ਼ਹਿਰੀ ਹਵਾਬਾਜ਼ੀ ਮੰਤਰੀ ਪ੍ਰਫੁੱਲ ਪਟੇਲ ਨੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਕੇ ਇਸ ਹਾਦਸੇ ਦੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਅਸਤੀਫ਼ੇ ਦੀ ਪੇਸ਼ਕਸ਼ ਕੀਤੀ, ਜਿਸ ਨੂੰ ਪ੍ਰਧਾਨ ਮੰਤਰੀ ਨੇ ਨਾਮਨਜ਼ੂਰ ਕਰ ਦਿੱਤਾ। ਹਾਦਸੇ ਤੋਂ ਅਗਲੇ ਦਿਨ ਜਹਾਜ਼ ਦਾ ਬਲੈਕ ਬਾਕਸ ਪ੍ਰਾਪਤ ਕਰ ਲਿਆ ਗਿਆ ਅਤੇ ਇਸ ਬਾਰੇ ਜਾਂਚ ਜਾਰੀ ਹੈ।

ਇਸੇ ਦੌਰਾਨ ਸ੍ਰੀ ਪਟੇਲ ਨੇ ਇਸ ਮਾਮਲੇ

*(ਬਾਕੀ ਸਫਾ 9 'ਤੇ)*

**Wraich Transport LLS**
**North American Truck Stop**
14320 Slover Ave., Fontana, CA 92337

ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ
*We have trailer engine for carrier and thermo king
*North american truck stop offer all kind of truck repair @ economy price.
*We have special deal on oil change $189+
ਤੁਰਤ ਕਾਲ ਕਰੋ: 800-746-6201, 9093-350-3310

**Dhillon Truck Stop**
**Dhillon Road Service**
Interstate 40, exit 356, San Jon, NM
Gill Manj Gurdaspur Wale
ਪੰਜਾਬੀ ਢਾਬਾ

ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776

# ਮਹਿੰਦੀ ਸ਼ਗਨਾਂ ਦੀ...




Unnati'Z
Mehndi and Artwork in Chicago and beyond
www.unnatiZart.com info@unnatiZart.com
847-301-4124 or 224-522-3424

# Dhade & Associates, PC

## Immigration Lawyers

WE FIGHT FOR YOUR RIGHTS!



ਪੰਜਾਬੀ ਬੋਲਣ ਵਾਲੇ ਇਮੀਗਰੇਸ਼ਨ ਵਕੀਲ



Randhir Singh Garcha
Immigration Lawyer

Herman Singh Dhade
Immigration Lawyer

*ਪ੍ਰੋਫੈਸ਼ਨਲ ਵੀਜ਼ੇ (ਡਾਕਟਰ, ਇੰਜੀਨੀਅਰ ਆਦਿ)
*ਗਰੀਨ ਕਾਰਡ *ਸਿਟੀਜ਼ਨਸ਼ਿਪ
*ਅਡਜਸਟਮੈਂਟ ਆਫ ਸਟੇਟਸ *ਡੀਪੋਰਟੇਸ਼ਨ
*ਅਸੀਂ ਤੁਹਾਡੀਆਂ ਸਾਰੀਆਂ ਇਮੀਗਰੇਸ਼ਨ ਲੋੜਾਂ ਪੂਰੀਆਂ ਕਰ ਸਕਦੇ ਹਾਂ
*ਅਸੀਂ ਕੈਨੇਡਾ ਦੀ ਇਮੀਗਰੇਸ਼ਨ 6 ਤੋਂ 12 ਮਹੀਨੇ ਵਿਚ ਕਰ ਸਕਦੇ ਹਾਂ

Ph:248-254-3441
www.eagle.pro
e-mail: info@eagle.pro

28800 Orchard Lake Road, Suite 135, Farmington Hills, MI 48334

ਆਪਣੀ ਵਿਆਹ-ਸ਼ਾਦੀ ਜਾਂ ਖੁਸ਼ੀ ਦੇ ਮੌਕੇ
ਦੀ ਅਗਲੀ ਪਾਰਟੀ ਨਵੇਂ-ਨਕੋਰ ਕਰਾਊਨ
ਪਲਾਜ਼ਾ ਮਿਲਵਾਕੀ ਏਅਰਪੋਰਟ ਵਿਚ ਕਰੋ

Book your wedding or social event at the brand new Crowne Plaza Milwaukee Airport. Fresh from a comprehensive renovation; 194 beautifully appointed guest rooms and 24,000 sq. ft. of banquet space. We work with local & Chicago Indian caterers. Ample complimentary parking available.

ਅਸੀਂ ਮਿਲਵਾਕੀ ਅਤੇ ਸ਼ਿਕਾਗੋ ਤੋਂ ਭਾਰਤੀ
ਖਾਣੇ ਦਾ ਇੰਤਜਾਮ ਕਰਾਵਾਉਂਦੇ ਹਾਂ ।
ਖੁੱਲ੍ਹੀ-ਡੁੱਲੀ ਮੁਫਤ ਪਾਰਕਿੰਗ

Call our expert sales and catering staff today at:
414-563-4075 or visit us at:
www.cpmilwaukeeairporthotel.com

CROWNE PLAZA®
MILWAUKEE AIRPORT
The Place To Meet



Crowne Plaza Milwaukee Airport
6401 S. 13th Street Milwaukee, WI 53221
Tel : 414-764-5300

Designed by: QUIK SIGNS 661-703-8795, 661-900-7357 www.quiksigns.us

# ਸਿੱਖ ਸਤਿਸੰਗ ਆਫ ਇੰਡੀਅਨਐਪੋਲਿਸ, ਇੰਡੀਆਨਾ

10950 South East Ave., Indianapolis, Indiana, 46239 Ph: 317-862-SIKH (7454) www.indianapolisgurdwara.org

ੴ ਸਤਿਗੁਰ ਪ੍ਰਸਾਦਿ॥

*ਜਿਨਾ ਸਾਸਿ ਗਿਰਾਸਿ ਨਾ ਵਿਸਰੈ ਹਰਿ ਨਾਮਾਂ ਮਨਿ ਮੰਤੁ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥*

*ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਅਦੁੱਤੀ ਸ਼ਖ਼ਸੀਅਤ ਹੋਏ ਹਨ, ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ।*


*ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ*

# ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ 60ਵੀਂ ਬਰਸੀ

ਸਿੱਖ ਸਤਿਸੰਗ ਆਫ ਇੰਡੀਅਨਐਪੋਲਿਸ, ਇੰਡੀਆਨਾ ਦੀ ਸਮੂਹ ਸਾਧ ਸੰਗਤ ਵਲੋਂ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ ਨਿੱਘੀ ਯਾਦ 11, 12 ਅਤੇ 13 ਜੂਨ, 2010 ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮੇਲੇ ਦੇ ਰੂਪ ਵਿਚ ਮਨਾਈ ਜਾ ਰਹੀ ਹੈ। ਇਸ ਮੌਕੇ ਗਰਮਾ-ਗਰਮ ਜਲੇਬੀਆਂ ਅਤੇ ਹਦਵਾਣਿਆਂ ਦੇ ਸਟਾਲ ਵੀ ਲੱਗਣਗੇ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਮੌਕੇ ਗੁਰੂ ਘਰ ਵਿਚ ਹਾਜ਼ਰੀਆਂ ਭਰ ਕੇ ਜਨਮ ਸਫਲਾ ਕਰੋ ਜੀ।

**11 ਜੂਨ, 2010** ਅਰੰਭ ਸ੍ਰੀ ਅਖੰਡ ਪਾਠ ਸਾਹਿਬ-10 ਵਜੇ ਸਵੇਰੇ
**13 ਜੂਨ, 2010** ਭੋਗ ਸ੍ਰੀ ਅਖੰਡ ਪਾਠ ਸਾਹਿਬ-9 ਵਜੇ ਸਵੇਰੇ

## ਰਾਗੀ ਜਥੇ

ਭਾਈ ਮਨਜੀਤ ਸਿੰਘ ਰਾਜਾ (ਦੇਹਰਾਦੂਨ ਵਾਲੇ)
ਭਾਈ ਪ੍ਰੀਤਮ ਸਿੰਘ ਜੀ ਅਤੇ ਢਾਡੀ ਜਥਾ ਵੀ ਪਹੁੰਚ ਰਿਹਾ ਹੈ।

*ਜਥੇਦਾਰ ਤਾਰਾ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਣਗੇ। *13 ਜੂਨ ਨੂੰ ਦੁਪਹਿਰ 2 ਵਜੇ ਹੈਲੀਕਾਪਟਰ ਰਾਹੀਂ ਫੁੱਲ ਵੀ ਵਰਸਾਏ ਜਾਣਗੇ।

## ਬੇਨਤੀਕਰਤਾ

ਪ੍ਰਧਾਨ-ਇੰਦਰਜੀਤ ਸਿੰਘ ਡਾਲਾ
ਮੀਤ ਪ੍ਰਧਾਨ-ਹਰਜਿੰਦਰਪਾਲ ਸਿੰਘ ਡਾਲਾ
ਮੀਤ ਪ੍ਰਧਾਨ-ਸੁਖਵਿੰਦਰ ਸਿੰਘ ਜਲਾਲਪੁਰ
ਮੀਤ ਪ੍ਰਧਾਨ-ਬਲਦੇਵ ਸਿੰਘ ਗਿਲਜੀਆਂ
ਚੇਅਰਮੈਨ-ਜਸਵੀਰ ਸਿੰਘ ਡਿਪਟੀ
ਵਾਈਸ ਚੇਅਰਮੈਨ-ਹਰਭਜਨ ਸਿੰਘ ਬਾਕਰਪੁਰ
ਜਨਰਲ ਸਕੱਤਰ-ਰਘਬੀਰ ਸਿੰਘ ਖਲੀਲ

ਸਕੱਤਰ-ਹਰਪਾਲ ਸਿੰਘ ਜੱਬੋ
ਮੀਤ ਸਕੱਤਰ-ਗੁਰਪ੍ਰੀਤ ਸਿੰਘ ਚੱਕਬੱਬੂ
ਕੈਸ਼ੀਅਰ-ਸਰਬਜੀਤ ਸਿੰਘ ਸੱਲ੍ਹਾਂ
ਸਹਾਇਕ ਕੈਸ਼ੀਅਰ-ਗੁਰਪ੍ਰੀਤ ਸਿੰਘ ਸੱਲ੍ਹਾਂ ਬਰੋਕਰ
ਸਪੋਰਟਸ ਚੇਅਰਮੈਨ-ਰਣਬੀਰ ਸਿੰਘ ਬਰਿਆਰ
ਸਪੋਰਟਸ ਵਾਈਸ ਚੇਅਰਮੈਨ-ਲਖਵਿੰਦਰ ਸਿੰਘ ਗਰਾਲਾ
ਮੀਡੀਆ ਤੇ ਪਬਲਿਕ ਰਿਲੇਸ਼ਨ ਕਮੇਟੀ

ਅਮਨਿੰਦਰ ਸਿੰਘ ਰੂਬਲ ਸਲੇਮਪੁਰ
ਰਣਜੀਤ ਸਿੰਘ ਮੁੰਡੀ ਰੋਡ
ਐਜੂਕੇਸ਼ਨ ਕਮੇਟੀ
ਲਖਵੰਤ ਸਿੰਘ ਸੱਲ੍ਹਾਂ
ਦਵਿੰਦਰ ਸਿੰਘ ਦਬੁਰਜੀ
ਕਲਚਰਲ ਕਮੇਟੀ
ਜਤਿੰਦਰਪਾਲ ਸਿੰਘ ਬਾਕਰਪੁਰ

**ਮੇਨ ਪੈਟਰਨ:** ਜਥੇਦਾਰ ਤਾਰਾ ਸਿੰਘ ਸੱਲ੍ਹਾਂ, ਬਲਦੇਵ ਸਿੰਘ ਸੱਲ੍ਹਾਂ, ਦਿਲਬਾਗ ਸਿੰਘ ਮਾੜੀ ਬੁਚੀ, ਰਣਜੀਤ ਸਿੰਘ ਰੈਂਡੀ, ਗੁਰਮੀਤ ਸਿੰਘ ਸੱਲ੍ਹਾਂ, ਅਵਤਾਰ ਸਿੰਘ ਸੱਲ੍ਹਾਂ, ਸੁਰਿੰਦਰ ਸਿੰਘ ਸੱਲ੍ਹਾਂ, ਨਰਿੰਜਨ ਸਿੰਘ ਖਲੀਲ, ਰਜਿੰਦਰ ਸਿੰਘ ਨੰਗਲ।

**ਮੁੱਖ ਸਲਾਹਕਾਰ:** ਗੁਲਜਿੰਦਰ ਸਿੰਘ ਬੇਗੋਵਾਲ, ਜਸਵਿੰਦਰ ਸਿੰਘ ਬੇਗੋਵਾਲ, ਲਖਵਿੰਦਰ ਸਿੰਘ ਜਲਾਲਪੁਰ, ਬਲਵਿੰਦਰ ਸਿੰਘ ਜਲਾਲਪੁਰ, ਬਲਬੀਰ ਸਿੰਘ ਹਰਿਆਣਾ

**ਟਰਸਟੀ:** ਸਤਿੰਦਰ ਸਿੰਘ ਮੰਗੇ ਖਾਂ ਤਲਵੰਡੀ, ਵਿਕਰਮਜੀਤ ਸਿੰਘ ਡਾਲਾ, ਪਰਮਜੀਤ ਸਿੰਘ ਮਕਸੂਦਪੁਰ, ਸਤਵੀਰ ਸਿੰਘ ਖਲੀਲ, ਮਨਵੀਰ ਸਿੰਘ ਖਲੀਲ, ਯੁਵਰਾਜ ਸਿੰਘ ਅਬਾਲਾ, ਰੌਕੀ ਬਰਿਆਰ, ਸਤਪਾਲ ਸਿੰਘ ਜੱਬੋ, ਲਾਡਾ ਬੇਗੋਵਾਲ, ਬਿੱਟੂ ਬੇਗੋਵਾਲ, ਮਨਜੀਤ ਸਿੰਘ ਭੱਦਾਸ, ਹਰਦੀਪ ਸਿੰਘ ਸੱਲ੍ਹਾਂ, ਬੱਬੂ ਬਾਕਰਪੁਰੀਆ, ਸੁਜਾਨ ਸਿੰਘ ਦਬੁਰਜੀ, ਕਮਲਜੀਤ ਸਿੰਘ, ਸ਼ੇਰਾ ਸਿੰਘ ਦਬੁਰਜੀ, ਲਖਵਿੰਦਰ ਸਿੰਘ ਚੱਕਬੱਬੂ, ਭੁਪਿੰਦਰ ਸਿੰਘ ਬੱਲ (ਬੁਤਾਲਾ), ਗੁਰਸ਼ਰਨ ਸਿੰਘ ਚੀਮਾ (ਨਡਾਲੀ), ਅੰਮ੍ਰਿਤਪਾਲ ਸਿੰਘ (ਚੱਕ ਬੱਬੂ), ਡਾ. ਕਲਿਆਣ ਸਿੰਘ (ਜਲੰਧਰ), ਜੋਗਿੰਦਰ ਸਿੰਘ (ਟਾਂਡਾ), ਗੁਰਦੇਵ ਸਿੰਘ (ਮੰਡੀ ਮੋੜ), ਜਗਜੀਤ ਸਿੰਘ (ਮੰਡੀ ਮੋੜ), ਰਘਬੀਰ ਸਿੰਘ (ਕਲੰਬਸ), ਗੁਰਚਰਨ ਸਿੰਘ ਦੀਪੂ (ਜਲੰਧਰ), ਖੁਰਬਾਨ ਸਿੰਘ।

## Matrimonials

ਰਾਮਗੜੀਆ ਸਿੱਖ, 30 ਸਾਲ,ਇੰਗਲੈਂਡ ਵਿਚ ਪੜ੍ਹਦੀ ਲੜਕੀ ਲਈ ਸਿੱਖੀ ਸਰੂਪ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਵਡੀ ਭੈਣ ਕੈਲੀਫੋਰਨੀਆ ਵਸਦੀ ਹੈ। ਕੈਲੀਫੋਰਨੀਆ ਦੇ ਲੜਕੇ ਨੂੰ ਤਰਜੀਹ। ਸੰਪਰਕ ਕਰੋ: 209 470 3732

US Jat Sikh Parents seek US citizen match for their India based B.Tech (CSE) CCNP (CISCO) 3G Mob.Tech. 27, 5'11", son, Contact: 425-609-8431 or e-mail: bahader.grewal@gmail.com

Ramgarhia Sikh family looking for Medico/ Engineer/ professionally qualified, under 35, issueless match from US/Canada for their Dentist (D.D.S) daughter, 31, 5'-5", PR Canada, divorced/ issueless.Contact:Email: match2k@gmail.com

Jat Sikh parents from Midwest seek suitable match for their US born, handsome, clean shaven, 26, 6'-1" Engineer son, manager in a large national corporation. Please contact: sikh5family@gmail.com

*To Advertise with us call: 847-359-0746 Fax:847-705-9388*


# ਰੁਚਿਕਾ ਮਾਮਲਾ:ਰਾਠੌਰ ਨੂੰ ਡੇਢ ਸਾਲ ਦੀ ਸਜ਼ਾ

**ਚੰਡੀਗੜ੍ਹ:** ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਗੁਰਬੀਰ ਸਿੰਘ ਦੀ ਅਦਾਲਤ ਨੇ ਰੁਚਿਕਾ ਛੇੜਛਾੜ ਮਾਮਲੇ ਵਿਚ ਦੋਸ਼ੀ ਪਾਏ ਗਏ ਹਰਿਆਣਾ ਦੇ ਸਾਬਕਾ ਡੀ ਜੀ ਪੀ ਸ਼ੰਭੂ ਪ੍ਰਸਾਦ ਸਿੰਘ ਰਾਠੌਰ (68 ਸਾਲ) ਦੀ ਸਜ਼ਾ 6 ਮਹੀਨੇ ਤੋਂ ਵਧਾ ਕੇ ਡੇਢ ਸਾਲ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਰਾਠੌਰ ਨੂੰ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਨੇ 6 ਮਹੀਨੇ ਦੀ ਸਜ਼ਾ ਅਤੇ ਇਕ ਹਜ਼ਾਰ ਜੁਰਮਾਨੇ ਦੀ ਸਜ਼ਾ ਸੁਣਾਈ ਸੀ। ਇਸ ਦੇ ਖਿਲਾਫ ਰਾਠੌਰ ਨੇ ਸੈਸ਼ਨ ਜੱਜ ਕੋਲ ਅਪੀਲ ਕੀਤੀ ਸੀ ਤੇ ਦੂਜੇ ਪਾਸੇ ਸੀ ਬੀ ਆਈ ਨੇ ਸਜ਼ਾ ਵਿਚ ਵਾਧਾ ਕੀਤੇ ਜਾਣ ਲਈ ਅਪੀਲ ਕੀਤੀ ਸੀ।

ਬੀਤੀ 25 ਮਈ ਨੂੰ ਫੈਸਲਾ ਸੁਣਾਉਣ ਦੇ ਤੁਰੰਤ ਮਗਰੋਂ ਸੀ ਬੀ ਆਈ ਨੇ ਰਾਠੌਰ ਨੂੰ ਹਿਰਾਸਤ ਵਿਚ ਲੈ ਲਿਆ ਅਤੇ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਬੁੜੈਲ ਜ਼ੇਲ੍ਹ ਭੇਜ ਦਿੱਤਾ ਗਿਆ। ਅਦਾਲਤ ਦੇ ਬਾਹਰ ਵੱਡੀ ਗਿਣਤੀ ਵਿਚ ਸੁਰੱਖਿਆ ਕਰਮਚਾਰੀ ਤੈਨਾਤ ਕੀਤੇ ਗਏ ਸਨ। ਮੀਡੀਆ ਨੂੰ ਇਸ ਸਮੇਂ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਪਹਿਲਾਂ 11 ਮਈ ਨੂੰ ਅਦਾਲਤ ਨੇ ਸਜ਼ਾ ਸੁਣਾਉਣ ਲਈ 21 ਮਈ ਦੀ ਤਾਰੀਖ ਤੈਅ ਕੀਤੀ ਸੀ, ਪਰ ਜੱਜ ਨੇ ਫੈਸਲਾ ਪੂਰਾ ਨਾ ਲਿਖੇ ਜਾਣ ਕਰਕੇ 25 ਮਈ ਨੂੰ ਸੁਣਾਇਆ। ਅਦਾਲਤ ਵਿਚ 3 ਮਈ ਤੋਂ 11 ਮਈ ਤੱਕ ਲਗਾਤਾਰ ਬੰਦ ਕਮਰੇ ਵਿਚ ਇਸ ਮਾਮਲੇ ਦੀ ਸੁਣਵਾਈ ਹੁੰਦੀ ਰਹੀ। ਰਾਠੌਰ ਦੀ ਵਕੀਲ ਪਤਨੀ ਆਭਾ ਰਾਠੌਰ ਨੇ ਆਪਣੇ ਪਤੀ ਦੀ ਖਰਾਬ ਸਿਹਤ ਕਰਕੇ ਸਜ਼ਾ ਰੱਦ ਕਰਨ ਦੀ ਦਲੀਲ ਦਿੱਤੀ ਸੀ, ਪਰ ਅਦਾਲਤ ਨੇ ਇਹ ਦਲੀਲ ਰੱਦ ਕਰ ਦਿੱਤੀ। ਅਦਾਲਤ ਨੇ ਇਹ ਵੀ ਕਿਹਾ ਕਿ ਜੇਲ੍ਹ ਦੇ ਡਾਕਟਰ ਹੀ ਰਾਠੌਰ ਦੀ ਸਿਹਤ ਦੀ ਜਾਂਚ ਕਰਨਗੇ।

ਦੱਸਣਯੋਗ ਹੈ ਕਿ ਪਿਛਲੇ ਸਾਲ 21 ਦਸੰਬਰ ਨੂੰ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਨੇ ਹਰਿਆਣਾ ਦੇ ਸਾਬਕਾ ਡੀ ਜੀ ਪੀ ਨੂੰ ਟੈਨਿਸ ਖਿਡਾਰਨ ਰੁਚਿਕਾ ਗਿਰਹੋਤਰਾ (14 ਸਾਲ) ਨਾਲ ਪੰਚਕੂਲਾ ਵਿਚ ਛੇੜਛਾੜ ਮਾਮਲੇ ਵਿਚ 19 ਸਾਲ ਬਾਅਦ 6 ਮਹੀਨੇ ਦੀ ਕੈਦ ਅਤੇ ਇੱਕ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਸੀ। 12 ਅਗਸਤ 1990 ਦੀ ਇਸ ਘਟਨਾ ਤੋਂ 3 ਸਾਲ ਬਾਅਦ ਰੁਚਿਕਾ ਨੇ ਆਪਣੇ ਪਰਿਵਾਰ 'ਤੇ ਹੋ ਰਹੇ ਜ਼ੁਲਮਾਂ ਤੋਂ ਤੰਗ ਆ ਕੇ ਖੁਦਕੁਸ਼ੀ ਕਰ ਲਈ ਸੀ। ਰਾਠੌਰ ਖਿਲਾਫ ਪਿੱਛੇ ਜਿਹੇ ਹੀ ਦੋ ਨਵੇਂ ਮਾਮਲੇ ਮ੍ਰਿਤਕਾ ਰੁਚਿਕਾ ਦੇ ਪਿਤਾ ਐਸ ਸੀ ਗਿਰਹੋਤਰਾ ਅਤੇ ਭਰਾ ਆਸ਼ੂ ਦੀ ਸ਼ਿਕਾਇਤ 'ਤੇ ਦਰਜ ਹੋਏ ਸਨ। ਰਾਠੌਰ 'ਤੇ ਰੁਚਿਕਾ ਨੂੰ ਖੁਦਕੁਸ਼ੀ ਲਈ ਉਕਸਾਉਣ ਦਾ ਮਾਮਲਾ ਵੀ ਦਰਜ ਹੈ। ਇਸ ਤੋਂ ਬਾਅਦ ਰਾਠੌਰ ਨੇ ਹਾਈਕੋਰਟ ਵਿਚ ਰੁਚਿਕਾ ਨੂੰ ਖੁਦਕੁਸ਼ੀ ਲਈ ਉਕਸਾਉਣ ਦੇ ਮਾਮਲੇ ਵਿਚ ਦਰਜ ਐਫ ਆਈ ਆਰ ਖਾਰਜ ਕਰਨ ਲਈ ਹਾਈਕੋਰਟ ਵਿਚ ਪਟੀਸ਼ਨ ਪਾਈ, ਜੋ ਹੁਣ ਡਵੀਜ਼ਨ ਬੈਂਚ ਨੂੰ ਤਬਦੀਲ ਕੀਤੀ ਹੋਈ ਹੈ।

ਫੈਸਲਾ ਸੁਣਾਏ ਜਾਣ ਤੋਂ ਬਾਅਦ ਰਾਠੌਰ ਅਦਾਲਤ ਵਿਚ ਬੈਠੇ ਰਹੇ ਅਤੇ ਉਨ੍ਹਾਂ ਦੀ ਪਤਨੀ ਆਭਾ ਰਾਠੌਰ ਨੇ ਫੈਸਲੇ ਦੀ ਕਾਪੀ ਲੈਣ ਲਈ ਇਕ ਅਰਜ਼ੀ ਪੇਸ਼ ਕੀਤੀ। ਰਾਠੌਰ ਨੇ ਅਦਾਲਤ ਅਤੇ ਸੀ ਬੀ ਆਈ ਅਧਿਕਾਰੀਆਂ ਨੂੰ ਕਿਹਾ ਕਿ ਮੇਰੀ ਸਜ਼ਾ 'ਚ ਵਾਧਾ ਕੀਤਾ ਗਿਆ ਹੈ, ਇਸ ਲਈ ਹੁਕਮਾਂ ਦੀ ਕਾਪੀ ਪ੍ਰਾਪਤ ਕਰਨ ਦਾ ਉਨ੍ਹਾਂ ਨੂੰ ਅਧਿਕਾਰ ਹੈ। ਦੂਜੇ ਪਾਸੇ ਅਦਾਲਤ ਨੇ ਰਾਠੌਰ ਨੂੰ ਕਿਹਾ ਕਿ ਫੈਸਲੇ ਦੀ ਕਾਪੀ ਦੇਣ ਦਾ ਕੋਈ ਨਿਯਮ ਨਹੀਂ ਹੈ। ਅਦਾਲਤ ਨੇ ਕਿਹਾ ਕਿ ਫੈਸਲਾ ਤੁਹਾਡੀ ਅਪੀਲ 'ਤੇ ਸੁਣਾਇਆ ਗਿਆ ਹੈ, ਤੁਸੀਂ ਫੈਸਲੇ ਦੀ ਕਾਪੀ ਦੇਣ ਵਾਲੀ ਸ਼ਾਖਾ ਵਿਚ ਅਰਜ਼ੀ ਦੇ ਕੇ ਇਸ ਨੂੰ ਸੈਸ਼ਨ ਅਦਾਲਤ ਤੋਂ ਪ੍ਰਾਪਤ ਕਰ ਸਕਦੇ ਹੋ। ਅਦਾਲਤ ਵਲੋਂ ਉਨ੍ਹਾਂ ਦੀ ਅਰਜ਼ੀ ਮਨਜ਼ੂਰ ਨਾ ਕੀਤੇ ਜਾਣ ਤੋਂ ਕੁਝ ਹੀ ਸਮੇਂ ਬਾਅਦ ਸੀ ਬੀ ਆਈ ਕਰਮਚਾਰੀ ਰਾਠੌਰ ਨੂੰ ਅਦਾਲਤ ਤੋਂ ਬਾਹਰ ਲੈ ਗਏ। ਇਸ ਸਮੇਂ ਉਨ੍ਹਾਂ ਦੀ ਪਤਨੀ ਆਭਾ ਰਾਠੌਰ ਵੀ ਮੌਜੂਦ ਸਨ।

**ਪਿਤਾ ਨੂੰ ਫੈਸਲੇ 'ਤੇ ਤਸੱਲੀ:** ਰੁਚਿਕਾ ਦੇ ਪਿਤਾ ਸੁਭਾਸ਼ ਗਿਰਹੋਤਰਾ ਨੇ ਅਦਾਲਤ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਉਹ ਸੈਸ਼ਨ ਜੱਜ ਦੇ ਫੈਸਲੇ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ। ਉਹ ਇਹੋ ਹੀ ਉਮੀਦ ਕਰ ਰਹੇ ਸਨ ਕਿ ਰਾਠੌਰ ਨੂੰ ਆਪਣੇ ਕਰਮਾਂ ਲਈ ਸਜ਼ਾ ਘੱਟ ਮਿਲੀ ਹੈ, ਜਿਸ ਵਿਚ ਜ਼ਰੂਰ ਵਾਧਾ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਰੁਚਿਕਾ ਨੂੰ ਖੁਦਕੁਸ਼ੀ ਲਈ ਮਜਬੂਰ ਕਰਨ ਦੇ ਮਾਮਲੇ ਵਿਚ ਸ਼ਜਾ ਦਿਵਾਉਣ ਲਈ ਉਹ ਆਪਣੀ ਕਾਨੂੰਨੀ ਲੜਾਈ ਜਾਰੀ ਰੱਖਣਗੇ। ਰੁਚਿਕਾ ਦੇ ਪਰਿਵਾਰਕ ਵਕੀਲ ਪੰਕਜ ਭਾਰਦਵਾਜ ਨੇ ਵੀ ਫੈਸਲੇ 'ਤੇ ਤਸੱਲੀ ਪ੍ਰਗਟਾਈ।

ਇਸੇ ਦੌਰਾਨ ਰੁਚਿਕਾ ਦੀ ਸਹੇਲੀ ਅਰਾਧਨਾ ਦੇ ਪਿਤਾ ਆਨੰਦ ਪ੍ਰਕਾਸ਼ ਨੇ ਕਿਹਾ ਕਿ ਸ਼ੰਭੂ ਪ੍ਰਸਾਦ ਸਿੰਘ ਰਾਠੌਰ ਦੀ ਡੇਢ ਸਾਲ ਦੀ ਸਜ਼ਾ ਤੋਂ ਬਾਅਦ ਹੁਣ ਉਨ੍ਹਾਂ ਲੋਕਾਂ ਨਾਲ ਵੀ ਲੜਾਈ ਲੜਨੀ ਹੈ, ਜਿਨ੍ਹਾਂ ਨੇ ਰਾਠੌਰ ਦਾ ਸਾਥ ਦਿੱਤਾ ਸੀ। ਉਨ੍ਹਾਂ ਪੰਚਕੂਲਾ ਵਿਚ ਆਪਣੇ ਘਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਰਾਠੌਰ 'ਤੇ ਅਜੇ ਕਈ ਮਾਮਲੇ ਹੋਰ ਵੀ ਚੱਲ ਰਹੇ ਹਨ ਅਤੇ ਲੱਗਦਾ ਹੈ ਕਿ ਉਨ੍ਹਾਂ ਦੇ ਫੈਸਲਿਆਂ ਤੋਂ ਬਾਅਦ ਇਸ ਦੀ ਜ਼ਿੰਦਗੀ ਜੇਲ੍ਹ ਵਿਚ ਹੀ ਬੀਤੇਗੀ।

ਆਨੰਦ ਪ੍ਰਕਾਸ਼ ਨੇ ਕਿਹਾ ਕਿ ਮੇਰੀ ਬੇਟੀ ਅਰਾਧਨਾ ਆਸਟਰੇਲੀਆ ਵਿਖੇ ਸਿਡਨੀ ਵਿਚ ਹੈ ਅਤੇ ਚੱਲ ਰਹੇ ਰਾਠੌਰ ਦੇ ਕੇਸਾਂ ਬਾਰੇ ਜੇਕਰ ਉਸ ਨੂੰ ਸੈਂਕੜੇ ਵਾਰ ਆਸਟਰੇਲੀਆ ਤੋਂ ਆਉਣਾ ਪਿਆ ਤਾਂ ਉਹ ਜ਼ਰੂਰ ਆਵੇਗੀ, ਕਿਉਂਕਿ ਅੱਜ ਦੇ ਫੈਸਲੇ ਤੋਂ ਉਹ ਵੀ ਖੁਸ਼ ਹੈ। ਅਨੰਦ ਪ੍ਰਕਾਸ਼ ਨੇ ਕਿਹਾ ਕਿ ਜਦੋਂ ਇਹ ਘਟਨਾ ਹੋਈ ਜੇਕਰ ਰਾਠੌਰ ਖਿਲਾਫ਼ ਉਸ ਵੇਲੇ ਕੋਈ ਕਾਰਵਾਈ ਹੁੰਦੀ ਤਾਂ ਸ਼ਾਇਦ ਰੁਚਿਕਾ ਅਪਮਾਨਿਤ ਹੋ ਕੇ ਖੁਦਕੁਸ਼ੀ ਨਾ ਕਰਦੀ।

## 1.10 ਅਰਬ ਦੀ ਹੈਰੋਇਨ ਫੜੀ

**ਤਰਨ ਤਾਰਨ :** ਸਬ ਡਵੀਜ਼ਨ ਪੱਟੀ ਅਧੀਨ ਪੈਂਦੇ ਪਿੰਡ ਦੁਬਲੀ ਦੇ ਨਜ਼ਦੀਕ ਥਾਣਾ ਖੇਮਕਰਨ ਦੀ ਪੁਲਿਸ ਅਤੇ ਸਮਗਲਰਾਂ ਦਰਮਿਆਨ ਹੋਏ ਮੁਕਾਬਲੇ ਤੋਂ ਬਾਅਦ ਪੁਲਿਸ ਨੇ ਦੋ ਸਮਗਲਰਾਂ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ 22 ਕਿਲੋ ਹੈਰੋਇਨ ਬਰਾਮਦ ਕੀਤੀ ਹੈ, ਜਿਸ ਦੀ ਕੌਮਾਂਤਰੀ ਮੰਡੀ ਵਿਚ ਕੀਮਤ ਤਕਰੀਬਨ ਇੱਕ ਅਰਬ 10 ਕਰੋੜ ਰੁਪਏ ਬਣਦੀ ਹੈ।

## ਭਾਰਤੀ ਮੂਲ ਦੀ ਔਰਤ ਤ੍ਰਿਨਿਦਾਦ ਦੀ ਪ੍ਰਧਾਨ ਮੰਤਰੀ ਬਣੀ

**ਪੋਰਟ ਆਫ਼ ਸਪੇਨ:** ਭਾਰਤੀ ਮੂਲ ਦੀ ਕਮਲਾ ਪ੍ਰਸਾਦ ਬਿਸੇਸਾਰ ਨੇ ਲੰਘੀ 25 ਮਈ ਨੂੰ ਉਸ ਸਮੇਂ ਇਤਿਹਾਸ ਰਚ ਦਿੱਤਾ ਜਦੋਂ ਉਹ ਤ੍ਰਿਨਿਦਾਦ ਤੇ ਟੋਬੈਗੋ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਚੁਣੀ ਗਈ। ਦੇਸ਼ ਅੰਦਰ ਕਮਲਾ ਦੀ ਅਗਵਾਈ ਵਿਚ ਚੋਣ ਲੜਨ ਵਾਲੇ ਸਿਆਸੀ ਗਠਜੋੜ ਨੇ ਭਾਰੀ ਬਹੁਮਤ ਨਾਲ ਸੱਤਾਧਾਰੀ ਪਾਰਟੀ ਦੇ 43 ਸਾਲਾ ਸਾਸ਼ਨ ਨੂੰ ਖ਼ਤਮ ਕਰ ਦਿੱਤਾ ਹੈ। ਕਮਲਾ ਦੀ ਪੀਪਲਜ਼ ਪਾਰਟਨਰਸ਼ਿਪ ਪਾਰਟੀ ਨੇ ਸੋਮਵਾਰ ਨੂੰ ਪਈਆਂ ਵੋਟਾਂ ਵਿਚ 41 ਵਿਚੋਂ 29 ਸੰਸਦੀ ਸੀਟਾਂ ਜਿੱਤੀਆਂ।

ਕਮਲਾ ਨੇ ਲੰਮੇ ਸਮੇਂ ਤੋਂ ਦੇਸ਼ 'ਤੇ ਰਾਜ ਕਰ ਰਹੇ ਮੌਜੂਦਾ ਪ੍ਰਧਾਨ ਮੰਤਰੀ ਪੈਟਰਿਕ ਮੈਨਿੰਗ ਨੂੰ ਅਹੁਦੇ ਤੋਂ ਲਾਂਭੇ ਕਰ ਦਿੱਤਾ ਹੈ। ਮੈਨਿੰਗ 2002 ਤੋਂ ਦੇਸ਼ ਦੇ ਪ੍ਰਧਾਨ ਮੰਤਰੀ ਸਨ, ਜਦਕਿ ਉਨ੍ਹਾਂ ਦੀ ਪਾਰਟੀ ਤਾਂ ਪਿਛਲੇ 4 ਦਹਾਕਿਆਂ ਤੋਂ ਵਧ ਸਮੇਂ ਤੋਂ ਦੇਸ਼ ਅੰਦਰ ਰਾਜ ਕਰ ਰਹੀ ਹੈ। ਕਮਲਾ ਇਕ ਪੜ੍ਹੀ ਲਿਖੀ ਔਰਤ ਹੈ ਤੇ ਉਸ ਨੇ ਲਾਅ ਸਕੂਲ ਵਿਚ ਟਾਪ ਕਰਨ ਤੋਂ ਇਲਾਵਾ ਵੈਸਟ ਇੰਡੀਜ਼ ਯੂਨੀਵਰਸਿਟੀ ਤੋਂ ਪ੍ਰਬੰਧ ਦੀ ਡਿਗਰੀ ਹਾਸਲ ਕੀਤੀ ਹੋਈ ਹੈ।

ਕਮਲਾ ਦੇ ਪੁਰਖ਼ੇ ਉਨ੍ਹਾਂ ਇੱਕ ਲੱਖ 48 ਹਜ਼ਾਰ ਭਾਰਤੀ ਕਿਰਤੀਆਂ ਵਿਚੋਂ ਸਨ ਜੋ 1845 ਤੋਂ 1917 ਦਰਮਿਆਨ ਕੈਰੀਬੀਆਈ ਦੀਪ 'ਤੇ ਗੰਨੇ ਤੇ ਕੋਕੋਆ ਦੀ ਖੇਤੀ ਕਰਨ ਲਈ ਇਥੇ ਲਿਆਂਦੇ ਗਏ ਸਨ। ਜ਼ਿਕਰਯੋਗ ਹੈ ਕਿ ਤ੍ਰਿਨਿਦਾਦ ਤੇ ਟੋਬੈਗੋ ਦੀ ਕੁੱਲ ਆਬਾਦੀ 13 ਲੱਖ ਹੈ, ਜਿਸ ਵਿਚ 44 ਫੀਸਦੀ ਭਾਰਤੀ ਹਨ।

## ਮਨਮੋਹਨ ਨੇ ਗਿਲਾਨੀ ਨੂੰ ਅੰਬ ਭੇਜੇ

**ਨਵੀਂ ਦਿੱਲੀ:** ਭਾਰਤ ਅਤੇ ਪਾਕਿਸਤਾਨ ਵਿਚਾਲੇ ਬੇਭਰੋਸਗੀ ਘਟਾਉਣ ਦੇ ਯਤਨਾਂ ਤਹਿਤ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਆਪਣੇ ਪਾਕਿਸਤਾਨੀ ਹਮਅਹੁਦਾ ਯੂਸਫ ਰਜ਼ਾ ਗਿਲਾਨੀ ਨੂੰ ਅੰਬ ਭੇਜੇ ਹਨ। 20 ਕਿਲੋ ਸਪੈਸ਼ਲ ਅਲਫਾਂਸੋ ਅੰਬ ਇਸਲਾਮਾਬਾਦ ਸਥਿਤ ਭਾਰਤੀ ਹਾਈ ਕਮਿਸ਼ਨ 'ਚ ਭੇਜੇ ਗਏ, ਜਿਥੋਂ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦਫ਼ਤਰ ਭੇਜ ਦਿੱਤਾ ਜਾਵੇਗਾ।





ਅਮਰ ਕਾਰਪੈਟਸ

ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੇਟ ਸਸਤੇ ਭਾਅ ਪੁਆਉ

ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੱਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਨਵਾਂ ਤੇ ਬੇਹਤਰੀਨ ਚੋਣ ਭਰਪੂਰ ਨਵਾਂ ਅਤੇ ਵੱਡਾ ਸ਼ੋਅਰੂਮ



ਅਮਰੀਕ ਸਿੰਘ



ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ

Same day service in Chicago and suburbs

Amar Carpets Inc

ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659

ਕਾਲ ਕਰੋ : ਅਮਰੀਕ ਸਿੰਘ

Ph: 773-508-5253,773-507-8043, Fax: 773-508-5249

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???



ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



- ✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
- ✔ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
- ✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
- ✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States

# Remembering Sikhs of All Wars

**Sir John Maynard estimated that the contribution of the Sikh community in men and material was ten times that of any other community of India. Of the 22 Military Crosses awarded for conspicuous gallantry to Indians, the Sikhs won 14.**



**Ishar Singh VC, the first Sikh VC winner, is seen here (far right) marching through Whitehall with three other highly decorated Sikhs. Ishar Singh was in London for five months in 1936 as one of the Viceroy's Commissioned Officers selected to serve as the Orderly Officers to the King.**

*Copyright © Sarwan Singh 2010 (Pending)*

Sponsored By: Sikh Sangat Chicago/Sher-E-Punjab Sports & Cultural Club, Chicago

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh

**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664

**Director Community & Business Relations:**
Sunita Chopra
Ph:773-370-7106

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਡਾ. ਮਨਮੋਹਨ ਸਿੰਘ ਸਰਕਾਰ ਦਾ ਪਹਿਲਾ ਸਾਲ ਮਹਿੰਗਾਈ ਦੇ ਲੇਖੇ

ਹੋਂਦ ਬਚਾਉਣ ਵਿਚ ਕਾਮਯਾਬ ਰਹੀ ਸੀ।

ਮੰਨੇ-ਪ੍ਰਮੰਨੇ ਅਰਥਸ਼ਾਸਤਰੀ ਪ੍ਰਧਾਨ ਮੰਤਰੀ ਨੇ ਸਮਾਜਿਕ ਅਤੇ ਆਰਥਿਕ ਸੈਕਟਰ ਵਿਚ ਵਧੇਰੇ ਨਿਵੇਸ਼ ਕਰਨ 'ਤੇ ਜ਼ੋਰ ਦਿੰਦਿਆਂ ਦਾਅਵਾ ਕੀਤਾ ਕਿ ਸਾਰੀਆਂ ਔਕੜਾਂ ਦੇ ਬਾਵਜੂਦ ਦੇਸ਼ ਵਿਚ ਵਿਕਾਸ ਦਰ 8.5 ਫੀਸਦੀ ਰਹੇਗੀ। ਉਨ੍ਹਾਂ ਕਿਹਾ ਕਿ ਖੇਤੀ ਖੇਤਰ ਵਿਚ ਨਿਵੇਸ਼ ਵਧਾਇਆ ਜਾਵੇਗਾ। ਆਪਣੇ-ਆਪ ਨੂੰ ਸ਼ਾਬਾਸ਼ੀ ਦਿੰਦਿਆਂ ਉਨ੍ਹਾਂ ਕਿਹਾ ਕਿ ਵਿਸ਼ਵ ਦੇ ਵੱਡੇ ਅਰਥਚਾਰੇ ਦੇ ਹਿਸਾਬ ਨਾਲ ਇਹ ਬਹੁਤ ਵਧੀਆ ਕਾਰਗੁਜ਼ਾਰੀ ਹੈ। ਦੇਸ਼ ਵਿਚ ਬੱਚਤ ਅਤੇ ਨਿਵੇਸ਼ ਦਰ ਕੁੱਲ ਘਰੇਲੂ ਉਤਪਾਦਨ ਦਾ 35 ਫੀਸਦੀ ਹੈ ਤੇ ਇਹ ਵਿਸ਼ਵ ਵਿਚ ਦੂਜੇ ਨੰਬਰ 'ਤੇ ਹੈ।

ਆਪਣੀ ਕਾਰਗੁਜ਼ਾਰੀ ਬਾਰੇ ਉਨ੍ਹਾਂ ਪੱਤਰਕਾਰਾਂ ਨੂੰ ਆਖਿਆ ਕਿ ਹੁਣ ਇਹ ਤੁਸੀਂ ਦੇਖਣਾ ਹੈ ਕਿ ਸਰਕਾਰ ਦੀ ਕਾਰਗੁਜ਼ਾਰੀ ਕਿਹੋ ਜਿਹੀ ਰਹੀ।

**ਸੰਨਿਆਸ ਲੈਣ ਦਾ ਸਵਾਲ ਹੀ ਨਹੀਂ:** ਆਪਣੇ ਕਾਰਜਕਾਲ ਦੇ ਸੱਤਵੇਂ ਵਰ੍ਹੇ 'ਚ ਦਾਖਲ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਅਹੁਦੇ ਤੋਂ ਸੇਵਾਮੁਕਤੀ ਦਾ ਸਵਾਲ ਹੀ ਨਹੀਂ ਕਿਉਂਕਿ ਅਜੇ ਕੰਮ ਮੁਕੰਮਲ ਹੀ ਨਹੀਂ ਹੋਇਆ, ਪਰ ਨਾਲ ਹੀ ਨਾਲ ਇਹ ਵੀ ਕਿਹਾ ਕਿ ਜੇ ਕਾਂਗਰਸ ਮੇਰੀ ਥਾਂ ਕਿਸੇ ਹੋਰ ਨੂੰ ਪ੍ਰਧਾਨ ਮੰਤਰੀ ਬਣਾਉਣ ਦਾ ਫੈਸਲਾ ਕਰੇ ਤਾਂ ਮੈਂ ਪ੍ਰਧਾਨ ਮੰਤਰੀ ਦਾ ਅਹੁਦਾ ਤਿਆਗਣ ਵਿਚ ਝਿਜਕਾਂਗਾ ਨਹੀਂ। ਉਹ ਕਿਸੇ ਨੌਜਵਾਨ ਆਗੂ ਲਈ ਆਪਣਾ ਸਥਾਨ ਤਿਆਗਣ ਨੂੰ ਤਿਆਰ ਹਨ।

ਆਪਣੀ 75 ਮਿੰਟ ਦੀ ਇਸ ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ ਨੇ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨਾਲ ਕਿਸੇ ਵੀ ਤਰ੍ਹਾਂ ਦੇ



ਮੱਤਭੇਦ ਦੀਆਂ ਅਫਵਾਹਾਂ ਨੂੰ ਮੂਲੋਂ ਹੀ ਰੱਦ ਕਰ ਦਿੱਤਾ। 700 ਪੱਤਰਕਾਰਾਂ ਦੇ ਇਕੱਠ ਨੂੰ ਵਧੇਰੇ ਸਪਸ਼ਟ ਕਰਦਿਆਂ ਉਨ੍ਹਾਂ ਕਿਹਾ ਕਿ ਮੈਨੂੰ ਪ੍ਰਧਾਨ ਮੰਤਰੀ ਦਾ ਕੰਮ ਦਿੱਤਾ ਗਿਆ ਸੀ ਅਤੇ ਕੰਮ ਅਜੇ ਅਧੂਰਾ ਹੈ ਅਤੇ ਕੰਮ ਮੁਕੰਮਲ ਹੋਣ ਤਕ ਸੇਵਾ-ਮੁਕਤੀ ਦਾ ਕੋਈ ਮਤਲਬ ਨਹੀਂ।

**ਰਾਹੁਲ ਪੂਰੀ ਤਰ੍ਹਾਂ ਸਮਰੱਥ:** ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਮੰਤਰੀ ਮੰਡਲ ਵਿਚ ਸ਼ਾਮਲ ਹੋਣ ਦੇ ਪੂਰੀ ਤਰ੍ਹਾਂ ਸਮਰੱਥ ਹਨ। ਉਨ੍ਹਾਂ ਨੂੰ ਕਈ ਵਾਰ ਪੇਸ਼ਕਸ਼ ਕੀਤੀ ਗਈ ਹੈ, ਪਰ ਉਹ ਪਾਰਟੀ ਨੂੰ ਮਜ਼ਬੂਤ ਕਰਨ ਵੱਲ ਵਧੇਰੇ ਧਿਆਨ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਵੀ ਸ੍ਰੀ ਰਾਹੁਲ ਗਾਂਧੀ ਨੇ ਮੰਤਰੀ ਬਣਨ ਦੀ ਇੱਛਾ ਜ਼ਾਹਿਰ ਕੀਤੀ ਤੁਰੰਤ ਉਨ੍ਹਾਂ ਨੂੰ ਨਿਯੁਕਤ ਕਰ ਦਿੱਤਾ ਜਾਵੇਗਾ।

**ਹਿੰਦ-ਪਾਕਿ ਸਬੰਧਾਂ 'ਚ ਬੇਭਰੋਸਗੀ:** ਹਿੰਦ-ਪਾਕਿ ਸਬੰਧਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਜਦੋਂ ਤਕ ਦੋਵਾਂ ਦੇਸ਼ਾਂ ਵਿਚਕਾਰ ਬੇਭਰੋਸਗੀ ਹੈ, ਗੱਲਬਾਤ ਦਾ ਮਾਹੌਲ ਬਣ ਹੀ ਨਹੀਂ ਸਕਦਾ। ਉਨ੍ਹਾਂ ਮੁੜ ਕਿਹਾ ਕਿ ਜੇ ਪਾਕਿਸਤਾਨ ਆਪਣੀ ਧਰਤੀ 'ਤੇ ਪੈਦਾ ਅਤਿਵਾਦ ਨੂੰ ਰੋਕਣ ਦਾ ਅਹਿਦ ਕਰੇ ਤਾਂ ਭਾਰਤ ਸਾਰੇ ਅਹਿਮ ਮੁੱਦਿਆਂ 'ਤੇ ਗੱਲਬਾਤ ਕਰਨ ਨੂੰ ਤਿਆਰ ਹੈ। ਉਨ੍ਹਾਂ ਕਿਹਾ, "ਮੇਰੀ ਸਮਝ ਅਨੁਸਾਰ ਗੱਲਬਾਤ ਦਾ ਕਿਸੇ ਤਣ-ਪੱਤਣ ਨਾ ਲੱਗਣ ਦਾ ਕਾਰਨ ਬੇਭਰੋਸਗੀ ਹੀ ਹੈ, ਸਭ ਤੋਂ ਪਹਿਲਾਂ ਭਰੋਸਾ ਪੈਦਾ ਕਰਨ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨਾਲ ਦੋਸਤਾਨਾ ਸਬੰਧ ਬਣਾਉਣਾ ਵਿਕਾਸ ਸਮਰੱਥਾ ਦੀ ਪੂਰੀ ਵਰਤੋਂ ਲਈ ਵੀ ਜ਼ਰੂਰੀ ਹੈ। ਦੋਹਾਂ ਦੇਸ਼ਾਂ ਵਿਚਾਲੇ ਨਫਰਤ ਘਟਾਉਣ ਲਈ ਗੱਲਬਾਤ ਸ਼ੁਰੂ ਹੋ ਸਕਦੀ ਹੈ, ਪਰ ਦੇਸ਼ ਦੇ ਹਿਤਾਂ ਨੂੰ ਕਦੇ ਵੀ ਨਹੀਂ ਤਿਆਗਿਆ ਜਾਏਗਾ।

**ਪ੍ਰਮਾਣੂ ਦੇਣਦਾਰੀ ਬਿਲ:** ਪ੍ਰਮਾਣੂ ਦੇਣਦਾਰੀ ਬਿਲ ਪਾਸ ਕਰਾਉਣ ਦੀ ਵਕਾਲਤ ਕਰਦਿਆਂ ਡਾ. ਮਨਮੋਹਨ ਸਿੰਘ ਨੇ ਆਸ ਪ੍ਰਗਟ ਕੀਤੀ ਕਿ ਦੇਸ਼ ਦੀਆਂ ਰਾਜਸੀ ਪਾਰਟੀਆਂ ਇਸ ਦੀ ਅਹਿਮੀਅਤ ਨੂੰ ਧਿਆਨ ਵਿਚ ਰੱਖਦਿਆਂ ਇਸ ਦੀ ਹਮਾਇਤ ਕਰਨਗੀਆਂ। ਭਾਰਤ ਦੇ ਵਿਸ਼ਵ ਵਿਚ ਪ੍ਰਮਾਣੂ ਊਰਜਾ ਸ਼ਕਤੀ ਬਣਨ ਲਈ ਇਸ ਬਿਲ ਦਾ ਪਾਸ ਹੋਣਾ ਜ਼ਰੂਰੀ ਹੈ।

**ਖੱਬੀ ਧਿਰ:** ਖੱਬੀ ਧਿਰ ਦੀ ਹਮਾਇਤ ਹਾਸਲ ਕਰਨ ਬਾਰੇ ਪੁੱਛੇ ਇਕ ਸਵਾਲ ਦੇ ਜਵਾਬ ਵਿਚ ਫਲਸਫਾਨਾ ਅੰਦਾਜ਼ 'ਚ ਉਨ੍ਹਾਂ ਕਿਹਾ ਕਿ ਇਹ ਤਾਂ ਜੋ ਚੀਜ਼ ਕਦੇ ਮਿਲਣੀ ਨਾ ਹੋਵੇ ਉਸ ਦੀ ਇੱਛਾ ਕਰਨ ਵਰਗੀ ਗੱਲ ਹੈ। ਤੁਰੰਤ ਗੱਲ ਮੋੜਦਿਆਂ ਉਨ੍ਹਾਂ ਕਿਹਾ ਕਿ ਉਹ ਅਜਿਹੀਆਂ ਪਾਰਟੀਆਂ ਦੀ ਹਮਾਇਤ ਦਾ ਸਵਾਗਤ ਕਰਨਗੇ।

**ਜਾਤ ਅਧਾਰਤ ਮਰਦਮਸ਼ੁਮਾਰੀ:** ਉਨ੍ਹਾਂ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਜਾਤ ਅਧਾਰਤ ਮਰਦਮਸ਼ੁਮਾਰੀ ਦੀ ਮੰਗ ਬਾਰੇ ਸਰਕਾਰ ਜਲਦ ਹੀ ਫੈਸਲਾ ਕਰ ਲਵੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪਾਰਲੀਮੈਂਟ ਵਿਚ ਵੀ ਇਸ ਸਬੰਧੀ ਬਿਆਨ ਦਿੱਤਾ ਸੀ। ਇਸ ਸਬੰਧੀ ਮੰਤਰੀ ਮੰਡਲ ਫੈਸਲਾ ਕਰੇਗਾ।

ਮੁਸਲਮਾਨ ਭਾਈਚਾਰੇ ਦੀ ਸਿੱਖਿਆ ਦੇ ਖੇਤਰ ਵਿਚ ਮਾਮੂਲੀ ਸ਼ਮੂਲੀਅਤ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਇਸ ਸਥਿਤੀ ਵਿਚ ਸੁਧਾਰ ਲਿਆਉਣ ਲਈ ਹਰ ਸੰਭਵ ਯਤਨ ਕਰੇਗੀ। ਉਨ੍ਹਾਂ ਦੱਸਿਆ ਕਿ ਜਸਟਿਸ ਸੱਚਰ ਕਮੇਟੀ ਨੇ ਵੀ ਮੁਸਲਮਾਨਾਂ ਨੂੰ ਸਿੱਖਿਆ ਅਤੇ ਸਿਖਲਾਈ ਵਿਚ ਵਧੇਰੇ ਸ਼ਾਮਲ ਕਰਨ 'ਤੇ ਜ਼ੋਰ ਦਿੱਤਾ ਸੀ।

ਦੇਸ਼ ਵਿਚ ਵੱਖ-ਵੱਖ ਵਿਕਾਸ ਕੰਮਾਂ ਲਈ ਜਾਰੀ ਫੰਡ ਦੀ 'ਲੀਕੇਜ' ਦੀ ਗੱਲ ਮੰਨਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਇਸ ਸਮੱਸਿਆ ਦੇ ਹੱਲ ਲਈ ਗੰਭੀਰ ਹੈ। ਉਨ੍ਹਾਂ ਕਿਹਾ ਕਿ ਕੌਮੀ ਵਿਕਾਸ ਸਕੀਮਾਂ ਵਿਚਲੀਆਂ ਊਣਤਾਈਆਂ ਦੂਰ ਕਰਨ ਦੇ ਵੀ ਉਪਰਾਲੇ ਹੋ ਰਹੇ ਹਨ।

**ਹੈਡਲੀ ਤਕ ਪੁੱਜਾਂਗੇ:** 26/11 ਅਤਿਵਾਦੀ ਹਮਲੇ ਦੀ ਸਾਜ਼ਿਸ਼ 'ਚ ਸ਼ਾਮਲ ਪਾਕਿਸਤਾਨੀ-ਅਮਰੀਕੀ ਨਾਗਰਿਕ ਡੇਵਿਡ ਹੈਡਲੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਅਮਰੀਕੀ ਅਧਿਕਾਰੀਆਂ ਨੇ ਭਾਰਤੀ ਅਧਿਕਾਰੀਆਂ ਨੂੰ ਹੈਡਲੀ ਤੋਂ ਪੁੱਛ-ਗਿੱਛ ਦੀ ਇਜਾਜ਼ਤ ਦੇਣ ਦਾ ਭਰੋਸਾ ਦਿੱਤਾ ਹੋਇਆ ਹੈ। ਇਸ ਸਬੰਧੀ ਮੁੱਢਲੀਆਂ ਰੁਕਾਵਟਾਂ ਦੂਰ ਹੋ ਵੀ ਗਈਆਂ ਹਨ। ਟੈਲੀਕਾਮ ਮੰਤਰੀ ਏ. ਰਾਜਾ 'ਤੇ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਬਾਰੇ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਜੇ ਦੋਸ਼ ਸਾਬਤ ਹੁੰਦੇ ਹਨ ਤਾਂ ਕਾਰਵਾਈ ਹੋਵੇਗੀ।

## ਸੋਨੀਆ ਤੇ ਗੁਰਸ਼ਰਨ ਤੋਂ ਹਮੇਸ਼ਾ ਮਿਲਦੀ ਹੈ ਨੇਕ ਸਲਾਹ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਭਾਗਾਂ ਵਾਲੇ ਹਨ ਕਿ ਉਨ੍ਹਾਂ ਨੂੰ ਦੋ ਮਹਿਲਾਵਾਂ- ਇਕ ਪਤਨੀ ਗੁਰਸ਼ਰਨ ਕੌਰ ਅਤੇ ਦੂਜੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੋਂ ਵਧੀਆ ਸਲਾਹਾਂ ਮਿਲਦੀਆਂ ਹਨ ਅਤੇ ਉਹ ਇਨ੍ਹਾਂ ਸਲਾਹਾਂ 'ਤੇ ਅਮਲ ਵੀ ਕਰਦੇ ਹਨ। ਸੋਮਵਾਰ ਪ੍ਰੈਸ ਕਾਨਫਰੰਸ ਦੌਰਾਨ ਹਲਕੇ-ਫੁਲਕੇ ਅੰਦਾਜ਼ ਵਿਚ ਉਨ੍ਹਾਂ ਕਿਹਾ, "ਮੈਂ ਫਾਇਦੇ ਵਿਚ ਹਾਂ ਕਿਉਂਕਿ ਮੈਨੂੰ ਦੋ ਮਹਿਲਾਵਾਂ ਤੋਂ ਨੇਕ ਸਲਾਹ ਮਿਲਦੀ ਹੈ।"

ਪੱਤਰਕਾਰਾਂ ਦੇ ਹਾਸੇ ਦੌਰਾਨ ਉਨ੍ਹਾਂ ਆਖਿਆ ਕਿ ਦੋਵੇਂ ਮਹਿਲਾਵਾਂ ਅਲੱਗ-ਅਲੱਗ ਮੁੱਦਿਆਂ 'ਤੇ ਸਲਾਹਾਂ ਦਿੰਦੀਆਂ ਹਨ। ਉਨ੍ਹਾਂ ਕਿਹਾ ਕਿ ਉਹ ਦੋਹਾਂ ਦੀਆਂ ਸਲਾਹਾਂ ਤੋਂ ਖੁਸ਼ ਹਨ। ਕਾਂਗਰਸ ਪ੍ਰਧਾਨ ਅਤੇ ਉਨ੍ਹਾਂ ਵਿਚਾਲੇ ਬੇਭਰੋਸਗੀ ਪੈਦਾ ਹੋਣ ਦੀਆਂ ਅਫਵਾਹਾਂ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਇਹ ਬਿਲਕੁਲ ਬੇਬੁਨਿਆਦ ਹੈ ਕਿਉਂਕਿ ਉਨ੍ਹਾਂ ਨੂੰ ਕਾਂਗਰਸ ਪ੍ਰਧਾਨ ਤੋਂ ਅਹਿਮ ਮੁੱਦਿਆਂ 'ਤੇ ਸੁਝਾਅ ਮਿਲਦੇ ਹਨ, ਕਿਸੇ ਕਿਸਮ ਦੀ ਕੋਈ ਬੇਭਰੋਸਗੀ ਨਹੀਂ। ਉਹ ਰਾਜਸੀ ਮੁੱਦਿਆਂ 'ਤੇ ਵਿਚਾਰ ਕਰਨ ਲਈ ਹਫਤਾਵਾਰ ਮੀਟਿੰਗ ਕਰਦੇ ਹਨ।

## ਪਾਕਿਸਤਾਨੀ ਸੁਪਰੀਮ ਕੋਰਟ ਵਲੋਂ ਸਈਦ ਦੀ ਨਜ਼ਰਬੰਦੀ ਰੱਦ

**ਲਾਹੌਰ :** ਭਾਰਤ ਸਰਕਾਰ ਦੀਆਂ ਉਮੀਦਾਂ ਨੂੰ ਝਟਕਾ ਦਿੰਦਿਆਂ ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਪਾਕਿ ਸਰਕਾਰ ਤੇ ਪੰਜਾਬ ਸਰਕਾਰ ਦੀ ਉਸ ਅਰਜ਼ੀ ਨੂੰ ਖਾਰਜ ਕਰ ਦਿੱਤਾ, ਜਿਸ ਵਿਚ ਮੁੰਬਈ ਹਮਲਿਆਂ ਦੇ ਸਾਜ਼ਿਸ਼ੀ ਤੇ ਦਹਿਸ਼ਤਗਰਦ ਜਥੇਬੰਦੀ ਜਮਾਤ-ਉਦ-ਦਾਅਵਾ ਦੇ ਮੁਖੀ ਮੁਹੰਮਦ ਹਾਫਿਜ਼ ਸਈਦ ਦੀ ਨਜ਼ਰਬੰਦੀ ਨੂੰ ਬਰਕਰਾਰ ਰੱਖਣ ਦੀ ਮੰਗ ਕੀਤੀ ਗਈ ਸੀ। ਸਈਦ ਦੀ ਨਜ਼ਰਬੰਦੀ ਖ਼ਤਮ ਕਰਨ ਸਬੰਧੀ ਲਾਹੌਰ ਹਾਈਕੋਰਟ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪਾਕਿਸਤਾਨੀ ਸੁਪਰੀਮ ਕੋਰਟ ਨੇ ਕਿਹਾ ਕਿ ਸਰਕਾਰ ਇਸ ਮਾਮਲੇ ਵਿਚ ਉਚਿਤ ਸਬੂਤ ਪੇਸ਼ ਨਹੀਂ ਕਰ ਸਕੀ ਹੈ। ਸੁਪਰੀਮ ਕੋਰਟ ਦੇ ਇਸ ਫੈਸਲੇ ਨਾਲ ਦੋਹਾਂ ਦੇਸ਼ਾਂ ਵਿਚਾਲੇ ਪਟੜੀ 'ਤੇ ਪਿਆ ਗੱਲਬਾਤ ਦਾ ਸਿਲਸਿਲਾ ਮੁੜ ਖ਼ਤਰੇ ਵਿਚ ਪੈਣ ਦੀ ਸੰਭਾਵਨਾ ਬਣ ਗਈ ਹੈ।

ਦੂਜੇ ਪਾਸੇ ਪਾਕਿਸਤਾਨੀ ਸੁਪਰੀਮ ਕੋਰਟ ਦੇ ਇਸ ਫੈਸਲੇ 'ਤੇ ਭਾਰਤ ਨੇ ਚਿੰਤਾ ਪ੍ਰਗਟਾਈ ਹੈ। ਭਾਰਤ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਅਸੀਂ ਆਸ ਕਰਦੇ ਹਾਂ ਕਿ ਪਾਕਿ ਸਰਕਾਰ ਇਸ ਮਾਮਲੇ ਵਿਚ ਕੋਈ ਸਾਰਥਕ ਕਦਮ ਚੁੱਕੇਗੀ। ਭਾਰਤੀ ਵਿਦੇਸ਼ ਸਕੱਤਰ ਨਿਰੂਪਮਾ ਰਾਏ ਨੇ ਇਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਮੁੰਬਈ ਹਮਲਿਆਂ ਦੇ ਸੂਤਰਧਾਰ ਮੰਨੇ ਜਾਣ ਵਾਲੇ ਇਸ ਦਹਿਸ਼ਤਗਰਦ ਨੂੰ ਰਾਹਤ ਦੇਣਾ ਦੋਹਾਂ ਦੇਸ਼ਾਂ ਦੇ ਸਬੰਧਾਂ ਵਿਚ ਹੋਰ ਵਖਰੇਵੇਂ ਪਾ ਦੇਵੇਗਾ।

ਜ਼ਿਕਰਯੋਗ ਹੈ ਕਿ ਲਸ਼ਕਰ-ਏ-ਤੋਇਬਾ ਦੇ ਬਾਨੀ ਮੰਨੇ ਜਾਣ ਵਾਲੇ ਸਈਦ ਨੂੰ ਦਸੰਬਰ 2008 ਵਿਚ ਪਾਕਿ ਸਰਕਾਰ ਨੇ ਸੰਯੁਕਤ ਰਾਸ਼ਟਰ ਕੌਂਸਲ ਦੀ ਪਹਿਲਕਦਮੀ 'ਤੇ ਨਜ਼ਰਬੰਦ ਕੀਤਾ ਸੀ। ਇਸ ਨਜ਼ਰਬੰਦੀ ਨੂੰ ਸਈਦ ਨੇ ਲਾਹੌਰ ਹਾਈਕੋਰਟ ਵਿਚ ਚੁਣੌਤੀ ਦਿੱਤੀ ਸੀ ਤੇ ਹਾਈਕੋਰਟ ਦੇ ਤਿੰਨ ਮੈਂਬਰੀ ਬੈਂਚ ਨੇ ਉਸ ਨੂੰ 2 ਜੂਨ 2009 ਨੂੰ ਨਜ਼ਰਬੰਦੀ ਤੋਂ ਰਿਹਾ ਕਰ ਦਿੱਤਾ ਸੀ। ਲਾਹੌਰ ਹਾਈਕੋਰਟ ਦੇ ਇਸ ਫੈਸਲੇ ਦਾ ਚੁਫੇਰਿਓਂ ਵਿਰੋਧ ਹੋਣ ਤੋਂ ਬਾਅਦ ਪਾਕਿਸਤਾਨ ਦੀ ਸੰਘੀ ਸਰਕਾਰ ਤੇ ਪਾਕਿਸਤਾਨੀ ਪੰਜਾਬ ਦੀ ਸਰਕਾਰ ਨੇ ਇਸ ਮਾਮਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ, ਜਿਸ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਵੀ ਹਾਈਕੋਰਟ ਦਾ ਫੈਸਲਾ ਬਰਕਰਾਰ ਰੱਖਿਆ। ਸੁਪਰੀਮ ਕੋਰਟ ਨੇ ਸਈਦ ਦੇ ਦੋ ਹੋਰ ਕਰੀਬੀ ਸਹਿਯੋਗੀਆਂ, ਸੇਵਾ ਮੁਕਤ ਕਰਨਲ ਨਜ਼ੀਰ ਅਹਿਮਦ ਤੇ ਮੌਲਾਨਾ ਅਮਿਰ ਹਮਜਾ ਨੂੰ ਵੀ ਰਿਹਾ ਕਰਨ ਦਾ ਫੈਸਲਾ ਸੁਣਾਇਆ ਹੈ।

## ਨਕਸਲੀ ਹਿੰਸਾ ਵੱਡੀ ਚੁਣੌਤੀ

**ਨਵੀਂ ਦਿੱਲੀ:** ਨਕਸਲੀ ਹਿੰਸਾ ਨੂੰ ਦੇਸ਼ ਲਈ ਸਭ ਤੋਂ ਵੱਡੀ ਚੁਣੌਤੀ ਕਰਾਰ ਦਿੰਦਿਆਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਸੋਮਵਾਰ ਨੂੰ ਕਿਹਾ ਕਿ ਕੇਂਦਰ ਸਰਕਾਰ ਪ੍ਰਭਾਵਿਤ ਸੂਬਿਆਂ ਦੀਆਂ ਸਰਕਾਰਾਂ ਦੀ ਹਰ ਸੰਭਵ ਮਦਦ ਕਰੇਗੀ। ਆਪਣੀ ਸਰਕਾਰ ਦੀ ਦੂਜੀ ਮਿਆਦ ਦੇ ਪਹਿਲੇ ਸਾਲ ਦੀ ਸਮਾਪਤੀ 'ਤੇ ਇਕ ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਕਿਹਾ ਕਿ ਇਹ ਸਮੱਸਿਆ ਇਸ ਕਦਰ ਭਿਆਨਕ ਰੂਪ ਲੈ ਚੁੱਕੀ ਹੈ ਕਿ ਕੇਂਦਰ ਤੇ ਰਾਜਾਂ ਨੂੰ ਮਿਲ ਕੇ ਹੰਭਲੇ ਮਾਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅਮਨ ਕਾਨੂੰਨ ਬਹਾਲ ਕਰਨ ਦੀ ਮੁੱਢਲੀ ਜ਼ਿੰਮੇਵਾਰੀ ਰਾਜਾਂ ਸਿਰ ਹੈ।

ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਦੇ ਸੀਮਤ ਖੁੱਲ੍ਹ ਬਾਰੇ ਦਿੱਤੇ ਬਿਆਨ ਦੇ ਸਬੰਧ ਵਿਚ ਪ੍ਰਧਾਨ ਮੰਤਰੀ ਨੇ ਕਿਹਾ ਕਿ ਕੇਂਦਰੀ ਮੰਤਰੀ ਇਸ ਟਿੱਪਣੀ ਬਾਰੇ ਪਹਿਲਾਂ ਹੀ ਸਥਿਤੀ ਬਿਆਨ ਚੁੱਕੇ ਹਨ। ਕਈ ਮੁੱਦੇ ਪੈਂਤੜੇ ਪੱਖੋਂ ਅਹਿਮ ਹੁੰਦੇ ਹਨ ਜੋ ਮੰਤਰੀ ਮੰਡਲ ਦੀ ਮੀਟਿੰਗ ਵਿਚ ਹੀ ਵਿਚਾਰੇ ਜਾਂਦੇ ਹਨ। ਉਨ੍ਹਾਂ ਮੁੜ ਕਿਹਾ ਕਿ ਨਕਸਲੀ ਹਿੰਸਾ ਦੇਸ਼ ਲਈ ਸਭ ਤੋਂ ਵੱਡੀ ਸਮੱਸਿਆ ਹੈ ਅਤੇ ਉਹ ਪਿਛਲੇ ਤਿੰਨ ਸਾਲਾਂ ਤੋਂ ਇਹ ਗੱਲ ਕਹਿ ਰਹੇ ਹਨ। ਉਨ੍ਹਾਂ ਨੇ ਵੱਖ-ਵੱਖ ਰਾਜਾਂ ਦੇ ਮੁੱਖ ਮੰਤਰੀਆਂ ਨਾਲ ਵੀ ਇਸ ਸਬੰਧੀ ਗੱਲਬਾਤ ਕੀਤੀ ਹੈ। ਨਕਸਲੀਆਂ ਦੀ ਚੜ੍ਹਤ ਨੂੰ ਰੋਕਣਾ ਦੇਸ਼ ਦੇ ਵਿਕਾਸ ਲਈ ਜ਼ਰੂਰੀ ਹੈ।

## ਭਾਜਪਾ ਵਲੋਂ ਸਰਕਾਰ ਦਾ ਪਹਿਲਾ ਸਾਲ 'ਕਾਲਾ ਵਰ੍ਹਾ' ਕਰਾਰ

**ਨਵੀਂ ਦਿੱਲੀ:** ਭਾਜਪਾ ਨੇ ਕਿਹਾ ਹੈ ਕਿ ਯੂ.ਪੀ.ਏ. ਸਰਕਾਰ ਦੀ ਦੂਜੀ ਮਿਆਦ ਦੀ ਪਹਿਲੀ ਵਰ੍ਹੇਗੰਢ ਆਮ ਆਦਮੀ ਲਈ ਨਿਰਾਸ਼ਾ ਤੇ ਧੋਖੇ ਵਾਲੀ ਰਹੀ ਹੈ ਅਤੇ ਬੇਤਹਾਸ਼ਾ ਮਹਿੰਗਾਈ, ਭ੍ਰਿਸ਼ਟਾਚਾਰ ਤੇ ਨਕਸਲੀ ਹਿੰਸਾ 'ਚ ਭਾਰੀ ਵਾਧਾ ਸਰਕਾਰ ਦੀਆਂ ਪ੍ਰਾਪਤੀਆਂ ਹਨ ਜੋ ਕਿ ਆਪਣਾ ਇਕ ਸਾਲ ਸੀ.ਬੀ.ਆਈ. ਦੀ ਦੁਰਵਰਤੋਂ ਕਰਕੇ ਹੀ ਮੁਕੰਮਲ ਕਰ ਸਕੀ ਹੈ।

ਲੋਕ ਸਭਾ ਵਿਚ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਨੇ ਕਿਹਾ ਕਿ ਸਰਕਾਰ ਦਾ ਇਹ ਸਾਲ ਆਮ ਆਦਮੀ ਲਈ ਧੋਖੇਵਾਲਾ, ਸਰਕਾਰ ਤੇ ਪ੍ਰਸ਼ਾਸਨ ਵਿਚ ਫੈਲੇ ਵਿਆਪਕ ਭ੍ਰਿਸ਼ਟਾਚਾਰ ਤੇ ਨਕਸਲੀਆਂ ਦੇ ਗੈਰ ਮਨੁੱਖੀ ਵਰਤਾਰੇ ਵਾਲਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਮੈਨੂੰ ਸਮਝ ਨਹੀਂ ਆਉਂਦੀ ਕਿ ਸਰਕਾਰ ਜਸ਼ਨ ਕਿਸ ਗੱਲ ਦਾ ਮਨਾ ਰਹੀ ਹੈ? ਉਨ੍ਹਾਂ ਨੇ ਪੁਛਿਆ ਕਿ ਕੀ ਉਹ ਨਕਸਲੀ ਹਮਲੇ ਵਿਚ ਲੋਕਾਂ ਦੀ ਮੌਤ ਦਾ ਜਸ਼ਨ ਮਨਾ ਰਹੀ ਹੈ ਜਾਂ 2 ਜੀ ਸਪੈਕਟਰਮ ਘੁਟਾਲੇ ਦਾ ਜਸ਼ਨ ਮਨਾ ਰਹੀ ਹੈ? ਉਨ੍ਹਾਂ ਨੇ ਕਿਹਾ ਕਿ ਸਰਕਾਰ ਦੇ ਪਹਿਲੇ ਸਾਲ ਨੂੰ 'ਕਾਲਾ ਵਰ੍ਹਾ' ਕਰਾਰ ਦਿਤਾ ਜਾਣਾ ਚਾਹੀਦਾ ਹੈ। ਉਹ ਇਥੇ ਪਾਰਟੀ ਦੀ ਦਿੱਲੀ ਇਕਾਈ ਵਲ ਸਰਕਾਰ ਖਿਲਾਫ ਕੀਤੇ ਰੋਸ ਪ੍ਰਦਰਸ਼ਨ ਵਿਚ ਬੋਲ ਰਹੇ ਸਨ। ਉਨ੍ਹਾਂ ਨੇ ਦੋਸ਼ ਲਾਇਆ ਕਿ ਚੋਣਾਂ ਤੋਂ ਪਹਿਲਾਂ ਆਮ ਆਦਮੀ ਦੇ ਨਾਂ 'ਤੇ ਵੋਟਾਂ ਮੰਗੀਆਂ ਗਈਆਂ ਸੀ ਪਰ ਸਰਕਾਰ ਨੇ ਆਮ ਆਦਮੀ ਨੂੰ ਧੋਖਾ ਦਿੱਤਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਜਥੇਦਾਰ ਵਲੋਂ ਕੇਂਦਰੀ ਸਿੱਖ ਅਜਾਇਬ ਘਰ ਦੇ ਵਿਸਥਾਰ ਦੀ ਲੋੜ 'ਤੇ ਜ਼ੋਰ

**ਅੰਮ੍ਰਿਤਸਰ :** ਸ਼੍ਰੋਮਣੀ ਕਮੇਟੀ ਵੱਖ-ਵੱਖ ਢੰਗ ਤਰੀਕਿਆਂ ਨਾਲ ਸਿੱਖ ਸੰਗਤਾਂ ਨੂੰ ਗੁਰਮਤਿ ਨਾਲ ਜੋੜਨ ਲਈ ਯਤਨਸ਼ੀਲ ਹੈ ਅਤੇ ਸੰਗਤਾਂ ਨੂੰ ਸਿੱਖ ਇਤਿਹਾਸ ਤੋਂ ਜਾਣੂੰ ਕਰਾਉਣ ਲਈ ਕੇਂਦਰੀ ਸਿੱਖ ਅਜਾਇਬਘਰ ਵੀ ਅਹਿਮ ਵਸੀਲਾ ਹੈ ਪਰ ਅਜੋਕੇ ਕੇਂਦਰੀ ਸਿੱਖ ਅਜਾਇਬ ਘਰ ਦੇ ਵਿਸਥਾਰ ਅਤੇ ਆਧੁਨਿਕ ਤਕਨੀਕਾਂ ਨੂੰ ਅਪਨਾਉਣ ਦੀ ਲੋੜ ਹੈ। ਇਹ ਪ੍ਰਗਟਾਵਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਸੰਤ ਕਰਤਾਰ ਸਿੰਘ ਠੱਟਾ (ਸੁਲਤਾਨਪੁਰ ਲੋਧੀ) ਕਾਰਸੇਵਾ ਵਾਲੇ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਜਗੀਰ ਸਿੰਘ ਪੂਹਲਾ ਦੇ ਚਿੱਤਰਾਂ ਤੋਂ ਪਰਦਾਕਸ਼ੀ ਮੌਕੇ ਰੱਖੇ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ।

21 ਮਈ ਨੂੰ ਹੋਏ ਇਸ ਸਮਾਗਮ ਦੌਰਾਨ ਅਜਾਇਬ ਘਰ ਵਿਚ ਸਥਾਪਤ ਕੀਤੀਆਂ ਗਈਆਂ ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਗਿਆਨੀ ਗੁਰਬਚਨ ਸਿੰਘ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਨੇ ਅਦਾ ਕੀਤੀ। ਬੀਤੇ ਦਿਨ ਹੋਏ ਇਸ ਸਮਾਗਮ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਦਵਿੰਦਰ ਸਿੰਘ ਦੇ ਜਥੇ ਨੇ ਕੀਰਤਨ ਕੀਤਾ। ਇਸ ਮੌਕੇ ਸੰਤ ਕਰਤਾਰ ਸਿੰਘ ਕਾਰਸੇਵਾ ਵਾਲਿਆਂ ਦੇ ਸੇਵਾਦਾਰਾਂ ਅਤੇ ਜਥੇਦਾਰ ਜਗੀਰ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪੇ ਦੇ ਕੇ ਸਨਮਾਨਤ ਕੀਤਾ ਗਿਆ। ਗਿਆਨੀ ਗੁਰਬਚਨ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਪੰਥ ਨੂੰ ਸਮਰਪਿਤ ਵਿਲੱਖਣ ਸੇਵਾਵਾਂ ਜਾਂ ਗੁਰਮਤਿ ਦੇ ਪ੍ਰਚਾਰ ਦੇ ਖੇਤਰ 'ਚ ਅਹਿਮ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਦੀ ਯਾਦ ਨੂੰ ਸਦੀਵੀਂ ਬਣਾਉਣ ਲਈ ਉਨ੍ਹਾਂ ਦੇ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ 'ਚ ਸੁਸ਼ੋਭਿਤ ਕੀਤੇ ਜਾਂਦੇ ਹਨ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਸਕਣ। ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਖਟੜਾ ਨੇ ਕਿਹਾ ਕਿ ਕਾਰ ਸੇਵਾ ਦੇ ਖੇਤਰ 'ਚ ਸੰਤ ਕਰਤਾਰ ਸਿੰਘ ਦਾ ਵਿਸ਼ੇਸ਼ ਯੋਗਦਾਨ ਹੈ ਅਤੇ ਸਿੰਘ ਸਾਹਿਬ ਜਗੀਰ ਸਿੰਘ ਪੂਹਲਾ ਨੇਕ ਦਿਲ ਇਨਸਾਨ, ਕਥਨੀ ਤੇ ਕਰਨੀ ਦੇ ਪੂਰੇ ਸਨ ਅਤੇ ਗੁਰਮਤਿ ਦੇ ਪ੍ਰਚਾਰ 'ਚ ਉਨ੍ਹਾਂ ਵੱਡਮੁੱਲਾ ਯੋਗਦਾਨ ਪਾਇਆ।

## ਭੁੱਲਰ ਨੂੰ ਅੰਮ੍ਰਿਤਸਰ ਜੇਲ੍ਹ ਵਿਚ ਭੇਜਣ ਦੀ ਬੇਨਤੀ ਰੱਦ

**ਨਵੀਂ ਦਿੱਲੀ :** 1993 ਕਥਿਤ ਰੂਪ 'ਚ



ਵਿਚ ਬੰਬ ਧਮਾਕਾ ਕਰਨ ਲਈ ਮੌਤ ਦੀ ਸਜ਼ਾ ਪ੍ਰਾਪਤ ਦਵਿੰਦਰ ਸਿੰਘ ਭੁੱਲਰ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿਚ ਭੇਜਣ ਲਈ ਕੀਤੀ ਬੇਨਤੀ ਪੰਜਾਬ ਸਰਕਾਰ ਨੇ ਇਹ ਕਹਿੰਦੇ ਹੋਏ ਰੱਦ ਕਰ ਦਿੱਤੀ ਕਿ ਇਸ ਨਾਲ ਸੂਬੇ ਵਿਚ ਅਮਨ ਤੇ ਕਾਨੂੰਨ ਦੀ ਸਮੱਸਿਆ ਪੈਦਾ ਹੋ ਸਕਦੀ ਹੈ। 1993 ਵਿਚ ਹੋਏ ਬੰਬ ਧਮਾਕੇ ਵਿਚ 9 ਵਿਅਕਤੀ ਮਾਰੇ ਗਏ ਅਤੇ 31 ਹੋਰ ਜ਼ਖਮੀ ਹੋ ਗਏ ਸਨ। ਇਸ ਹਮਲੇ ਵਿਚ ਅੱਤਵਾਦ ਵਿਰੋਧੀ ਫਰੰਟ ਦੇ ਚੇਅਰਮੈਨ ਐਮ.ਐਸ. ਬਿੱਟਾ ਵਾਲ-ਵਾਲ ਬਚ ਗਏ ਸਨ। ਸੁਪਰੀਮ ਕੋਰਟ ਨੇ ਭੁੱਲਰ ਦੀ ਮੌਤ ਦੀ ਸਜ਼ਾ ਦੀ ਪ੍ਰਸ਼ਟੀ ਕੀਤੀ ਹੋਈ ਹੈ ਅਤੇ ਮੌਜੂਦਾ ਸਮੇਂ ਉਹ ਉੱਚ ਸੁਰੱਖਿਆ ਵਾਲੀ ਤਿਹਾੜ ਜੇਲ੍ਹ ਵਿਚ ਬੰਦ ਹੈ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਪੰਜਾਬ ਦੇ ਵਾਸੀ ਭੁੱਲਰ ਦੇ ਦੋਸਤ ਅਤੇ ਰਿਸ਼ਤੇਦਾਰ ਪੰਜਾਬ ਵਿਚ ਹੀ ਰਹਿੰਦੇ ਹਨ ਅਤੇ ਉਸ ਨੇ ਬੇਨਤੀ ਕੀਤੀ ਸੀ ਕਿ ਉਸ ਨੂੰ ਅੰਮ੍ਰਿਤਸਰ ਜੇਲ੍ਹ ਵਿਚ ਭੇਜਿਆ ਜਾਵੇ ਪਰ ਪੰਜਾਬ ਸਰਕਾਰ ਨੇ ਨਾਂਹ ਕਰਦੇ ਹੋਏ ਕਿਹਾ ਕਿ ਜੇਕਰ ਉਸ ਨੂੰ ਅੰਮ੍ਰਿਤਸਰ ਭੇਜਿਆ ਗਿਆ ਤਾਂ ਇਸ ਨਾਲ ਸੂਬੇ ਵਿਚ ਅਮਨ ਤੇ ਕਾਨੂੰਨ ਦੀ ਸਮੱਸਿਆ ਪੈਦਾ ਹੋ ਸਕਦੀ ਹੈ। ਇਸ ਤਰ੍ਹਾਂ ਸਰਕਾਰ ਨੇ ਉਸ ਦੀ ਬੇਨਤੀ ਰੱਦ ਕਰ ਦਿੱਤੀ ਹੈ। ਭੁੱਲਰ ਦੇ ਵਕੀਲ ਨਵਕਿਰਨ ਸਿੰਘ ਨੇ ਦਿੱਲੀ ਸਰਕਾਰ ਦੇ ਗ੍ਰਹਿ ਸਕੱਤਰ ਨੂੰ ਬੇਨਤੀ ਕੀਤੀ ਸੀ ਕਿ ਉਸ ਨੂੰ ਤਿਹਾੜ ਤੋਂ ਅੰਮ੍ਰਿਤਸਰ ਭੇਜਿਆ ਜਾਵੇ। ਦਿੱਲੀ ਸਰਕਾਰ ਦੇ ਅਧਿਕਾਰੀ ਮੁਤਾਬਿਕ ਵਕੀਲ ਨੇ ਆਪਣੇ ਪੱਤਰ ਵਿਚ ਦਾਅਵਾ ਕੀਤਾ ਸੀ ਕਿ ਭੁੱਲਰ ਆਪਣੇ ਜੱਦੀ ਸੂਬੇ ਤੋਂ ਲੰਬਾ ਸਮਾਂ ਦੂਰ ਰਹਿਣ ਕਰਕੇ ਮਾਨਸਿਕ ਅਤੇ ਸਰੀਰਕ ਤੌਰ 'ਤੇ ਤੰਦਰੁਸਤ ਨਹੀਂ। ਇਸ ਘਟਨਾਕ੍ਰਮ 'ਤੇ ਟਿੱਪਣੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਇਕ ਬਿਆਨ ਵਿਚ ਆਖਿਆ ਹੈ ਕਿ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਉਪ-ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ, ਲੋਕ ਸਭਾ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਤੇ ਸਮੁੱਚੇ ਦਲ ਵਲੋਂ ਸਿੱਖ ਕੌਮ ਦੇ ਕਾਤਿਲਾਂ ਨੂੰ ਸਜ਼ਾਵਾਂ ਦਿਵਾਉਣ ਸਬੰਧੀ ਪਾਇਆ ਜਾ ਰਿਹਾ ਰੌਲਾ ਉਦੋਂ ਝੂਠ ਸਾਬਿਤ ਹੋ ਜਾਂਦਾ ਹੈ ਜਦੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਜੇਲ੍ਹ ਤਬਦੀਲ ਕਰਨ ਸਬੰਧੀ ਬੇਨਤੀ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਸੁਰੱਖਿਆ ਵਜੋਂ ਅਜਿਹਾ ਨਹੀਂ ਕੀਤਾ ਜਾ ਸਕਦਾ। ਸ. ਮਾਨ ਨੇ ਕਿਹਾ ਕਿ ਸਰਕਾਰ ਨੇ 23 ਮਈ ਨੂੰ ਸਿੱਖ ਕੌਮ ਦੇ ਮਨਾਂ ਨੂੰ ਡੂੰਘੀ ਠੇਸ ਪਹੁੰਚਾਉਣ ਵਾਲੀ ਕਾਰਵਾਈ ਕੀਤੀ ਹੈ।

ਉਨ੍ਹਾਂ ਕਿਹਾ ਕਿ ਜੇਕਰ ਪ੍ਰੋ. ਭੁੱਲਰ ਵਰਗੇ ਸੂਝਵਾਨ, ਪੜ੍ਹੇ ਲਿਖੇ ਸਿੱਖ ਨੌਜਵਾਨ ਦੀ ਬੇਨਤੀ ਨੂੰ ਪੰਜਾਬ ਸਰਕਾਰ ਨੇ ਨਹੀਂ ਮੰਨਿਆ ਤਾਂ ਹੋਰ ਸਿੱਖ ਆਗੂਆਂ ਤੋਂ ਕੀ ਉਮੀਦ ਰੱਖੀ ਜਾ ਸਕਦੀ ਹੈ ਕਿ ਉਹ ਸਿੱਖਾਂ ਦੇ ਕਾਤਿਲਾਂ ਨੂੰ ਸਜ਼ਾਵਾਂ ਦਿਵਾਉਣ ਲਈ ਕੀ ਕਦਮ ਉਠਾਉਣਗੇ। ਮਾਨ ਨੇ ਨਕਸਲੀਆਂ ਵਿਰੁਧ ਫੌਜੀ ਕਾਰਵਾਈ ਦਾ ਵੀ ਵਿਰੋਧ ਕੀਤਾ ਹੈ।

## ਚੰਡੀਗੜ੍ਹ 'ਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਦੀ ਮੰਗ

**ਚੰਡੀਗੜ੍ਹ :** ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਸ. ਐਚ.ਐਸ. ਹੰਸਪਾਲ ਨੇ ਕੇਂਦਰੀ ਪ੍ਰਸ਼ਾਸਿਤ ਚੰਡੀਗੜ੍ਹ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਬਾਰੇ ਕੀਤੇ ਜਾ ਰਹੇ ਉਪਰਾਲਿਆਂ ਦਾ ਜਾਇਜ਼ਾ ਲਿਆ। ਉਹ ਚੰਡੀਗੜ੍ਹ ਵਿਖੇ ਚੱਲ ਰਹੀਆਂ ਵੱਖ-ਵੱਖ ਵਜ਼ੀਫ਼ਾ ਯੋਜਨਾਵਾਂ ਅਤੇ ਭਲਾਈ ਯੋਜਨਾਵਾਂ ਦਾ ਜਾਇਜ਼ਾ ਲੈਣ ਆਏ ਸਨ। ਘੱਟ ਗਿਣਤੀਆਂ ਲਈ ਚਲਾਈਆਂ ਜਾ ਰਹੀਆਂ ਇਨ੍ਹਾਂ ਸਕੀਮਾਂ ਸਬੰਧੀ ਸ. ਹੰਸਪਾਲ ਨੇ ਸੰਤੁਸ਼ਟੀ ਪ੍ਰਗਟਾਈ। ਉਨ੍ਹਾਂ ਚੰਡੀਗੜ੍ਹ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਵੀ ਕੀਤੀ। ਉਨ੍ਹਾਂ ਚੰਡੀਗੜ੍ਹ ਪ੍ਰਸ਼ਾਸਨ ਅਤੇ ਵਿਸ਼ੇਸ਼ ਤੌਰ 'ਤੇ ਸਮਾਜ ਭਲਾਈ ਵਿਭਾਗ ਦੇ ਘੱਟ ਗਿਣਤੀਆਂ ਪ੍ਰਤੀ ਨਿਭਾਈ ਜਾ ਰਹੀ ਭੂ-ਮਿਕਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਚੰਡੀਗੜ੍ਹ 'ਚ ਭਲਾਈ ਯੋਜਨਾਵਾ ਬਹੁਤ ਯੋਜਨਬਧ ਢੰਗ ਨਾਲ ਲਾਗੂ ਕੀਤੀਆਂ ਜਾ ਰਹੀਆਂ ਹਨ।


**Easy Travel Inc.**

7191 Camelot Drive, Canton, MI 48187 Fax: 866-908-6663
www.easytravelinc.net info@easytravelinc.net

ਸਸਤੀਆਂ ਹਵਾਈ ਟਿਕਟਾਂ



*Please call us for the lowest fare from your city to india*

Tel: 734-451-9526, Toll Free 866-51-INDIA

**westin travel & tours inc.**



Tel:877-256-1971
773-465-4040
e-mail:info@westintravel.com
web:westintravel.com

*Low Fares And Cofirm Seats With Lufthansa, American Ailines, Continental Air, Air India to India, Middle East And Europe*

**Freeway Travel Inc**

ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ



Call Raju
Tel: 773-973-0200
Fax: 773-973-0557
2542 W Devon Ave. Chicago IL 60659

**SUPER TRAVEL**

847-676-9090
*E-mail: supertravel2003@yahoo.com*
*Lowest Fares With Excellent Service*

*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*
*EARLY BIRD SALE!!!!*
India $545
London $250

**ਪੰਜਾਬੀ ਟਰੈਵਲਜ਼**
**PANJABI TRAVELS**



ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਸਫਰ ਕਰਨ ਲਈ ਸਸਤੀਆਂ ਹਵਾਈ ਟਿਕਟਾਂ ਬੁੱਕ ਕਰਨ ਲਈ 15 ਸਾਲਾਂ ਤੋਂ ਸੇਵਾ ਕਰ ਰਹੀ ਭਰੋਸੇਯੋਗ ਟਰੈਵਲ ਕੰਪਨੀ ਨੂੰ ਸੇਵਾ ਦਾ ਮੌਕਾ ਦਿਓ।

ਅੰਮ੍ਰਿਤਸਰ - ਦਿੱਲੀ - ਲੰਡਨ - ਵੈਨਕੂਵਰ ਤੇ ਟੋਰਾਂਟੋ ਲਈ ਸਪੈਸ਼ਲ ਕਿਰਾਇਆ।

★ ਵਿਆਹ ਸ਼ਾਦੀਆਂ ਤੇ ਪਾਰਟੀਆਂ ਲਈ ਕਾਰਡ ਵੀ ਛਾਪੇ ਜਾਂਦੇ ਹਨ।
★ ਹਰ ਤਰ੍ਹਾਂ ਦੇ ਫਾਰਮ ਭਰਨ ਸੰਬੰਧੀ ਸਹਾਇਤਾ ਲਈ:

ਜਸਬੀਰ ਕੌਰ ਜਾਂ ਇੰਦਰਜੀਤ ਸਿੰਘ ਉਮਰਪੁਰੀ ਨੂੰ ਸੰਪਰਕ ਕਰੋ।
Call: 732-525-1005, 908-499-3845
Email: panjabitravelsnj@hotmail.com
Website: www.panjabitravels.com

**SYAN VIDEO PRODUCTION, INC.**

Professional HD Video & Digital Photo Production

Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)



734-261-0936 / 734-890-1767
E-mail: raj@syanvideo.com
or visit at: www.syanvideo.com

**R K Carpet & Flooring, Inc.**

*6346 N. Claremont Ave. Chicago, IL 60659*



ਵਾਜ਼ਬ ਭਾਅ, ਭਰੋਸੇਯੋਗ ਸਰਵਿਸ

*Commercial *Installation
*Residential *Cleaning
*Industrial *Repair
*Sales

*Ravinder Singh Ravi*
*Ph:773-761-6888*
*Fax:773-761-6865*

**Desi Bazar**

916 E. Main Street #118, Greenwood, IN, 46143
Tel: 317-888-2040, Fax: 317-887-6116

We specialize in all kind of Indian Groceries and Sweets

• FRESH VEGETABLES EVERY THURSDAY
• FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਪੰਜਾਬ ਵਿਚ ਨਕਸਲੀ ਲਹਿਰ ਦੇ ਜ਼ੋਰ ਫੜਨ ਦੀਆਂ ਸੰਭਾਵਨਾਵਾਂ ਨਹੀਂ

**-ਡਾ. ਤਾਰਾ ਸਿੰਘ ਸੰਧੂ**

ਹਰ ਰੋਜ਼ ਦੇਸ਼ ਦੇ ਕਈ ਹਿੱਸਿਆਂ ਵਿਚੋਂ ਖ਼ਬਰਾਂ ਅਤੇ ਲੇਖ ਪ੍ਰਕਾਸ਼ਤ ਹੋ ਰਹੇ ਹਨ ਕਿ ਮਾਓਵਾਦੀਆਂ ਨੇ ਦੇਸ਼ ਦੇ ਕਈ ਸੂਬਿਆਂ ਦੇ ਵੱਡੇ ਖੇਤਰਾਂ 'ਤੇ ਕਬਜ਼ਾ ਕਰ ਲਿਆ ਹੈ ਅਤੇ ਆਏ ਦਿਨ ਦਿਉ-ਕੱਦ ਘਟਨਾਵਾਂ ਨੂੰ ਜਨਮ ਦੇ ਰਹੇ ਹਨ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਗ੍ਰਿਹ ਮੰਤਰੀ ਪੀ. ਚਿਦੰਬਰਮ ਦੇਸ਼ ਦੀ ਪਾਰਲੀਮੈਂਟ ਅਤੇ ਇਸ ਤੋਂ ਬਾਹਰ ਮਾਓਵਾਦੀਆਂ ਦੇ ਖਤਰੇ ਬਾਰੇ ਡੂੰਘੀ ਚਿੰਤਾ ਪ੍ਰਗਟ ਕਰ ਚੁੱਕੇ ਹਨ। ਹਾਲ ਵਿਚ ਵਾਪਰੇ ਵੱਡੇ ਦੁਖਾਂਤ, ਜਿਸ ਵਿਚ ਸੀ.ਆਰ.ਪੀ. ਦੇ 83 ਜਵਾਨ ਸ਼ਹੀਦ ਹੋ ਗਏ ਹਨ, ਨੇ ਸਮੁਚੀ ਭਾਰਤੀ ਕੌਮ ਨੂੰ ਝੰਜੋੜ ਕੇ ਰੱਖ ਦਿੱਤਾ। ਪੰਜਾਬ ਦੇ ਡੀ.ਜੀ.ਪੀ. ਕਈ ਵਾਰ ਦੁਹਰਾਉਣ ਲਈ ਮਜਬੂਰ ਹੋ ਗਏ ਹਨ ਕਿ "ਪੰਜਾਬ ਵਿਚ ਨਕਸਲੀ ਲਹਿਰ ਦਾ ਕੋਈ ਉਭਾਰ ਨਹੀਂ।" ਜਦੋਂਕਿ ਪੰਜਾਬ ਵਿਚ ਨਕਸਲੀ ਲਹਿਰ ਦੇ ਬਚੇ-ਖੁਚੇ ਆਗੂ, ਵਰਕਰ ਉਪਰੋਕਤ ਘਟਨਾਵਾਂ ਨੂੰ ਨਕਸਲੀ ਲਹਿਰ ਦੀ ਪੁਨਰ-ਸੁਰਜੀਤੀ ਦੇ ਰੂਪ ਵਿਚ ਵੇਖ ਰਹੇ ਹਨ। ਇਸ ਲਈ ਮੁਖ ਲੇਖੇ-ਜੋਖੇ ਦੀ ਜ਼ਰੂਰਤ ਪੈ ਗਈ ਹੈ।

1947 ਦੀ ਵੰਡ ਤੋਂ ਬਾਅਦ ਪੰਜਾਬ ਵਿਚ ਅੰਗਰੇਜ਼ੀ ਰਾਜ ਖਤਮ ਹੋ ਗਿਆ ਅਤੇ ਭਾਰਤੀ ਸਟੇਟ ਨੇ ਰਿਆਸਤੀ ਰਾਜ (ਪੈਪਸੂ) ਖਤਮ ਕਰ ਦਿੱਤੇ। 1967 ਦੀਆਂ ਵਿਧਾਨ ਸਭ ਚੋਣਾਂ ਵਿਚ ਪਹਿਲੀ ਵਾਰ ਕੇਰਲਾ ਵਿਚ ਸੀ.ਪੀ.ਐਮ. ਦੀ ਅਗਵਾਈ ਵਿਚ ਅਤੇ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ, ਜਨਸੰਘ ਤੇ ਸੀ.ਪੀ.ਆਈ. ਦੀ ਅਗਵਾਈ ਵਿਚ ਵਿਰੋਧੀ ਧਿਰਾਂ ਦੀਆਂ ਗੈਰ-ਕਾਂਗਰਸੀ ਸਰਕਾਰਾਂ ਬਣੀਆਂ। ਨਕਸਲੀ ਲਹਿਰ ਸਾਹਮਣੇ 'ਇਨਕਲਾਬ ਦਾ ਵਿਚਾਰਧਾਰਕ ਮਾਡਲ' ਤਾਂ ਮੁਕੰਮਲ ਰੂਪ ਵਿਚ ਚੀਨ ਦੇ ਇਨਕਲਾਬ ਵਾਲਾ ਸੀ, ਪ੍ਰੰਤੂ ਭੂਗੋਲਿਕ ਸਥਿਤੀ ਪੰਜਾਬ ਦੀ ਬਿਲਕੁਲ ਵੱਖਰੀ ਸੀ। ਇਥੇ ਨਾ ਜੰਗਲ ਸਨ, ਨਾ ਪਹਾੜ ਸਨ ਅਤੇ ਨਾ ਹੀ ਬਿਹਾਰ, ਯੂ.ਪੀ., ਆਂਧਰਾ ਵਰਗੀ ਗਰੀਬੀ ਸੀ। ਪੰਜਾਬ ਵਿਚ ਜਗੀਰਦਾਰੀ ਦੀ ਥਾਂ ਉਹਦੀ ਰਹਿੰਦ-ਖੂੰਹਦ ਦੀ ਵਿਚਾਰਧਾਰਾ ਤਾਂ ਸੀ, ਪ੍ਰੰਤੂ ਚੀਨ ਵਰਗੀ ਜਗੀਰਦਾਰੀ ਪ੍ਰਥਾ ਨਹੀਂ ਸੀ। ਇਸ ਦਾ ਮੁੱਖ ਕਾਰਨ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸਾ ਪੰਥ ਦੀ ਸਾਜਨਾ, ਸੰਗਤ ਤੇ ਪੰਗਤ ਕਰਕੇ ਪੰਜਾਬ ਦੇ ਦਲਿਤਾਂ, ਦੱਬੇ-ਕੁਚਲਿਆਂ ਅਤੇ ਔਰਤਾਂ ਦਾ ਸਮਾਜਕ ਪੱਧਰ ਦੂਸਰੇ ਸੂਬਿਆਂ ਦੇ ਮੁਕਾਬਲੇ ਵੱਖਰਾ ਸੀ। ਬਾਬਾ ਬੰਦਾ ਸਿੰਘ ਬਹਾਦਰ ਦੀ ਜੰਗ ਨੇ ਪੰਜਾਬ ਦੇ ਆਰਥਿਕ ਤੇ ਸਮਾਜਕ ਪ੍ਰਬੰਧ ਵਿਚ ਇਨਕਲਾਬ ਲੈ ਆਂਦਾ ਸੀ। ਪੰਜਾਬ ਸਰਹੱਦੀ ਸੂਬਾ ਹੋਣ ਕਰਕੇ 1965 ਦੀ ਭਾਰਤ-ਪਾਕਿਸਤਾਨ ਜੰਗ ਵਿਚ ਪੂਰੀ ਚੜ੍ਹਦੀ ਕਲਾ ਵਿਚ ਹਿੱਸਾ ਲੈ ਕੇ ਜੰਗ ਦੀ ਜਿੱਤ ਦੇ ਸਰੂਰ ਵਿਚ ਸੀ। ਸ਼੍ਰੋਮਣੀ ਅਕਾਲੀ ਦਲ ਵਲੋਂ ਪੰਜਾਬੀ ਸੂਬੇ ਦੀ ਮੰਗ ਪੇਂਡੂ ਕਿਸਾਨੀ ਨੂੰ ਆਪਣੇ ਵਲ ਖਿੱਚ ਰਹੀ ਸੀ। ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੀ ਸਥਾਪਨਾ 'ਹਰੇ ਇਨਕਲਾਬ' ਦੇ ਹੋਕੇ ਦੇ ਰਹੀ ਸੀ।

ਇਸ ਪਿਛੋਕੜ ਵਿਚ ਪੰਜਾਬ ਦੀ ਨਕਸਲੀ ਲਹਿਰ ਨੇ ਆਖਰ 'ਵਿਅਕਤੀਗਤ ਕਤਲਾਂ' ਨੂੰ ਪੰਜਾਬ ਵਿਚ ਇਨਕਲਾਬ ਦੀ ਸ਼ੁਰੂਆਤ ਸਮਝ ਲਿਆ। ਪੰਜਾਬ ਵਿਚ ਇਨ੍ਹਾਂ ਕਤਲਾਂ ਨੇ ਇਸ ਲਹਿਰ ਨੂੰ ਜੰਮਣ ਤੋਂ ਪਹਿਲਾਂ ਹੀ ਖਤਮ ਕਰਨ ਲਈ ਜਬਰ ਦੀ ਚੱਕੀ ਝੋਕ ਦਿੱਤੀ। ਇਸ ਲਹਿਰ ਦੇ 85 ਦੇ ਕਰੀਬ ਨੌਜਵਾਨ ਮੁੰਡੇ ਜਿਨ੍ਹਾਂ ਵਿਚ ਤਿੰਨ ਬਜ਼ੁਰਗ ਬਾਬਾ ਬੂਝਾ ਸਿੰਘ, ਬਾਬਾ ਹਰੀ ਸਿੰਘ ਮਰਗਿੰਦ ਅਤੇ ਬਾਬਾ ਨਿਰੰਜਨ ਸਿੰਘ ਅਕਾਲੀ (ਕਾਲਸਾਂ) ਪੁਲੀਸ ਮੁਕਾਬਲਿਆਂ ਵਿਚ ਮਾਰੇ ਗਏ। ਇਨ੍ਹਾਂ ਸ਼ਹੀਦਾਂ ਦਾ ਪਰਿਵਾਰਕ ਪਿਛੋਕੜ ਮੁੱਖ ਤੌਰ 'ਤੇ ਪੇਂਡੂ ਕਿਸਾਨੀ ਸੀ, ਜਿਹੜੇ ਬਹੁਤੇ ਵਿਦਿਆਰਥੀ ਲਹਿਰ ਵਿਚੋਂ ਆਏ ਸਨ। ਦੋਵਾਂ ਕਮਿਊਨਿਸਟ ਪਾਰਟੀਆਂ ਨੇ ਇਨ੍ਹਾਂ ਦੁਆਰਾ ਚਲਾਏ ਅੰਦੋਲਨ ਦੀ ਕਰੜੀ ਆਲੋਚਨਾ ਕੀਤੀ। ਇਹ ਕਾਨੂ ਸਾਨਿਆਲ, ਚਾਰੂ ਮਜੂਮਦਾਰ, ਨਾਗਾ ਰੈੱਡੀ, ਸਤਿਆ ਨਰਾਇਣ ਗਰੁੱਪਾਂ ਵਿਚ ਪੂਰੇ ਦੇਸ਼ ਵਿਚ ਵੰਡੇ ਗਏ।

ਨਕਸਲੀ ਲਹਿਰ ਵਿਚ ਫੁੱਟ ਪੈਣ, ਪੀਕਿੰਗ ਰੇਡੀਓ ਤੋਂ ਝੂਠੀਆਂ ਤੇ ਵਧਾ-ਚੜ੍ਹਾ ਕੇ ਖਬਰਾਂ ਦੇਣ, ਕੋਈ ਠੋਸ ਮਦਦ ਨਾ ਕਰਨ, ਪੇਂਡੂ ਵਸੋਂ ਵਲੋਂ ਕੋਈ ਹੁੰਗਾਰਾ ਨਾ ਮਿਲਣ ਨੇ ਇਨ੍ਹਾਂ ਦੀਆਂ ਸਫਾਂ ਵਿਚ ਨਿਰਾਸ਼ਾ ਫੈਲਾ ਦਿੱਤੀ। ਇਸ ਲਹਿਰ ਦੇ ਬਚੇ-ਖੁਚੇ ਆਗੂਆਂ ਨੇ ਮੁੜ ਤੋਂ ਜਨਤਕ ਸਰਗਰਮੀ ਵਲ ਧਿਆਨ ਕੇਂਦਰਿਤ ਕੀਤਾ। ਪੰਜਾਬ ਵਿਚ ਇਨ੍ਹਾਂ ਵਿਚੋਂ ਕਾਮਰੇਡ ਨਾਗਾ ਰੈਡੀ ਦਾ ਗਰੁੱਪ ਵਧੇਰੇ ਸੰਜੀਵ ਹੋਇਆ। ਉਨ੍ਹਾਂ ਦੀ ਸਰਗਰਮੀ ਦਾ ਵਿਸ਼ੇਸ਼ ਕੇਂਦਰ ਸਨ।

1. ਸਿੱਖ ਧਰਮ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਰਬੰਸ ਵਾਰਨ, ਬਾਬਾ ਬੰਦਾ ਬਹਾਦਰ ਦੀ ਸ਼ਹਾਦਤ, ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ



ਸਰਾਭਾ ਦੀ ਵਿਚਾਰਧਾਰਾ ਨੂੰ ਆਪਣੇ ਸਾਹਿਤ, ਕਵਿਤਾਵਾਂ, ਕਾਵਿਕ ਬਿੰਬਾਂ, ਸ਼ਹਾਦਤਾਂ, ਨਾਇਕਾਂ ਦੇ ਰੂਪ ਵਿਚ ਉਭਰਨਾ ਤੇ ਚਿਤਵਣਾ ਸ਼ੁਰੂ ਕੀਤਾ। 2. ਆਪਣੀ ਲਹਿਰ ਵਲੋਂ ਕੱਢੇ ਰਿਸਾਲਿਆਂ, ਮੈਗਜ਼ੀਨਾਂ, ਸਾਹਿਤਕ ਪਰਚਿਆਂ, ਪੈਂਫਲਿਟਾਂ ਨੂੰ ਵਿੱਦਿਅਕ ਅਦਾਰਿਆਂ ਅਤੇ ਪੇਂਡੂ ਨੌਜਵਾਨਾਂ ਵਿਚ ਪ੍ਰਚਾਰਨਾ। 3. ਸਿਧਾਂਤਕ ਤੌਰ 'ਤੇ ਤਿਆਰ ਕਰਨ ਲਈ ਵਿਅਕਤੀਗਤ ਤੋਂ ਸਮੂਹਿਕ ਤੱਕ ਟਰੇਨਿੰਗ ਦੇਣੀ। 4. ਇਸ ਲਹਿਰ ਨੇ ਨਵੇਂ ਨਾਅਰੇ ਸਿਰਜਣ ਵਿਚ ਕਮਾਲ ਦੀ ਯੋਗਤਾ ਵਿਖਾਈ। 5. ਉਨ੍ਹਾਂ ਨੇ ਆਪਣੇ 'ਕਾਡਰ ਨੂੰ ਭਾਸ਼ਣ ਦੇਣ ਦੀ ਵਿਧੀ' ਸਿਖਾਈ। ਇਹ ਵੀ ਕਾਰਨ ਹੈ ਕਿ ਸੱਤਰਵਿਆਂ ਤੋਂ ਬਾਅਦ ਪੰਜਾਬ ਦੇ ਵਿੱਦਿਅਕ ਅਦਾਰਿਆਂ ਵਿਚ ਉਨ੍ਹਾਂ ਦੀ ਭਾਸ਼ਣ ਕਲਾ, ਮੁਹਾਵਰੇ, ਸ਼ਬਦ-ਚੋਣ, ਸਰੀਰਕ ਅੰਗਾਂ ਦੇ ਸੰਕੇਤ ਅਤੇ ਇਸ਼ਤਿਹਾਰ ਇਕੋ ਤਰ੍ਹਾਂ ਜਾਪਦੇ ਹਨ।

ਨਕਸਲੀ ਗਰੁੱਪਾਂ ਨੇ ਪਿੰਡਾਂ ਵਿਚੋਂ ਨੌਜਵਾਨ ਸਭਾਵਾਂ ਅਤੇ ਪੰਜਾਬ ਦੇ ਵਿਦਿਅਕ ਅਦਾਰਿਆਂ ਵਿਚ ਪੰਜਾਬ ਸਟੂਡੈਂਟਸ ਯੂਨੀਅਨ ਬਣਾ ਲਈ। ਪੰਜਾਬ ਦੇ ਵਿੱਦਿਅਕ ਅਦਾਰਿਆਂ ਵਿਚ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ (ਸੀ.ਪੀ.ਆਈ.-ਆਗੂ ਬੰਤ ਸਿੰਘ ਬਰਾੜ) , ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ (ਸੀ.ਪੀ.ਐਮ.-ਆਗੂ ਲਹਿੰਬਰ ਸਿੰਘ ਤੱਗੜ), ਪੰਜਾਬ ਸਟੂਡੈਂਟਸ ਯੂਨੀਅਨ (ਆਗੂ-ਪ੍ਰਿਥੀਪਾਲ ਸਿੰਘ ਰੰਧਾਵਾ) ਤਿੰਨ ਖੱਬੇ-ਪੱਖੀ ਵਿਦਿਆਰਥੀ ਜਥੇਬੰਦੀਆਂ ਸਨ। ਜਦੋਂ ਮੋਗਾ ਗੋਲੀ ਕਾਂਡ 1972 ਵਿਚ ਹੋਇਆ, ਇਸ ਨੇ ਪੰਜਾਬ ਦੀ ਵਿਦਿਆਰਥੀ ਲਹਿਰ ਨੂੰ ਵੱਡਾ ਹੁਲਾਰਾ ਦਿੱਤਾ।

ਕਪੂਰੀ ਦਾ ਮੋਰਚਾ, ਸ਼੍ਰੋਮਣੀ ਅਕਾਲੀ ਦਲ ਦਾ ਧਰਮ ਯੁੱਧ, 1978 ਦੇ ਨਿਰੰਕਾਰੀ ਸਮਾਗਮ ਸਮੇਂ ਵਾਪਰਿਆ ਦੁਖਾਂਤ ਅਤੇ ਸੰਤ ਭਿੰਡਰਾਂਵਾਲਾ ਦੇ ਉਭਾਰ ਨੇ 'ਨਕਸਲੀਆਂ ਦੇ ਕਾਡਰ 'ਤੇ ਦੋ ਕਿਸਮ ਦਾ ਪ੍ਰਭਾਵ 1985-86 ਤੋਂ ਬਾਅਦ ਪਾਇਆ। ਇਹ ਉਹ ਸਮਾਂ ਹੈ ਜਦੋਂ ਨਕਸਲੀ ਲਹਿਰ ਪਾਰਟੀ ਦੇ ਤੌਰ 'ਤੇ ਖਿੰਡਰ-ਪੁੰਡਰ ਚੁੱਕੀ ਸੀ, ਪ੍ਰੰਤੂ ਪੰਜਾਬ ਦੀ ਵਿਦਿਆਰਥੀ ਲਹਿਰ ਵਿਚ ਕੰਮ ਕਰਦੀਆਂ ਸਾਰੀਆਂ ਹੀ ਵਿਦਿਆਰਥੀ ਜਥੇਬੰਦੀਆਂ ਆਪਣੀ ਹੋਂਦ ਲਈ ਜੂਝ ਰਹੀਆਂ ਸਨ। ਪਿੰਡਾਂ ਦੀਆਂ ਕੁਝ ਨੌਜਵਾਨ ਸਭਾ ਦੇ ਯੂਨਿਟਾਂ ਅਤੇ ਕੁਝ ਵਿੱਦਿਅਕ ਅਦਾਰਿਆਂ ਵਿਚ ਪਾਰਟੀ ਦੀ ਕੋਈ ਲੰਬੀ ਚੌੜੀ ਸਰਗਰਮੀ ਨਹੀਂ ਸੀ। ਪ੍ਰੰਤੂ ਨਕਸਲੀ ਲਹਿਰ ਦੇ ਅਸਫਲ ਤਜ਼ਰਬੇ ਤੋਂ ਬਾਅਦ ਕੁਝ ਆਗੂ ਵਿਦੇਸ਼ਾਂ ਵਿਚ ਚਲੇ ਗਏ। ਬਹੁਤੇ ਪੱਤਰਕਾਰੀ ਅਤੇ ਵਿੱਦਿਅਕ ਅਦਾਰਿਆਂ ਵਿਚ ਨੌਕਰੀ 'ਤੇ ਪਹੁੰਚ ਗਏ। ਕੁਝ ਨੇ ਸੰਤ ਭਿੰਡਰਾਂਵਾਲਾ ਦੇ ਸਿੱਖ ਰਾਜਨੀਤੀ ਵਿਚ ਉਭਾਰ ਨੂੰ ਇਨਕਲਾਬ ਦੇ ਰੂਪ ਵਿਚ ਵੇਖਿਆ ਤੇ ਇਹਦੇ ਵੱਲ ਖਿੱਚੇ ਗਏ। ਕੁਝ ਨੇ ਇਸ ਦਾ ਕਰੜਾ ਵਿਰੋਧ ਕੀਤਾ ਤੇ ਇਨ੍ਹਾਂ ਨਾਲ ਲੜਦਿਆਂ ਸ਼ਹੀਦ ਵੀ ਹੋਏ ਜਿਵੇਂ ਬਲਦੇਵ ਮਾਨ, ਜੈਮਲ ਪੱਡਾ ਆਦਿ ਪ੍ਰਮੁੱਖ ਸਨ। ਬਹੁਤਿਆਂ ਨੇ ਤਰਕਸ਼ੀਲ ਸੁਸਾਇਟੀਆਂ, ਗੈਰ-ਸਰਕਾਰੀ ਕਲੱਬ ਬਣਾ ਕੇ ਆਪਣੀ ਜਨਤਕ ਸਰਗਰਮੀ ਨੂੰ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਰੱਖਿਆ। ਕੁਝ ਨੇ ਲਹਿਰ ਦੇ ਅਸਫਲ ਹੋਣ ਤੋਂ ਬਾਅਦ ਦੂਸਰੀਆਂ ਰਾਜਨੀਤਕ ਪਾਰਟੀਆਂ ਵਿਚ ਆਪਣੀ ਸਰਗਰਮੀ ਨੂੰ ਆਧਾਰ ਬਣਾਇਆ। ਪੰਜਾਬ ਵਿਚ ਨਕਸਲੀ ਲਹਿਰ ਦੇ ਖਾਸੇ ਨੂੰ ਵੇਖੀਏ ਤਾਂ ਭਾਵੇਂ ਇਨ੍ਹਾਂ ਦੀ ਲਹਿਰ ਦੇ 83 ਵਿਅਕਤੀ ਸ਼ਹੀਦ ਹੋਏ, ਪਰੰਤੂ ਇਸ ਲਹਿਰ ਨੇ ਪੰਜਾਬ ਦੀ ਜਵਾਨੀ, ਪੰਜਾਬੀ ਸਾਹਿਤ, ਪੰਜਾਬੀ ਕਵਿਤਾ, ਪੰਜਾਬੀ ਆਲੋਚਨਾ ਨੂੰ ਤਿੰਨ ਦਹਾਕਿਆਂ ਤੱਕ ਪ੍ਰਭਾਵਿਤ ਕੀਤਾ।

ਮਾਓਵਾਦੀਆਂ ਦੀਆਂ ਨੇਪਾਲ, ਆਂਧਰਾ ਪ੍ਰਦੇਸ਼, ਛਤੀਸਗੜ੍ਹ, ਬਿਹਾਰ ਵਰਗੀਆਂ ਲਹਿਰਾਂ ਪੰਜਾਬ ਵਿਚ ਵਿਕਸਤ ਨਹੀਂ ਹੋ ਸਕਦੀਆਂ। ਇਹਦਾ ਪ੍ਰਮੁੱਖ ਕਾਰਨ ਹੈ ਕਿ "ਪੰਜਾਬ 1967 ਤੋਂ 1980 ਤੱਕ ਹਥਿਆਰਬੰਦ ਇਨਕਲਾਬ ਦਾ ਤਜ਼ਰਬਾ ਕਰ ਚੁੱਕਾ ਹੈ ਜੋ ਬੁਰੀ ਤਰ੍ਹਾਂ ਫੇਲ੍ਹ ਹੋ ਗਿਆ। ਦੂਜਾ ਪੰਜਾਬ ਛੋਟਾ, ਸੰਚਾਰ, ਆਵਾਜਾਈ ਸੜਕਾਂ ਵਾਲਾ ਸਰਹੱਦੀ ਪ੍ਰਾਂਤ ਹੈ ਜਿੱਥੇ ਜੰਗਲ, ਬੇਲੇ, ਪਹਾੜ, ਗਰੀਬ ਆਦਿਵਾਸੀ ਨਹੀਂ। ਤੀਸਰਾ ਪੰਜਾਬ ਪੰਜਾਬ ਦੁਖਾਂਤ ਵਿਚ 1947 ਤੋਂ ਲੈ ਕੇ ਨੀਲਾ ਤਾਰਾ ਆਪਰੇਸ਼ਨ, 1984 ਦੇ ਦੰਗੇ ਤੇ ਪਰਵਾਸ ਦੀ ਪੀੜਾ ਦੇਖ ਚੁੱਕਾ ਹੈ। ਚੌਥਾ, ਪੰਜਾਬ ਵਿਸ਼ਵੀਕਰਨ ਦੇ ਵਰਤਾਰੇ ਦੀ ਚਮਕ ਦਮਕ ਤੋਂ ਐਨਾ ਚਕਾਚੌਂਧ ਹੈ ਕਿ ਨਕਸਲੀ ਲਹਿਰ ਦੀ ਥਾਂ ਉਹਨੂੰ ਕੈਨੇਡਾ, ਅਮਰੀਕਾ, ਯੂਰਪ ਅੰਨ੍ਹਾ ਕਰੀ ਜਾ ਰਹੇ ਹਨ। ਵਿੱਦਿਆ ਰੁਜ਼ਗਾਰ ਦਾ ਹਥਿਆਰ ਬਣਨ ਕਰਕੇ ਅਤੇ ਸਰਵਿਸ ਸੈਕਟਰ ਵਿਚ ਤੇਜ਼ੀ ਨਾਲ ਤਬਦੀਲ ਹੋ ਰਹੇ ਪੰਜਾਬ ਦੀ ਜਵਾਨੀ ਦੀ ਮਾਨਸਿਕ ਹਾਲਤ ਤਾਂ ਇਥੋਂ ਤੱਕ ਹੈ ਕਿ ਆਪਣੇ ਸਿਲੇਬਸ ਤੋਂ ਬਾਹਰ ਉਹ ਕਿਸੇ ਪੁਸਤਕ 'ਤੇ ਸਮਾਂ ਖਰਚਣ ਨੂੰ ਤਿਆਰ ਨਹੀਂ। ਨਸ਼ਿਆਂ ਦੀ ਭਰਮਾਰ ਵਾਲੀ ਭੀੜ ਜ਼ਰੂਰ ਵਧ ਰਹੀ ਹੈ ਜੋ ਇਨਕਲਾਬ ਨਹੀਂ, ਅਰਾਜਕਤਾ ਤੇ ਜੁਰਮ ਵਿਚ ਵਾਧਾ ਕਰ ਸਕਦੀ ਹੈ। ਇਸ ਲਈ ਪੰਜਾਬ ਦੀ ਧਰਤੀ ਮਾਓਵਾਦ ਦੇ ਪਸਾਰੇ ਲਈ ਜ਼ਰਖੇਜ ਨਹੀਂ।

# ਬਖਸ਼ੀਸ਼ ਸਿੰਘ ਨੂੰ ਪੁਲਿਸ ਨੇ ਅੰਮ੍ਰਿਤਸਰੋਂ ਚੁੱਕਿਆ !

**ਲੁਧਿਆਣਾ:** ਉਘੇ ਖਾੜਕੂ ਆਗੂ ਭਾਈ ਬਖ਼ਸ਼ੀਸ਼ ਸਿੰਘ ਉਰਫ ਬਾਬਾ ਨੂੰ ਪੰਜਾਬ ਪੁਲਿਸ ਨੇ ਸ਼ਨਿਚਰਵਾਰ ਦੀ ਰਾਤ ਨੂੰ ਅੰਮ੍ਰਿਤਸਰ ਦੇ ਇਕ ਮੁਹੱਲੇ ਵਿਚੋਂ ਫੜ ਲਿਆ ਸੀ, ਪਰ ਪੁਲਿਸ ਨੇ ਉਸ ਦੀ ਗ੍ਰਿਫ਼ਤਾਰੀ ਨਹੀਂ ਪਾਈ। ਇਹ ਪ੍ਰਗਟਾਵਾ ਲੁਧਿਆਣਾ ਵਿਚ ਸ਼ਿੰਗਾਰ ਸਿਨੇਮਾ ਬੰਬ ਕੇਸ ਪੇਸ਼ੀ ਭੁਗਤਣ ਆਏ ਭਾਈ ਗੁਰਪ੍ਰੀਤ ਸਿੰਘ ਨੇ ਅਚਾਨਕ ਮਿਲੇ ਪੱਤਰਕਾਰਾਂ ਕੋਲ ਕੀਤਾ। ਭਾਈ ਗੁਰਪ੍ਰੀਤ ਸਿੰਘ ਮੁਤਾਬਕ ਭਾਈ ਬਖਸ਼ੀਸ਼ ਸਿੰਘ ਡੇਰਾ ਸਿਰਸਾ ਨੂੰ ਟਰੱਕ ਬੰਬ ਨਾਲ ਉਡਾਉਣ ਦੀ ਕੋਸ਼ਿਸ਼ ਵਿਚ ਪੁਲਿਸ ਨੇ ਨਾਮਜ਼ਦ ਕਰਕੇ ਭਗੌੜਾ ਕਰਾਰ ਦਿੱਤਾ ਹੋਇਆ ਹੈ। ਲੇਕਿਨ ਪੁਲਿਸ ਵਲੋਂ ਅੰਮਿਤਸਰੋਂ ਉਸ ਨੂੰ ਚੁੱਕ ਲੈਣ ਬਾਅਦ ਕਿਸੇ ਥਾਣੇ ਵਿਚ ਕੋਈ ਗ੍ਰਿਫ਼ਤਾਰੀ ਨਾ ਦਿਖਾਉਣ ਨਾਲ ਪੁਲਿਸ ਦੀ ਕਾਰਗੁਜ਼ਾਰੀ 'ਤੇ ਵੱਡਾ ਸ਼ੱਕ ਪੈਦਾ ਹੋ ਜਾਣ ਨਾਲ ਕਈ ਤਰ੍ਹਾਂ ਦੀਆਂ ਚਰਚਾ ਸ਼ੁਰੂ ਹੋ ਗਈ ਹੈ ਕਿਉਂਕਿ ਪੁਲਿਸ ਨੂੰ 13 ਮਈ ਨੂੰ ਅਖ਼ਬਾਰਾਂ ਵਿਚ ਦਿੱਤੇ ਇਸ਼ਤਿਹਾਰਾਂ ਵਿਚ ਬਖਸ਼ੀਸ਼ ਸਿੰਘ ਉਰਫ ਬਾਬਾ ਅਤੇ ਹਰਮਿੰਦਰ ਸਿੰਘ ਪੁੱਤਰ ਗੁਰਮੇਲ ਸਿੰਘ ਨੂੰ ਭਗੌੜਾ ਮੁਲਜ਼ਮ ਕਰਾਰ ਦੇ ਕੇ ਇਸ ਦੀ ਗ੍ਰਿਫ਼ਤਾਰੀ, ਸੂਹ ਲਈ 5-5 ਲੱਖ ਰੁਪਏ ਦਾ ਇਨਾਮ ਐਲਾਨਿਆ ਹੋਇਆ ਹੈ, ਲੇਕਿਨ ਬਿਨਾਂ ਗ੍ਰਿਫ਼ਤਾਰੀ ਹਿਰਾਸਤ ਵਿਚ ਰੱਖੇ ਜਾ ਰਹੇ ਭਾਈ ਬਖ਼ਸ਼ੀਸ਼ ਸਿੰਘ ਨਾਲ ਪੰਜਾਬ ਦੇ ਬੀਤੇ ਅਸ਼ਾਂਤ ਦੌਰ ਦੌਰਾਨ ਖਾੜਕੂ ਸਿੰਘਾਂ ਨਾਲ ਹੋਈਆਂ ਜਾਨੀ ਨੁਕਸਾਨ ਦੀਆਂ ਜ਼ਿਆਦਤੀਆਂ ਵਾਲੀ ਕੋਈ ਘਟਨਾ ਵੀ ਵਾਪਰਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜਿਸ ਕਾਰਨ ਪੰਥਕ ਹਲਕੇ ਵੀ ਇਸ ਮਾਮਲੇ 'ਚ ਡੂੰਘੀ ਚਿੰਤਾ ਵਿਚ ਹਨ। ਵੱਡੀ ਗੱਲ ਇਹ ਹੈ ਕਿ ਪੰਜਾਬ 'ਚ ਅਕਾਲੀ-ਭਾਜਪਾ ਦੀ ਸਰਕਾਰ ਹੈ।

ਭਾਈ ਬਖਸ਼ੀਸ਼ ਸਿੰਘ ਉਰਫ ਬਾਬਾ ਪੁੱਤਰ ਰਤਨ ਸਿੰਘ ਬਾਰੇ ਪੁਲਿਸ ਵਲੋਂ ਅਖ਼ਬਾਰਾਂ ਵਿਚ ਛਪਵਾਏ ਤਲਾਸ਼ ਦੇ ਇਸ਼ਤਿਹਾਰ ਮੁਤਾਬਕ ਉਹ ਪਿੰਡ ਨਿਜਾਮੀਵਾਲਾ, ਜੋ ਜ਼ਿਲਾ ਪਟਿਆਲਾ ਦੇ ਸਮਾਣਾ ਪੁਲਿਸ ਥਾਣੇ ਵਿਚ ਪੈਂਦਾ ਹੈ, ਦਾ ਵਾਸੀ ਹੈ ਅਤੇ ਉਸ 'ਤੇ ਇਹ ਦੋਸ਼ ਲਗਾਇਆ ਗਿਆ ਹੈ ਕਿ ਉਸ ਨੇ ਨਾਭਾ ਦੇ ਗੈਸ ਬਾਟਲਿੰਗ ਪਲਾਂਟ ਅਤੇ ਹਲਵਾਰਾ ਦੇ ਏਅਰ ਬੇਸ ਸਟੇਸ਼ਨ ਨੂੰ ਧਮਾਕੇ ਨਾਲ ਉਡਾਉਣ ਲਈ ਵਿਸਫੋਟਕ ਸਮੱਗਰੀ ਫਿੱਟ ਕੀਤੀ ਸੀ।


## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

*National Truck Driving School*



**Call For Special Price**

**Kashmir S. Thandi**
**Office: (866) 933-3038**
**Balhar S. Rana**
**Cell:916-502-7733**

**4585 Pell Dr. Secramento CA, 95838**



## INDIAN RESTAURANT FOR SALE or LEASE

**Indian restaurant & Bar with 140 siting capacity, running successfully for eight years, making $55,000 to $60,000 per month. Only indian restaurant in the city**



***Preferring lease: $7,000 monthly***

**Call:Gurnek 417-619-9981**

ਅੱਠ ਸਾਲ ਤੋਂ ਕਾਮਯਾਬੀ ਨਾਲ ਚੱਲ ਰਿਹਾ ਭਾਰਤੀ ਰੈਸਟੋਰੈਂਟ ਲੀਜ਼ ਲਈ ਜਾਂ ਵਿਕਰੀ ਲਈ ਉਪਲਬਧ ਹੈ। ਸ਼ਹਿਰ ਵਿਚ ਇਕੋ ਇਕ ਭਾਰਤੀ ਰੈਸਟੋਰੈਂਟ, ਮਾਸਿਕ ਆਮਦਨ 50 ਤੋਂ 60 ਹਜ਼ਾਰ ਡਾਲਰ। ਲੀਜ਼ 7000 ਡਾਲਰ ਮਹੀਨਾ

# ਮੰਗਲੌਰ ਨੇੜੇ ਹਵਾਈ ਜਹਾਜ਼ ਹਾਦਸੇ ਦਾ ਸ਼ਿਕਾਰ, 158 ਮੌਤਾਂ

ਦੀ ਉਚ ਪੱਧਰੀ ਜਾਂਚ ਦੇ ਹੁਕਮ ਦੇ ਦਿੱਤੇ। ਸੂਤਰਾਂ ਮੁਤਾਬਕ ਜਹਾਜ਼ ਆਪਣੀ ਨਿਰਧਾਰਤ ਥਾਂ ਤੋਂ ਕੁਝ ਦੂਰੀ 'ਤੇ ਉਤਰਿਆ ਤੇ ਰਨਵੇ ਖੇਤਰ ਤੋਂ ਅੱਗੇ ਲੰਘ ਕੇ ਇੱਕ ਖੱਡੇ ਵਿਚ ਜਾ ਡਿੱਗਿਆ। ਇਸ ਰਨਵੇ ਦੀ ਲੰਬਾਈ 2450 ਮੀਟਰ ਹੈ ਤੇ ਇੱਥੇ 90 ਮੀਟਰ ਰਨਵੇ ਸੁਰੱਖਿਆ ਖੇਤਰ (ਰਨਵੇ ਐਂਡ ਸੇਫ਼ਟੀ ਏਰੀਆ) ਹੈ। ਅਧਿਕਾਰੀਆਂ ਮੁਤਾਬਕ ਜਹਾਜ਼ ਦੇ ਪਾਇਲਟ ਨੇ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਹੋਣ ਦੀ ਕੋਈ ਸੂਚਨਾ ਨਹੀਂ ਦਿੱਤੀ। ਹਾਦਸੇ ਵਿਚ ਉਮਰ ਫਾਰੂਖ਼ ਨਾਂ ਦਾ ਇੱਕ ਵਿਅਕਤੀ ਜਿਵੇਂ-ਤਿਵੇਂ ਬਾਹਰ ਨਿਕਲ ਕੇ ਆਪਣੀ ਜਾਨ ਬਚਾਉਣ ਵਿਚ ਕਾਮਯਾਬ ਹੋ ਗਿਆ। ਇਸ ਹਾਦਸੇ ਤੋਂ ਬਾਅਦ ਫਾਰੂਖ਼ ਦੇ ਇਕ ਨਜ਼ਦੀਕੀ ਨੇ ਦੱਸਿਆ ਕਿ ਫਾਰੂਖ਼ ਮੁਤਾਬਕ ਜਦੋਂ ਜਹਾਜ਼ ਉਤਰ ਰਿਹਾ ਸੀ ਤਾਂ ਉਸ ਦਾ ਅਗਲਾ ਟਾਇਰ ਫੱਟ ਗਿਆ ਤੇ ਉਹ ਰਨਵੇ ਤੋਂ ਬਾਹਰ ਨਿਕਲ ਗਿਆ। ਇਸੇ ਦੌਰਾਨ ਜਹਾਜ਼ ਨੂੰ ਅੱਗ ਲੱਗ ਗਈ ਤੇ ਇਹ ਦੋਫਾੜ ਹੋ ਗਿਆ।

ਜਹਾਜ਼ ਦੋਫਾੜ ਹੋਣ ਕਾਰਨ ਹੀ ਉਹ ਇਸ ਵਿਚੋਂ ਬਾਹਰ ਨਿਕਲਣ ਵਿਚ ਕਾਮਯਾਬ ਰਿਹਾ। ਫਾਰੂਖ਼ ਮੁਤਾਬਕ ਉਸ ਦੇ ਨਾਲ ਪੰਜ-ਛੇ ਹੋਰ ਵਿਅਕਤੀਆਂ ਨੇ ਜਹਾਜ਼ ਵਿਚੋਂ ਛਾਲ ਮਾਰੀ। ਹਾਦਸੇ ਦੇ ਠੀਕ ਪਹਿਲਾਂ ਜਹਾਜ਼ ਦੇ ਟੁੱਟੇ ਹਿੱਸੇ ਤੋਂ ਬਾਹਰ ਛਲਾਂਗਾਂ ਲਗਾਉਣ ਕਾਰਨ 7 ਯਾਤਰੀਆਂ ਦੀ ਜਾਨ ਬਚ ਗਈ। ਉਨ੍ਹਾਂ ਯਾਤਰੀਆਂ ਨੂੰ ਸਥਾਨਕ ਲੋਕਾਂ ਨੇ ਬਾਈਕ ਤੇ ਆਟੋ ਰਿਕਸ਼ਾ ਵਿਚ ਹਸਪਤਾਲ ਪਹੁੰਚਾਇਆ। ਫਾਰੂਖ਼ ਦੇ ਸਿਰ ਅਤੇ ਚਿਹਰੇ ਦਾ ਜ਼ਿਆਦਾਤਰ ਹਿੱਸਾ ਪੂਰੀ ਤਰ੍ਹਾਂ ਜਲ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਚਾਲਕ ਟੀਮ ਨੇ ਜਹਾਜ਼ ਦੇ ਉਤਰਨ ਤੋਂ ਪਹਿਲਾਂ ਯਾਤਰੀਆਂ ਨੂੰ ਨਾ ਤਾਂ ਚੌਕਸ ਕੀਤਾ ਤੇ ਨਾ ਹੀ ਬੈਲਟ ਬੰਨ੍ਹਣ ਦੀ ਸੂਚਨਾ ਦਿੱਤੀ। ਹਾਦਸੇ ਵਿਚ ਮਾਰੇ ਗਏ ਜ਼ਿਆਦਾਤਰ ਲੋਕ ਕੇਰਲ ਦੇ ਹਨ। ਹਾਦਸੇ ਤੋਂ ਬਾਅਦ ਬਚਾਅ ਕਾਰਜਾਂ ਦਾ ਕੰਮ ਵੇਖ ਰਹੇ ਏਅਰ ਇੰਡੀਆ ਦੇ ਨਿਰਦੇਸ਼ਕ ਅਨੂਪ ਸ੍ਰੀਵਾਸਤਵ ਨੇ ਦੱਸਿਆ ਕਿ 8 ਮੁਸਾਫ਼ਰਾਂ ਨੇ ਜਹਾਜ਼ 'ਚੋਂ ਛਾਲ ਮਾਰ ਦਿੱਤੀ ਸੀ, ਜਿਨ੍ਹਾਂ ਨੂੰ ਨਜ਼ਦੀਕੀ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ ਤੇ ਇਨ੍ਹਾਂ 'ਚੋਂ ਕਈਆਂ ਦੀ ਹਾਲਤ ਗੰਭੀਰ ਬਣੀ ਹੋਈ ਹੈ।

ਸ਼ਹਿਰੀ ਹਵਾਬਾਜ਼ੀ ਮੰਤਰੀ ਪ੍ਰਫੁੱਲ ਪਟੇਲ ਨੇ ਹਾਦਸੇ ਤੋਂ ਬਾਅਦ 22 ਮਈ ਨੂੰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਮੁਲਾਕਾਤ ਕਰ ਕੇ ਮੰਗਲੌਰ ਹਵਾਈ ਹਾਦਸੇ ਦੀ ਨੈਤਿਕ ਜ਼ੁੰਮੇਵਾਰੀ ਲੈਂਦਿਆਂ ਅਸਤੀਫ਼ੇ ਦੀ ਪੇਸ਼ਕਸ਼ ਕੀਤੀ ਜਿਸ ਨੂੰ ਪ੍ਰਧਾਨ ਮੰਤਰੀ ਨੇ ਰੱਦ ਕਰ ਦਿਤਾ। ਪਟੇਲ ਨੇ ਹਾਦਸੇ ਬਾਰੇ ਸੰਖੇਪ ਜਾਣਕਾਰੀ ਡਾ. ਮਨਮੋਹਨ ਸਿੰਘ ਨੂੰ ਦਿਤੀ। ਪ੍ਰਧਾਨ ਮੰਤਰੀ ਦਫ਼ਤਰ ਦੇ ਸੂਤਰਾਂ ਨੇ ਦਸਿਆ ਕਿ ਇਹ ਮੀਟਿੰਗ ਸ਼ਾਮ 5 ਵਜੇ ਦੇ ਲਗਭਗ ਹੋਈ। ਮੀਟਿੰਗ ਬਾਰੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਫੁੱਲ ਪਟੇਲ ਨੇ ਕਿਹਾ, ''ਮੈਂ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਇਸ ਦਰਦਨਾਕ ਹਾਦਸੇ ਲਈ ਖ਼ੁਦ ਨੂੰ ਜ਼ੁੰਮੇਵਾਰ ਮੰਨਦਾ ਹਾਂ। ਮੈਂ ਪ੍ਰਧਾਨ ਮੰਤਰੀ ਕੋਲ ਹਾਦਸੇ ਬਾਰੇ ਡੂੰਘਾ ਦੁੱਖ ਵੀ ਪ੍ਰਗਟਾਇਆ ਜਿਸ ਮਗਰੋਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਨੂੰ ਹਾਲਾਤ ਅੱਗੇ ਗੋਡੇ ਨਹੀਂ ਟੇਕਣੇ ਚਾਹੀਦੇ ਸਗੋਂ ਇਸ ਦਾ ਸਾਹਮਣਾ ਕਰਨਾ ਚਾਹੀਦਾ ਹੈ।''

ਇਸ ਹਾਦਸੇ ਦੇ ਅਸਲ ਕਾਰਨਾਂ ਬਾਰੇ ਜਾਣਕਾਰੀ ਦੇਣ 'ਚ ਅਹਿਮ ਭੂਮਿਕਾ ਨਿਭਾਉਣ ਵਾਲੇ ਬਲੈਕ ਬਾਕਸ ਤੇ ਕਾਕਪਿਟ ਵਾਇਸ ਰਿਕਾਰਡਰ ਨੂੰ ਬਰਾਮਦ ਕਰ ਲਿਆ ਗਿਆ ਹੈ। ਦੱਸਣਾ ਬਣਦਾ ਹੈ ਕਿ ਬਲੈਕ ਬਾਕਸ ਅਤੇ ਵਾਇਸ ਰਿਕਾਰਡਰ ਵਿਚ ਦਰਜ ਜਾਣਕਾਰੀ ਤੋਂ ਇਸ ਹਾਦਸੇ ਦੇ ਸਹੀ ਕਾਰਨਾਂ ਦਾ ਪਤਾ ਲੱਗ ਸਕਦਾ ਹੈ। ਇਨ੍ਹਾਂ ਦੋਵੇਂ ਯੰਤਰਾਂ ਤੋਂ ਹੁਣ ਇਹ ਪਤਾ ਚੱਲ ਸਕੇਗਾ ਕਿ ਜਹਾਜ਼ ਦੇ ਹਾਦਸਾਗ੍ਰਸਤ ਹੋਣ ਤੋਂ ਪਹਿਲਾਂ ਕੀ ਪਾਇਲਟ ਨੇ ਕਿਸੇ ਨਾਲ ਕੋਈ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਸੀ ਜਾਂ ਨਹੀਂ। ਇਸ ਦੇ ਨਾਲ ਜਹਾਜ਼ ਦੇ ਲੈਂਡ ਕਰਨ ਸਮੇਂ ਜਹਾਜ਼ ਦੇ ਅੰਦਰ ਕੀ-ਕੀ ਵਾਪਰਿਆ ਇਸ ਬਾਰੇ ਵੀ ਜਾਣਕਾਰੀ ਮਿਲ ਸਕਦੀ ਹੈ।

ਇਸੇ ਦੌਰਾਨ ਜਹਾਜ਼ ਹਾਦਸੇ ਵਿਚ ਮਾਰੇ ਗਏ ਜ਼ਿਆਦਾਤਰ ਲੋਕਾਂ ਦੀਆਂ ਲਾਸ਼ਾਂ ਨੂੰ ਉਨ੍ਹਾਂ ਦੇ ਰਿਸ਼ਤੇਦਾਰਾਂ ਤੱਕ ਪਹੁੰਚਾ ਦਿੱਤਾ ਗਿਆ ਹੈ। ਕੁਝ ਲਾਸ਼ਾ ਇੰਨੀ ਬੁਰੀ ਤਰ੍ਹਾਂ ਜਲ ਚੁਕੀਆਂ ਸਨ ਕਿ ਉਨ੍ਹਾਂ ਦੀ ਪਛਾਣ ਨਹੀਂ ਹੋ ਸਕੀ। ਏਅਰ ਇੰਡੀਆ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਇਨ੍ਹਾਂ ਲਾਸ਼ਾਂ ਦੀ ਪਹਿਚਾਣ ਲਈ ਡੀ ਐਨ ਏ ਟੈਸਟ ਦਾ ਸਹਾਰਾ ਲਿਆ ਜਾਵੇਗਾ। ਹਾਦਸੇ ਦੀ ਜਾਂਚ ਵਿਚ ਹੁਣ ਅਮਰੀਕਾ ਵੀ ਭਾਰਤ ਦੀ ਮਦਦ ਕਰੇਗਾ। ਅਮਰੀਕਾ ਤੋਂ ਮਾਹਿਰਾਂ ਦੀ ਇੱਕ ਟੀਮ ਬੋਇੰਗ ਦੇ ਅਧਿਕਾਰੀਆਂ ਨਾਲ ਮਿਲ ਕੇ ਇਸ ਹਾਦਸੇ ਦੀ ਜਾਂਚ ਕਰੇਗੀ। ਇਸ ਜਾਂਚ ਤੋਂ ਹੋਰ ਵਧੇਰੇ ਜਾਣਕਾਰੀ ਮਿਲਣ ਦੀ ਸੰਭਾਵਨਾ ਹੈ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਸਮੇਤ ਕਈ ਆਗੂਆਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਹਾਦਸੇ ਦੇ ਮੱਦੇਨਜ਼ਰ ਕੇਰਲ ਵਿਚ 2 ਦਿਨਾਂ ਦਾ ਸੋਗ ਐਲਾਨਿਆ ਗਿਆ। ਇਸ ਮੰਦਭਾਗੇ ਹਾਦਸੇ ਦੇ ਮੱਦੇਨਜ਼ਰ ਯੂ ਪੀ ਏ-2 ਦੇ ਇੱਕ ਸਾਲ ਪੂਰੇ ਹੋਣ ਦੀ ਖ਼ੁਸ਼ੀ ਵਿਚ ਕਰਵਾਇਆ ਜਾ ਰਿਹਾ ਪ੍ਰੋਗਰਾਮ ਵੀ ਰੱਦ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ, ਸੀਨੀਅਰ ਆਗੂ ਸੁਸ਼ਮਾ ਸਵਰਾਜ ਤੇ ਅਰੁਣ ਜੇਤਲੀ ਨੇ ਇਸ ਹਾਦਸੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਹਾਦਸੇ ਦੇ ਕਾਰਨਾਂ ਬਾਰੇ ਕਿਆਸਅਰਾਈਆਂ ਦਾ ਬਾਜ਼ਾਰ ਗਰਮ

**ਬਿੰਦਰ ਬਸਰਾ**

ਮੰਗਲੌਰ ਹਵਾਈ ਹਾਦਸਾ ਆਪਣੇ ਪਿੱਛੇ 158 ਵਿਅਕਤੀਆਂ ਦੀ ਦਰਦਨਾਕ ਮੌਤ ਦੀ ਮੰਦਭਾਗੀ ਘਟਨਾ ਦੇ ਨਾਲ ਤਕਨੀਕੀ ਮਾਹਿਰਾਂ ਲਈ ਵੱਖ-ਵੱਖ ਅਟਕਲਾਂ ਤੇ ਕਿਆਸਅਰਾਈਆਂ ਦੀ ਘੁੰਮਣਘੇਰੀ ਛੱਡ ਗਿਆ ਹੈ। ਹਾਦਸੇ ਸੰਬੰਧੀ ਤਕਨੀਕੀ ਮਾਹਿਰਾਂ ਅਤੇ ਪਾਇਲਟਾਂ ਦੇ ਦਾਅਵੇ-ਪ੍ਰਤੀਦਾਅਵੇ ਓਨੀ ਦੇਰ ਚਰਚਾ ਦਾ ਵਿਸ਼ੇ ਬਣੇ ਰਹਿਣਗੇ, ਜਿੰਨੀ ਦੇਰ ਤੱਕ ਜਹਾਜ਼ ਦੇ ਬਲੈਕ ਬਾਕਸ 'ਚੋਂ ਇਸ ਦੇ ਅਸਲ ਕਾਰਨਾਂ ਬਾਰੇ ਪਤਾ ਨਹੀਂ ਲੱਗ ਜਾਂਦਾ। ਮੰਗਲੌਰ ਵਿਚ ਹੋਇਆ ਇਹ ਹਾਦਸਾ ਬੀਤੇ 48 ਸਾਲਾਂ ਵਿਚ ਦੇਸ਼ ਵਿਚ ਹੋਇਆ ਤੀਜਾ ਸਭ ਤੋਂ ਭਿਆਨਕ ਹਵਾਈ ਹਾਦਸਾ ਹੈ।

ਦੁਬਈ ਤੋਂ ਮੰਗਲੌਰ ਲਈ ਉਡਿਆ ਏਅਰ ਇੰਡੀਆ ਦਾ ਢਾਈ ਕੁ ਸਾਲ ਪੁਰਾਣਾ ਬੋਇੰਗ 737-800 ਜਹਾਜ਼ ਮੰਗਲੌਰ ਵਿਚ ਇਕ ਪਠਾਰ ਉਪਰ ਬਣੇ ਅਤੇ ਚਾਰੇ ਪਾਸਿਓਂ ਪਹਾੜੀਆਂ ਨਾਲ ਘਿਰੇ ਬਾਜਪੇ ਹਵਾਈ ਅੱਡੇ 'ਤੇ 22 ਮਈ ਨੂੰ ਕਿਸੇ ਉਕਾਈ ਕਾਰਨ ਡਿੱਗ ਕੇ ਤਬਾਹ ਹੋ ਗਿਆ। ਇਸ ਜਹਾਜ਼ ਨੂੰ ਸਾਇਬੇਰੀਆ ਤੋਂ ਇਥੇ ਆ ਕੇ ਵਸੇ ਕੈਪਟਨ ਜ਼ਲਾਟਕੋ ਗਲੂਸੀਕਾ (55) ਅਤੇ ਕੋ-ਪਾਇਲਟ ਐਚ. ਐਸ. ਆਹਲੂਵਾਲੀਆ ਚਲਾ ਰਹੇ ਸਨ। ਕੈਪਟਨ ਗਲੁਸੀਕਾ ਕੋਲ 10 ਹਜ਼ਾਰ ਘੰਟੇ ਉਡਾਨ ਦਾ ਤਜਰਬਾ ਸੀ ਜਦਕਿ ਆਹਲੂਵਾਲੀਆ ਕੋਲ 3650 ਘੰਟੇ ਦਾ ਤਜਰਬਾ ਸੀ ਤੇ ਇਸ ਸਾਲ ਉਸ ਨੇ ਕੈਪਟਨ ਬਣਨਾ ਸੀ।

ਸ਼ਹਿਰੀ ਹਵਾਬਾਜ਼ੀ ਮੰਤਰੀ ਪ੍ਰਫੁਲ ਪਟੇਲ ਨੇ ਕਿਹਾ ਕਿ ਮੁਢਲੇ ਤੌਰ 'ਤੇ ਪਤਾ ਲੱਗਾ ਹੈ ਕਿ ਚਾਰ ਸਾਲ ਪੁਰਾਣੀ ਹਵਾਈ ਪੱਟੀ ਜਾਂ ਜਹਾਜ਼ ਵਿਚ ਕੋਈ ਨੁਕਸ ਨਹੀਂ ਸੀ ਪਰ ਉਤਰਨ ਸਮੇਂ ਜਹਾਜ਼ ਨਿਰਧਾਰਤ ਟੱਚ ਡਾਊਨ ਤੋਂ ਲਗਭਗ 2000 ਫੁੱਟ ਅੱਗੇ ਲੰਘ ਜਾਣ ਕਾਰਨ ਇਹ ਹਾਦਸਾ ਵਾਪਰਿਆ। ਇਸ ਹਾਦਸੇ ਦੀ ਸ਼ਹਿਰੀ ਹਵਾਬਾਜ਼ੀ ਡਾਇਰੈਕਟੋਰੇਟ ਅਥਾਰਟੀ ਰਾਹੀਂ ਜਾਂਚ ਦੇ ਹੁਕਮ ਦਿੱਤੇ ਗਏ ਹਨ ਅਤੇ ਏਅਰ ਇੰਡੀਆ ਦੀ ਇਕ ਟੀਮ ਇਸ ਸੰਬੰਧੀ ਸਹਿਯੋਗ ਦੇਵੇਗੀ।

ਮੰਗਲੌਰ ਹਵਾਈ ਹਾਦਸੇ ਪਿਛੋਂ ਜਿਥੇ ਮਾਹਿਰਾਂ ਨੇ ਹਵਾਈ ਸੁਰੱਖਿਆ ਨਿਯਮਾਂ ਬਾਰੇ ਸੁਆਲ ਉਠਾਏ ਹਨ, ਉਥੇ ਹਵਾਈ ਸਫ਼ਰ ਦੌਰਾਨ ਮੁਸਾਫ਼ਰਾਂ ਦੀ ਸਲਾਮਤੀ ਯਕੀਨੀ ਬਣਾਏ ਜਾਣ ਦਾ ਮੁੱਦਾ ਵੀ ਚਰਚਾ 'ਚ ਆ ਗਿਆ ਹੈ। ਇਹ ਹਾਦਸਾ ਇਸ ਲਈ ਵੀ ਦੁਖਦਾਈ ਮੰਨਿਆ ਜਾ ਰਿਹਾ ਹੈ ਕਿ ਹਾਦਸੇ ਦੇ ਜਿਨ੍ਹਾਂ ਕਾਰਨਾਂ ਦਾ ਜ਼ਿਕਰ ਹੁਣ ਕੀਤਾ ਜਾ ਰਿਹਾ ਹੈ, ਉਹ ਪਹਿਲਾਂ ਵੀ ਚਰਚਾ 'ਚ ਆ ਚੁੱਕੇ ਹਨ ਪਰ ਇਨ੍ਹਾਂ ਕਾਰਨਾਂ ਨੂੰ ਦੂਰ ਕਰਨ ਦੀ ਕੋਈ ਕੋਸ਼ਿਸ਼ ਨਾ ਕਰਨ ਬਾਰੇ ਵੀ ਸਵਾਲ ਉਠ ਰਹੇ ਹਨ। ਖ਼ੁਦ ਕੇਂਦਰੀ ਵਿਦੇਸ਼ ਮੰਤਰੀ ਐਸ. ਐਮ. ਕ੍ਰਿਸ਼ਨਾ ਦਾ ਮੰਨਣਾ ਹੈ ਕਿ ਮੰਗਲੌਰ ਹਵਾਈ ਅੱਡੇ ਦਾ ਰਨਵੇ ਪੇਚੀਦਾ ਕਿਸਮ ਦਾ ਹੈ ਅਤੇ ਇਥੇ ਜਹਾਜ਼ ਉਤਾਰਨ ਲਈ ਚਾਲਕ ਦੀ ਸਮਰੱਥਾ ਦੀ ਬਹੁਤ ਜ਼ਿਆਦਾ ਪਰਖ ਹੁੰਦੀ ਹੈ।

ਫੈਡਰੇਸ਼ਨ ਆਫ ਇੰਡੀਅਨ ਪਾਇਲਟਸ ਦੇ ਬਾਨੀ ਅਤੇ ਮੁਖੀ ਕੈਪਟਨ ਐਮ. ਆਰ. ਵਾਡੀਆ ਦਾ ਆਖਣਾ ਹੈ ਕਿ ਦੇਸ਼ ਦੀਆਂ ਸਰਕਾਰਾਂ ਵਲੋਂ ਵਾਰ-ਵਾਰ ਸੁਤੰਤਰ ਹਵਾਈ ਸੁਰੱਖਿਆ ਬੋਰਡ ਦੇ ਗਠਨ 'ਤੇ ਜ਼ੋਰ ਦੇਣ ਦੇ ਬਾਵਜੂਦ ਸ਼ਹਿਰੀ ਹਵਾਬਾਜ਼ੀ ਦੇ ਡਾਇਰੈਕਟਰ ਜਨਰਲ ਨੇ ਇਸ ਬਾਰੇ ਕੰਮ ਨਹੀਂ ਕੀਤਾ। ਹਵਾਈ ਫੌਜ ਦੇ ਸਾਬਕਾ ਉਚ ਅਧਿਕਾਰੀ ਏ. ਕੇ. ਸਿੰਘ ਨੇ ਕਿਹਾ ਕਿ ਉਹ ਨਹੀਂ ਜਾਣਦੇ ਕਿ ਹੋਰ ਕੌਮਾਂਤਰੀ ਹਵਾਈ ਕੰਪਨੀਆਂ ਵਾਂਗੂ ਏਅਰ ਇੰਡੀਆ ਕੋਲ ਖ਼ਰਾਬ ਮੌਸਮ 'ਚ ਪਾਇਲਟਾਂ ਨੂੰ ਰਸਤਾ ਬਦਲਣ ਲਈ ਉਤਸ਼ਾਹਤ ਕਰਨ ਲਈ ਕੋਈ ਨੀਤੀ ਹੈ ਜਾਂ ਨਹੀਂ।

ਉਧਰ ਤਕਨੀਕੀ ਮਾਹਿਰਾਂ ਨੇ ਮੰਗਲੌਰ ਹਵਾਈ ਹਾਦਸੇ ਦੇ ਜਿਨ੍ਹਾਂ ਕਾਰਨਾਂ ਦੀ ਨਿਸ਼ਾਨਦੇਹੀ ਕੀਤੀ ਹੈ ਉਨ੍ਹਾਂ ਵਿਚ ਫਲਾਈਟ ਰਸਤੇ ਦਾ ਗਲਤ ਹੋਣਾ, ਉਤਰਨ ਸਮੇਂ ਟਚ-ਡਾਊਨ ਪੁਆਇੰਟ ਮਿਸ ਕਰਨਾ, ਬਰੇਕ ਫੇਲ੍ਹ ਹੋਣਾ, ਪਾਇਲਟ ਦਾ ਥੱਕੇ ਹੋਣਾ ਜਾਂ ਅੰਤਿਮ ਸਮੇਂ 'ਚ ਫੈਸਲੇ ਦੀ ਗਲਤੀ ਆਦਿ ਕੋਈ ਵੀ ਕਾਰਨ ਹੋ ਸਕਦਾ ਹੈ। ਇਕ ਅਧਿਕਾਰੀ ਵਲੋਂ ਦਾਅਵਾ ਕੀਤਾ ਗਿਆ ਹੈ ਕਿ ਪਾਇਲਟਾਂ ਵਲੋਂ ਅਪਨਾਇਆ ਗਿਆ ਗਲਤ ਹਵਾਈ ਪੱਥ ਹੀ ਹਾਦਸੇ ਦਾ ਕਾਰਨ ਬਣਿਆ ਜਦਕਿ ਇਕ ਹੋਰ ਅਧਿਕਾਰੀ ਨੇ ਕਿਹਾ ਕਿ ਜਹਾਜ਼ ਜਦੋਂ 10 ਮੀਲ ਦੂਰ ਸੀ ਏ. ਟੀ. ਸੀ. ਨੇ ਉਦੋਂ ਹੀ ਉਡਾਣ ਪੱਥ ਨੂੰ ਕਲੀਅਰੈਂਸ ਦੇ ਦਿੱਤੀ ਸੀ। ਇੰਡੀਅਨ ਕਮਰਸ਼ੀਅਲ ਪਾਇਲਟਸ ਐਸੋਸੀਏਸ਼ਨ ਸਮੇਤ ਸੀਨੀਅਰ ਪਾਇਲਟ ਪਹਿਲਾਂ ਹੀ ਪਾਇਲਟਾਂ ਦੀ ਥਕਾਵਟ ਨੂੰ ਹਾਦਸੇ ਲਈ ਜ਼ਿੰਮੇਵਾਰ ਕਰਾਰ ਦੇ ਚੁੱਕੇ ਹਨ ਪਰ ਐਤਵਾਰ ਨੂੰ ਏਅਰ ਇੰਡੀਆ ਨੇ ਦਾਅਵਾ ਕੀਤਾ ਹੈ ਕਿ ਪਾਇਲਟ ਥੱਕੇ ਹੋਏ ਨਹੀਂ ਸਨ, ਉਨ੍ਹਾਂ ਨੂੰ ਲੋੜੀਂਦਾ ਆਰਾਮ ਮਿਲਿਆ ਸੀ। ਇਕ ਦਲੀਲ ਇਹ ਵੀ ਦਿੱਤੀ ਜਾ ਰਹੀ ਹੈ ਕਿ ਪਾਇਲਟਾਂ ਨੇ ਧਮਾਕੇ ਦੀ ਆਵਾਜ਼ ਨਾਲ ਲੈਂਡਿੰਗ ਕਰਨ ਦੀ ਬਜਾਏ ਸਹਿਜ ਲੈਂਡਿੰਗ ਕਰਨ ਦੀ ਸੋਚੀ ਹੋਵੇ। ਇਸ ਲਈ ਜਹਾਜ਼ ਟਚ-ਡਾਊਨ ਪੁਆਇੰਟ ਨੂੰ ਨਹੀਂ ਛੂਹ ਸਕਿਆ। ਰਨ-ਵੇ 'ਚ ਲਗਭਗ 500 ਫੁੱਟ 'ਤੇ ਟਚ ਡਾਊਨ ਪੁਆਇੰਟ ਹੁੰਦਾ ਹੈ, ਜਿਥੇ ਲੈਂਡਿੰਗ ਸਮੇਂ ਜਹਾਜ਼ ਦੇ ਪਹੀਏ ਜ਼ਮੀਨ ਨੂੰ ਛੂਹਣੇ ਚਾਹੀਦੇ ਨੇ। ਤਰਕ ਦਿੱਤਾ ਜਾ ਰਿਹਾ ਹੈ ਕਿ ਵਿਕਲਪ ਇਸ ਲਈ ਚੁਣਿਆ ਗਿਆ ਹੋ ਸਕਦਾ ਹੈ ਕਿਉਂਕਿ ਏਅਰ ਲਾਇਨਜ਼ ਧਮਾਕੇਦਾਰ ਲੈਂਡਿੰਗ ਤੋਂ ਬਚਣ 'ਤੇ ਜ਼ੋਰ ਦੇ ਰਹੀ ਸੀ।

ਚੇਤੇ ਰਹੇ ਕਿ ਏਅਰ ਇੰਡੀਆ ਐਕਸਪ੍ਰੈਸ ਦੀ ਫਲਾਈਟ ਆਈ. ਐਕਸ 812 ਨੂੰ ਸ਼ੁਕਰਵਾਰ ਨੂੰ ਦੁਬਈ 'ਚ ਉਤਰਦੇ ਸਮੇਂ ਵੀ ਦਿੱਕਤਾਂ ਪੇਸ਼ ਆਈਆਂ ਸਨ। ਝਟਕੇ ਨਾਲ ਹੋਈ ਲੈਂਡਿੰਗ ਬਾਰੇ ਯਾਤਰੀਆਂ ਦੀ ਸ਼ਿਕਾਇਤ ਨੂੰ ਚਾਲਕ ਦਲ ਨੇ ਵੀ ਸਵੀਕਾਰ ਕੀਤਾ ਸੀ। ਜੇਕਰ ਦੁਬਈ ਏਅਰਪੋਰਟ 'ਤੇ ਵੀ ਜਹਾਜ਼ ਦੀ ਕਥਿਤ ਤਕਨੀਕੀ ਖਰਾਬੀ ਠੀਕ ਕਰ ਲਈ ਜਾਂਦੀ ਤਾਂ ਅਗਲੇ ਹੀ ਦਿਨ 22 ਮਈ ਨੂੰ ਇਥੇ ਹੋਏ ਹਾਦਸੇ 'ਚ 158 ਲੋਕਾਂ ਦੀ ਜਾਨ ਨਾ ਜਾਂਦੀ।

ਮੀਡੀਆ ਰਿਪੋਰਟਾਂ ਮੁਤਾਬਕ ਹਾਦਸਾਗ੍ਰਸਤ ਜਹਾਜ਼ ਆਈ. ਐਕਸ. 812 ਦੇ ਪਾਇਲਟ ਨੇ ਹਾਦਸੇ ਤੋਂ ਪਹਿਲਾਂ ਏਅਰ ਟ੍ਰੈਫਿਕ ਕੰਟਰੋਲਰ ਨੂੰ 'ਓਵਰਸ਼ਾਟ-ਓਵਰਸ਼ਾਟ' ਕਿਹਾ ਸੀ। ਇਸ ਦਾ ਸਿੱਧਾ ਅਰਥ ਹੈ ਕਿ ਜਹਾਜ਼ ਆਪਣੇ ਨਿਰਧਾਰਤ ਸਥਾਨ ਤੋਂ ਅੱਗੇ ਉਤਰਿਆ ਹੈ। ਇਸ 'ਤੇ ਏ. ਟੀ. ਸੀ. ਨੇ ਪਾਇਲਟ ਨੂੰ ਲੈਂਡਿੰਗ ਕੱਟ ਕਰਕੇ ਟੇਕ ਆਫ ਕਰਨ ਨੂੰ ਕਿਹਾ ਸੀ, ਸ਼ਾਇਦ ਉਦੋਂ ਤਕ ਦੇਰ ਹੋ ਚੁੱਕੀ ਸੀ। ਅੰਤਰਿਮ ਰਿਪੋਰਟ ਅਨੁਸਾਰ ਮੰਗਲੌਰ ਹਵਾਈ ਹਾਦਸਾ ਮਨੁੱਖੀ ਉਕਾਈ ਨਾਲ ਵਾਪਰਿਆ ਹੈ। ਇਨ੍ਹਾਂ ਅਟਕਲਾਂ ਨੂੰ ਵਿਰਾਮ ਬਲੈਕ ਬਾਕਸ ਤੇ ਹੋਰ ਯੰਤਰਾਂ ਦੀ ਜਾਂਚ ਤੋਂ ਬਾਅਦ ਲੱਗਣ ਦੀ ਸੰਭਾਵਨਾ ਹੈ।

ਜ਼ਿਕਰਯੋਗ ਹੈ ਕਿ ਬੀਤੇ 48 ਸਾਲਾਂ ਵਿਚ ਇਹ ਤੀਜਾ ਸਭ ਤੋਂ ਭਿਆਨਕ ਹਾਦਸਾ ਹੈ। ਸਭ ਤੋਂ ਭਿਆਨਕ ਜਹਾਜ਼ ਹਾਦਸਾ 12 ਨਵੰਬਰ 1996 ਨੂੰ ਹਰਿਆਣਾ ਵਿਚ ਚਰਖੀ ਦਾਦਰੀ ਨੇੜੇ ਹੋਇਆ ਜਦੋਂ ਦੋ ਜਹਾਜ਼ ਹਵਾ 'ਚ ਟਕਰਾ ਗਏ ਤੇ 349 ਲੋਕ ਮਾਰੇ ਗਏ। ਪਹਿਲੀ ਜਨਵਰੀ 1978 ਨੂੰ ਏਅਰ ਇੰਡੀਆ ਦਾ ਦੁਬਈ ਜਾ ਰਿਹਾ ਜਹਾਜ਼ ਮੁੰਬਈ ਨੇੜੇ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ, ਜਿਸ ਵਿਚ 213 ਲੋਕਾਂ ਦੀ ਮੌਤ ਹੋ ਗਈ ਸੀ। ਇਸੇ ਤਰ੍ਹਾਂ 23 ਜੂਨ 1985 ਨੂੰ ਮਾਂਟਰੀਅਲ ਤੋਂ ਦਿੱਲੀ ਆ ਰਹੇ ਏਅਰ ਇੰਡੀਆ ਦੇ ਕਨਿਸ਼ਕ ਜਹਾਜ਼ ਨੂੰ ਖਾੜਕੂਆਂ ਨੇ ਹਵਾ ਵਿਚ ਉਡਾ ਦਿੱਤਾ ਸੀ, ਜਿਸ ਨਾਲ 329 ਲੋਕ ਮਾਰੇ ਗਏ। ਇਹ ਹਾਦਸਾ ਆਇਰਲੈਂਡ ਨੇੜੇ ਹੋਇਆ ਸੀ।

# ਪੰਜਾਬੀਆਂ ਲਈ ਵਲਾਇਤ ਜਾਣਾ ਹੁਣ ਹੋਰ ਔਖਾ

**ਲੰਡਨ:** ਇੰਗਲੈਂਡ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਦੀ ਗੱਠਜੋੜ ਸਰਕਾਰ ਨੇ ਗੈਰ-ਯੂਰਪੀ ਯੂਨੀਅਨ ਦੇ ਆਵਾਸੀਆਂ ਨੂੰ ਰੋਕਣ ਲਈ ਪੇਸ਼ਬੰਦੀਆਂ ਦਾ ਐਲਾਨ ਕਰਕੇ ਉਥੇ ਜਾ ਕੇ ਵਸਣ ਦੇ ਚਾਹਵਾਨ ਲੋਕਾਂ ਨੂੰ ਨਿਰਾਸ਼ ਕੀਤਾ ਹੈ। ਗ਼ੈਰ-ਯੂਰਪੀ ਮੁਲਕਾਂ ਤੋਂ ਬਾਅਦ ਇੰਗਲੈਂਡ ਜਾਣ ਵਾਲੀ ਸਭ ਤੋਂ ਵੱਡੀ ਗਿਣਤੀ ਭਾਰਤੀਆਂ ਦੀ ਹੈ ਜਿਨ੍ਹਾਂ ਵਿਚੋਂ ਵੱਡਾ ਹਿੱਸਾ ਪੰਜਾਬੀ ਹਨ। ਅਮਰੀਕਾ ਅਤੇ ਕੈਨੇਡਾ ਦੇ ਇਮੀਗਰੇਸ਼ਨ ਨਿਯਮਾਂ ਵਿਚ ਹੋਈ ਸਖਤੀ ਅਤੇ ਆਸਟਰੇਲੀਆ ਵਿਚਲੇ ਨਸਲੀ ਹਮਲਿਆਂ ਨੇ ਪੰਜਾਬੀਆਂ ਦਾ ਮੁਹਾਣ ਇੰਗਲੈਂਡ ਵਲ ਕਰ ਦਿੱਤਾ ਸੀ। ਇੰਗਲੈਂਡ ਸਰਕਾਰ ਨੇ ਪਿਛਲੇ ਸਾਲ ਆਵਾਸੀਆਂ ਦੀ ਵਧ ਰਹੀ ਗਿਣਤੀ ਨੂੰ ਰੋਕਣ ਲਈ ਨਿਯਮਾਂ ਵਿਚ ਤਬਦੀਲੀ ਕੀਤੀ ਸੀ ਅਤੇ ਇਸ ਸਾਲ ਦੇ ਸ਼ੁਰੂ ਵਿਚ ਨੇਪਾਲ ਅਤੇ ਬੰਗਲਾਦੇਸ਼ ਦੇ ਨਾਲ-ਨਾਲ ਉਤਰੀ ਭਾਰਤ ਵਿਚ ਆਪਣੇ ਵੀਜ਼ਾ ਦਫਤਰ ਬੰਦ ਕਰਨ ਦਾ ਫੈਸਲਾ ਕੀਤਾ ਸੀ। ਇਸੇ ਕੜੀ ਵਿਚ ਹੁਣ ਇਮੀਗਰੇਸ਼ਨ ਨਿਯਮਾਂ ਅਤੇ ਵੀਜ਼ਾ ਸ਼ਰਤਾਂ ਉਤੇ ਨਜ਼ਰਸਾਨੀ ਕੀਤੀ ਜਾ ਰਹੀ ਹੈ। ਬਹੁਤ ਸਾਰੇ ਭਾਰਤੀ ਵਿਦਿਆਰਥੀਆਂ ਵਜੋਂ ਇੰਗਲੈਂਡ ਜਾਂਦੇ ਹਨ ਅਤੇ ਉਥੇ ਜਾ ਕੇ ਪੜ੍ਹਾਈ ਕਰਨ ਦੀ ਥਾਂ ਰੁਜ਼ਗਾਰ ਲੱਭਣ ਅਤੇ ਪੱਕੇ ਹੋਣ ਦਾ ਜੁਗਾੜ ਕਰਨ ਵਿਚ ਲੱਗ ਜਾਂਦੇ ਹਨ। ਵੱਡੀ ਗਿਣਤੀ ਵਿਚ ਪੰਜਾਬੀ ਵੱਖ-ਵੱਖ ਮੁਲਕਾਂ ਰਾਹੀਂ ਗੈਰ-ਕਾਨੂੰਨੀ ਢੰਗ ਨਾਲ ਇੰਗਲੈਂਡ ਪਹੁੰਚਦੇ ਹਨ। ਅਜਿਹੇ ਪੰਜਾਬੀ ਉਥੇ ਜਾ ਕੇ ਘੱਟ ਉਜਰਤਾਂ ਉਤੇ ਗੈਰ-ਕਾਨੂੰਨੀ ਢੰਗ ਨਾਲ ਕੰਮ ਕਰਦੇ ਹਨ। ਜੀਵਨ ਸ਼ੈਲੀ ਕਾਰਨ ਇਨ੍ਹਾਂ ਨੂੰ 'ਫੌਜੀ' ਦਾ ਲਕਬ ਮਿਲਿਆ ਹੈ। ਇਸੇ ਤਰ੍ਹਾਂ ਖਿਡਾਰੀਆਂ, ਸਾਜ਼ੀਆਂ, ਕਲਾਕਾਰਾਂ, ਰਾਗੀਆਂ, ਪਾਠੀਆਂ ਅਤੇ ਵਿਦਿਆਰਥੀਆਂ ਦੇ ਰੂਪ ਵਿਚ ਛੋਟੀ ਮਿਆਦ ਦੇ ਵੀਜ਼ੇ 'ਤੇ ਜਾ ਕੇ ਉਥੇ ਗੈਰ-ਕਾਨੂੰਨੀ ਡੇਰਾ ਲਾਉਣ ਵਾਲਿਆਂ ਨੂੰ 'ਕਬੂਤਰ' ਦਾ ਲਕਬ ਮਿਲਿਆ ਹੈ। ਇਸ ਤੋਂ ਬਿਨਾਂ ਕਾਗਜ਼ੀ, ਜਾਅਲੀ, ਕੱਚੇ ਅਤੇ ਵੱਟੇ ਦੇ ਵਿਆਹਾਂ ਰਾਹੀਂ ਵੀ ਵਿਦੇਸ਼ ਜਾਣ ਦਾ ਬੰਦੋਬਸਤ ਕੀਤਾ ਜਾਂਦਾ ਹੈ। ਅਖ਼ਬਾਰਾਂ ਵਿਚ ਛਪਦੇ ਵਿਆਹਾਂ ਦੇ ਇਸ਼ਤਿਹਾਰਾਂ ਤੋਂ ਅੰਦਾਜ਼ਾ ਲਗਦਾ ਹੈ ਕਿ ਸਮਾਜਿਕ ਕਦਰਾਂ ਕੀਮਤਾਂ ਦੀ ਦੁਹਾਈ ਪਾਉਣ ਵਾਲੇ, ਜਾਤੀਵਾਦੀ ਅਤੇ ਜਗੀਰੂ ਸੋਚ ਨਾਲ ਜੁੜੇ ਪੰਜਾਬੀ ਵਿਦੇਸ਼ ਜਾਣ ਲਈ ਕੀ ਕੁਝ ਕਰ ਸਕਦੇ ਹਨ।

ਇਕ ਅਧਿਐਨ ਮੁਤਾਬਕ ਪਿਛਲੇ ਸਾਲ ਕਰੀਬ ਵੀਹ ਹਜ਼ਾਰ ਪੰਜਾਬੀ ਗੈਰ-ਕਾਨੂੰਨੀ ਢੰਗ ਨਾਲ ਯੂਰਪੀ ਮੁਲਕਾਂ ਵਿਚ ਗਏ ਸਨ। ਇਕ ਹੋਰ ਅਧਿਐਨ ਮੁਤਾਬਕ ਸੰਨ 2007 ਵਿਚ 183 ਮੁਲਕਾਂ ਵਿਚੋਂ 180 ਮੁਲਕਾਂ ਵਿਚ ਪੰਜਾਬੀ ਵਸੇ ਹੋਏ ਸਨ। ਵਿਦੇਸ਼ ਜਾਣ ਦੇ ਰੁਝਾਨ ਨੂੰ ਜਿੱਥੇ ਸਾਡੇ ਮੁਲਕ ਵਿਚ ਮੌਕਿਆਂ ਦੀ ਘਾਟ ਅਤੇ ਥੁੜਾਂ ਨਾਲ ਜੋੜਿਆ ਜਾਂਦਾ ਹੈ, ਉਥੇ ਦੂਜੇ ਮੁਲਕਾਂ ਦੀ ਖ਼ੁਸ਼ਹਾਲੀ ਤੇ ਅਮੀਰੀ ਨਾਲ ਵੀ ਤੋਲਿਆ ਜਾਂਦਾ ਹੈ। ਵਿਦੇਸ਼ਾਂ ਵਿਚ ਖ਼ੁਸ਼ਹਾਲੀ ਅਤੇ ਖ਼ੁਸ਼ੀ ਤਾਂ ਗਿਣਤੀ ਦੇ ਪੰਜਾਬੀਆਂ ਨੂੰ ਹੀ ਨਸੀਬ ਹੋਈ ਹੈ। ਜ਼ਿਆਦਾਤਰ ਬੰਦਿਆਂ ਦੇ ਹੱਥ ਹੱਡ ਭੰਨਵੀਂ ਮਿਹਨਤ, ਮਾਨਸਿਕ ਸੰਤਾਪ ਅਤੇ ਜਨਮ ਭੋਇੰ ਦਾ ਉਦਰੇਵਾਂ ਹੀ ਆਇਆ ਹੈ। ਵਿਦੇਸ਼ਾਂ ਦੀਆਂ ਜੇਲ੍ਹਾਂ ਵਿਚ ਕੈਦ ਕੱਟਦੇ ਗੈਰ-ਕਾਨੂੰਨੀ ਪੰਜਾਬੀ ਵਾਰ-ਵਾਰ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣੇ ਹਨ। ਮਾਲਟਾ ਕਾਂਡ ਵਰਗੀਆਂ ਤ੍ਰਾਸਦੀਆਂ ਦੇ ਬਾਵਜੂਦ ਪੰਜਾਬੀਆਂ ਅੰਦਰੋਂ ਵਿਦੇਸ਼ ਜਾਣ ਦੀ ਖਿੱਚ ਘੱਟ ਨਹੀਂ ਹੋਈ।

ਅਮਰੀਕਾ ਵਿਚ 2001 ਵਿਚ ਜੌੜੇ ਮੀਨਾਰਾਂ ਉਤੇ ਹੋਏ ਹਮਲੇ ਤੋਂ ਬਾਅਦ ਵਿਕਸਤ ਮੁਲਕਾਂ ਨੇ ਅੱਤਿਵਾਦ ਨੂੰ ਰੋਕਣ ਦੇ ਨਾਂਅ ਹੇਠ ਇਮੀਗਰੇਸ਼ਨ ਨਿਯਮਾਂ ਵਿਚ ਤਬਦੀਲੀਆਂ ਕੀਤੀਆਂ ਹਨ। ਵੀਜ਼ੇ ਤੋਂ ਪਹਿਲਾਂ ਦਸਤਾਵੇਜ਼ਾਂ ਦੀ ਪੁਸ਼ਟੀ ਅਤੇ ਹੋਰ ਛਾਣ-ਬੀਣ ਦੀ ਪ੍ਰਕਿਰਿਆ ਸਖ਼ਤ ਕੀਤੀ ਗਈ ਹੈ। ਸਖ਼ਤੀਆਂ ਅਤੇ ਪਾਬੰਦੀਆਂ ਦੇ ਬਾਵਜੂਦ ਵੱਡੇ ਤੋਂ ਵੱਡਾ ਜ਼ੋਖ਼ਮ ਲੈ ਕੇ ਵਿਦੇਸ਼ ਜਾਣ ਦਾ ਰੁਝਾਨ ਜਾਰੀ ਹੈ। ਨਵੀਆਂ ਪੇਸ਼ਬੰਦੀਆਂ ਮੁਤਾਬਕ ਹੁਣ ਵਿਦਿਆਰਥੀ ਵੀਜ਼ੇ ਉਤੇ ਇੰਗਲੈਂਡ ਜਾਣ ਦੇ ਚਾਹਵਾਨ ਲੋਕਾਂ ਨੂੰ ਵੱਡੀਆਂ ਰਕਮਾਂ ਜ਼ਮਾਨਤੀ ਵਜੋਂ ਜਮ੍ਹਾਂ ਕਰਵਾਉਣੀਆਂ ਪੈਣਗੀਆਂ ਅਤੇ ਪੜ੍ਹਾਈ ਤੋਂ ਬਾਅਦ ਵਾਪਸ ਪਰਤਣ ਵਾਲਿਆਂ ਨੂੰ ਇਹ ਰਕਮ ਵਾਪਸ ਕੀਤੀ ਜਾਵੇਗੀ।

ਸੂਚਨਾ ਤਕਨਾਲੋਜੀ ਦੇ ਪੇਸ਼ੇਵਰ ਮਾਹਰਾਂ ਲਈ ਇੰਗਲੈਂਡ ਰੁਜ਼ਗਾਰ ਦਾ ਵੱਡਾ ਕੇਂਦਰ ਰਿਹਾ ਹੈ। ਹੁਣ ਥੋੜ੍ਹੀ ਮਿਆਦ ਦੇ ਵੀਜ਼ੇ ਅਤੇ ਬੱਝਵੇਂ ਸਮੇਂ ਲਈ ਦਿੱਤੇ ਜਾਂਦੇ ਕੰਮਕਾਜੀ ਵੀਜ਼ੇ ਦਾ ਘੇਰਾ ਤੰਗ ਕੀਤਾ ਜਾ ਰਿਹਾ ਹੈ। ਪਹਿਲਾਂ ਹੀ ਗੈਰ-ਯੂਰਪੀ ਮੁਲਕਾਂ ਦੇ ਵਿਦਿਆਰਥੀਆਂ ਤੋਂ ਯੂਰਪੀ ਮੁਲਕਾਂ ਦੇ ਮੁਕਾਬਲੇ ਤਿੱਗਣੀ ਫੀਸ ਲਈ ਜਾਂਦੀ ਸੀ। ਨਵੀਆਂ ਪੇਸ਼ਬੰਦੀਆਂ ਨਾਲ ਹੁਣ ਇੰਗਲੈਂਡ ਦੀ ਸਰਕਾਰ ਦਾਅਵਾ ਕਰ ਰਹੀ ਹੈ ਕਿ ਆਵਾਸੀਆਂ ਦੀ ਸਾਲਾਨਾ ਗਿਣਤੀ ਨੂੰ ਲੱਖਾਂ ਤੋਂ ਘਟਾ ਕੇ ਹਜ਼ਾਰਾਂ ਵਿਚ ਲਿਆਂਦਾ ਜਾਵੇਗਾ। ਕਰਜ਼ੇ ਚੁੱਕ, ਜ਼ਮੀਨਾਂ ਗਹਿਣੇ ਰੱਖ ਜਾਂ ਵੇਚ ਕੇ ਇੰਗਲੈਂਡ ਜਾਣ ਦੇ ਚਾਹਵਾਨ ਲੋਕਾਂ ਦਾ ਜੋਖਮ ਹੁਣ ਵਧ ਗਿਆ ਹੈ।

## ਸਭ ਤੋਂ ਖ਼ਤਰਨਾਕ ਮੰਨਿਆ ਜਾਂਦੈ ਬਾਜਪੇ ਹਵਾਈ ਅੱਡਾ

**ਮੰਗਲੌਰ:** 158 ਵਿਅਕਤੀਆਂ ਦੀ ਜਾਨ ਲੈਣ ਵਾਲਾ ਬਾਜਪੇ ਹਵਾਈ ਅੱਡਾ ਦੇਸ਼ ਦੇ ਸਭ ਤੋਂ ਖ਼ਤਰਨਾਕ ਹਵਾਈ ਅੱਡਿਆਂ 'ਚੋਂ ਇੱਕ ਹੈ। ਇਹ ਹਵਾਈ ਅੱਡਾ ਮੰਗਲੌਰ ਤੋਂ 30 ਕਿਲੋਮੀਟਰ ਤੇ ਬੰਗਲੌਰ ਤੋਂ 350 ਕਿਲੋਮੀਟਰ ਦੂਰ ਕੇਰਲ ਤੇ ਕਰਨਾਟਕ ਦੀ ਸੀਮਾ 'ਤੇ ਸਥਿਤ ਹੈ। ਪਹਾੜਾਂ ਤੇ ਜੰਗਲਾਂ ਨਾਲ ਘਿਰੇ ਇਸ ਹਵਾਈ ਅੱਡੇ ਨੂੰ ਉਡਾਣ ਭਰਨ ਤੇ ਉਤਰਨ ਦੇ ਲਿਹਾਜ਼ ਨਾਲ ਦੇਸ਼ ਦੇ ਸਭ ਤੋਂ ਖ਼ਤਰਨਾਕ ਹਵਾਈ ਅੱਡਿਆਂ 'ਚੋਂ ਇੱਕ ਮੰਨਿਆ ਜਾਂਦਾ ਹੈ। ਪਿਛਲੇ ਦੋ ਦਿਨਾਂ ਲਗਾਤਾਰ ਇਸ ਹਵਾਈ ਅੱਡੇ 'ਤੇ ਭਾਰੀ ਮੀਂਹ ਪਿਆ ਹੈ, ਪਰ ਹੁਣ ਉਥੇ ਮੌਸਮ ਠੀਕ-ਠਾਕ ਸੀ।

## ਵਾਰਸਾਂ ਨੂੰ ਮਿਲੇਗਾ 76-76 ਲੱਖ ਮੁਆਵਜ਼ਾ

**ਨਵੀਂ ਦਿੱਲੀ :** ਮੰਗਲੌਰ ਵਿਚ 22 ਮਈ ਨੂੰ ਹੋਏ ਹਵਾਈ ਹਾਦਸੇ ਵਿਚ ਮਾਰੇ ਗਏ ਵਿਅਕਤੀਆਂ ਵਿਚੋਂ ਹਰੇਕ ਦੇ ਪਰਿਵਾਰ ਨੂੰ ਮੁਆਵਜ਼ੇ ਵਜੋਂ ਕਰੀਬ 76 ਲੱਖ ਰੁਪਏ ਦੀ ਰਕਮ ਦਿੱਤੀ ਜਾਵੇਗੀ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਪਹਿਲਾਂ ਹੀ ਮ੍ਰਿਤਕਾਂ ਲਈ ਦੋ-ਦੋ ਲੱਖ ਤੇ ਜ਼ਖ਼ਮੀਆਂ ਨੂੰ ਪੰਜਾਹ-ਪੰਜਾਹ ਹਜ਼ਾਰ ਰੁਪਏ ਮੁਆਵਜ਼ੇ ਦਾ ਐਲਾਨ ਕਰ ਚੁੱਕੇ ਹਨ ਤੇ ਕਰਨਾਟਕ ਸਰਕਾਰ ਨੇ ਵੀ ਹਰੇਕ ਮ੍ਰਿਤਕ ਦੇ ਪਰਿਵਾਰ ਨੂੰ ਦੋ-ਦੋ ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ।

ਸ਼ਹਿਰੀ ਹਵਾਬਾਜ਼ੀ ਮੰਤਰੀ ਪਰਫੁੱਲ ਕੁਮਾਰ ਪਟੇਲ ਨੇ ਦੱਸਿਆ ਕਿ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਕਰੀਬ 72-72 ਲੱਖ (1.60 ਲੱਖ ਡਾਲਰ) ਹਵਾਈ ਕੰਪਨੀ ਵਲੋਂ ਹਵਾਈ ਸਫ਼ਰ (ਸੋਧ) ਐਕਟ ਤਹਿਤ ਦਿੱਤੇ ਜਾਣਗੇ। ਇਸ ਐਕਟ ਵਿਚ ਮਾਂਟਰੀਅਲ ਕਨਵੈਨਸ਼ਨ ਤਹਿਤ ਸੋਧ ਕੀਤੀ ਗਈ ਹੈ ਜਿਸ ਮੁਤਾਬਕ ਕੰਪਨੀ ਨੂੰ ਇਹ ਮੁਆਵਜ਼ਾ ਦੇਣਾ ਹੋਵੇਗਾ।

## ਇਕ ਵਪਾਰੀ ਨੇ 16 ਰਿਸ਼ਤੇਦਾਰ ਹਾਦਸੇ 'ਚ ਗੁਆਏ

**ਮੰਗਲੌਰ:** ਸਾਊਦੀ ਅਰਬ ਦੇ 24 ਸਾਲਾਂ ਵਪਾਰੀ ਸਮੀਰ-ਏ-ਸ਼ੇਖ ਲਈ ਸ਼ਾਇਦ ਇਸ ਤੋਂ ਵੱਡੀ ਮੁਸੀਬਤ ਹੋਰ ਕੋਈ ਨਹੀਂ ਹੋਵੇਗੀ। ਮੰਗਲੌਰ ਆ ਰਹੇ ਜਹਾਜ਼ ਵਿਚ ਸਮੀਰ ਦੀ ਨਾਨੀ ਦੇ ਅੰਤਮ ਸੰਸਕਾਰ ਵਿਚ ਸ਼ਾਮਿਲ ਹੋਣ ਲਈ ਆ ਰਹੇ 16 ਰਿਸ਼ਤੇਦਾਰ ਸਵਾਰ ਸਨ, ਜਿਨ੍ਹਾਂ ਦੀ ਹਾਦਸੇ ਵਿਚ ਮੌਤ ਹੋਣ ਦੀ ਸ਼ੰਕਾ ਹੈ।

# ਸਿੱਖ ਇਤਿਹਾਸ ਸੰਬੰਧੀ ਵਿਵਾਦਪੂਰਨ ਕਿਤਾਬ ਚਰਚਾ ਵਿਚ

**ਮੋਹਾਲੀ:** ਗੁਰੂ ਸਾਹਿਬਾਨ ਪ੍ਰਤੀ ਅਤਿਅੰਤ ਸ਼ਰਧਾ ਦਾ ਦਾਅਵਾ ਕਰਦੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਅਪਣੇ ਅਧੀਨ ਧਰਮ ਪ੍ਰਚਾਰ ਕਮੇਟੀ ਤੋਂ ਹਿੰਦੀ 'ਚ ਲਿਖਵਾਈ ਕਿਤਾਬ 'ਸਿੱਖ ਇਤਿਹਾਸ' ਰਾਹੀਂ ਗੁਰੂਆਂ ਦੀ ਅਤਿ ਦਰਜੇ ਦੀ ਨਿਰਾਦਰੀ ਕਰਵਾਈ ਹੈ ਅਤੇ ਉਨ੍ਹਾਂ ਦੇ ਅਕਸ ਨੂੰ ਮੁੱਢੋਂ ਹੀ ਵਿਗਾੜ ਕੇ ਪੇਸ਼ ਕੀਤਾ ਹੈ। ਕਿਤਾਬ 'ਚ ਕਈ ਅਜਿਹੀਆਂ ਬਚਕਾਨਾ ਟਿਪਣੀਆਂ ਕੀਤੀਆਂ ਗਈਆਂ ਹਨ, ਜਿਨ੍ਹਾਂ ਨੂੰ ਪੜ੍ਹ ਕੇ ਆਮ ਸਿੱਖ ਨੂੰ ਨਮੋਸ਼ੀ ਹੋਵੇਗੀ ਅਤੇ ਉਹ ਸੋਚਣ ਲਈ ਮਜਬੂਰ ਹੋਵੇਗਾ ਕਿ ਸ਼੍ਰੋਮਣੀ ਕਮੇਟੀ ਅਜਿਹਾ ਕਰ ਕੇ ਆਖ਼ਰ ਕਿਹੜਾ ਪ੍ਰਚਾਰ ਕਰ ਰਹੀ ਹੈ? ਕਿਤਾਬ 'ਚ ਲਿਖਿਆ ਗਿਆ ਹੈ ਕਿ ਅਠਵੇਂ ਪਾਤਿਸ਼ਾਹ ਹਰਿਕ੍ਰਿਸ਼ਨ ਜੀ ਨੂੰ 'ਗੁਰੂ ਬਣਨ ਲਈ' ਮੁਗ਼ਲ ਬਾਦਸ਼ਾਹ ਦੀ ਸਹਾਇਤਾ ਲੈਣੀ ਪਈ ਸੀ।

ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੂੰ ਇਸ ਕਿਤਾਬ ਵਿਚ 'ਨਾਸਤਿਕ' ਦਸਿਆ ਗਿਆ ਹੈ। ਹਾਲਾਂਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਅਪਣੀ ਇਸੇ ਕਿਤਾਬ ਰਾਹੀਂ ਗੁਰੂ ਸਾਹਿਬ ਨੂੰ ਮੰਨੂ ਦੇ ਉਪਦੇਸ਼ ਮੰਨਣ ਵਾਲਾ, ਜਹਾਂਗੀਰ ਤੇ ਉਸ ਤੋਂ ਅਗਲੇ ਬਾਦਸ਼ਾਹ ਅਧੀਨ ਕੰਮ ਕਰਨ ਵਾਲਾ, ਡਰਪੋਕ ਅਤੇ ਅਗਵਾਕਾਰ ਦਰਸਾ ਚੁਕੀ ਹੈ। ਕਿਤਾਬ 'ਚ ਦਿਤੀ ਇਕ ਮਿਸਾਲ 'ਚ ਕਿਹਾ ਗਿਆ ਹੈ ਕਿ ਕਿਸੇ ਮੁਸਲਮਾਨ ਆਗੂ ਨੇ ਛੇਵੇਂ ਪਾਤਿਸ਼ਾਹ ਨੂੰ ਬਾਦਸ਼ਾਹ ਦੀ ਈਨ ਮੰਨਣ ਲਈ ਮਜਬੂਰ ਕਰ ਦਿਤਾ ਸੀ। ਇਸੇ ਆਗੂ ਨੇ ਬਾਅਦ ਵਿਚ ਗੁਰੂ ਸਾਹਿਬ ਨੂੰ ਜੇਲ 'ਚੋਂ ਮੁਕਤ ਕਰਾਉਣ 'ਚ ਭੂਮਿਕਾ ਨਿਭਾਈ। 'ਸਿੱਖਾਂ ਦੇ ਗੁਰੂ ਥਾਪਣ' ਵਿਚ ਮੁਗ਼ਲਾਂ ਦਾ ਹੱਥ ਦਰਸਾਉਂਦਿਆਂ 'ਸਿੱਖ ਇਤਿਹਾਸ' ਕਿਤਾਬ ਦੇ ਸਫ਼ਾ-111 'ਤੇ ਲਿਖਿਆ ਹੈ, ''ਹਰਿਰਾਏ ਕੀ ਮ੍ਰਿਤੂ ਕੇ ਸਮਯ ਛੋਟੇ ਪੁੱਤਰ ਕੋ ਹੀ ਸਿੱਖੋਂ ਕੇ ਗੁਰੂ ਪਦ ਪਰ ਬਿਠਾਇਆ ਗਯਾ। ਗੁਰੂ ਕੇ ਦੋਨੋਂ ਪੁਤਰੋਂ ਮੇਂ ਗੁਰੁਤਰ ਗੁਰਗੱਦੀ ਬਾਰੇ) ਵਿਵਾਦ ਪੈਦਾ ਹੂਆ। ਕਿਸੀ ਕਿਸੀ ਜਗਹ ਲਿਖਾ ਹੈ ਕਿ ਔਰੰਗਜ਼ੇਬ, ਸਿੱਖੋਂ ਕੇ ਗੁਰੂ ਬਨਾਨੇ ਕੀ ਸਵਾਧੀਨਤਾ (ਆਜ਼ਾਦੀ) ਮੇਂ ਹਸਤਕਸ਼ੇਪ (ਦਖ਼ਲ) ਕਰਨੇ ਕੇ ਇਛੁਕ ਨਹੀਂ ਥੇ। ਲੇਕਿਨ ਪ੍ਰਚਲਿਤ ਕਹਾਨੀ ਮੇਂ ਲਿਖਾ ਹੂਆ ਹੈ ਕਿ ਏਕ ਹੀ ਤਰਹ, ਏਕ ਹੀ ਪਹਿਨਾਵੇ ਮੇਂ ਸਜੀ ਕੁਛ ਰਮਣੀਓਂ (ਜ਼ਨਾਨੀਆਂ) ਮੇਂ ਸੇ ਉਸ ਸ਼ਿਸ਼ੂ (ਹਰਿਕ੍ਰਿਸ਼ਨ ਜੀ) ਨੇ ਜਿਸ ਬੁਧੀਮਾਨੀ ਕੇ ਸਾਥ ਬਾਦਸ਼ਾਹ ਕੀ ਬੇਗਮ ਕੋ ਚੁਨਕਰ ਨਿਕਾਲਾ ਥਾ, ਉਸ ਸੇ ਬਾਦਸ਼ਾਹ ਬੜੇ ਤਾਜੁੱਬ ਮੇਂ ਆਏ ਥੇ। ਉਨਹੋਂ ਨੇ ਘੋਸ਼ਣਾ ਕਰ ਦੀ ਥੀ ਕਿ ਗੁਰੂ ਪਦ ਪਰ ਹਰਿਕ੍ਰਿਸ਼ਨ ਕਾ ਅਖ਼ਤਿਆਰ ਹੀ ਹੋ। ਉਸ ਕੇ ਅਨੁਸਾਰ ਹਰਿਕ੍ਰਿਸ਼ਨ ਹੀ ਸਿੱਖੋਂ ਕੇ 'ਨੇਤਾ' ਔਰ ਗੁਰੂ ਪਦ ਪਰ ਬੈਠੇ।''

ਛੇਵੇਂ ਗੁਰੂ ਨੂੰ ਨਾਸਤਿਕ ਦਸਦਿਆਂ ਸਫ਼ਾ-107 'ਤੇ ਲਿਖਿਆ ਹੈ, ''ਹਰਗੋਬਿੰਦ ਜਿਤਨਾ ਦਰਸ਼ਨ-ਵਿਗਿਆਨ ਜਾਨਤੇ ਥੇ ਔਰ ਜਿਤਨਾ ਜ਼ਿਆਦਾ ਉਨਹੋਂ ਨੇ ਗਿਆਨ ਪਾਇਆ ਥਾ, ਇਸ ਸੇ ਉਨਹੋਂ ਨੇ ਸਮਯ ਕੇ ਪ੍ਰਚਲਿਤ ਮਤੋਂ ਕੋ ਹੀ ਗ੍ਰਹਿਣ ਕੀਆ ਥਾ।....ਇਸ ਤਰਹ ਵੋ ਜ਼ਿਆਦਾਤਰ ਨਾਸਤਿਕ ਮਤਿ ਗ੍ਰਹਿਣ ਕਰਨ ਮੇਂ ਪ੍ਰਬੁਧ (ਸਮਰੱਥ) ਹੁਏ ਥੇ ਔਰ ਇਸ ਵਿਸ਼ਵ ਬ੍ਰਹਿਮੰਡ ਕੋ ਉਨਹੋਂ ਨੇ ਈਸ਼ਵਰ ਕੀ ਪ੍ਰਤੀਕ੍ਰਿਤੀ (ਸਾਜੀ) ਸਮਝਾ ਥਾ ਤਬ ਭੀ, ਐਸੇ ਵਿਚਾਰ ਨੇ ਉਨ ਕੇ ਮਨ ਮੇਂ ਜ਼ਿਆਦਾ ਦਿਨੋਂ ਤਕ ਜਗਹ ਨਹੀਂ ਪਾਈ। ਯਾ ਉਨ ਕਾ ਹਿਰਦੇ (ਦਿਲ) ਉਸ ਮੇਂ ਮਗਨ ਨਹੀਂ ਹੂਆ।'' ਸਫ਼ਾ-103 'ਤੇ ਦਿਤੀ ਮਿਸਾਲ 'ਚ ਫ਼ਰਸਟਰ ਨਾਮੀ ਬੰਦੇ ਤੋਂ ਕੁਹਾਇਆ ਗਿਆ ਹੈ, ''ਪਹਿਲੇ ਏਕ ਮੁਸਲਮਾਨ ਨੇਤਾ ਨੇ ਹਰਗੋਬਿੰਦ ਕੋ ਬਾਦਸ਼ਾਹ ਕੀ ਅਧੀਨਗੀ ਸਵੀਕਾਰ ਕਰਨੇ ਪਰ ਮਜਬੂਰ ਕੀਆ; ਇਸ ਨੇਤਾ ਕੀ ਮਧਯਸਤਾ (ਵਿਚੋਲਗੀ) ਸੇ ਹੀ ਉਨ ਕੀ ਕਾਰਾ ਮੁਕਤੀ (ਕੈਦ ਖ਼ਤਮ) ਹੁਈ।''

2006 ਵਿਚ ਛਪੀ ਇਸ ਗੁਰੂ ਨਿੰਦਕ ਕਿਤਾਬ ਦੀ ਜਾਂਚ ਲਈ 2008 ਵਿਚ ਅਕਾਲ ਤਖ਼ਤ ਦੇ ਮੁੱਖ ਸੇਵਾਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਹੁਕਮ ਦਿਤਾ ਸੀ ਤੇ ਇਹ ਵੀ ਕਿਹਾ ਸੀ ਕਿ ਕਿਤਾਬ ਛਪਣ ਦੀ ਘੋਖ ਕਰ ਕੇ ਇਕ ਹਫ਼ਤੇ ਵਿਚ ਰੀਪੋਰਟ ਦਿਤੀ ਜਾਵੇ। ਸ਼੍ਰੋਮਣੀ ਕਮੇਟੀ ਪ੍ਰਧਾਨ ਮੱਕੜ ਨੇ ਇਸ 'ਤੇ ਪੰਜ ਮੈਂਬਰੀ ਕਮੇਟੀ ਬਣਾਉਣ ਦਾ ਐਲਾਨ ਕਰ ਦਿਤਾ ਤੇ ਗੱਲ ਠੱਪ ਹੋ ਗਈ। ਹੁਣ ਅਕਾਲ ਤਖ਼ਤ ਦੇ ਮੁੱਖ ਸੇਵਾਦਾਰ ਗਿਆਨੀ ਗੁਰਬਚਨ ਸਿੰਘ ਨੇ ਫਿਰ ਜਾਂਚ ਦੀ ਗੱਲ ਕਰ ਕੇ ਇਸ ਮਾਮਲੇ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੱਕੜ ਵਲੋਂ ਬਣਾਈ ਪੰਜ ਮੈਂਬਰੀ ਕਮੇਟੀ ਵਿਚ ਡਾ. ਕਿਰਪਾਲ ਸਿੰਘ, ਡਾ. ਖੜਕ ਸਿੰਘ, ਡਾ. ਬਲਵੰਤ ਸਿੰਘ, ਪ੍ਰੋ. ਬਲਕਾਰ ਸਿੰਘ ਤੇ ਡਾ. ਜਸਬੀਰ ਸਿੰਘ ਸਾਬਰ ਨੂੰ ਮੈਂਬਰ ਨਾਮਜ਼ਦ ਕੀਤਾ ਗਿਆ ਸੀ। ਜਾਂਚ ਕਮੇਟੀ ਦੀ ਦੋ ਸਾਲ 'ਚ ਕੋਈ ਮੀਟਿੰਗ ਨਹੀਂ ਹੋਈ।

## ਸਿੰਘ ਸਾਹਿਬਾਨ ਨੇ ਮੀਟਿੰਗ ਸੱਦੀ

**ਅੰਮ੍ਰਿਤਸਰ :** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਦੀ ਅਗਵਾਈ ਹੇਠ ਪੰਜ ਤਖ਼ਤਾਂ ਦੇ ਸਿੰਘ ਸਾਹਿਬਾਨ ਦੀ ਇਕ ਮੀਟਿੰਗ 6 ਜੂਨ ਨੂੰ ਘੱਲੂਘਾਰਾ ਦਿਵਸ ਦੇ ਸਮਾਗਮ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਵੇਗੀ, ਜਿਸ ਵਿਚ ਵਿਵਾਦਤ ਹਿੰਦੀ ਭਾਸ਼ਾ ਵਿਚ ਛਪੀ ਸਿੱਖ ਇਤਿਹਾਸ ਦੀ ਪੁਸਤਕ 'ਤੇ ਅਹਿਮ ਵਿਚਾਰਾਂ ਕੀਤੀਆਂ ਜਾਣਗੀਆਂ। ਇਸ ਦੇ ਨਾਲ ਹੀ ਬਾਬਾ ਬੰਦਾ ਸਿੰਘ ਬਹਾਦਰ ਦੀ ਸਰਹਿੰਦ



ਫ਼ਤਹਿ ਦਿਵਸ ਦੀ ਮਨਾਈ ਗਈ ਸ਼ਤਾਬਦੀ ਬਾਰੇ ਲੇਖਾ ਜੋਖਾ ਵੀ ਕੀਤਾ ਜਾਵੇਗਾ। ਇਸ ਮੌਕੇ ਹੋਰ ਵੱਖ-ਵੱਖ ਸਿੱਖ ਮਾਮਲਿਆਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

ਵੇਰਵਿਆਂ ਅਨੁਸਾਰ ਸਿੰਘ ਸਾਹਿਬਾਨ ਦੀ ਹੋਣ ਵਾਲੀ ਇਸ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਿਤ ਕੀਤੀ ਗਈ ਹਿੰਦੀ ਭਾਸ਼ਾ ਵਿਚ ਸਿੱਖ ਇਤਿਹਾਸ ਬਾਰੇ ਲਿਖੀ ਕਿਤਾਬ ਦਾ ਮੁੱਦਾ ਛਾਇਆ ਰਹੇਗਾ। ਬਹੁਤ ਸਾਰੀਆਂ ਜਥੇਬੰਦੀਆਂ ਨੇ ਇਸ ਕਿਤਾਬ ਬਾਰੇ ਸ਼੍ਰੋਮਣੀ ਕਮੇਟੀ ਨੂੰ ਕਟਹਿਰੇ ਵਿਚ ਖੜਾ ਕਰਨ ਲਈ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਮੰਗ ਪੱਤਰ ਦੇ ਕੇ ਅਪੀਲ ਕੀਤੀ ਹੈ ਕਿ ਸਿੱਖਾਂ ਦੀ ਇਕ ਜਥੇਬੰਦੀ ਤੇ ਦੋਸ਼ੀ ਪ੍ਰਬੰਧਕਾਂ ਨੂੰ ਬਿਨਾਂ ਕਿਸੇ ਦੇਰੀ ਤੋਂ ਸ੍ਰੀ ਅਕਾਲ ਤਖ਼ਤ 'ਤੇ ਤਲਬ ਕਰਕੇ ਮਰਿਆਦਾ ਅਨੁਸਾਰ ਤਨਖ਼ਾਹ ਲਗਾਈ ਜਾਵੇ। ਮੀਟਿੰਗ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਤਿਹਾਸਕ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਨੂੰ ਪੈਲੇਸ ਦਾ ਰੂਪ ਦਿੱਤੇ ਜਾਣ ਬਾਰੇ ਵੀ ਗੰਭੀਰਤਾ ਨਾਲ ਵਿਚਾਰ ਚਰਚਾ ਹੋਵੇਗੀ। ਇਸ ਸਬੰਧੀ ਸਿੰਘ ਸਾਹਿਬਾਨ ਵੱਲੋਂ ਦਿੱਲੀ ਕਮੇਟੀ ਤੋਂ ਸਪੱਸ਼ਟੀਕਰਨ ਪਹਿਲਾਂ ਹੀ ਮੰਗਿਆ ਹੋਇਆ ਹੈ।

## ਵਿਦੇਸ਼ਾਂ 'ਚ ਜੁੜੇ ਹੋਏ ਸਨ ਬੇਅੰਤ ਸਿੰਘ ਦੇ ਕਾਤਲਾਂ ਦੇ ਤਾਰ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦੱਸਿਆ ਗਿਆ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਾਤਲਾਂ ਦੇ ਸੰਪਰਕ ਵਿਦੇਸ਼ਾਂ ਵਿਚ ਬੈਠੇ ਸਾਜ਼ਿਸ਼ ਘਾੜਿਆਂ ਨਾਲ ਸਨ। ਜਸਟਿਸ ਮਹਿਤਾਬ ਸਿੰਘ ਗਿੱਲ ਅਤੇ ਜਸਟਿਸ ਅਰਵਿੰਦ ਕੁਮਾਰ ਦੇ ਡਿਵੀਜ਼ਨ ਬੈਂਚ ਨੂੰ ਇਹ ਵੀ ਦੱਸਿਆ ਕਿ ਜਿਸ ਉੱਚ ਸਮਰੱਥਾ ਵਾਲੇ ਬੰਬ ਨਾਲ ਬੇਅੰਤ ਸਿੰਘ ਤੇ 12 ਹੋਰਨਾਂ ਲੋਕਾਂ ਦੀ ਮੌਤ ਹੋਈ ਸੀ, ਉਸ ਨੇ ਮਨੁੱਖੀ ਬੰਬ ਦਿਲਾਵਰ ਸਿੰਘ ਦੇ ਵੀ ਚੀਥੜੇ ਉਡਾ ਦਿੱਤੇ ਸਨ। ਕਾਤਲਾਂ ਤੇ ਹੋਰਨਾਂ ਮੁਲਜ਼ਮਾਂ ਵਲੋਂ ਦਾਇਰ ਪਟੀਸ਼ਨਾਂ ਬੀਤੀ 21 ਮਈ ਨੂੰ ਸੀਨੀਅਰ ਵਕੀਲ ਬਲਦੇਵ ਸਿੰਘ ਵਲੋਂ ਸੁਣਵਾਈ ਲਈ ਡਵੀਜ਼ਨ ਬੈਂਚ ਕੋਲ ਪੇਸ਼ ਕੀਤੀਆਂ ਗਈਆਂ।

ਸੀ.ਬੀ.ਆਈ. ਦੇ ਵਕੀਲ ਐਸ.ਕੇ. ਸਕਸੈਨਾ ਅਤੇ ਆਰ.ਕੇ. ਹਾਂਡਾ ਨੇ ਕਿਹਾ ਕਿ ਦੋਸ਼ੀ ਜਗਤਾਰ ਸਿੰਘ ਹਵਾਰਾ ਨੇ ਗ੍ਰਿਫਤਾਰੀ ਤੋਂ ਬਾਅਦ ਦੱਸਿਆ ਸੀ ਕਿ ਦਿੱਲੀ ਦੀ ਗੋਲ ਮਾਰਕੀਟ ਵਿਚ ਸਥਿਤ ਪੀ.ਸੀ.ਓ. ਤੋਂ ਜਰਮਨੀ ਵਿਚ ਰੇਸ਼ਮ ਸਿੰਘ ਨਾਲ ਗੱਲਬਾਤ ਹੁੰਦੀ ਸੀ। ਹਵਾਰਾ ਅਨੁਸਾਰ ਗਾਜ਼ੀਆਬਾਦ ਦੇ ਪੀ.ਸੀ.ਓ. ਤੋਂ ਵੀ ਜਰਮਨੀ ਫੋਨ ਕੀਤੇ ਜਾਂਦੇ ਸਨ।

## ਉਪਿੰਦਰਜੀਤ ਕੌਰ ਦੇ ਸੁਰੱਖਿਆ ਗਾਰਡ ਵਲੋਂ ਗੁੰਡਾਗਰਦੀ

**ਕਪੂਰਥਲਾ :** ਸਿੱਖਿਆ ਮੰਤਰੀ ਡਾ. ਉਪਿੰਦਰਜੀਤ ਕੌਰ ਦੀ ਸੁਰੱਖਿਆ ਲਈ ਉਸ ਦੀ ਕੋਠੀ ਦੇ ਬਾਹਰ ਬਣਾਈ ਸਥਾਈ ਪੁਲਿਸ ਚੌਕੀ 'ਤੇ ਤਾਇਨਾਤ ਇਕ ਸਿਪਾਹੀ ਨੇ ਸ਼ਰਾਬ ਪੀ ਕੇ ਇਕ ਸਕੂਟਰ ਮਕੈਨਿਕ 'ਤੇ ਹਮਲਾ ਕਰਕੇ ਉਸ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਅਤੇ ਚੁਬੱਤੀਆਂ ਚੌਂਕ ਵਿਚ ਗੁੰਡਾਗਰਦੀ ਕਰਕੇ ਪੰਜਾਬ ਪੁਲਿਸ ਦੀ ਮਰਿਆਦਾ ਚੁਰਾਹੇ ਵਿਚ ਰੋਲ ਦਿੱਤੀ। ਐਸ ਐਸ ਪੀ ਰਾਮ ਸਿੰਘ ਨੇ ਆਪਣਾ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਅਜਿਹੇ ਮੁਲਾਜ਼ਮਾਂ ਨੂੰ ਮੁਆਫ ਨਹੀਂ ਕੀਤਾ ਜਾਵੇਗਾ। ਰਾਤ 10.30 ਦੇ ਕਰੀਬ ਭੁਤਰੇ ਮੁਲਾਜ਼ਮ ਦਾ ਡਾਕਟਰੀ ਮੁਆਇਨਾ ਕਰਵਾਉਣ ਪਿੱਛੋਂ ਇਸ ਸਿਪਾਹੀ ਅਤੇ ਚੌਕੀ ਇੰਚਾਰਜ ਨੂੰ ਲਾਈਨ ਹਾਜ਼ਰ ਕਰ ਦਿੱਤਾ ਗਿਆ।

ਜਾਣਕਾਰੀ ਅਨੁਸਾਰ ਰਾਤ 9.30 ਦੇ ਕਰੀਬ ਡਿਊਟੀ 'ਤੇ ਤਾਇਨਾਤ ਸਿਪਾਹੀ ਭਜਨ ਸਿੰਘ ਨੇ ਕਥਿਤ ਤੌਰ 'ਤੇ ਸ਼ਰਾਬ ਦੇ ਨਸ਼ੇ ਵਿਚ ਟੁੰਨ ਹੋ ਕੇ ਕੋਠੀ ਦੇ ਐਨ ਸਾਹਮਣੇ ਸਕੂਟਰ ਧੋਣ ਦਾ ਕੰਮ ਕਰਦੇ ਜਸਵੀਰ ਸਿੰਘ ਮੰਗਾ 'ਤੇ ਇਸ ਕਾਰਨ ਹਮਲਾ ਕਰ ਦਿੱਤਾ ਕਿ ਉਹ ਉਸ ਨੂੰ ਹੜਦੁੰਗਬਾਜ਼ੀ ਕਰਨ ਤੋਂ ਰੋਕਦਾ ਸੀ। ਸਿਪਾਹੀ ਨੇ ਬੰਦੂਕ ਦਾ ਬੱਟ ਮਕੈਨਿਕ ਦੀ ਧੌਣ 'ਤੇ ਮਾਰ ਕੇ ਉਸ ਨੂੰ ਥੱਲੇ ਸੁੱਟ ਲਿਆ ਅਤੇ ਉਸ ਨੂੰ ਗੋਲੀਆਂ ਨਾਲ ਉਡਾ ਦੇਣ ਦੀਆਂ ਧਮਕੀਆਂ ਦੇਣ ਲੱਗਾ। ਚੌਕੀ ਇੰਚਾਰਜ ਹੌਲਦਾਰ ਸੁਖਵਿੰਦਰ ਸਿੰਘ ਹਾਜ਼ਰ ਨਹੀਂ ਸੀ। ਮੁਹੱਲੇ ਦੇ ਸੈਂਕੜੇ ਲੋਕ ਇਕੱਠੇ ਹੋ ਕੇ ਪੰਜਾਬ ਪੁਲਿਸ ਵਿਰੁੱਧ ਨਾਅਰੇਬਾਜ਼ੀ ਕਰਨ ਲੱਗੇ।

ਥਾਣਾ ਸਿਟੀ ਤੋਂ ਏਐਸਆਈ ਵੱਸਣ ਸਿੰਘ ਨੇ ਪੁਲਿਸ ਪਾਰਟੀ ਨਾਲ ਮੌਕੇ 'ਤੇ ਪਹੁੰਚ ਕੇ ਲੋਕਾਂ ਨੂੰ ਸ਼ਾਂਤ ਕੀਤਾ।

# ਸੁਖਬੀਰ ਬਾਦਲ ਵਲੋਂ ਅਕਾਲੀ ਦਲ ਦੇ ਆਗੂਆਂ ਨੂੰ ਐਸ.ਜੀ.ਪੀ.ਸੀ. ਚੋਣਾਂ ਲਈ ਤਿਆਰ ਹੋਣ ਦਾ ਸੱਦਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ 20 ਮਈ ਨੂੰ ਇਥੇ ਪਾਰਟੀ ਦੇ ਪੰਜਾਬ ਭਰ ਤੋਂ ਆਏ ਜਨਰਲ ਕੌਂਸਲ ਮੈਂਬਰਾਂ ਤੇ ਜ਼ਿਲ੍ਹਾ ਜਥੇਦਾਰਾਂ ਨਾਲ ਦੇਰ ਸ਼ਾਮ ਤਕ ਬੈਠਕਾਂ ਕੀਤੀਆਂ। ਭਾਵੇਂ ਇਨ੍ਹਾਂ ਬੈਠਕਾਂ ਤੋਂ ਮੀਡੀਆ ਨੂੰ ਪੂਰੀ ਤਰ੍ਹਾਂ ਦੂਰ ਰੱਖਿਆ ਗਿਆ ਤੇ ਮੀਟਿੰਗ ਦੌਰਾਨ ਕਿਸੇ ਵੀ ਬਾਹਰੀ ਫੋਟੋਗ੍ਰਾਫਰ ਨੂੰ ਫੋਟੋ ਨਹੀਂ ਲੈਣ ਦਿੱਤੀ ਗਈ ਪ੍ਰੰਤੂ ਪਤਾ ਲੱਗਾ ਹੈ ਕਿ ਸੁਖਬੀਰ ਨੇ ਇਨ੍ਹਾਂ ਬੈਠਕਾਂ 'ਚ ਪਾਰਟੀ ਆਗੂਆਂ ਨੂੰ ਐਸ ਜੀ ਪੀ ਸੀ ਦੀਆਂ ਚੋਣਾਂ ਲਈ ਤਿਆਰੀਆਂ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ 'ਚ ਨੌਜਵਾਨਾਂ ਤੇ ਸਾਫ ਸੁਥਰੇ ਅਕਸ ਵਾਲੇ ਉਮੀਦਵਾਰਾਂ ਨੂੰ ਪਹਿਲ ਦਿੱਤੀ ਜਾਵੇਗੀ। ਉਨ੍ਹਾਂ ਪਾਰਟੀ ਆਗੂਆਂ ਨੂੰ ਸੰਗਠਨ ਦੀ ਮਜ਼ਬੂਤੀ ਤੇ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਲੋਕਾਂ 'ਚ ਲਿਜਾਣ ਲਈ ਵੀ ਕਿਹਾ। ਜਨਰਲ ਕੌਂਸਲ ਦੀ ਹੋਈ ਬੈਠਕ 'ਚ ਕੁਝ ਮਤੇ ਵੀ ਪਾਸ ਕੀਤੇ ਗਏ। ਪਾਰਟੀ ਦੇ ਸਕੱਤਰ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਇਨ੍ਹਾਂ ਮਤਿਆਂ ਨੂੰ ਮੀਡੀਆ ਲਈ ਜਾਰੀ ਕੀਤਾ।



ਇਨ੍ਹਾਂ ਮਤਿਆਂ 'ਚ ਕੇਂਦਰ ਸਰਕਾਰ 'ਤੇ ਪੰਜਾਬ ਨਾਲ ਵਿਤਕਰੇ ਦਾ ਦੋਸ਼ ਲਾਇਆ ਗਿਆ ਹੈ। ਪਾਰਟੀ ਨੇ ਡਿਫੈਂਸ ਯੂਨੀਵਰਸਿਟੀ ਪੰਜਾਬ ਦੀ ਥਾਂ ਹਰਿਆਣਾ ਨੂੰ ਦੇਣ ਤੇ ਆਨੰਦਪੁਰ ਸਾਹਿਬ-ਅੰਮ੍ਰਿਤਸਰ ਲਿੰਕ ਰੱਦ ਕਰਨ ਦੇ ਫੈਸਲਿਆਂ ਦਾ ਜ਼ੋਰਦਾਰ ਵਿਰੋਧ ਕੀਤਾ।

ਉਨ੍ਹਾਂ ਕਿਹਾ ਕਿ ਇਨ੍ਹਾਂ ਫੈਸਲਿਆਂ ਨਾਲ ਕੇਂਦਰ ਸਰਕਾਰ ਵਲੋਂ ਪੰਜਾਬ ਨਾਲ ਕੀਤਾ ਜਾਂਦਾ ਵਿਤਕਰਾ ਪੂਰੀ ਤਰ੍ਹਾਂ ਸਾਹਮਣੇ ਆ ਗਿਆ ਹੈ ਤੇ ਇਹ ਪੰਜਾਬ, ਪੰਜਾਬੀਅਤ ਦੇ ਹੱਕਾਂ 'ਤੇ ਡਾਕਾ ਹੈ। ਮਤੇ 'ਚ ਕਿਹਾ ਗਿਆ ਕਿ 1999 'ਚ ਪ੍ਰਧਾਨ ਮੰਤਰੀ ਵਲੋਂ ਖਾਲਸਾ ਪੰਥ ਦੀ ਸਾਜਨਾ ਵੇਲੇ ਐਲਾਨੀ ਗਈ ਡਿਫੈਂਸ ਯੂਨੀਵਰਸਿਟੀ ਨੂੰ ਰੱਦ ਕਰਨਾ ਪੰਜਾਬ ਦੇ ਹੱਕਾਂ 'ਤੇ ਡਾਕਾ ਹੈ। ਮਤੇ 'ਚ ਕਿਹਾ ਗਿਆ ਕਿ 1999 'ਚ ਪ੍ਰਧਾਨ ਮੰਤਰੀ ਵਲੋਂ ਖਾਲਸਾ ਪੰਥ ਦੀ ਸਾਜਨਾ ਵੇਲੇ ਐਲਾਨੀ ਗਈ ਡਿਫੈਂਸ ਯੂਨੀਵਰਸਿਟੀ ਪੰਜਾਬ 'ਚ ਬਨਣੀ ਸੀ ਪ੍ਰੰਤੂ ਅਜਿਹਾ ਨਾ ਕਰਕੇ ਕੇਂਦਰ ਦੀ ਕਾਂਗਰਸ ਸਰਕਾਰ ਨੇ ਆਪਣਾ ਪੰਜਾਬ ਵਿਰੋਧੀ ਚਿਹਰਾ ਬੇਨਕਾਬ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਰੇਲਵੇ ਬਜਟ 'ਚ ਕੀਤੇ ਐਲਾਨ ਦੇ ਉਲਟ ਨਵਾਂ ਰੇਲ ਲਿੰਕ ਰੱਦ ਕਰਕੇ ਵੀ ਪੰਜਾਬ ਨਾਲ ਭਾਰੀ ਬੇਇਨਸਾਫੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਹੁਣ ਕੇਂਦਰ ਸਰਕਾਰ 900 ਕਰੋੜ ਰੁਪਏ ਦੇ ਇਸ ਪ੍ਰੋਜੈਕਟ ਵਾਸਤੇ ਪੰਜਾਬ ਤੋਂ 450 ਕਰੋੜ ਰੁਪਏ ਦੀ ਮੰਗ ਕਰ ਰਹੀ ਹੈ ਜਦਕਿ ਉਸ ਨੇ ਹੋਰ ਕਿਸੇ ਸੂਬੇ ਕੋਲੋਂ ਅਜਿਹੀ ਮੰਗ ਨਹੀਂ ਕੀਤੀ।

ਇਕ ਮਤੇ ਰਾਹੀਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਟਾਈਟਲਰ ਤੇ ਕਮਲ ਨਾਥ ਨੂੰ ਕਲੀਨ ਚਿਟ ਦਿੱਤੇ ਜਾਣ ਦੀ ਕਾਰਵਾਈ ਦੀ ਸਖ਼ਤ ਨਿੰਦਾ ਕਰਦਿਆਂ ਚਿਤਾਵਨੀ ਦਿਤੀ ਕਿ ਅਜਿਹੇ ਵਿਅਕਤੀਆਂ ਦੀ ਵਕਾਲਤ ਕਰਨ ਵਾਲਿਆਂ ਨੂੰ ਸੋਚ ਕੇ ਬੋਲਣਾ ਚਾਹੀਦਾ ਹੈ। ਇਕ ਮਤੇ ਰਾਹੀਂ ਕੇਂਦਰ ਸਰਕਾਰ ਵਲੋਂ ਸਾਬਕਾ ਫੌਜੀਆਂ ਨੂੰ ਇਕ ਰੈਂਕ ਇਕ ਪੈਨਸ਼ਨ ਦੇਣ ਦੇ ਫੈਸਲੇ ਤੋਂ ਮੁਨਕਰ ਹੋਣ ਦੀ ਸਖ਼ਤ ਲਫ਼ਜ਼ਾਂ 'ਚ ਨਿਖੇਧੀ ਕੀਤੀ ਗਈ। ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ 'ਚ ਸਰਹਿੰਦ ਫਤਿਹ ਦਿਵਸ ਦੀ ਤੀਜੀ ਸ਼ਤਾਬਦੀ ਦੇ ਸਮਾਗਮ ਦੀ ਸਫਲਤਾ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਐਸ.ਜੀ.ਪੀ.ਸੀ. ਪ੍ਰਧਾਨ ਅਵਤਾਰ ਸਿੰਘ ਮੱਕੜ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਯਤਨਾਂ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ ਗਈ। ਇਸੇ ਦੌਰਾਨ ਜਨਰਲ ਕੌਂਸਲ ਦੀ ਬੈਠਕ 'ਚ ਸ਼ਾਮਿਲ ਕਈ ਆਗੂਆਂ ਨੇ ਪਾਰਟੀ ਲੀਡਰਸ਼ਿਪ ਦੀ ਕਾਰਜਸ਼ੈਲੀ ਅਤੇ ਉਨ੍ਹਾਂ ਦੀ ਸੁਣਵਾਈ ਨਾ ਹੋਣ ਬਾਰੇ ਨਿਰਾਸ਼ਤਾ ਪ੍ਰਗਟਾਈ। ਕਈ ਆਗੂਆਂ ਦਾ ਸਾਫ ਕਹਿਣਾ ਸੀ ਕਿ ਭਾਵੇਂ ਕਾਫੀ ਆਗੂ ਉਨ੍ਹਾਂ ਦੀ ਸੁਣਵਾਈ ਨਾ ਹੋਣ ਕਾਰਨ ਅੰਦਰੋਂ ਅੰਦਰੀ ਪ੍ਰੇਸ਼ਾਨ ਹਨ ਪ੍ਰੰਤੂ ਉਹ ਬੈਠਕ ਅੰਦਰ ਪਾਰਟੀ ਪ੍ਰਧਾਨ ਅੱਗੇ ਬੋਲਣ ਦੀ ਹਿੰਮਤ ਨਹੀਂ ਕਰਦੇ।

ਕਈ ਆਗੂਆਂ ਦਾ ਕਹਿਣਾ ਸੀ ਕਿ ਪੁਰਾਣੇ ਤੇ ਮਿਹਨਤੀ ਵਰਕਰਾਂ ਨੂੰ ਨਜ਼ਰਅੰਦਾਜ਼ ਕਰਕੇ ਨਵੇਂ ਸਜੇ ਲੋਕਾਂ ਨੂੰ ਜ਼ਿਆਦਾ ਪਹਿਲ ਦਿੱਤੀ ਜਾ ਰਹੀ ਹੈ। ਸੁਖਬੀਰ ਬਾਦਲ ਵਲੋਂ ਬੁਲਾਈ ਗਈ ਦਲ ਦੀ ਜਨਰਲ ਕੌਂਸਲ ਦੀ ਬੈਠਕ 'ਚ ਪਾਰਟੀ ਦੇ ਸੀਨੀਅਰ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਬਲਵਿੰਦਰ ਸਿੰਘ ਭੂੰਦੜ, ਗੁਰਦੇਵ ਸਿੰਘ ਬਾਦਲ ਆਦਿ ਵੀ ਸ਼ਾਮਲ ਹੋਏ।

# ਕਾਂਗਰਸੀ ਵਿਧਾਇਕ ਕਾਂਗੜ ਤੇ ਪ੍ਰੀਤ ਬਰਾੜ 'ਤੇ ਕੇਸ ਦਰਜ

**ਰਾਮਪੁਰਾ ਫੂਲ :** ਚੋਣ ਕਮਿਸ਼ਨ ਕੋਲ ਗਲਤ ਤੱਥ ਪੇਸ਼ ਕਰਨ ਦੇ ਦੋਸ਼ਾਂ ਤਹਿਤ ਵਿਧਾਇਕ ਗੁਰਪ੍ਰੀਤ ਸਿੰਘ ਕਾਂਗੜ ਖ਼ਿਲਾਫ ਐਸ ਡੀ ਐਮ ਫੂਲ ਵਲੋਂ ਚੀਫ ਜੁਡੀਸ਼ੀਅਲ ਮੈਜਿਸਟਰੇਟ ਬਠਿੰਡਾ ਦੀ ਅਦਾਲਤ ਵਿਚ ਫੌਜਦਾਰੀ ਕੇਸ ਦਾਇਰ ਕੀਤਾ ਗਿਆ ਹੈ। ਵਿਧਾਇਕ ਕਾਂਗੜ ਖ਼ਿਲਾਫ਼ ਚੋਣਾਂ ਸਮੇਂ ਚੱਲ-ਅਚੱਲ ਸੰਪਤੀ ਬਾਰੇ ਗਲਤ ਵੇਰਵੇ ਨਸ਼ਰ ਕਰਨ ਦੇ ਦੋਸ਼ ਲੱਗੇ ਹਨ। ਐਸ ਡੀ ਐਮ ਉਮਾ ਸ਼ੰਕਰ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਸਿਕੰਦਰ ਸਿੰਘ ਮਲੂਕਾ ਨੇ ਚੋਣ ਕਮਿਸ਼ਨ ਕੋਲ ਸ਼ਿਕਾਇਤ ਪਾਈ ਸੀ ਕਿ ਕਾਂਗਰਸੀ ਵਿਧਾਇਕ ਗੁਰਪ੍ਰੀਤ ਸਿੰਘ ਕਾਂਗੜ ਵਲੋਂ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਸਮੇਂ ਜਾਇਦਾਦ ਦੇ ਵੇਰਵੇ ਨਸ਼ਰ ਕਰਨ ਸਬੰਧੀ ਦਿੱਤਾ ਹਲਫੀਆ ਬਿਆਨ ਤੱਥਾਂ 'ਤੇ ਅਧਾਰਤ ਨਹੀਂ ਹੈ। ਉਨ੍ਹਾਂ ਦੱਸਿਆ ਕਿ ਵਿਧਾਇਕ ਨੇ ਹਲਫੀਆ ਬਿਆਨ ਵਿਚ ਜ਼ਮੀਨ, ਕਾਰ, ਬੱਸਾਂ ਅਤੇ ਆੜਤ ਦੀਆਂ ਦੁਕਾਨਾਂ ਦੀ ਹਿੱਸੇਦਾਰੀ ਨੂੰ ਛੁਪਾ ਕੇ ਰੱਖਿਆ।

ਵੱਖ-ਵੱਖ ਅਧਿਕਾਰੀਆਂ ਵਲੋਂ ਕੀਤੀ ਗਈ ਪੜਤਾਲ ਵਿਚ ਸ਼ਿਕਾਇਤ ਨੂੰ ਸਹੀ ਪਾਇਆ ਗਿਆ ਹੈ। ਇਸੇ ਤਹਿਤ ਵਿਧਾਇਕ ਕਾਂਗੜ ਖ਼ਿਲਾਫ ਲੋਕ ਪ੍ਰਤੀਨਿਧਤਾ ਐਕਟ 1951 ਦੀ ਧਾਰਾ 177 ਭਾਰਤੀ ਦੰਡਾਵਲੀ ਅਧੀਨ ਕੇਸ ਦਾਇਰ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਵਿਧਾਨ ਸਭਾ ਚੋਣਾਂ 2007 ਮੌਕੇ ਫੂਲ ਵਿਧਾਨ ਸਭਾ ਹਲਕੇ ਤੋਂ ਗੁਰਪ੍ਰੀਤ ਸਿੰਘ ਕਾਂਗੜ ਅਤੇ ਸਿਕੰਦਰ ਸਿੰਘ ਮਲੂਕਾ ਵਿਚਕਾਰ ਕਾਂਟੇ ਦੀ ਟੱਕਰ ਰਹੀ। ਦੂਜੇ ਪਾਸੇ ਵਿਧਾਇਕ ਕਾਂਗੜ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਚੋਣ ਕਮਿਸ਼ਨ ਨੂੰ ਦਿੱਤੇ ਹਲਫੀਆ ਬਿਆਨ ਵਿਚ ਕੋਈ ਵੀ ਤੱਥ ਛੁਪਾ ਕੇ ਨਹੀਂ ਰੱਖਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਭਾਰਤੀ ਨਿਆ ਪ੍ਰਣਾਲੀ 'ਤੇ ਪੂਰਾ ਭਰੋਸਾ ਹੈ ਤੇ ਜੋ ਵੀ ਫੈਸਲਾ ਮਾਨਯੋਗ ਅਦਾਲਤ ਦੇਵੇਗੀ ਉਸ ਨੂੰ ਸਿਰ ਮੱਥੇ ਪ੍ਰਵਾਨ ਕਰਨਗੇ।

**ਗਾਇਕ ਪ੍ਰੀਤ ਬਰਾੜ 'ਤੇ ਕਬੂਤਰਬਾਜ਼ੀ ਦਾ ਦੋਸ਼, ਮਾਮਲਾ ਦਰਜ :** ਜ਼ਿਲ੍ਹਾ ਪੁਲਸ ਮੁਖੀ ਅਰੁਣ ਕੁਮਾਰ ਮਿੱਤਲ ਨੇ ਬਠਿੰਡਾ ਦੇ ਗਾਇਕ ਪ੍ਰੀਤ ਬਰਾੜ 'ਤੇ ਕਬੂਤਰਬਾਜ਼ੀ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਕਰਨ ਦੇ ਹੁਕਮ ਦਿੱਤੇ ਹਨ, ਜਿਸ 'ਤੇ ਪੁਲਸ ਨੇ ਇਸ ਕਲਾਕਾਰ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ ਪਰ ਇਸ ਮਾਮਲੇ ਵਿਚ ਅਜੇ ਤੱਕ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ।



ਗਾਇਕ ਪ੍ਰੀਤ ਬਰਾੜ ਐਸ.ਐਸ. ਵਿਰਕ

ਮਿਲੀ ਜਾਣਕਾਰੀ ਅਨੁਸਾਰ ਜ਼ਿਲ੍ਹੇ ਅੰਦਰ ਪੈਂਦੇ ਕਸਬਾ ਕੋਟਕਪੂਰਾ ਦੇ ਜੀਵਨ ਨਗਰ ਦੇ ਵਸਨੀਕ ਗੁਰਲਾਲ ਸਿੰਘ ਉਰਫ ਲਾਲੀ ਪੁੱਤਰ ਪਿਆਰਾ ਸਿੰਘ ਨੇ ਜ਼ਿਲ੍ਹਾ ਪੁਲਸ ਮੁਖੀ ਨੂੰ ਲਿਖਤੀ ਸ਼ਿਕਾਇਤ ਕੀਤੀ ਸੀ ਕਿ ਉਸ ਤੋਂ ਬਠਿੰਡੇ ਦੇ ਗਾਇਕ ਪ੍ਰੀਤ ਬਰਾੜ ਨੇ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਕਥਿਤ ਤੌਰ 'ਤੇ ਇਕ ਲੱਖ ਰੁਪਏ ਠੱਗ ਲਏ ਹਨ। ਪੁਲਸ ਵਲੋਂ ਦਰਜ ਕੀਤੇ ਗਏ ਮਾਮਲੇ ਅਨੁਸਾਰ ਇਸ ਗਾਇਕ ਨੇ ਸ਼ਿਕਾਇਤਕਰਤਾ ਨੂੰ ਦੁਬਈ ਭੇਜਣ ਦਾ ਝਾਂਸਾ ਦੇ ਕੇ ਉਸ ਤੋਂ 70 ਹਜ਼ਾਰ ਰੁਪਏ ਲੈ ਲਏ ਅਤੇ 30 ਹਜ਼ਾਰ ਰੁਪਏ ਦੀ ਮਾਰੂਤੀ ਕਾਰ ਰੱਖ ਲਈ ਸੀ ਪਰ ਸਮਾਂ ਬੀਤ ਜਾਣ 'ਤੇ ਨਾ ਤਾਂ ਉਸ ਨੇ ਉਸ ਨੂੰ ਦੁਬਈ ਭੇਜਿਆ ਅਤੇ ਨਾ ਹੀ ਉਸਦੇ ਪੈਸੇ ਵਾਪਸ ਕੀਤੇ, ਜਿਸ 'ਤੇ ਗੁਰਲਾਲ ਸਿੰਘ ਨੇ ਇਸ ਕਲਾਕਾਰ ਖ਼ਿਲਾਫ ਪੁਲਸ ਕੋਲ ਸ਼ਿਕਾਇਤ ਦਰਜ ਕਰਵਾ ਦਿੱਤੀ। ਪੁਲਸ ਨੇ ਇਸ ਮੁੱਢਲੀ ਜਾਂਚ ਵਿਚ ਉਕਤ ਕਲਾਕਾਰ ਨੂੰ ਠੱਗੀ ਮਾਰਨ ਦਾ ਦੋਸ਼ੀ ਮੰਨਦਿਆਂ ਉਸ ਖ਼ਿਲਾਫ ਮੁਕੱਦਮਾ ਦਰਜ ਕਰ ਲਿਆ ਹੈ।

## ਸਪੋਕਸਮੈਨ ਦੇ ਮੁੱਖ ਸੰਪਾਦਕ ਤੇ ਐਸ.ਐਸ. ਵਿਰਕ ਨੂੰ ਰਾਹਤ

ਇਸ ਦੌਰਾਨ ਪਤਾ ਲਗਾ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਰੋਜ਼ਾਨਾ ਸਪੋਕਸਮੈਨ ਦੇ ਮੁੱਖ ਸੰਪਾਦਕ ਸ. ਜੋਗਿੰਦਰ ਸਿੰਘ ਦੀ ਅਗਾਊਂ ਜ਼ਮਾਨਤ ਮਨਜ਼ੂਰ ਕਰ ਲਈ। ਅਦਾਲਤ ਨੇ ਸ. ਜੋਗਿੰਦਰ ਸਿੰਘ ਦੇ ਵਕੀਲ ਦੀਆਂ ਦਲੀਲਾਂ ਨਾਲ ਸਹਿਮਤੀ ਪ੍ਰਗਟ ਕਰਦਿਆਂ ਉਨ੍ਹਾਂ ਦੀ ਗ੍ਰਿਫਤਾਰੀ 'ਤੇ 20 ਜੁਲਾਈ ਤਕ ਰੋਕ ਲਗਾ ਦਿੱਤੀ। ਸ. ਜੋਗਿੰਦਰ ਸਿੰਘ ਦੇ ਵਕੀਲ ਨੇ ਅਦਾਲਤ ਨੂੰ ਦਸਿਆ ਕਿ 16 ਮਾਰਚ ਨੂੰ ਜਿਹੜਾ ਸੰਪਾਦਕੀ ਲਿਖਿਆ ਗਿਆ, ਉਸ ਵਿਚ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਵਾਲਾ ਕੁਝ ਵੀ ਨਹੀਂ ਸੀ। ਇਸ ਦੇ ਬਾਵਜੂਦ 18 ਮਾਰਚ ਨੂੰ ਸੰਪਾਦਕੀ ਵਾਪਸ ਲੈ ਲਿਆ ਗਿਆ। ਉਨ੍ਹਾਂ ਦਸਿਆ ਕਿ ਸਪੋਕਸਮੈਨ ਦੇ ਮੁੱਖ ਸੰਪਾਦਕ ਵਿਰੁਧ ਇਕ ਸਾਜ਼ਿਸ਼ ਤਹਿਤ ਅਜਿਹੇ ਦੋਸ਼ ਲਗਾਏ ਜਾ ਰਹੇ ਹਨ ਕਿਉਂਕਿ ਕੁਝ ਲੋਕ ਉਨ੍ਹਾਂ ਦੀ ਅਖ਼ਬਾਰ ਨੂੰ ਬੰਦ ਕਰਾਉਣਾ ਚਾਹੁੰਦੇ ਹਨ। ਇਕ ਹੋਰ ਕੇਸ ਵਿਚ ਹਾਈ ਕੋਰਟ ਨੇ ਪੰਜਾਬ ਪੁਲਸ ਦੇ ਸਾਬਕਾ ਡਾਇਰੈਕਟਰ ਜਨਰਲ ਐਸ.ਐਸ. ਵਿਰਕ ਨੂੰ ਅੰਤਰਿਮ ਰਾਹਤ ਪ੍ਰਦਾਨ ਕਰਦੇ ਹੋਏ ਹੇਠਲੀ ਅਦਾਲਤ ਨੂੰ ਆਦੇਸ਼ ਜਾਰੀ ਕੀਤੇ ਹਨ ਕਿ ਵਿਰਕ ਦੇ ਖ਼ਿਲਾਫ ਦੋਸ਼ ਪੱਤਰ ਤੈਅ ਕਰਨ 'ਤੇ ਅਗਲੀ ਤਰੀਕ 'ਤੇ ਬਹਿਸ ਨਾ ਸੁਣੀ ਜਾਵੇ। ਵਿਰਕ ਨੇ ਕਿਹਾ ਕਿ ਉਸ ਦੇ ਖ਼ਿਲਾਫ ਪੰਜਾਬ ਸਰਕਾਰ ਨੇ ਬਦਲੇ ਦੀ ਭਾਵਨਾ ਨਾਲ ਕਾਰਵਾਈ ਕੀਤੀ ਹੈ।

# ਕੌਮੀ ਪੱਧਰ 'ਤੇ ਉਭਰ ਰਹੀ ਹੈ ਸੀਚੇਵਾਲ ਦੀ ਖਰਬੂਜ਼ਾ ਮੰਡੀ

**ਲੋਹੀਆਂ:** ਲੋਹੀਆਂ-ਸ਼ਾਹਕੋਟ ਅਤੇ ਸੁਲਤਾਨਪੁਰ ਦੇ ਖੇਤਰ ਵਿਚ ਖਰਬੂਜ਼ਾ-ਹਦਵਾਣਾ ਦੀ ਪੈਦਾਵਾਰ ਨੇ ਹੁਣ ਇਨਕਲਾਬੀ ਰੂਪ ਧਾਰਨ ਕਰ ਲਿਆ ਹੈ ਅਤੇ ਇਸ ਉਭਾਰ ਨੂੰ ਹੋਰ ਵੀ ਬੁਲੰਦ ਕਰਨ ਹਿੱਤ ਉੱਘਾ ਯੋਗਦਾਨ ਪਾਇਆ ਹੈ ਸੀਚੇਵਾਲ ਸਥਿਤ ਫੋਕਲ ਪੁਆਇੰਟ ਵਿਖੇ ਲਗਾਈ ਜਾ ਰਹੀ ਖਰਬੂਜਾ ਮੰਡੀ ਨੇ, ਜੋ ਹੁਣ ਰਾਸ਼ਟਰੀ ਪੱਧਰ 'ਤੇ ਆਪਣਾ ਮੁਕਾਮ ਬਣਾਉਣ ਵਿਚ ਸਫਲ ਸਿੱਧ ਹੋ ਰਹੀ ਹੈ।

ਸੀਚੇਵਾਲ ਖੇਤਰ ਦੇ ਆਲੇ-ਦੁਆਲੇ ਲੋਹੀਆਂ-ਸ਼ਾਹਕੋਟ ਅਤੇ ਸੁਲਤਾਨਪੁਰ ਦੇ ਦੋਨਾ ਖੇਤਰ ਵਿਚ ਉਮਦਾ ਕਿਸਮ ਦਾ ਖਰਬੂਜ਼ਾ ਅਤੇ ਹਦਵਾਣਾ ਪੈਦਾ ਕਰਨ ਹਿੱਤ ਕਿਸਾਨਾਂ ਨੇ ਇਤਨੀ ਮੁਹਾਰਤ ਹਾਸਲ ਕਰ ਲਈ ਹੈ ਕਿ ਦੂਜੇ ਰਾਜਾਂ ਵਿਚ ਸੀਚੇਵਾਲ ਖਰਬੂਜ਼ਾ ਦੇ ਨਾਂਅ 'ਤੇ ਜਿੱਥੇ ਭਾਰੀ ਮੰਗ ਹੈ, ਉਥੇ ਸਥਾਨਕ ਗਾਹਕਾਂ ਨਾਲ ਠੱਗੀ ਮਾਰਨ ਦੇ ਨਜ਼ਰੀਏ ਨਾਲ ਵਪਾਰੀ ਅਤੇ ਦੁਕਾਨਦਾਰ ਕਿਸੇ ਹੋਰ ਖੇਤਰ ਦੇ ਖਰਬੂਜ਼ੇ ਨੂੰ ਸੀਚੇਵਾਲ ਦਾ ਖਰਬੂਜ਼ਾ ਆਖ ਕੇ ਵੇਚ ਰਹੇ ਹਨ, ਪਰ ਸੀਚੇਵਾਲ ਦੇ ਖਰਬੂਜ਼ੇ ਦੀ ਰੰਗਤ ਅਤੇ ਸਵਾਦ ਹੀ ਕੁਝ ਹੋਰ ਹੈ, ਤਾਂ ਹੀ ਤਾਂ ਰਾਜਸਥਾਨ ਤੋਂ ਸੀਚੇਵਾਲ ਖਰਬੂਜ਼ਾ ਖਰੀਦਣ ਆਏ ਟੇਕ ਚੰਦ ਨੇ ਕਿਹਾ ਕਿ ਰਾਜਸਥਾਨ ਵਿਚ ਸੀਚੇਵਾਲ ਦੇ ਖਰਬੂਜ਼ੇ ਦੀ ਪੂਰੀ ਸਰਦਾਰੀ ਹੈ।

ਸੀਚੇਵਾਲ ਫੋਕਲ ਪੁਆਇੰਟ ਵਿਖੇ ਪਹਿਲਾਂ ਕਿਸਾਨ ਅਤੇ ਵਪਾਰੀ ਦਾ ਰੂ-ਬ-ਰੂ ਸੰਬੰਧ ਹੋਇਆ ਕਰਦਾ ਸੀ, ਲੇਕਿਨ ਜਿਵੇਂ-ਜਿਵੇਂ ਕਿਸਾਨਾਂ 'ਚ ਖਰਬੂਜ਼ੇ ਪ੍ਰਤੀ ਉਤਸ਼ਾਹ ਅਤੇ ਮੰਡੀ 'ਚ ਖਰਬੂਜ਼ੇ ਦੀ ਆਮਦ ਵਧਣ ਲੱਗ ਪਈ, ਆੜ੍ਹਤੀ ਵੀ ਆ ਕੇ ਡੇਰਾ ਜਮਾਉਣ ਲੱਗ ਪਏ ਤੇ ਹੁਣ ਇਥੇ ਲਗਪਗ ਦੋ ਦਰਜਨ ਦੇ ਕਰੀਬ ਆੜ੍ਹਤੀ ਖਰਬੂਜ਼ਾ ਵਪਾਰ ਵਿਚ ਲੱਗੇ ਹੋਏ ਹਨ, ਜਿਨ੍ਹਾਂ ਵਿਚ ਧਰਮਪਾਲ, ਮੋਤੀ ਲਾਲ ਲੋਹੀਆ, ਸੰਦੀਪ ਐਂਡ ਬ੍ਰਦਰਜ਼, ਹਾਂਡਾ ਟਰੇਡਿੰਗ ਕੰਪਨੀ, ਗੁਰਮੇਲ ਸਿੰਘ ਹੁੱਡਾ ਐਂਡ ਕੰਪਨੀ, ਜੇ ਜੇ ਐਂਡ ਕੰਪਨੀ ਮੁੱਖ ਰੂਪ ਵਿਚ ਸਰਗਰਮ ਹਨ। ਧਰਮ ਪਾਲ ਨੇ ਕਿਹਾ ਕਿ ਭਾਵੇਂ ਕਰਬੂਜ਼ੇ ਦਾ ਸੀਜ਼ਨ ਹੁਣ ਤੱਕ 70 ਪ੍ਰਤੀਸ਼ਤ ਖਤਮ ਹੋ ਗਿਆ ਹੈ, ਫਿਰ ਵੀ ਪੂਰੀ ਮੰਡੀ ਵਿਚ ਛਾਂ ਦਾ ਪ੍ਰਬੰਧ ਨਾ ਹੋਣ ਕਾਰਨ ਗਰਮੀ 'ਚ ਜਿੱਥੇ ਖਰਬੂਜ਼ੇ ਦੀ ਕਵਾਲਟੀ ਨੂੰ ਫਰਕ ਪੈ ਰਿਹਾ ਹੈ, ਉੱਥੇ ਕਿਸਾਨ/ਵਪਾਰੀ ਗਰਮੀ 'ਚ ਬੇਹਾਲ ਹੋ ਰਹੇ ਹਨ।

ਸ਼ਾਹਕੋਟ ਮਾਰਕਿਟ ਕਮੇਟੀ ਨੇ ਇਥੇ ਸ਼ੈਡ ਬਣਾਉਣ ਦੀ ਤਜਵੀਜ਼ ਪਾਸ ਕੀਤੀ ਸੀ, ਪਰ ਪਿੰਡ ਵਾਲਿਆਂ ਨੇ ਸੂਰਜਮੁਖੀ ਦੀ ਫਸਲ ਸੁਕਾਉਣ ਹਿਤ ਇਥੇ ਸ਼ੈੱਡ ਦਾ ਨਿਰਮਾਣ ਨਹੀਂ ਹੋਣ ਦਿੱਤਾ, ਜਿਸ ਨੂੰ ਬਾਅਦ 'ਚ ਕੁਹਾੜ ਕਲਾਂ ਫੋਕਲ ਪੁਆਇੰਟ ਵਿਖੇ ਲਗਾ ਦਿੱਤਾ ਗਿਆ ਹੈ। ਮੰਡੀ ਵਿਚ ਖਰਬੂਜ਼ਾ ਵੇਚਣ ਆਏ ਬਜ਼ੁਰਗ ਕਿਸਾਨ ਅਵਤਾਰ ਸਿੰਘ ਵਾਸੀ ਬੱਦਲੀ ਨੇ ਕਿਹਾ ਕਿ ਉਸ ਨੇ 26 ਖੇਤ ਖਰਬੂਜ਼ਾ ਲਗਾਇਆ ਹੈ। ਇਸ ਵਾਰ ਖਰਬੂਜ਼ੇ ਦੀ ਫਸਲ ਵਧੀਆ ਹੋਈ ਹੈ। ਪਰ ਜਦੋਂ ਪਲਾਇਨ ਰੋਗ ਨਾਲ ਖਰਬੂਜ਼ਾ ਬਰਬਾਦ ਹੋ ਜਾਂਦਾ ਹੈ ਤਾਂ ਘਾਟੇ ਤੋਂ ਸਿਵਾਏ ਕੁਝ ਵੀ ਪੱਲੇ ਨਹੀਂ ਪੈਂਦਾ, ਪਰ ਫਿਰ ਵੀ ਕਿਸਾਨਾਂ ਨੂੰ ਬਦਲਵੇਂ ਫਸਲੀ ਚੱਕਰ ਲਈ ਉਪਰਾਲੇ ਕਰਦੇ ਹੀ ਰਹਿਣਾ ਚਾਹੀਦਾ ਹੈ।

ਇਸ ਵਾਰ ਪ੍ਰਤੀ ਏਕੜ 15 ਤੋਂ 80 ਹਜ਼ਾਰ ਰੁਪਏ ਦੇ ਮੁਨਾਫੇ ਨੇ ਉਨ੍ਹਾਂ ਦੇ ਅਗਲੇ ਪਿਛਲੇ ਧੋਣੇ ਧੋ ਦਿੱਤੇ। ਅਗਰ ਉਹ ਇਸ ਦੀ ਸਮਕਾਲੀ ਫਸਲ ਬੀਜਦੇ ਤਾਂ ਉਨ੍ਹਾਂ ਨੂੰ 10 ਹਜ਼ਾਰ ਰੁਪਏ ਪ੍ਰਤੀ ਏਕੜ ਅਤੇ ਜੇ ਸੂਰਜਮੁਖੀ ਬੀਜਦੇ ਤਾਂ ਉਨ੍ਹਾਂ ਨੂੰ 6 ਹਜ਼ਾਰ ਪ੍ਰਤੀ ਏਕੜ ਮੁਨਾਫਾ ਮਿਲਣਾ ਸੀ, ਪਰ ਇਸ ਵਾਰ ਖਰਬੂਜ਼ੇ ਨੇ ਉਨ੍ਹਾਂ ਨੂੰ 7 ਤੋਂ 8 ਗੁਣਾਂ ਉਕਤ ਫਸਲਾਂ ਨਾਲੋਂ ਅਧਿਕ ਮੁਨਾਫਾ ਦਿੱਤਾ ਹੈ।

## ਵੋਟਰ ਦੀ ਉਮਰ ਬਾਰੇ ਕੇਂਦਰ ਤੁਰੰਤ ਫੈਸਲਾ ਕਰੇ

**ਚੰਡੀਗੜ੍ਹ:** ਗੁਰਦੁਆਰਾ ਚੋਣਾਂ ਬਾਰੇ ਮੁੱਖ ਕਮਿਸ਼ਨਰ ਜਸਟਿਸ ਐਚ.ਐਸ. ਬਰਾੜ ਨੇ ਕੇਂਦਰੀ ਗ੍ਰਹਿ ਵਜ਼ਾਰਤ ਨੂੰ ਲਿਖੀ ਚਿੱਠੀ ਵਿਚ ਬੇਨਤੀ ਕੀਤੀ ਹੈ ਕਿ ਭਾਰਤ ਸਰਕਾਰ ਇਸ ਬਾਰੇ ਤੁਰੰਤ ਫੈਸਲਾ ਕਰੇ ਕਿ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਯੂ.ਟੀ. ਚੰਡੀਗੜ੍ਹ ਵਿਚ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਲਈ ਸਿੱਖੀ ਸਰੂਪ ਵਾਲੇ ਸਿੱਖ ਵੋਟਰਾਂ ਦੀ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰਨ ਤੇ ਆਮ ਵੋਟਰਾਂ ਦੀ ਤਰ੍ਹਾਂ ਸਿੱਖ ਵੋਟਰਾਂ ਦੇ ਵੀ ਫੋਟੋ ਵਾਲੇ ਪਹਿਚਾਣ ਪੱਤਰ ਜਾਰੀ ਕੀਤੇ ਜਾ ਰਹੇ ਹਨ ਜਾਂ ਨਹੀਂ। ਇਸ ਮਾਮਲੇ ਨੇ ਪਿਛਲੇ ਕਈ ਮਹੀਨਿਆਂ ਤੋਂ ਸਿੱਖ ਜਗਤ ਵਿਚ ਭੰਬਲਭੂਸਾ ਪੈਦਾ ਕਰ ਰੱਖਿਆ ਹੈ ਤੇ ਗੁਰਦੁਆਰਾ ਚੋਣਾਂ ਬਾਰੇ ਤਿਆਰੀ ਦਾ ਕੰਮ ਇਕ ਤਰ੍ਹਾਂ ਨਾਲ ਖਟਾਈ ਵਿਚ ਪਿਆ ਹੋਇਆ ਹੈ।

ਹਾਲਾਂਕਿ ਸਿੱਖ ਗੁਰਦੁਆਰਾ ਐਕਟ 1925 ਦੇ ਅਧੀਨ ਵੋਟਾਂ ਬਣਾਉਣ ਲਈ ਲੋੜੀਂਦੇ ਫਾਰਮ ਉਕਤ ਸਾਰੇ ਰਾਜਾਂ 'ਚ ਭੇਜੇ ਜਾ ਚੁੱਕੇ ਹਨ ਪਰ ਅਜੇ ਤੱਕ ਕੰਮ ਸ਼ੁਰੂ ਨਹੀਂ ਹੋ ਸਕਿਆ।

# ਰਿਸ਼ਵਤਖੋਰ ਆਗੂਆਂ ਦੇ ਹੱਥ ਪੰਜਾਬ ਦੀ ਲਗਾਮ ਦੇ ਕੇ ਬਾਦਲ ਫਿਰ ਅਮਰੀਕਾ ਦੌੜੇ:ਮਾਨ

**ਚੰਡੀਗੜ੍ਹ (ਗੁਰਿੰਦਰਜੀਤ ਸਿੰਘ ਪੀਰਜੈਨ):** "ਅਸੀਂ ਸਰਦਾਰਨੀ ਸੁਰਿੰਦਰ ਕੌਰ ਬਾਦਲ ਦੀ ਸਿਹਤਯਾਬੀ ਲਈ ਅਰਦਾਸ ਕਰਦੇ ਹਾਂ ਕਿ ਉਹ ਤੰਦਰੁਸਤ ਹੋ ਕੇ ਵਾਪਿਸ ਪਰਤਣ ਪਰ ਅਸੀਂ ਚੌਥੀ ਵਾਰ ਪੰਜਾਬ ਦੇ ਮੁੱਖ ਮੰਤਰੀ ਦੇ ਅਹੁਦੇ ਦਾ ਅਨੰਦ ਮਾਣ ਰਹੇ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਤੋਂ ਪਹਿਲੇ ਰਹਿ ਚੁੱਕੇ ਮੁੱਖ ਮੰਤਰੀਆਂ ਬੀਬੀ ਰਾਜਿੰਦਰ ਕੌਰ ਭੱਠਲ ਅਤੇ ਕੈਪਟਨ ਅਮਰਿੰਦਰ ਸਿੰਘ ਤੋਂ ਪੁੱਛਣਾ ਚਾਹਾਂਗੇ ਕਿ ਜਦੋਂ ਪੰਜਾਬ ਦੇ ਵਜ਼ੀਰਾਂ ਜਾਂ ਮੁੱਖ ਮੰਤਰੀਆਂ ਜਾਂ ਅਫਸਰਸ਼ਾਹੀ ਦੇ ਪਰਿਵਾਰਾਂ ਵਿਚੋਂ ਕਿਸੇ ਨੂੰ ਕੋਈ ਖਤਰਨਾਕ ਬੀਮਾਰੀ ਘੇਰ ਲੈਂਦੀ ਹੈ ਤਾਂ ਉਹ ਝੱਟ ਆਪਣਾ ਅਮਲਾ-ਫੈਲਾ ਅਤੇ ਸੁਰਖਿਆ ਦਸਤੇ ਲੈ ਕੇ ਵਿਦੇਸ਼ਾਂ ਦੇ ਹਸਪਤਾਲਾਂ ਵਿਚ ਪਹੁੰਚ ਜਾਂਦੇ ਹਨ। ਕੀ ਉਨ੍ਹਾਂ ਨੂੰ ਪੰਜਾਬ ਤੇ ਹਿੰਦੋਸਤਾਨ ਦੇ ਹਸਪਤਾਲਾਂ 'ਤੇ ਯਕੀਨ ਨਹੀਂ ਜਾਂ ਖਜ਼ਾਨੇ ਉਤੇ ਮਾਲੀ ਬੋਝ ਪਾਉਣਾ ਉਨ੍ਹਾਂ ਦਾ ਸ਼ੌਂਕ ਹੈ।"



ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਪਤਨੀ ਬੀਬੀ ਸੁਰਿੰਦਰ ਕੌਰ ਦੇ ਟੈਕਸਸ ਦੇ ਇਕ ਹਸਪਤਾਲ ਵਿਚ ਇਲਾਜ ਲਈ ਦਾਖਲ ਹੋਣ ਦੀ ਰਿਪੋਰਟ ਉਤੇ ਇਹ ਟਿੱਪਣੀ ਕਰਦਿਆਂ ਅਕਾਲੀ ਦਲ (ਅੰਮ੍ਰਿਤਸਰ) ਦੇ ਮੁਖੀ ਸ. ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਕੈਂਸਰ ਅਤੇ ਹੋਰ ਖਤਰਨਾਕ ਬੀਮਾਰੀਆਂ ਨਾਲ ਪੀੜਿਤ ਪੰਜਾਬ ਨਿਵਾਸੀ ਬੀਕਾਨੇਰ ਜਾਂ ਦਿੱਲੀ ਦੇ ਮਹਿੰਗੇ ਹਸਪਤਾਲਾਂ ਵਿਚ ਆਪਣਾ ਇਲਾਜ਼ ਕਰਾਉਣ ਲਈ ਮਜ਼ਬੂਰ ਹੁੰਦੇ ਹਨ। ਇਨ੍ਹਾਂ ਮੁੱਖ ਮੰਤਰੀਆਂ ਨੇ ਆਮ ਪੰਜਾਬੀ ਦੀ ਸਿਹਤ ਦੇ ਪੱਧਰ ਨੂੰ ਉਚਾ ਚੁੱਕਣ ਅਤੇ ਸਸਤਾ ਇਲਾਜ ਮੁਹੱਈਆ ਕਰਨ ਲਈ ਹੁਣ ਤੱਕ ਕੋਈ ਉਦਮ ਨਹੀਂ ਕੀਤਾ ਸਗੋਂ ਆਪ ਇਲਾਜ ਲਈ ਸਰਕਾਰੀ ਖਰਚੇ 'ਤੇ ਵਿਦੇਸ਼ਾਂ ਨੂੰ ਤੁਰ ਪੈਂਦੇ ਹਨ।

ਸ. ਬਾਦਲ ਵੱਲੋਂ ਦੂਸਰੀ ਵਾਰ ਆਪਣੇ ਅਮਲੇ ਫੈਲੇ ਨੂੰ ਨਾਲ ਲੈ ਕੇ ਪੰਜਾਬ ਦੇ ਖਜ਼ਾਨੇ ਵਿਚੋਂ ਕਰੋੜਾਂ ਰੁਪਏ ਦੇ ਖਰਚ ਕਰਦੇ ਹੋਏ ਸਰਦਾਰਨੀ ਬਾਦਲ ਦਾ ਇਲਾਜ ਅਮਰੀਕਾ ਵਿਚ ਕਰਾਉਣ ਲਈ ਜਾਣ ਅਤੇ ਪੰਜਾਬੀਆਂ ਦੇ ਇਲਾਜ ਲਈ ਕੋਈ ਪ੍ਰਬੰਧ ਨਾ ਕਰਨ ਉਤੇ ਤਿੱਖਾ ਪ੍ਰਤੀਕਰਮ ਪ੍ਰਗਟ ਕਰਦਿਆਂ ਹੈਰਾਨੀ ਪ੍ਰਗਟ ਕੀਤੀ ਕਿ ਇੱਕ ਪਾਸੇ ਤਾਂ ਪੰਜਾਬ ਦੇ ਖਜ਼ਾਨੇ ਦੀ ਨਿੱਜੀ ਵਰਤੋਂ ਕੀਤੀ ਜਾ ਰਹੀ ਹੈ, ਦੂਸਰੇ ਪਾਸੇ ਉਚੇ ਇਖਲਾਕ ਵਾਲੀ ਸਿਆਸਤ ਦਾ ੳ-ਅ ਨਾ ਜਾਨਣ ਵਾਲੇ ਰਿਸ਼ਵਤਖੋਰ ਅਨਾੜੀ ਸਿਆਸਤਦਾਨਾਂ ਦੇ ਹੱਥ ਪੰਜਾਬ ਦੀ ਅਗਵਾਈ ਦੇ ਕੇ ਆਪੋ ਆਪਣੇ ਇਲਾਜ ਲਈ ਵਿਦੇਸ਼ਾਂ ਵਿਚ ਦੌੜ ਜਾਣ ਦੀ ਕਾਰਵਾਈ ਪੰਜਾਬ ਪ੍ਰਤੀ ਗੈਰਜ਼ਿੰਮੇਵਾਰਾਨਾ ਵਰਤਾਰੇ ਨੂੰ ਜਨਮ ਵੀ ਦਿੰਦੀ ਹੈ ਅਤੇ ਗਲਤ ਪਿਰਤਾਂ ਪਾਉਣ ਲਈ ਰਾਹ ਪੱਧਰਾ ਕਰਦੀ ਹੈ।

ਸ. ਮਾਨ ਨੇ ਜਾਨਣਾ ਚਾਹਿਆ ਕਿ ਪੰਜਾਬ ਦੇ ਹੁਕਮਰਾਨਾਂ ਦੇ ਜ਼ਿਹਨ ਵਿਚ ਇਹ ਗੱਲ ਕਿਉਂ ਨਹੀਂ ਆਈ ਕਿ ਆਮ ਪੰਜਾਬੀ ਇਨ੍ਹਾਂ ਮਾਰੂ ਬੀਮਾਰੀਆਂ ਦਾ ਇਲਾਜ ਕਿੱਥੋਂ ਕਰਵਾਵੇ। ਅੱਜ ਤੱਕ ਇਹ ਆਗੂ ਪੰਜਾਬ ਵਿਚ ਆਧੁਨਿਕ ਸਹੂਲਤਾਂ ਨਾਲ ਲੈਸ ਹਸਪਤਾਲ ਕਾਇਮ ਕਰਨ ਲਈ ਸੁਹਿਰਦ ਕਿਉਂ ਨਹੀਂ ਹੋਏ? ਕੀ ਪੰਜਾਬੀਆਂ ਅਤੇ ਸਿੱਖ ਕੌਮ ਉਤੇ ਸਤਰੰਜੀ ਚਾਲਾਂ ਅਤੇ ਗੈਰਇਖਲਾਕੀ ਢੰਗਾਂ ਰਾਹੀਂ ਹਕੂਮਤ ਕਰਨ ਦਾ ਅਧਿਕਾਰ ਇਨ੍ਹਾਂ ਨੂੰ ਪ੍ਰਾਪਤ ਹੈ?

ਸ. ਮਾਨ ਨੇ ਕਿਹਾ ਕਿ ਪੰਜਾਬੀਆਂ ਨੂੰ ਕੌਮਾਂਤਰੀ ਹਵਾਈ ਅੱਡਿਆਂ, ਚਹੁੰ ਮਾਰਗੀ ਸੜਕਾਂ ਦੇ ਹਵਾਈ ਸੁਪਨੇ ਦਿਖਾਉਣ ਤੋਂ ਪਹਿਲਾਂ, ਉਨ੍ਹਾਂ ਨੂੰ ਮੁੱਢਲੀਆਂ ਜ਼ਰੂਰੀ ਲੋੜਾਂ ਦੋ ਸਮੇ ਦੀ ਰੱਜ ਕੇ ਰੋਟੀ, ਪਹਿਨਣ ਲਈ ਕੱਪੜਾ ਅਤੇ ਰਹਿਣ ਲਈ ਮਕਾਨ, ਰੁਜ਼ਗਾਰ, ਦਸਵੀਂ ਤੱਕ ਮੁਫਤ ਵਿੱਦਿਆ ਅਤੇ ਸਿਹਤ ਸਹੂਲਤਾਂ ਦੀ ਕਿਤੇ ਜਿਆਦਾ ਲੋੜ ਹੈ ਜੋ ਬਾਦਲ ਹਕੂਮਤ ਪੂਰੀ ਨਹੀਂ ਕਰ ਸਕੀ, ਕੇਵਲ ਅਖਬਾਰੀ ਇਸ਼ਤਿਹਾਰਾਂ ਰਾਹੀਂ ਪੰਜਾਬ ਨੂੰ ਕੈਲੀਫੋਰਨੀਆ ਬਣਾਉਣ ਦੇ ਸੁਪਨੇ ਦਿਖਾ ਰਹੀ ਹੈ।

# ਪ੍ਰੋ. ਭੁੱਲਰ ਦੀ ਜੇਲ੍ਹ ਤਬਦੀਲੀ ਮਾਮਲੇ 'ਚ ਬਾਦਲਕਿਆਂ ਦੀ ਗੱਦਾਰੀ ਦਾ ਸਿਖਰ:ਏ ਐਸ ਓ

**ਨਿਊ ਯਾਰਕ:** ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਨੇ ਫਾਂਸੀ ਦੀ ਸਜ਼ਾ ਸੁਣ ਚੁਕੇ ਪ੍ਰੋ. ਦਵਿੰਦਰ ਸਿੰਘ ਭੁੱਲਰ ਦੇ ਤਿਹਾੜ ਜੇਲ੍ਹ ਤੋਂ ਅੰਮ੍ਰਿਤਸਰ ਜੇਲ੍ਹ ਵਿਚ ਤਬਾਦਲੇ ਨੂੰ ਪੰਜਾਬ ਸਰਕਾਰ ਦੀ ਕਥਿਤ ਨਾਂਹ ਦੀ ਸਖਤ ਆਲੋਚਨਾ ਕੀਤੀ ਹੈ ਅਤੇ ਇਸ ਨੂੰ ਪੰਜਾਬ ਦੀ ਬਾਦਲ ਸਰਕਾਰ ਦਾ ਹਿੰਦੂਤਵੀਆਂ ਨੂੰ ਖੁਸ਼ ਕਰਨ ਦਾ ਇਕ ਹੋਰ ਯਤਨ ਕਰਾਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਪ੍ਰੋ. ਭੁੱਲਰ ਨੂੰ ਕਾਂਗਰਸ ਆਗੂ ਮਨਿੰਦਰਜੀਤ ਸਿੰਘ ਬਿੱਟਾ ਉਤੇ ਬੰਬ ਹਮਲੇ ਦੇ ਦੋਸ਼ ਵਿਚ 2001 ਵਿਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ ਅਤੇ ਉਦੋਂ ਤੋਂ ਉਹ ਤਿਹਾੜ ਜੇਲ੍ਹ ਵਿਚ ਹਨ।

ਇਥੇ ਜਾਰੀ ਇਕ ਬਿਆਨ ਵਿਚ ਜਥੇਬੰਦੀ ਨੇ ਕਿਹਾ ਹੈ ਕਿ ਬਾਦਲ ਸਰਕਾਰ ਦੇ ਇਸ ਰਵੱਈਏ ਨਾਲ ਬਾਦਲਕਿਆਂ ਦਾ ਸਿੱਖ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ। ਇਕ ਪਾਸੇ ਤਾਂ ਇਹ ਬਾਦਲਕੇ ਆਪਣੀਆਂ ਰਾਜਸੀ ਰੋਟੀਆਂ ਸੇਕਣ ਲਈ ਕੇਂਦਰ ਸਰਕਾਰ ਦੀਆਂ ਸਿੱਖ ਮਾਰੂ ਨੀਤੀਆਂ ਦਾ ਵਿਰੋਧ ਕਰ ਰਹੇ ਹਨ ਕਿ ਪਿਛਲੇ 26 ਸਾਲਾਂ ਤੋਂ ਦਿੱਲੀ ਦੇ ਸਿੱਖ ਕਤਲੇਆਮ ਲਈ ਕੇਂਦਰ ਸਰਕਾਰ ਇਨਸਾਫ ਕਿਉਂ ਨਹੀਂ ਦੇ ਰਹੀ? ਪਰ ਦੂਜੇ ਪਾਸੇ ਬਾਦਲਕੇ ਹਿੰਦੂਤਵੀਆਂ ਨਾਲੋਂ ਕਿਸੇ ਤਰ੍ਹਾਂ ਘੱਟ ਨਹੀਂ ਗੁਜਾਰ ਰਹੇ ਜਿਸਦਾ ਸਬੂਤ ਪ੍ਰੋ. ਭੁੱਲਰ ਦੀ ਅੰਮ੍ਰਿਤਸਰ ਜੇਲ੍ਹ 'ਚ ਤਬਾਦਲੇ ਦਾ ਹੈ। ਪਿਛਲੇ ਦਿਨੀਂ ਪ੍ਰੋ. ਭੁੱਲਰ ਨੇ ਕੇਂਦਰ ਸਰਕਾਰ ਕੋਲ ਅਰਜੀ ਦਾਇਰ ਕੀਤੀ ਕਿ ਉਸਨੂੰ ਅੰਮ੍ਰਿਤਸਰ ਜੇਲ੍ਹ ਵਿਚ ਤਬਦੀਲ ਕੀਤਾ ਜਾਵੇ ਕਿਉਂਕਿ ਉਸ ਦਾ ਪਰਿਵਾਰ, ਰਿਸ਼ਤੇਦਾਰ ਤੇ ਹੋਰ ਸਕੇ ਸਬੰਧੀ ਸਾਰੇ ਪੰਜਾਬ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਮੁਲਕਾਤਾਂ ਲਈ ਤਿਹਾੜ ਜੇਲ੍ਹ ਆਉਣ ਲਈ ਕਾਫੀ ਔਖਿਆਈ ਹੁੰਦੀ ਹੈ। ਕੇਂਦਰ ਸਰਕਾਰ ਨੇ ਜਦੋਂ ਪੰਜਾਬ ਸਰਕਾਰ ਕੋਲੋ ਪ੍ਰੋ. ਭੁੱਲਰ ਨੂੰ ਅੰਮ੍ਰਿਤਸਰ ਜੇਲ੍ਹ ਵਿਚ ਤਬਦੀਲ ਕਰਨ ਲਈ ਪੁਛਿਆ ਤਾਂ ਬਾਦਲਕਿਆਂ ਨੇ ਹਿੰਦੂਤਵੀਆਂ ਨੂੰ ਖੁਸ਼ ਰੱਖਣ ਲਈ ਇਹ ਕਹਿ ਕੇ ਨਾਂਹ ਕਰ ਦਿਤੀ ਕਿ ਉਸ ਦੇ ਪੰਜਾਬ ਆਉਣ ਨਾਲ ਅਮਨ ਕਾਨੂੰਨ ਨੂੰ ਖਤਰਾ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਇਹ ਘਿਨਾਉਣੀ ਹਰਕਤ ਇਸ ਬਾਦਲ ਸਰਕਾਰ ਦੇ ਮੱਥੇ 'ਤੇ ਕਲੰਕ ਹੈ। ਜਥੇਬੰਦੀ ਨੇ ਬਿਆਨ ਵਿਚ ਕਿਹਾ ਹੈ ਕਿ ਇਕ ਪਾਸੇ ਇਹ ਬਾਦਲਕੇ ਸਿੱਖ ਕੌਮ ਦੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਸ਼ਤਾਬਦੀਆਂ ਮਨਾ ਰਹੇ ਹਨ ਅਤੇ ਦੂਸਰੇ ਪਾਸੇ ਉਨ੍ਹਾਂ ਦੇ ਨਕਸ਼ੇ ਕਦਮ 'ਤੇ ਚਲਣ ਵਾਲਿਆਂ ਨੂੰ ਸਿੱਖ ਕੌਮ ਲਈ ਖਤਰਾ ਦਸ ਰਹੇ ਹਨ।


Business For Sale

ਟਰੱਕ ਰਿਪੇਅਰ ਸ਼ਾਪ ਅਤੇ ਟਰੱਕ ਵਾਸ਼ ਵਿਕਾਊ ਹੈ



ਇੰਡੀਆਨਾ 'ਚ ਹਾਈਵੇਅ 70 ਉਤੇ ਬਹੁਤ ਵਡੀ ਫੈਸਿਲਟੀ

ਨੈਟ ਆਮਦਨੀ $25000 ਮਹੀਨਾ

Asking Price $225,000

ਹੋਰ ਜਾਣਕਾਰੀ ਲਈ ਸੰਪਰਕ ਕਰੋ ਜਸਵੀਰ ਸਿੰਘ

ਫੋਨ: 916-470-5520



PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਤੁਹਾਡਾ ਇਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ



ਇਮੀਗ੍ਰੇਸ਼ਨ ਲਾਅ
- ਸਿਟੀਜ਼ਨਸ਼ਿਪ ਅਪੀਲਜ਼
- ਰੀਲੀਜਿਅਸ ਵਰਕਰਜ਼
- ਬੋਨਾਫਾਇਡ ਅਸਾਇਲਮ ਪਟੀਸ਼ਨਜ਼

ਡੀਪੋਰਟੇਸ਼ਨ ਕੇਸਿਜ਼
- ਬੋਰਡ ਆਫ ਇਮੀਗ੍ਰੇਸ਼ਨ ਅਪੀਲਜ
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ

NEW YORK
T 718.672.8000
JACKSON HEIGHTS, NY 11370
* ADMITTED IN THE STATE OF NEW YORK ONLY

CALIFORNIA
T 510.796.9000
39300 CIVIC CENTER DR.
SUITE 170 FREMONT, CA 94538
FREMONT, CA 94538

# ਪੰਜਾਬ ਟਾਈਮਜ਼

**ਸਨਿਚਰਵਾਰ, 29 ਮਈ, 2010**


*ਸਾਧਨਾਂ ਦੀ ਮੁਹਾਰਤ ਤੇ ਟੀਚਿਆਂ ਬਾਰੇ ਭੰਬਲਭੂਸਾ ਮਨੁੱਖ ਦੀ ਅਹਿਮ ਸਮੱਸਿਆ। -ਅਲਬਰਟ ਆਈਨਸਟਾਈਨ*

## ਕੇ. ਪੀ. ਐਸ. ਗਿੱਲ ਨੂੰ ਰਾਹਤ

ਖੇਡਾਂ ਅਤੇ ਯੁਵਾ ਮਾਮਲਿਆਂ ਬਾਰੇ ਮੰਤਰਾਲੇ ਅਤੇ ਭਾਰਤੀ ਓਲੰਪਿਕ ਐਸੋਸੀਏਸ਼ਨ ਵਲੋਂ ਸਾਲ 2008 ਵਿਚ ਭਾਰਤੀ ਹਾਕੀ ਫੈਡਰੇਸ਼ਨ ਦੀ ਰੱਦ ਕੀਤੀ ਗਈ ਮਾਨਤਾ ਨੂੰ ਹੁਣ ਹਾਈਕੋਰਟ ਵਲੋਂ ਬਹਾਲ ਕਰ ਦਿੱਤਾ ਗਿਆ ਹੈ। ਅਦਾਲਤ ਨੇ ਆਪਣੇ ਹੁਕਮ ਵਿਚ ਖੇਡਾਂ ਅਤੇ ਯੁਵਾ ਮਾਮਲਿਆਂ ਬਾਰੇ ਮੰਤਰਾਲੇ ਅਤੇ ਇੰਡੀਅਨ ਓਲੰਪਿਕ ਐਸੋਸੀਏਸ਼ਨ ਨੂੰ 10-10 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਕੀਤਾ ਹੈ। ਫੈਸਲੇ ਵਿਰੁਧ ਦਿੱਲੀ ਹਾਈਕੋਰਟ ਵਿਚ ਇਹ ਅਪੀਲ ਭਾਰਤੀ ਹਾਕੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਸ੍ਰੀ ਕੇ. ਪੀ. ਐਸ. ਗਿੱਲ ਵਲੋਂ ਕੀਤੀ ਗਈ ਸੀ। ਆਪਣੇ ਫੈਸਲੇ 'ਚ ਅਦਾਲਤ ਨੇ ਕਿਹਾ ਹੈ ਕਿ ਫੈਡਰੇਸ਼ਨ ਨੂੰ ਮੁਅੱਤਲ ਕਰਨ ਬਾਰੇ ਇੰਡੀਅਨ ਓਲੰਪਿਕ ਐਸੋਸੀਏਸ਼ਨ ਦਾ 28 ਅਪ੍ਰੈਲ, 2008 ਦਾ ਫੈਸਲਾ ਅਤੇ ਫੈਡਰੇਸ਼ਨ ਗੈਰ-ਸੰਬੰਧਤ ਕਰਾਰ ਦੇਣ ਦਾ 10 ਮਈ, 2009 ਦਾ ਫੈਸਲਾ ਰੱਦ ਕੀਤਾ ਜਾਂਦਾ ਹੈ। ਅਦਾਲਤ ਨੇ ਆਪਣੇ ਫੈਸਲੇ ਵਿਚ ਇਹ ਵੀ ਕਿਹਾ ਹੈ ਕਿ ਖੇਡ ਸੰਸਥਾਵਾਂ 'ਚ ਕੰਮ-ਕਾਜ ਦੇ ਮਾਮਲੇ ਵਿਚ ਖੁਦਮੁਖਤਾਰੀ ਦਿੱਤੀ ਜਾਣੀ ਚਾਹੀਦੀ ਹੈ ਅਤੇ ਸਰਕਾਰ ਨੂੰ ਉਨ੍ਹਾਂ ਦੇ ਕੰਮ-ਕਾਜ ਦੀ ਨਿਗਰਾਨੀ ਰੱਖਣ ਲਈ ਸਿਰਫ ਰੈਗੂਲੇਟਰੀ ਅਥਾਰਟੀ ਵਜੋਂ ਕੰਮ ਕਰਨਾ ਚਾਹੀਦਾ ਹੈ। ਅਦਾਲਤ ਨੇ ਕਿਹਾ ਕਿ ਖੇਡ ਸੰਸਥਾਵਾਂ ਨੂੰ ਜਮਹੂਰੀ ਢੰਗ ਨਾਲ ਕੰਮਕਾਜ ਕਰਨ ਅਤੇ ਖੇਡਾਂ ਦੇ ਵਿਕਾਸ ਲਈ ਸਮਰਪਿਤ ਵਿਅਕਤੀਆਂ ਨੂੰ ਸੰਬੰਧਤ ਮਾਮਲਿਆਂ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਜਸਟਿਸ ਐਸ. ਮੁਰਲੀਧਰਨ ਨੇ ਕੁਝ ਵਧਵੀਆਂ ਟਿੱਪਣੀਆਂ ਵੀ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਘਰੇਲੂ ਪੱਧਰ 'ਤੇ ਆਪਸੀ ਟਕਰਾਅ ਦਾ ਨੁਕਸਾਨ, ਕੌਮਾਂਤਰੀ ਮੁਕਾਬਲਿਆਂ ਵਿਚ ਵੇਖਣ ਨੂੰ ਮਿਲਦਾ ਹੈ ਅਤੇ ਅਦਾਲਤ ਸਮਝਦੀ ਹੈ ਕਿ ਭਾਰਤੀ ਹਾਕੀ ਦੀਆਂ ਸਮੱਸਿਆਵਾਂ ਦੇ ਨਿਪਟਾਰੇ ਲਈ ਇੰਡੀਅਨ ਹਾਕੀ ਫੈਡਰੇਸ਼ਨ ਦੀ ਮੁਅੱਤਲੀ ਖ਼ਤਮ ਹੋਣੀ ਚਾਹੀਦੀ ਹੈ। ਬੀਤੇ ਨੂੰ ਪਿੱਛੇ ਛੱਡ ਕੇ ਨਵੀਂ ਸ਼ੁਰੂਆਤ ਕੀਤੀ ਜਾਣੀ ਚਾਹੀਦੀ ਹੈ।

ਉਧਰ ਅਦਾਲਤ ਦੇ ਫੈਸਲੇ ਦਾ ਸਵਾਗਤ ਕਰਦਿਆਂ ਕੇ. ਪੀ. ਐਸ. ਗਿੱਲ ਨੇ ਆਪਣੇ ਜਾਣੇ-ਪਹਿਚਾਣੇ ਖੁੰਦਕੀ ਲਹਿਜੇ ਵਿਚ ਕਿਹਾ ਕਿ ਜਿਨ੍ਹਾਂ ਨੇ ਆਪਣੀ ਨਿੱਜੀ ਹਉਮੈ ਲਈ ਭਾਰਤੀ ਹਾਕੀ ਫੈਡਰੇਸ਼ਨ ਨੂੰ ਨਿਸ਼ਾਨਾ ਬਣਾਇਆ, ਉਨ੍ਹਾਂ ਉਪਰ ਨਿਸ਼ਾਨੇ ਸੇਧੇ ਜਾਣਗੇ। ਉਨ੍ਹਾਂ ਦਾ ਇਹ ਅਸਿੱਧਾ ਇਸ਼ਾਰਾ ਖੇਡ ਮੰਤਰੀ ਐਮ ਐਸ ਗਿੱਲ ਵਲ ਜਾਪਦਾ ਹੈ। ਕੇ ਪੀ ਐਸ ਗਿੱਲ ਨੇ ਕਿਹਾ ਕਿ ਭਵਿੱਖ ਵਿਚ ਉਹ ਭਾਰਤੀ ਹਾਕੀ ਦੀ ਬਿਹਤਰੀ ਲਈ ਕੰਮ ਕਰਨਗੇ। ਇਸ ਦੌਰਾਨ ਕੇ. ਪੀ. ਐਸ. ਗਿੱਲ ਨੇ ਭਾਰਤੀ ਹਾਕੀ ਫੈਡਰੇਸ਼ਨ ਨੂੰ ਰੱਦ ਕਰਨ ਤੋਂ ਬਾਅਦ ਬਣਾਈ ਗਈ ਹਾਕੀ ਇੰਡੀਆ ਦੀਆਂ ਅਸਫਲਤਾਵਾਂ ਦਾ ਵੀ ਜ਼ਿਕਰ ਕੀਤਾ ਤੇ ਕਿਹਾ ਕਿ ਪਿਛਲੇ ਦੋ ਸਾਲਾਂ ਵਿਚ ਭਾਰਤੀ ਹਾਕੀ ਦਾ ਹੋਰ ਵੀ ਬੁਰਾ ਹਾਲ ਹੋਇਆ ਹੈ।

ਇਥੇ ਜ਼ਿਕਰਯੋਗ ਹੈ ਕਿ ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਵਕੀਲ ਨੇ ਅਦਾਲਤ ਵਿਚ ਅਰਜ਼ੋਈ ਕੀਤੀ ਸੀ ਕਿ ਭਾਰਤੀ ਹਾਕੀ ਫੈਡਰੇਸ਼ਨ ਨੂੰ ਮੁੜ ਬਹਾਲ ਨਾ ਕੀਤਾ ਜਾਵੇ ਕਿਉਂਕਿ ਇਸਦੇ ਨਾਲ ਅਫਰਾ-ਤਫਰੀ ਵਾਲੀ ਹਾਲਤ ਪੈਦਾ ਹੋ ਜਾਵੇਗੀ, ਜਦਕਿ ਰਾਸ਼ਟਰ ਮੰਡਲ ਖੇਡਾਂ ਨੇੜ-ਭਵਿੱਖ ਵਿਚ ਹੋਣ ਵਾਲੀਆਂ ਹਨ ਪਰ ਅਦਾਲਤ ਨੇ ਇਸ ਦਲੀਲ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਪਹਿਲਾਂ ਵੀ ਭਾਰਤੀ ਖੇਡ ਮੰਤਰਾਲਾ ਅਤੇ ਭਾਰਤੀ ਓਲੰਪਿਕ ਐਸੋਸੀਏਸ਼ਨ ਇਹੋ ਜਿਹੇ ਹੀ ਬਹਾਨੇ ਲਗਾ ਚੁੱਕੀ ਹੈ। ਵਿਸ਼ਵ ਕੱਪ ਤੋਂ ਪਹਿਲਾਂ ਓਲੰਪਿਕ ਐਸੋਸੀਏਸ਼ਨ ਵਲੋਂ ਦਲੀਲ ਦਿੱਤੀ ਗਈ ਸੀ ਕਿ ਹਾਕੀ ਫੈਡਰੇਸ਼ਨ ਨੂੰ ਮੁੜ ਬਹਾਲ ਨਾ ਕੀਤਾ ਜਾਵੇ ਕਿਉਂਕਿ ਵਿਸ਼ਵ ਕੱਪ ਹੋਣ ਵਾਲਾ ਹੈ ਅਤੇ ਇਸ ਕਾਰਨ ਪੈਦਾ ਹੋਣ ਵਾਲੀ ਅਫਰਾ-ਤਫਰੀ ਟੂਰਨਾਮੈਂਟ ਨੂੰ ਪ੍ਰਭਾਵਤ ਕਰੇਗੀ। ਅਦਾਲਤ ਨੇ ਕਿਹਾ ਕਿ ਲੰਮੇ ਸਮੇਂ ਤਕ ਭਾਰਤੀ ਹਾਕੀ ਫੈਡਰੇਸ਼ਨ ਦੀ ਮਾਨਤਾ ਨੂੰ ਰੱਦ ਨਹੀਂ ਰੱਖਿਆ ਜਾ ਸਕਦਾ ਕਿਉਂਕਿ ਇਸ ਨੂੰ ਰੱਦ ਕਰਨਾ ਗੈਰ-ਕਾਨੂੰਨੀ ਸੀ ਅਤੇ ਭਾਰਤੀ ਓਲੰਪਿਕ ਐਸੋਸੀਏਸ਼ਨ ਨੇ ਇਸ ਮਾਮਲੇ ਵਿਚ ਆਪਣੇ ਹੀ ਬਣਾਏ ਹੋਏ ਸੰਵਿਧਾਨ ਦੇ ਅਸੂਲਾਂ ਨੂੰ ਮਾਨਤਾ ਨਹੀਂ ਦਿੱਤੀ।

ਉਧਰ ਭਾਰਤੀ ਖੇਡ ਮੰਤਰਾਲੇ ਨੇ ਇਸ ਮੁੱਦੇ 'ਤੇ ਕੋਈ ਵੀ ਪ੍ਰਤੀਕਰਮ ਪ੍ਰਗਟ ਕਰਨ ਤੋਂ ਨਾਂਹ ਕਰ ਦਿੱਤੀ ਹੈ ਅਤੇ ਕਿਹਾ ਕਿ ਉਹ ਹੁਕਮ ਦੇ ਵਿਸਥਾਰ ਦੇ ਵਿਚ ਦੀ ਗੁਜ਼ਰਨ ਤੋਂ ਬਾਅਦ ਹੀ ਕੋਈ ਪ੍ਰਤੀਕਰਮ ਪ੍ਰਗਟ ਕਰਨਗੇ। ਉਂਜ ਇਸ ਦੌਰਾਨ ਮੁੰਬਈ ਹਾਕੀ ਫੈਡਰੇਸ਼ਨ ਨੇ ਵੀ ਭਾਰਤੀ ਹਾਕੀ ਫੈਡਰੇਸ਼ਨ ਦੀ ਮੁੜ ਬਹਾਲੀ ਨੂੰ ਸਹੀ ਕਰਾਰ ਦਿੱਤਾ ਹੈ। ਐਸੋਸੀਏਸ਼ਨ ਦੇ ਸਕੱਤਰ ਗੁਰਬਖਸ਼ ਸਿੰਘ ਗਰੇਵਾਲ ਨੇ ਕਿਹਾ ਕਿ ਹਾਕੀ ਫੈਡਰੇਸ਼ਨ ਦੀ ਬਹਾਲੀ ਨਾਲ ਹਾਕੀ ਦੀ ਹਾਲਤ ਵਿਚ ਸੁਧਾਰ ਆਵੇਗਾ। ਇਸ ਮਾਮਲੇ ਵਿਚ ਹਾਕੀ ਮਾਹਿਰਾਂ ਦਾ ਆਖਣਾ ਹੈ ਕਿ ਭਾਵੇਂ ਅਦਾਲਤ ਵਲੋਂ ਭਾਰਤੀ ਹਾਕੀ ਫੈਡਰੇਸ਼ਨ ਨੂੰ ਮੁੜ ਬਹਾਲ ਕਰਨ ਦਾ ਹੁਕਮ ਦੇ ਦਿੱਤਾ ਗਿਆ ਹੈ ਪਰ ਨਵੀਂ ਹਾਲਤ ਵਿਚ ਜਦੋਂ ਅੰਤਰਰਾਸ਼ਟਰੀ ਹਾਕੀ ਫੈਡਰੇਸ਼ਨ, ਹਾਕੀ ਇੰਡੀਆ ਨੂੰ ਹੀ ਮਾਨਤਾ ਦਿੰਦੀ ਹੈ ਤਾਂ ਅੰਤਰਰਾਸ਼ਟਰੀ ਮੁਕਾਬਲਿਆਂ ਵਿਚ ਕੇ. ਪੀ. ਐਸ. ਗਿੱਲ ਦੀ ਅਗਵਾਈ ਵਾਲੀ ਭਾਰਤੀ ਹਾਕੀ ਫੈਡਰੇਸ਼ਨ ਨੂੰ ਭਾਰਤੀ ਟੀਮਾਂ ਚੁਣਨ ਦਾ ਅਧਿਕਾਰ ਨਹੀਂ ਹੋਵੇਗਾ। ਇਹ ਅਧਿਕਾਰ ਹਾਲ ਦੀ ਘੜੀ ਹਾਕੀ ਇੰਡੀਆ ਦੇ ਹੱਥ ਵਿਚ ਹੀ ਰਹੇਗਾ। ਹਾਕੀ ਇੰਡੀਆ ਇਕ ਰਜਿਸਟਰਡ ਸੰਸਥਾ ਹੈ ਅਤੇ ਇਸ ਨੂੰ ਅੰਤਰਰਾਸ਼ਟਰੀ ਹਾਕੀ ਫੈਡਰੇਸ਼ਨ ਦੀ ਸੀਮਤ ਮਾਨਤਾ ਪ੍ਰਾਪਤ ਹੈ। ਹਾਕੀ ਇੰਡੀਆ ਭਾਰਤੀ ਵੂਮਨ ਹਾਕੀ ਫੈਡਰੇਸ਼ਨ ਅਤੇ ਮਰਦਾਂ ਦੀ ਭਾਰਤੀ ਹਾਕੀ ਫੈਡਰੇਸ਼ਨ ਦੇ ਸੰਮਿਲਨ ਤੋਂ ਕਾਇਮ ਕੀਤੀ ਗਈ ਸੀ। ਸੰਮਿਲਨ ਦਾ ਇਹ ਔਖਾ ਅਮਲ ਹਾਲੇ ਚੱਲ ਹੀ ਰਿਹਾ ਸੀ ਕਿ ਦਿੱਲੀ ਹਾਈਕੋਰਟ ਦਾ ਨਵਾਂ ਫੈਸਲਾ ਆ ਗਿਆ। ਇਸ ਫੈਸਲੇ ਨਾਲ ਭਾਰਤੀ ਹਾਕੀ, ਜਿਹੜੀ ਪਹਿਲਾਂ ਹੀ ਬੁਰੇ ਹਾਲੀਂ ਹੈ, ਦੇ ਮਾਮਲੇ ਹੋਰ ਉਲਝਣ ਦੀ ਸੰਭਾਵਨਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮੰਦੀ ਦੇ ਦੌਰ ਦਾ ਇਲਾਜ!*

ਸੰਗ-ਸ਼ਰਮ ਨੂੰ ਘੋਲ ਕੇ ਡੀਲ ਲੈ ਤੂੰ, ਪੀਂਦੇ ਖੰਡ ਜਿਉਂ ਪਾਣੀ ਵਿਚ ਖੋਰ ਕਾਕਾ।
ਖੀਸੇ ਫੋਲ ਕੇ ਮਿੱਤਰਾਂ ਦੋਸਤਾਂ ਦੇ, ਪਾਉਣੇ ਸਿੱਖ ਲੈ ਚੋਰਾਂ 'ਤੇ ਮੋਰ ਕਾਕਾ।
ਕਹੀਂ ਰਾਖਾ ਹਾਂ ਸਭਿਆਚਾਰ ਦਾ ਮੈਂ, ਦਾਅਵਾ ਕਰੀਂ ਤੂੰ ਹਿੱਕ ਨੂੰ ਠੋਰ ਕਾਕਾ।
ਬੇਹਯਾ ਜਿਹੀ ਸੱਦੀਂ ਕੋਈ ਗਾਉਣ ਵਾਲੀ, ਪਾਈਂ ਢੋਲ-ਢਮੱਕੇ ਦਾ ਸ਼ੋਰ ਕਾਕਾ।
ਵੰਡੀਂ ਫੱਟੀਆਂ 'ਚਿੰਨ੍ਹ ਸਨਮਾਨ' ਕਹਿ ਕੇ, ਮੁੱਖ ਮਹਿਮਾਨਾਂ ਨੂੰ ਦੇਈਂ ਘਰ ਤੋਰ ਕਾਕਾ।
ਮੰਦੇ ਦੌਰ ਤੋਂ ਡਰਨ ਦੀ ਲੋੜ ਕੀ ਏ? ਧੰਦੇ ਬਹੁਤ ਨੇ ਖੱਟੀ ਦੇ ਹੋਰ ਕਾਕਾ!

# ਮਾਲਵਾ ਬਿਮਾਰ, ਅਨੇਕਾਂ ਸਮੱਸਿਆਵਾਂ ਨੇ ਘੇਰਾ ਪਾਇਆ



*ਪੰਜਾਬ ਰੂਰਲ ਵਾਟਰ ਐਂਡ ਸੈਨੀਟੇਸ਼ਨ ਪ੍ਰੋਜੈਕਟ-ਬੇਸ ਲਾਈਨ ਦੀ ਸਰਵੇ ਰਿਪੋਰਟ ਗਵਾਹੀ ਭਰਦੀ ਹੈ ਕਿ 69.3 ਫੀਸਦੀ ਲੋਕ ਹਾਲੇ ਵੀ ਧਰਤੀ ਹੇਠਲੇ ਪਾਣੀ 'ਤੇ ਨਿਰਭਰ ਹਨ ਅਤੇ ਇਨ੍ਹਾਂ ਕੋਲ ਸਰਕਾਰੀ ਪਾਣੀ ਪੁੱਜਿਆ ਹੀ ਨਹੀਂ। ਇਸ ਤੋਂ ਇਲਾਵਾ 61 ਫੀਸਦੀ ਲੋਕਾਂ ਨੂੰ ਕੇਂਦਰੀ ਨਿਯਮਾਂ ਮੁਤਾਬਕ ਪ੍ਰਤੀ ਦਿਨ ਪ੍ਰਤੀ ਵਿਅਕਤੀ 40 ਲੀਟਰ ਪਾਣੀ ਵੀ ਨਹੀਂ ਮਿਲ ਰਿਹਾ ਹੈ। ਇਨ੍ਹਾਂ 'ਚੋਂ 19.3 ਫੀਸਦੀ ਲੋਕਾਂ ਨੂੰ ਤਾਂ 10 ਲੀਟਰ ਤੋਂ ਵੀ ਘੱਟ ਪਾਣੀ ਮਿਲਦਾ ਹੈ। ਇਸ ਪ੍ਰੋਜੈਕਟ 'ਚ ਪੰਚਾਇਤਾਂ ਨੇ ਇਹ ਰਿਪੋਰਟ ਕੀਤਾ ਹੈ ਕਿ 51.5 ਫੀਸਦੀ ਲੋਕਾਂ ਨੂੰ ਸ਼ੁੱਧ ਪਾਣੀ ਨਹੀਂ ਮਿਲ ਰਿਹਾ ਹੈ। ਪਾਈਪਾਂ ਦੀ ਟੁੱਟ-ਭੱਜ 19 ਫੀਸਦੀ ਲੋਕਾਂ ਦੇ ਪੀਣ ਵਾਲੇ ਪਾਣੀ ਨੂੰ ਪਲੀਤ ਕਰ ਰਹੀ ਹੈ। ਬਠਿੰਡਾ ਜ਼ਿਲ੍ਹੇ ਦੇ ਪਿੰਡ ਅਮਰਗੜ੍ਹ ਨੂੰ ਗੋਨਿਆਣਾ ਕਲਾਂ ਦੀ ਜਲ ਪੂਰਤੀ ਯੋਜਨਾ ਤੋਂ ਪਾਣੀ ਆਉਂਦਾ ਹੈ। ਇਸ ਪਿੰਡ ਦੀ ਕਾਫੀ ਸਮੇਂ ਤੋਂ ਮੰਗ ਹੈ ਕਿ ਪਾਈਪਾਂ ਪਾ ਕੇ ਪੂਰਤੀ ਠੀਕ ਕੀਤੀ ਜਾਵੇ।*

**ਚਰਨਜੀਤ ਭੁੱਲਰ**

ਦੱਖਣ-ਪੱਛਮੀ ਪੰਜਾਬ ਨੇ ਜਦੋਂ 'ਚਿੱਟੇ ਸੋਨੇ' ਦੀ ਖੇਤੀ 'ਚ ਮੱਲ ਮਾਰੀ ਤਾਂ ਮਾਲਵਾ ਅਮੀਰ ਹੋ ਗਿਆ। ਇਸ ਨੂੰ 'ਮਾਖਿਓਂ ਮਿੱਠਾ ਮਾਲਵਾ' ਆਖਿਆ ਗਿਆ। ਪੰਜਾਬ ਦੇ ਖੇਤੀ ਅਰਥਚਾਰੇ 'ਚ ਮਾਲਵੇ ਦਾ ਵੱਡਾ ਯੋਗਦਾਨ ਰਿਹਾ ਹੈ। ਵਰ੍ਹਿਆਂ ਦੀ ਖੂਨ ਪਸੀਨੇ ਦੀ ਮਿਹਨਤ ਨਾਲ ਕਿਸਾਨਾਂ ਨੇ ਸਾਰੀ ਭੂਮੀ ਨੂੰ ਜ਼ਰਖੇਜ਼ ਬਣਾ ਲਿਆ। ਮਾਲਵੇ ਨੂੰ ਸਰਹਿੰਦ ਫੀਡਰ, ਰਾਜਸਥਾਨ ਫੀਡਰ, ਸਰਹਿੰਦ ਕਨਾਲ, ਭਾਖੜਾ ਨਹਿਰ ਦਾ ਪਾਣੀ ਲੱਗਦਾ ਹੈ। ਇਨ੍ਹਾਂ ਨਹਿਰਾਂ ਦਾ ਪਾਣੀ ਫਸਲਾਂ ਲਈ ਅੰਮ੍ਰਿਤ ਬਣਿਆ। ਹੁਣ ਮਾਲਵਾ ਅੰਦਰੋਂ ਖੋਖਲਾ ਹੋਇਆ ਪਿਆ ਹੈ। ਸਭ ਤੋਂ ਵੱਡੀ ਮਾਰ ਪਾਣੀ ਪੱਖੋਂ ਪਈ ਹੈ। 'ਮਾਖਿਓਂ ਮਿੱਠਾ ਮਾਲਵਾ' ਹੁਣ 'ਪਿਆਸਾ ਮਾਲਵਾ' ਬਣ ਗਿਆ ਹੈ। ਨਹਿਰਾਂ ਦਾ ਪਾਣੀ ਪਲੀਤ ਹੋ ਗਿਆ ਹੈ। ਧਰਤੀ ਹੇਠਲਾ ਪਾਣੀ ਬਿਮਾਰੀਆਂ ਵਰਤਾ ਰਿਹਾ ਹੈ। ਦੋ ਦਹਾਕਿਆਂ ਤੋਂ ਲੋਕ ਪੀਣ ਵਾਲਾ ਸਾਫ ਪਾਣੀ ਮੰਗ ਰਹੇ ਹਨ। ਸਰਕਾਰਾਂ ਬੁਨਿਆਦੀ ਮੰਗ ਪੂਰੀ ਨਹੀਂ ਕਰ ਸਕੀਆਂ। ਸਿੱਟੇ ਵਜੋਂ ਮਾਲਵੇ 'ਚ 'ਸਿਹਤ ਧਨ' ਖੁਰ ਰਿਹਾ ਹੈ।

'ਪੀਣ ਵਾਲੇ ਪਾਣੀ' ਦੀ ਗੱਲ ਮਾਲਵੇ ਲਈ ਵੱਡੀ ਹੈ। ਸਤਲੁਜ ਦਰਿਆ 'ਚੋਂ ਰਾਜਸਥਾਨ ਫੀਡਰ ਤੇ ਸਰਹਿੰਦ ਫੀਡਰ ਹਰੀਕੇ ਪੱਤਣ ਤੋਂ ਨਿਕਲਦੀ ਹੈ। ਫਿਰੋਜ਼ਪੁਰ, ਫਰੀਦਕੋਟ ਤੇ ਮੁਕਤਸਰ ਜ਼ਿਲ੍ਹੇ ਨੂੰ ਸਰਹਿੰਦ ਫੀਡਰ ਸਿੰਜਦੀ ਹੈ। ਇਨ੍ਹਾਂ ਤਿੰਨਾਂ ਜ਼ਿਲ੍ਹਿਆਂ ਦੇ ਕਰੀਬ 300 ਜਲ ਘਰਾਂ ਨੂੰ ਸਰਹਿੰਦ ਫੀਡਰ 'ਚੋਂ ਪਾਣੀ ਮਿਲਦਾ ਹੈ। ਇਵੇਂ ਹੀ ਬਠਿੰਡਾ ਬਰਾਂਚ 'ਚੋਂ ਕਰੀਬ 150 ਜਲ ਘਰਾਂ ਨੂੰ ਪਾਣੀ ਮਿਲਦਾ ਹੈ। ਪੰਜਾਬ ਪ੍ਰਦੂਸ਼ਣ ਬੋਰਡ ਮੰਨਦਾ ਹੈ ਕਿ ਪੰਜਾਬ ਦੀਆਂ 35 ਨਗਰ ਕੌਂਸਲਾਂ ਦੀਆਂ ਸਨਅਤੀ ਅਤੇ ਰਿਹਾਇਸ਼ੀ ਨਿਕਾਸੀਆਂ ਸਤਲੁਜ ਵਿਚ ਪੈਂਦੀਆਂ ਹਨ। ਇਨ੍ਹਾਂ ਵਿਚ ਲੁਧਿਆਣਾ, ਜਲੰਧਰ ਅਤੇ ਇਸ ਦੇ ਨੇੜਲੇ ਇਲਾਕੇ ਸ਼ਾਮਲ ਹਨ। ਇਹੋ ਪਾਣੀ ਅਗੋਂ ਸਰਹਿੰਦ ਫੀਡਰ ਵਿਚ ਆਉਂਦਾ ਹੈ। ਬੋਰਡ ਮੁਤਾਬਕ ਸਰਹਿੰਦ ਕੈਨਾਲ ਅਤੇ ਭਾਖੜਾ ਮੇਨ ਲਾਈਨ ਦੇ ਪਾਣੀ ਦਾ ਮਿਆਰ ਤੀਜੇ ਦਰਜੇ (ਸੀ) ਦਾ ਹੈ। ਇਸ ਪਾਣੀ ਨੂੰ ਰਵਾਇਤੀ ਸੋਧ ਵਿਧੀਆਂ ਅਤੇ ਲੋੜੀਂਦੀਆਂ ਦਵਾਈਆਂ ਰਾਹੀਂ ਹੀ ਪੀਣ ਯੋਗ ਬਣਾਇਆ ਜਾ ਸਕਦਾ ਹੈ। ਇਸ ਪਾਣੀ ਨੂੰ ਪੁਖਤਾ ਢੰਗ ਨਾਲ ਸੋਧਣਾ ਜਲ ਘਰਾਂ ਦੀ ਪਰੋਕੋਂ ਤੋਂ ਬਾਹਰ ਹੈ। ਲੋਕ ਇਹੋ ਪਾਣੀ ਪੀਣ ਲਈ ਮਜਬੂਰ ਹਨ। ਮਾਲਵੇ ਦੀਆਂ ਨਹਿਰਾਂ 'ਚ ਵਗਦਾ 'ਕਾਲਾ ਪਾਣੀ' ਅਕਸਰ ਚਰਚਾ ਦਾ ਮੁੱਦਾ ਬਣਦਾ ਰਹਿੰਦਾ ਹੈ। ਲੁਧਿਆਣੇ ਦਾ 'ਬੁੱਢਾ ਨਾਲਾ' ਮਾਲਵੇ ਦੇ 'ਸਿਹਤ ਧਨ' 'ਤੇ ਸਿੱਧਾ ਹਮਲਾ ਕਰਦਾ ਹੈ। ਗੈਰ-ਕਾਨੂੰਨੀ ਹੋਣ ਦੇ ਬਾਵਜੂਦ ਸਰਕਾਰਾਂ ਇਸ ਘਾਤਕ ਰੁਝਾਨ ਨੂੰ ਨਜ਼ਰਅੰਦਾਜ਼ ਕਰਦੀਆਂ ਹਨ।

ਪ੍ਰਾਹੁਣਚਾਰੀ ਵਿਭਾਗ ਪੰਜਾਬ ਦੀ ਸੂਚਨਾ ਮੁਤਾਬਕ ਪੰਜਾਬ ਸਰਕਾਰ 'ਕੈਚ' ਕੰਪਨੀ ਦਾ 40 ਰੁਪਏ ਪ੍ਰਤੀ ਲੀਟਰ ਵਾਲਾ ਪਾਣੀ ਪੀਂਦੀ ਹੈ। ਜਿਹੜਾ ਪਾਣੀ ਲੋਕ ਪੀਂਦੇ ਹਨ ਉਹ ਨਿਰਾ ਜ਼ਹਿਰ ਹੁੰਦਾ ਹੈ। ਜਲ ਸਪਲਾਈ ਅਤੇ ਨਿਕਾਸੀ ਵਿਭਾਗ ਪੰਜਾਬ ਦੇ ਵੇਰਵੇ ਹਨ ਕਿ ਧਰਤੀ ਹੇਠਲੇ ਪਾਣੀ ਦੀ ਉਪਰਲੀ ਸਤਹਿ 'ਚ ਰਸਾਇਣਕ ਤੱਤ ਹੋਣ ਕਾਰਨ ਹਰ ਸਾਲ 40 ਹਜ਼ਾਰ ਲੋਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਗੈਰ ਸਰਕਾਰੀ ਅੰਕੜੇ ਲੱਖਾਂ ਲੋਕਾਂ ਦੇ ਬਿਮਾਰ ਹੋਣ ਦੀ ਗੱਲ ਕਰਦੇ ਹਨ। ਲੰਘੇ ਦਸ ਸਾਲਾਂ 'ਚ ਬਠਿੰਡਾ, ਮਾਨਸਾ, ਮੁਕਤਸਰ ਤੇ ਫਰੀਦਕੋਟ 'ਚ 2472 ਲੋਕਾਂ ਦੀ ਕੈਂਸਰ ਨਾਲ ਮੌਤ ਹੋਈ ਹੈ। ਜੰਮਦੇ ਬੱਚੇ ਕੈਂਸਰ ਦੀ ਲਪੇਟ 'ਚ ਹਨ। ਕੈਂਸਰ ਦਾ ਇਲਾਜ ਕਰਵਾਉਂਦੇ ਕਿੰਨੇ ਹੀ ਕਿਸਾਨ ਬੇਜ਼ਮੀਨੇ ਹੋ ਗਏ ਹਨ।

ਮਾਲਵੇ ਦਾ ਧਰਤੀ ਹੇਠਲਾ ਪਾਣੀ ਵੱਖਰਾ ਕਹਿਰ ਵਰਤਾ ਰਿਹਾ ਹੈ। ਇਥੇ ਰਸਾਇਣਾਂ ਦੀ ਅੰਧਾਧੁੰਦ ਵਰਤੋਂ ਨੇ ਧਰਤੀ ਹੇਠਲੇ ਪਾਣੀ ਨੂੰ ਜ਼ਹਿਰ ਬਣਾ ਦਿੱਤਾ ਹੈ। ਪੰਜਾਬ ਰਿਮੋਟ ਸੈਨਸਿੰਗ ਸੈਂਟਰ ਅਤੇ ਨੈਸ਼ਨਲ ਬਿਊਰੋ ਆਫ ਸੋਆਇਲ ਸਰਵੇ ਮੁਤਾਬਕ ਧਰਤੀ ਹੇਠਲੇ ਪਾਣੀ ਵਿਚ ਸੋਡੀਅਮ ਕਾਰਬੋਨੇਟ ਦੀ ਮਿਕਦਾਰ ਜ਼ਿਆਦਾ ਹੈ। ਸਰਵੇ ਮੁਤਾਬਕ ਮੁਕਤਸਰ ਜ਼ਿਲ੍ਹੇ 'ਚ 28, ਫਰੀਦਕੋਟ 'ਚ 33, ਮਾਨਸਾ 'ਚ 35, ਸੰਗਰੂਰ 'ਚ 34 ਅਤੇ ਬਠਿੰਡਾ 'ਚ 19.77 ਫੀਸਦੀ ਪਾਣੀ ਸਿੰਜਾਈ ਲਈ ਵਰਤੋਂ ਯੋਗ ਹੈ। ਪੀਣ ਵਾਲੇ ਪਾਣੀ ਦਾ ਹੋਰ ਵੀ ਬੁਰਾ ਹਾਲ ਹੈ।

ਪੰਜਾਬ 'ਚ ਜਲ ਘਰ ਪ੍ਰਤੀ ਵਿਅਕਤੀ ਪ੍ਰਤੀ ਦਿਨ 40 ਲੀਟਰ ਪਾਣੀ ਦੇਣ ਦੇ ਮਕਸਦ ਨਾਲ ਬਣਾਏ ਗਏ ਸਨ। ਕੋਈ ਜਲ ਘਰ ਸਹੀ ਨਹੀਂ ਚੱਲ ਰਿਹਾ। ਸਰਕਾਰ ਵਲੋਂ ਹੁਣ ਇਨ੍ਹਾਂ ਜਲ ਘਰਾਂ ਨੂੰ ਠੇਕੇ 'ਤੇ ਦੇਣ ਦੀ ਵਿਉਂਤ ਬਣਾਈ ਗਈ ਹੈ। ਇਸ ਤੋਂ ਪਹਿਲਾਂ ਸਰਕਾਰ ਵਲੋਂ 876 ਜਲ ਪੂਰਤੀ ਯੋਜਨਾਵਾਂ ਪੰਚਾਇਤਾਂ ਹਵਾਲੇ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ। ਇਸ ਮਗਰੋਂ ਤਾਂ ਜਲ ਘਰ ਚਲਾਉਣੇ ਹੀ ਮੁਸ਼ਕਲ ਹੋ ਗਏ। ਪੰਚਾਇਤਾਂ ਕੋਲ ਤਾਂ ਪਾਣੀ ਸੋਧਣ ਲਈ ਬਲੀਚਿੰਗ ਪਾਊਡਰ ਤੱਕ ਵਾਸਤੇ ਪੈਸੇ ਨਹੀਂ ਹਨ। ਕੰਨੀ 'ਤੇ ਪੈਂਦੇ ਪਿੰਡਾਂ ਦੇ ਜਲ ਘਰਾਂ ਨੂੰ ਨਹਿਰੀ ਪਾਣੀ ਨਹੀਂ ਪਹੁੰਚਦਾ। ਬਠਿੰਡਾ ਤੇ ਮਾਨਸਾ ਜ਼ਿਲ੍ਹੇ ਦੀਆਂ 43 ਜਲ ਸਪਲਾਈ ਯੋਜਨਾਵਾਂ ਧਰਤੀ ਹੇਠਲੇ ਪਾਣੀ 'ਤੇ ਨਿਰਭਰ ਹਨ।

ਪੰਜਾਬ ਰੂਰਲ ਵਾਟਰ ਐਂਡ ਸੈਨੀਟੇਸ਼ਨ ਪ੍ਰੋਜੈਕਟ-ਬੇਸ ਲਾਈਨ ਦੀ ਸਰਵੇ ਰਿਪੋਰਟ ਗਵਾਹੀ ਭਰਦੀ ਹੈ ਕਿ 69.3 ਫੀਸਦੀ ਲੋਕ ਹਾਲੇ ਵੀ ਧਰਤੀ ਹੇਠਲੇ ਪਾਣੀ 'ਤੇ ਨਿਰਭਰ ਹਨ ਅਤੇ ਇਨ੍ਹਾਂ ਕੋਲ ਸਰਕਾਰੀ ਪਾਣੀ ਪੁੱਜਿਆ ਹੀ ਨਹੀਂ। ਇਸ ਤੋਂ ਇਲਾਵਾ 61 ਫੀਸਦੀ ਲੋਕਾਂ ਨੂੰ ਕੇਂਦਰੀ ਨਿਯਮਾਂ ਮੁਤਾਬਕ ਪ੍ਰਤੀ ਦਿਨ ਪ੍ਰਤੀ ਵਿਅਕਤੀ 40 ਲੀਟਰ ਪਾਣੀ ਨਹੀਂ ਮਿਲ ਰਿਹਾ ਹੈ। ਇਨ੍ਹਾਂ 'ਚੋਂ 19.3 ਫੀਸਦੀ ਲੋਕਾਂ ਨੂੰ ਤਾਂ 10 ਲੀਟਰ ਤੋਂ ਵੀ ਘੱਟ ਪਾਣੀ ਮਿਲਦਾ ਹੈ। ਇਸ ਪ੍ਰੋਜੈਕਟ 'ਚ ਪੰਚਾਇਤਾਂ ਨੇ ਇਹ ਰਿਪੋਰਟ ਕੀਤਾ ਹੈ ਕਿ 51.5 ਫੀਸਦੀ ਲੋਕਾਂ ਨੂੰ ਸ਼ੁੱਧ ਪਾਣੀ ਨਹੀਂ ਮਿਲ ਰਿਹਾ ਹੈ। ਪਾਈਪਾਂ ਦੀ ਟੁੱਟ-ਭੱਜ 19 ਫੀਸਦੀ ਲੋਕਾਂ ਦੇ ਪੀਣ ਵਾਲੇ ਪਾਣੀ ਨੂੰ ਪਲੀਤ ਕਰ ਰਹੀ ਹੈ। ਬਠਿੰਡਾ ਜ਼ਿਲ੍ਹੇ ਦੇ ਪਿੰਡ ਅਮਰਗੜ੍ਹ ਨੂੰ ਗੋਨਿਆਣਾ ਕਲਾਂ ਦੀ ਜਲ ਪੂਰਤੀ ਯੋਜਨਾ ਤੋਂ ਪਾਣੀ ਆਉਂਦਾ ਹੈ। ਇਸ ਪਿੰਡ ਦੀ ਕਾਫੀ ਸਮੇਂ ਤੋਂ ਮੰਗ ਹੈ ਕਿ ਪਾਈਪਾਂ ਪਾ ਕੇ ਪੂਰਤੀ ਠੀਕ ਕੀਤੀ ਜਾਵੇ। ਸਰਕਾਰ ਕੋਲ ਇਨ੍ਹਾਂ ਲੋਕਾਂ ਲਈ ਪੈਸਾ ਨਹੀਂ ਹੈ ਜਦੋਂ ਕਿ ਬਠਿੰਡਾ ਦੇ ਡਿਪਟੀ ਕਮਿਸ਼ਨਰ ਲਈ ਇਕ ਜਲ ਘਰ ਤੋਂ ਕਈ ਕਿਲੋਮੀਟਰ ਲੰਮੀ ਸਿੱਧੀ ਹਾਟ ਲਾਈਨ ਵਿਛਾ ਦਿੱਤੀ ਗਈ ਸੀ। ਜਲ ਘਰ ਤੋਂ ਇਸ ਪਾਈਪ ਲਾਈਨ ਰਾਹੀਂ ਡਿਪਟੀ ਕਮਿਸ਼ਨਰ ਨੂੰ ਹੀ ਪਾਣੀ ਮਿਲਦਾ ਸੀ।

ਮਾਲਵੇ ਦੇ ਕਈ ਪਿੰਡਾਂ ਦੇ ਲੋਕ ਭਾਖੜਾ ਨਹਿਰ ਤੋਂ ਪਾਣੀ ਲਿਆਉਂਦੇ ਹਨ। ਤਲਵੰਡੀ ਸਾਬੋ ਇਲਾਕੇ ਦੇ ਪਿੰਡ 'ਤਰਖਾਣ ਵਾਲਾ' ਵਿਚ ਤਾਂ ਪਸ਼ੂ ਤੇ ਮਨੁੱਖ ਇਕੋ ਥਾਂ ਤੋਂ ਪਾਣੀ ਪੀਂਦੇ ਰਹੇ ਹਨ। ਇਹੋ ਹਾਲਤ ਪਿੰਡ 'ਮੱਲ ਸਿੰਘ ਵਾਲਾ' 'ਚ ਵੀ ਰਹੀ ਹੈ। ਹਰ ਪਿੰਡ 'ਚ ਹੁਣ 'ਠੰਡੀ ਬੀਅਰ' ਤਾਂ ਮਿਲਦੀ ਹੈ, ਪਰ ਪੀਣ ਵਾਲਾ ਸਾਫ ਪਾਣੀ ਨਹੀਂ। ਪਾਣੀ ਦਾ ਮਸਲਾ ਕਿਸੇ ਵੀ ਸਿਆਸੀ ਪਾਰਟੀ ਦੇ ਏਜੰਡੇ 'ਤੇ ਨਹੀਂ ਹੈ। ਚੋਣ ਮਨੋਰਥ ਪੱਤਰਾਂ 'ਚ ਵੀ ਪੀਣ ਵਾਲੇ ਪਾਣੀ ਨੂੰ ਢੁਕਵੀਂ ਥਾਂ ਨਹੀਂ ਮਿਲਦੀ। ਸਟੇਜਾਂ ਤੋਂ ਸ਼ਾਪਿੰਗ ਮਾਲਜ਼ ਦੀ ਗੱਲ ਕਰਨ ਵਾਲੇ ਲੋਕਾਂ ਦੀ ਮੁੱਢਲੀ ਜ਼ਰੂਰਤ ਨੂੰ ਚੇਤੇ 'ਚੋਂ ਕੱਢੀ ਬੈਠੇ ਹਨ।

ਧਰਤੀ ਹੇਠਲੇ ਪਾਣੀ 'ਚ ਫਲੋਰਾਈਡ ਜ਼ਿਆਦਾ ਹੋਣ ਕਾਰਨ ਦੰਦਾਂ ਅਤੇ ਹੱਡੀਆਂ 'ਚ ਫਲੋਰੋਸਿਸ ਹੋ ਰਿਹਾ ਹੈ। ਹੈਜ਼ਾ, ਪੋਲੀਓ ਤੇ ਬੱਚਿਆਂ 'ਚ ਦਿਲ ਦੇ ਰੋਗ ਵਧ ਰਹੇ ਹਨ। ਛੋਟੇ ਬੱਚਿਆਂ ਦੇ ਵਾਲ ਚਿੱਟੇ ਹੋ ਰਹੇ ਹਨ। ਇਥੋਂ ਤੱਕ ਕਿ ਮਾਂ ਦੇ ਦੁੱਧ 'ਚ ਵੀ ਜ਼ਹਿਰ ਦੇ ਤੱਤ ਸਾਹਮਣੇ ਆਉਣ ਲੱਗੇ ਹਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਕੀਤੀ ਖੋਜ ਮੁਤਾਬਕ ਤਾਂ ਮਾਲਵੇ ਦੀ ਧਰਤੀ 'ਚ ਯੂਰੇਨੀਅਮ ਵੀ ਪਾਇਆ ਗਿਆ ਹੈ ਜੋ ਕਿ ਸਰੀਰਕ ਵਿਗਾੜ ਪੈਦਾ ਕਰ ਰਿਹਾ ਹੈ। ਹੁਣ ਧਰਤੀ ਹੇਠਲਾ ਪਾਣੀ ਵੀ ਡੂੰਘਾ ਚਲਾ ਗਿਆ ਹੈ। ਹਜ਼ਾਰਾਂ ਨਲਕੇ ਬੇਕਾਰ ਹੋ ਗਏ ਹਨ। ਪੰਜਾਬ ਦੇ 110 ਦੇ ਕਰੀਬ ਬਲਾਕ ਇਸ ਵੇਲੇ ਡਾਰਕ ਜ਼ੋਨ 'ਚ ਆ ਗਏ ਹਨ ਜਿਨ੍ਹਾਂ ਦਾ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਨੀਵਾਂ ਹੋ ਗਿਆ ਹੈ। ਕਰੀਬ 14 ਲੱਖ ਟਿਊਬਵੈਲ ਧਰਤੀ ਹੇਠਲਾ ਪਾਣੀ ਖਿਚ ਰਹੇ ਹਨ। ਮਾਲਵੇ ਦੇ ਕਿਸਾਨ ਤਾਂ ਆਪਣੇ ਖੇਤਾਂ ਨੂੰ ਉਵੇਂ ਹੀ ਛੱਲਾਂ ਮਾਰਦਾ ਨਹਿਰੀ ਪਾਣੀ ਚਾਹੁੰਦੇ ਹਨ ਜੋ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਦੇ ਪਿੰਡ ਬਾਦਲ ਦੇ ਕਿਸਾਨਾਂ ਨੂੰ ਮਿਲ ਰਿਹਾ ਹੈ। ਬਠਿੰਡਾ ਜ਼ਿਲ੍ਹੇ ਦੇ ਪਿੰਡ ਹਰਕਿਸ਼ਨਪੁਰਾ ਨੂੰ ਲੋਕਾਂ ਨੇ ਵਿਕਣ 'ਤੇ ਲਾਇਆ ਹੋਇਆ ਸੀ। ਇਥੋਂ ਦੇ ਲੋਕ ਨਹਿਰੀ ਤੇ ਪੀਣ ਵਾਲਾ ਪਾਣੀ ਮੰਗਦੇ ਸਨ। ਜਦੋਂ ਕੈਪਟਨ ਸਰਕਾਰ ਹਕੂਮਤ 'ਚ ਸੀ ਤਾਂ ਉਦੋਂ ਮਾਲਵੇ ਦੇ 20 ਪਿੰਡਾਂ 'ਚ ਵਿਦੇਸ਼ਾਂ ਤੋਂ ਮੰਗਵਾ ਕੇ 20 ਵਾਟਰ ਟਰੀਟਮੈਂਟ ਪਲਾਂਟ ਲਗਾਏ ਗਏ ਸਨ। ਹੁਣ ਮੌਜੂਦਾ ਸਰਕਾਰ ਵਲੋਂ ਪਿੰਡਾਂ 'ਚ ਆਰ.ਓ. ਸਿਸਟਮ ਲਗਾਏ ਜਾ ਰਹੇ ਹਨ। ਪ੍ਰਾਈਵੇਟ ਕੰਪਨੀ ਵਲੋਂ ਜ਼ਿਲ੍ਹਾ ਫਰੀਦਕੋਟ, ਬਠਿੰਡਾ, ਮਾਨਸਾ ਤੇ ਸੰਗਰੂਰ 'ਚ ਇਹ ਆਰ.ਓ. ਸਿਸਟਮ ਲਗਾਏ ਗਏ ਹਨ ਜਿੱਥੋਂ ਲੋਕਾਂ ਨੂੰ 10 ਪੈਸੇ ਪ੍ਰਤੀ ਲੀਟਰ ਦੇ ਹਿਸਾਬ ਨਾਲ ਪਾਣੀ ਮਿਲਦਾ ਹੈ। ਬਠਿੰਡਾ ਤੇ ਮਾਨਸਾ ਜ਼ਿਲ੍ਹੇ ਦੇ 166 ਪਿੰਡਾਂ 'ਚ ਇਹ ਆਰ.ਓ. ਸਿਸਟਮ ਲਗਾਏ ਗਏ ਹਨ। ਗਰੀਬ ਲੋਕਾਂ ਦੀ ਪਹੁੰਚ 'ਚ ਇਹ ਪਾਣੀ ਵੀ ਨਹੀਂ ਹੈ। ਸਰਵੇ ਮੁਤਾਬਕ ਆਰ.ਓ. ਪ੍ਰਬੰਧ ਤੋਂ ਪਾਣੀ ਲੈਣ ਵਾਲਿਆਂ ਵਿਚ ਗਰੀਬ ਲੋਕਾਂ ਦੀ ਗਿਣਤੀ ਕਾਫੀ ਘੱਟ ਹੈ।

ਗਰਮੀ ਵਧਣ ਨਾਲ ਆਰ.ਓ. ਸਿਸਟਮ ਜਾਮ ਹੋ ਗਏ ਹਨ। ਪਿੰਡਾਂ 'ਚ ਬਿਜਲੀ ਦੇ ਵੱਡੇ ਕੱਟ ਲੱਗਦੇ ਹਨ ਤੇ ਆਰ.ਓ. ਸਿਸਟਮ ਬਿਜਲੀ ਨਾਲ ਚੱਲਦੇ ਹਨ। ਇਸ ਤੋਂ ਪੁਰਾਣੇ ਜਲ ਘਰਾਂ 'ਚ ਸੁਧਾਰ ਲਈ ਸਭ ਰਾਹ ਬੰਦ ਕਰ ਦਿੱਤੇ ਗਏ ਹਨ। ਪੰਜਾਬ ਸਰਕਾਰ ਦਾ ਫੈਸਲਾ ਹੈ ਕਿ ਹੁਣ ਨਵੇਂ ਜਲ ਘਰਾਂ ਲਈ ਪਿੰਡ ਦੇ ਲੋਕਾਂ ਨੂੰ ਆਪਣੀ ਮਾਲੀ ਹਿੱਸੇਦਾਰੀ ਪਾਉਣੀ ਪਵੇਗੀ। ਹਾਲਤ ਇਹ ਹੈ ਕਿ ਜੇ ਗੰਦਾ-ਮੰਦਾ ਪਾਣੀ ਪੀਣ ਲਈ ਇਸੇ ਤਰ੍ਹਾਂ ਮਜਬੂਰ ਹੋਣਾ ਪਿਆ ਤਾਂ ਭਵਿੱਖ 'ਚ ਇਹ ਘਰ-ਘਰ ਸੱਥਰ ਵਿਛਾ ਦੇਵੇਗਾ। ਲੋੜ ਇਸ ਗੱਲ ਦੀ ਹੈ ਕਿ ਵੋਟਾਂ ਦੀ ਸਿਆਸਤ 'ਚੋਂ ਨਿਕਲ ਕੇ ਹਰ ਵਿਅਕਤੀ ਤੱਕ ਪੀਣ ਵਾਲਾ ਸ਼ੁੱਧ ਪਾਣੀ ਪੁੱਜਦਾ ਕੀਤਾ ਜਾਵੇ। ਸਹੀ ਲੋਕ ਰਾਜ ਉਹੀ ਹੋਵੇਗਾ ਜੋ ਇਸ ਬੁਨਿਆਦੀ ਲੋੜ ਨੂੰ ਪੂਰਾ ਕਰ ਸਕੇਗਾ।

# ਅਫਸਰਸ਼ਾਹੀ ਦੀ ਬਜਾਏ ਮੰਤਰੀ ਪੱਧਰ ’ਤੇ ਗੱਲਬਾਤ ਵੱਧ ਲਾਹੇਵੰਦ

***ਪਿਛਲੇ ਕੁਝ ਹੀ ਦਿਨਾਂ ਵਿਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਹਾਲਾਤ ਕੁਝ ਨਰਮ ਹੋਏ ਹਨ। ਨਵੀਂ ਹਾਲਤ ਦੇ ਮੱਦੇਨਜ਼ਰ ਵਿਦੇਸ਼ ਮੰਤਰੀ ਸ੍ਰੀ ਐਸ. ਐਮ. ਕ੍ਰਿਸ਼ਨਾ ਦੀ ਟ੍ਰਿਬਿਊਨ ਸਮੂਹ ਦੇ ਸੰਪਾਦਕ ਰਾਜ ਚੇਂਗੱਪਾ ਨਾਲ ਇਹ ਮੁਲਾਕਾਤ ਬੇਹੱਦ ਅਹਿਮ ਮਸਲਿਆਂ ‘ਤੇ ਰੌਸ਼ਨੀ ਪਾਉਂਦੀ ਹੈ। ਅਸੀਂ ‘ਪੰਜਾਬ ਟਾਈਮਜ਼’ ਦੇ ਪਾਠਕਾਂ ਦੇ ਧਿਆਨ ਹਿਤ ਇਹ ਇੰਟਰਵਿਊ ਇਥੇ ਛਾਪ ਰਹੇ ਹਾਂ। -ਸੰਪਾਦਕ***

**ਸਵਾਲ: ਭਾਰਤ ਮੰਤਰੀ ਪੱਧਰ ਉਤੇ ਪਾਕਿਸਤਾਨ ਨਾਲ ਗੱਲਬਾਤ ਲਈ ਰਾਜ਼ੀ ਹੋ ਗਿਆ ਹੈ ਅਤੇ ਜੁਲਾਈ ਵਿਚ ਤੁਹਾਡੀ ਇਸਲਾਮਾਬਾਦ ਜਾਣ ਦੀ ਯੋਜਨਾ ਹੈ। ਅਜਿਹਾ ਕੀ ਹੋਇਆ ਕਿ ਇਹ ਫੈਸਲਾ ਲੈਣਾ ਪਿਆ?**

-ਥਿੰਪੂ ਵਿਚ ਬੀਤੇ ਦਿਨੀਂ ਹੋਏ ਸਾਰਕ ਸੰਮੇਲਨ ਦੌਰਾਨ ਪਾਕਿਸਤਾਨੀ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਅਤੇ ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਖੁਲ੍ਹ ਕੇ ਗੱਲਬਾਤ ਕੀਤੀ। ਉਨ੍ਹਾਂ ਮਹਿਸੂਸ ਕੀਤਾ ਕਿ ਦੋਹਾਂ ਮੁਲਕਾਂ ਦਰਮਿਆਨ ਸਾਰੇ ਮਤਭੇਦਾਂ ਨੂੰ ਸਿਰਫ ਗੱਲਬਾਤ ਰਾਹੀਂ ਖਤਮ ਕੀਤਾ ਜਾ ਰਿਹਾ ਹੈ।

**ਸਵਾਲ: ਭਾਰਤ ਨੇ ਹਾਲ ਹੀ ਵਿਚ ਪੈਂਤੜਾ ਕਿਉਂ ਬਦਲਿਆ?**

-ਮੁੰਬਈ ਹਮਲਿਆਂ ਵੇਲੇ ਅਸੀਂ ਦੱਸਣਾ ਚਾਹੁੰਦੇ ਸੀ ਕਿ ਹਮਲਿਆਂ ਦੀ ਸਾਜ਼ਿਸ਼ ਪਾਕਿਸਤਾਨ ਵਿਚ ਘੜੀ ਗਈ ਅਤੇ ਪਾਕਿਸਤਾਨੀਆਂ ਨੇ ਹੀ ਇਸ ਨੂੰ ਨੇਪਰੇ ਚਾੜ੍ਹਿਆ। ਆਪਣਾ ਪੱਖ ਪੇਸ਼ ਕਰਨ ਲਈ ਅਸੀਂ ਉਨ੍ਹਾਂ ਨੂੰ ਠੋਸ ਸਬੂਤ ਦਿੱਤੇ ਕਿ ਜੇਕਰ ਇਸ ਸਬੰਧੀ ਦੀਵਾਨੀ ਜਾਂ ਫੌਜਦਾਰੀ ਅਦਾਲਤ ਵਿਚ ਮੁਕੱਦਮਾ ਦਾਇਰ ਕੀਤਾ ਹੁੰਦਾ ਤਾਂ ਉਨ੍ਹਾਂ ਨੂੰ ਦੋਸ਼ੀ ਠਹਿਰਾਇਆ ਹੀ ਜਾਣਾ ਸੀ। ਲੋਕਾਂ ਦੀਆਂ ਇੱਛਾਵਾਂ ਦਾ ਸਨਮਾਨ ਕਰਦੇ ਹੋਏ ਅਸੀਂ ਦੁਵੱਲੀ ਗੱਲਬਾਤ ਬੰਦ ਕਰ ਦਿੱਤੀ। ਸਰਕਾਰ ਨੇ ਵੀ ਮਹਿਸੂਸ ਕੀਤਾ ਕਿ ਅਜਿਹੇ ਹਾਲਾਤ ਵਿਚ ਪਾਕਿਸਤਾਨ ਨਾਲ ਗੱਲਬਾਤ ਨਹੀਂ ਕਰਨੀ ਚਾਹੀਦੀ। ਇਸ ਗੱਲ ਨੂੰ ਇਕ ਸਾਲ ਹੋ ਗਿਆ ਹੈ ਅਤੇ ਪਾਕਿਸਤਾਨ ਦੀਆਂ ਆਪਣੀਆਂ ਮਜਬੂਰੀਆਂ ਹਨ। ਮੁੰਬਈ ਧਮਾਕਿਆਂ ਦੇ ਕੁਝ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਪਾਕਿ ਵਿਚ ਕਾਰਵਾਈ ਚੱਲ ਰਹੀ ਹੈ।

**ਸਵਾਲ: ਪਾਕਿਸਤਾਨ ਵਲੋਂ ਮੁੰਬਈ ਹਮਲਿਆਂ ਦੇ ਦੋਸ਼ੀਆਂ ਖਿਲਾਫ ਕਾਰਵਾਈ ਵਿਚ ਦੇਰੀ ਦਾ ਕੀ ਕਾਰਨ ਹੈ?**

-ਉਹ ਕਹਿੰਦੇ ਹਨ ਕਿ ਸਰਕਾਰ ਦਾ ਅਦਾਲਤੀ ਕਾਰਵਾਈ ’ਤੇ ਕੋਈ ਕੰਟਰੋਲ ਨਹੀਂ। ਅਸੀਂ ਵੀ ਇਹ ਸਮਝਦੇ ਹਾਂ। ਭਾਰਤ ਵਿਚ ਵੀ ਅਦਾਲਤਾਂ ਨੂੰ ਕੁਝ ਕਰਨ ਜਾਂ ਨਾ ਕਰਨ ਬਾਰੇ ਨਹੀਂ ਕਿਹਾ ਜਾ ਸਕਦਾ। ਪਾਕਿਸਤਾਨੀ ਨਿਆਂਪਾਲਿਕਾ ਵੀ ਪੂਰੀ ਤਰ੍ਹਾਂ ਆਜ਼ਾਦ ਹੈ।

**ਸਵਾਲ: ਕੀ ਇਹੀ ਮੁੱਖ ਕਾਰਨ ਸੀ?**

-ਅਸੀਂ ਇਸ ਦੇ ਹੋਰ ਪੱਖਾਂ ਬਾਰੇ ਵੀ ਸੋਚਿਆ। ਅਸੀਂ ਸੋਚਿਆ ਕਿ ਕੀ ਸਾਨੂੰ ਜੰਗ ਸ਼ੁਰੂ ਕਰਨੀ ਚਾਹੀਦੀ ਹੈ ਜਾਂ ਮੁੰਬਈ ਹਮਲਿਆਂ ਦੇ ਦੋਸ਼ੀਆਂ ਨੂੰ ਫੜਨਾ ਚਾਹੀਦਾ ਹੈ? ਜੇ ਦੋਹਾਂ ਮੁਲਕਾਂ ਵਿਚਕਾਰ ਜੰਗ ਲੱਗਦੀ ਹੈ ਤਾਂ ਭਾਰਤੀ ਉਪ-ਮਹਾਂਦੀਪ ਜਾਂ ਇਸ ਦੇ ਗੁਆਂਢੀ ਮੁਲਕਾਂ ਦਾ ਕੀ ਬਣੇਗਾ? ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਦੋਹੇਂ ਮੁਲਕਾਂ ਕੋਲ ਪ੍ਰਮਾਣੂ ਹਥਿਆਰ ਹਨ ਅਤੇ ਇਸ ਤੱਥ ਨੂੰ ਡਾ. ਮਨਮੋਹਨ ਸਿੰਘ ਸਮੇਤ ਅਸੀਂ ਸਾਰੇ ਬਹੁਤ ਅਹਿਮ ਮੰਨਦੇ ਹਾਂ। ਦੋਹਾਂ ਪ੍ਰਧਾਨ ਮੰਤਰੀਆਂ ਦੀ ਥਿੰਪੂ ਵਿਚ ਮੁਲਾਕਾਤ ਦੌਰਾਨ ਸਾਨੂੰ ਪਾਕਿਸਤਾਨ ਦੀਆਂ ਕਾਰਵਾਈਆਂ ਕਾਰਨ, ਉਸ ’ਤੇ ਕਾਫੀ ਭਰੋਸਾ ਹੋਇਆ। ਇਸ ਲਈ ਅਸੀਂ ਮੁੜ ਗੱਲਬਾਤ ਸ਼ੁਰੂ ਕਰਨ ਦੀ ਸੋਚੀ। ਸਾਨੂੰ ਜਾਪਿਆ ਕਿ ਅਫਸਰਸ਼ਾਹੀ ਦੀ ਬਜਾਏ ਮੰਤਰੀ ਪੱਧਰ ਉਤੇ ਕੀਤੀ ਗੱਲਬਾਤ ਵਧੇਰੇ ਲਾਹੇਵੰਦ ਅਤੇ ਅਸਰਦਾਇਕ ਹੁੰਦੀ ਹੈ। ਪਾਕਿਸਤਾਨੀ ਵਿਦੇਸ਼ ਸਕੱਤਰ ਸਲਮਾਨ ਬਸ਼ੀਰ ਦੇ ਦਿੱਲੀ ਦੌਰੇ ਸਮੇਂ ਬਹੁਤ ਆਸਾਂ ਬੱਝੀਆਂ ਹਨ ਪਰ ਇਸ ਤੋਂ ਕੁਝ ਹਾਸਲ ਨਹੀਂ ਹੋਇਆ। ਇਸ ਲਈ ਅਸੀਂ ਅਫਸਰਸ਼ਾਹੀ ਦੀ ਬਜਾਏ ਵਿਦੇਸ਼ ਮੰਤਰੀਆਂ ਦੇ ਪੱਧਰ ’ਤੇ ਗੱਲਬਾਤ ਕਰਨ ਲਈ ਸਹਿਮਤ ਹੋ ਗਏ।



**ਸਵਾਲ: ਗੱਲਬਾਤ ਨਾਲ ਕੀ ਹਾਸਲ ਹੋਵੇਗਾ?**

-ਗੱਲਬਾਤ ਦਾ ਚੌਖਟਾ ਬਿਲਕੁਲ ਸਪੱਸ਼ਟ ਹੈ। ਸਾਡੇ ਦੋਵਾਂ ਮੁਲਕਾਂ ਵਿਚਕਾਰ ਬੇਭਰੋਸਗੀ ਬਣੀ ਹੋਈ ਹੈ। ਇਸ ਲਈ ਸੁਆਲ ਇਹ ਪੈਦਾ ਹੁੰਦਾ ਹੈ ਕਿ ਇਸ ਬੇਭਰੋਸਗੀ ਨੂੰ ਖਤਮ ਕਿਵੇਂ ਕੀਤਾ ਜਾਵੇ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਯੂਸਫ ਰਜ਼ਾ ਗਿਲਾਨੀ ਨੇ ਕਿਹਾ ਸੀ ਕਿ ਸਾਨੂੰ ਪਹਿਲਾਂ ਭਰੋਸੇ ਦੀ ਘਾਟ ਨਾਲ ਸਿੱਝਣਾ ਪਵੇਗਾ। ਪੰਦਰਾਂ ਜੁਲਾਈ ਨੂੰ ਇਸਲਾਮਾਬਾਦ ਦਾ ਮੇਰਾ ਦੌਰਾ ਇਸੇ ਲੜੀ ਦਾ ਹਿੱਸਾ ਹੋਵੇਗਾ।

**ਸਵਾਲ: ਕੀ ਅਸੀਂ ਪਾਕਿਸਤਾਨ ਨਾਲ ਸਰਬਪੱਖੀ ਗੱਲਬਾਤ ਲਈ ਸਹਿਮਤ ਹੋ ਕੇ ਦਹਿਸ਼ਤਵਾਦ ਦੇ ਮੁੱਦੇ ਨੂੰ ਪੇਤਲਾ ਨਹੀਂ ਪਾ ਰਹੇ?**

-ਮੇਰੇ ਇਸਲਾਮਾਬਾਦ ਦੌਰੇ ਸਮੇਂ ਵੀ ਦਹਿਸ਼ਤਵਾਦ ਮੁੱਖ ਮੁੱਦਾ ਰਹੇਗਾ। ਮੈਂ ਵਿਦੇਸ਼ ਮੰਤਰੀ ਕੁਰੈਸ਼ੀ ਨਾਲ ਦਹਿਸ਼ਤਵਾਦ, ਦਹਿਸ਼ਤ ਦੇ ਔਜ਼ਾਰਾਂ ਅਤੇ ਇਨ੍ਹਾਂ ਦੇ ਪਾਕਿਸਤਾਨ ਦੀ ਧਰਤੀ ਤੋਂ ਕੰਮ ਕਰਨ ਬਾਰੇ ਗੱਲ ਕਰਾਂਗਾ।

ਜੇ ਮਿਸਲ ਵਿਚ ਕੋਈ ਸਬੂਤ ਹੋਇਆ ਤਾਂ ਉਸ ਵਲ ਵੀ ਧਿਆਨ ਦਿਵਾਇਆ ਜਾਵੇਗਾ। ਪਾਕਿਸਤਾਨ ਵੀ ਇਹ ਕਹਿੰਦਾ ਹੈ ਕਿ ਦਹਿਸ਼ਤਵਾਦ ਕਾਰਵਾਈਆਂ ਵਿਚ 30-40 ਲੋਕ ਮਰਦੇ ਹਨ। ਇਸ ਲਈ ਪਾਕਸਿਤਾਨ ਵਿਚ ਤਾਲਿਬਾਨ ਅਤੇ ਹੋਰ ਦਹਿਸ਼ਤਗਰਦ ਜਥੇਬੰਦੀਆਂ ਨਿਜ਼ਾਮ ਖਿਲਾਫ ਕਾਫੀ ਸਰਗਰਮ ਹਨ।

**ਸਵਾਲ: ਕੀ ਤੁਸੀਂ ਸਮਝਦੇ ਹੋ ਕਿ ਪਾਕਿਸਤਾਨ ਸਰਕਾਰ ਦਹਿਸ਼ਤਵਾਦ ਦੇ ਤਾਣੇ-ਬਾਣੇ ਨੂੰ ਖਤਮ ਕਰਨ ਅਤੇ ਇਸ ਦੇ ਰਾਜਕੀ ਸੰਪਰਕਾਂ ਨੂੰ ਤੋੜਨ ਬਾਰੇ ਸੁਹਿਰਦਤਾ ਨਾਲ ਕੋਸ਼ਿਸ਼ਾਂ ਕਰ ਰਹੀ ਹੈ?**

-ਪਿਛਲੇ ਕੁਝ ਮਹੀਨਿਆਂ ਦੇ ਅਨੁਭਵ ਦੇ ਮੱਦੇਨਜ਼ਰ ਮੇਰਾ ਖਿਆਲ ਹੈ ਉਹ ਦਹਿਸ਼ਤਵਾਦ ਬਾਰੇ ਬਿਹਤਰ ਸਮਝ ਬਣਾਉਣ ਦੇ ਸਮਰੱਥ ਹੋ ਗਏ ਹਨ। ਦਹਿਸ਼ਤਗਰਦ ਕਿਸੇ ਵੀ ਮੁਲਕ ’ਤੇ ਜਦੋਂ ਜੀਅ ਚਾਹਵੇ, ਹਮਲਾ ਕਰ ਸਕਦੇ ਹਨ। ਉਨ੍ਹਾਂ ਰਾਵਲਪਿੰਡੀ ਵਿਚ ਇਹ ਸਿੱਧ ਕੀਤਾ। ਸਵਾਤ ਅਤੇ ਹੋਰਨਾਂ ਇਲਾਕਿਆਂ ਵਿਚ ਵੀ ਉਹ ਇਹ ਸਿੱਧ ਕਰ ਰਹੇ ਹਨ। ਮੈਨੂੰ ਯਕੀਨ ਹੈ ਕਿ ਇਸ ਰੋਸ਼ਨੀ ਵਿਚ ਪਾਕਿਸਤਾਨ ਵੀ ਦਹਿਸ਼ਤਵਾਦ ਨੂੰ ਸ਼ਾਇਦ ਉਸੇ ਝਰੋਖੇ ‘ਚੋਂ ਦੇਖ ਰਿਹਾ ਹੈ ਜਿਸ ਵਿਚੋਂ ਭਾਰਤ ਦੇਖਦਾ ਹੈ।

**ਸਵਾਲ: ਪਾਕਿਸਤਾਨ ਨੇ ਅਜੇ ਹਾਫਿਜ਼ ਸਈਦ ਉਤੇ ਮੁਕੱਦਮਾ ਚਲਾਉਣਾ ਹੈ?**

-ਅਸੀਂ ਉਨ੍ਹਾਂ ਨੂੰ ਦੱਸਦੇ ਆ ਰਹੇ ਹਾਂ ਕਿ ਤੁਹਾਨੂੰ ਹਾਫਿਜ਼ ਸਈਦ ਖਿਲਾਫ ਮੁਕੱਦਮਾ ਚਲਾਉਣਾ ਚਾਹੀਦਾ ਹੈ। ਇਸ ਬਾਰੇ ਉਨ੍ਹਾਂ ਦਾ ਇਹ ਕਹਿਣਾ ਹੈ ਕਿ ਉਹ ਸਈਦ ‘ਤੇ ਦੋ ਵਾਰ ਮੁਕੱਦਮਾ ਚਲਾ ਚੁੱਕੇ ਹਨ ਅਤੇ ਦੋਵੇਂ ਵਾਰੀ ਅਦਾਲਤ ਨੇ ਉਸ ਨੂੰ ਰਿਹਾਅ ਕੀਤਾ। ਪਰ ਤਾਂ ਵੀ ਸਾਡਾ ਵਿਸ਼ਵਾਸ ਹੈ ਅਤੇ ਅਸੀਂ ਇਹ ਜ਼ੋਰ ਦੇ ਕੇ ਕਹਿੰਦੇ ਹਾਂ ਕਿ ਮੁੰਬਈ ਹਮਲਿਆਂ ਪਿੱਛੇ ਹਾਫਿਜ਼ ਸਈਦ ਦਾ ਸ਼ਾਤਿਰ ਦਿਮਾਗ ਕੰਮ ਕਰਦਾ ਸੀ ਅਤੇ ਉਸ ਨੂੰ ਨਿਆਂ ਦੇ ਕਟਹਿਰੇ ‘ਚ ਖੜ੍ਹਾ ਕੀਤਾ ਜਾਣਾ ਚਾਹੀਦਾ ਹੈ।

ਇਸ ਵਕਤ ਮੈਂ ਤੁਹਾਨੂੰ ਇਹ ਨਹੀਂ ਦੱਸ ਸਕਦਾ ਕਿ ਅਸੀਂ ਕਸ਼ਮੀਰ ਮਸਲੇ ਨੂੰ ਕਿੱਦਾਂ ਹੱਲ ਕਰਨ ਜਾ ਰਹੇ ਹਾਂ। ਕਸ਼ਮੀਰ ਮਸਲੇ ਨੇ ਸਾਨੂੰ ਲੰਮੇ ਅਰਸੇ ਤੋਂ ਲਪੇਟ ‘ਚ ਲਿਆ ਹੋਇਆ ਹੈ ਅਤੇ ਇਹ ਇੰਨਾ ਸੌਖਾ ਕੰਮ ਨਹੀਂ ਕਿ ਮੈਂ ਕੁਝ ਕਹਿ ਦੇਵਾਂ ਤੇ ਮਸਲਾ ਹੱਲ ਹੋ ਜਾਵੇ। ਇਸ ਵੇਲੇ ਸਾਡਾ ਕੇਂਦਰੀ ਨੁਕਤਾ ਦੋਵਾਂ ਦੇਸ਼ਾਂ ਵਿਚਾਲੇ ਬੇਭਰੋਸਗੀ ਘਟਾਉਣ ਦਾ ਹੈ। ਮੇਰਾ ਖਿਆਲ ਹੈ ਕਿ ਜੇ ਇਸ ਸਬੰਧ ਵਿਚ ਅਸੀਂ ਸਫਲ ਹੋ ਗਏ ਤਾਂ ਕੁਝ ਨਾ ਕੁਝ ਹਾਸਲ ਕੀਤਾ ਜਾ ਸਕਦਾ ਹੈ।

**ਸਵਾਲ: ਕੀ ਅਸੀਂ ਕਸ਼ਮੀਰ ਮੁੱਦੇ ਦੇ ਸਾਰੇ ਪੱਖਾਂ ਬਾਰੇ ਗੱਲਬਾਤ ਕਰਨ ਲਈ ਤਿਆਰ ਹਾਂ?**

-ਅਸੀਂ ਕਿਹਾ ਸੀ ਕਿ ਅਸੀਂ ਉਸ ਹਰ ਮੁੱਦੇ ਬਾਰੇ ਗੱਲਬਾਤ ਕਰਨ ਲਈ ਤਿਆਰ ਹਾਂ ਜੋ ਪਾਕਿਸਤਾਨ ਜਾਂ ਭਾਰਤ ਵਲੋਂ ਉਠਾਇਆ ਜਾ ਸਕਦਾ ਹੈ। ਮੇਰਾ ਖਿਆਲ ਹੈ ਕਿ ਇਹ ਭਾਰਤ ਦੀ ਪ੍ਰਤੱਖ ਪੁਜ਼ੀਸ਼ਨ ਹੈ ਕਿ ਅਸੀਂ ਪਾਕਸਿਤਾਨ ਨਾਲ ਗੱਲਬਾਤ ਕਰਨ ਲਈ ਤਿਆਰ ਹਾਂ।

**ਸਵਾਲ: ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਕੇ.ਐਮ. ਕਸੂਰੀ ਨੇ ਦਾਅਵਾ ਕੀਤਾ ਸੀ ਕਿ ਜਦੋਂ ਮੁਸ਼ੱਰਫ ਸੱਤਾ ਵਿਚ ਸੀ ਤਾਂ ਭਾਰਤ ਅਤੇ ਪਾਕਿਸਤਾਨ ਹੱਲ ਦੇ ਨੇੜੇ ਪੁੱਜ ਗਏ ਸਨ। ਕੀ ਇਹ ਸਹੀ ਹੈ?**

-ਸ਼ਿਮਲਾ ਗੱਲਬਾਤ ਦੌਰਾਨ ਇਹ ਕਿਹਾ ਗਿਆ ਸੀ ਕਿ ਕੁਝ ਨਾ ਕੁਝ ਸਿਰੇ ਚੜ੍ਹ ਗਿਆ ਹੈ ਪਰ ਅਗਲੀ ਸਵੇਰੇ ਕੁਝ ਵੀ ਨਾ ਮਿਲਿਆ। ਇਸ ਵਿਚ ਬਹੁਤ ਸਾਰੇ ਉਤਰਾਅ-ਚੜ੍ਹਾਅ ਤੇ ਮੋੜ-ਘੋੜ ਆਉਂਦੇ ਹਨ। ਮੈਂ ਇਸ ਬਾਰੇ ਹੋਰ ਕੁਝ ਨਹੀਂ ਕਹਿਣਾ ਚਾਹੁੰਦਾ।

**ਸਵਾਲ: ਕਸ਼ਮੀਰ ਬਾਰੇ ਸਾਡਾ ਜ਼ੋਰ ਕਿਸ ਨੁਕਤੇ ‘ਤੇ ਹੋਵੇਗਾ? ਅਸੀਂ ਸਰਹੱਦ ਨੂੰ ਅਪ੍ਰਸੰਗਕ ਬਣਾਉਣ ਦੀ ਗੱਲ ਕਰਦੇ ਰਹੇ ਹਾਂ।**

-ਕਸ਼ਮੀਰ ਬਾਰੇ ਭਾਰਤ ਦਾ ਸਟੈਂਡ ਬਹੁਤ ਸਪੱਸ਼ਟ ਹੈ। ਅਸੀਂ ਇਸ ਨੂੰ ਦੁਹਰਾਉਣਾ ਨਹੀਂ ਚਾਹੁੰਦੇ। ਜੰਮੂ-ਕਸ਼ਮੀਰ ਭਾਰਤ ਦਾ ਹਿੱਸਾ ਹੈ ਅਤੇ ਪਾਕਿਸਤਾਨ ਨੇ ਇਸ ਦੇ ਕੁਝ ਹਿੱਸਿਆ ’ਤੇ ਗੈਰ-ਕਾਨੂੰਨੀ ਕਬਜ਼ਾ ਕੀਤਾ ਹੋਇਆ ਹੈ ਜੋ ਸੰਵਿਧਾਨ ਮੁਤਾਬਿਕ ਵਾਕੱਈ ਭਾਰਤ ਨਾਲ ਸੰਬੰਧਿਤ ਹਨ। ਇਹੀ ਸਾਡੀ ਪੁਜ਼ੀਸ਼ਨ ਹੈ।

**ਸਵਾਲ: ਅਸੀਂ ਪਾਕਿਸਤਾਨ ਨਾਲ ਸਰਹੱਦਾਂ ਨੂੰ ਮੋਕਲਾ ਬਣਾਉਣ ਬਾਰੇ ਗੱਲ ਕਰਦੇ ਰਹੇ ਹਾਂ। ਕੀ ਅਜੇ ਵੀ ਅਸੀਂ ਇਸ ਪੈਂਤੜੇ ਦੀ ਪੈਰਵੀ ਕਰਦੇ ਹਾਂ?**

-ਮਹੀਨੇ ਕੁ ਬਾਅਦ ਜਦੋਂ ਮੈਂ ਇਸਲਾਮਾਬਾਦ ਜਾਣ ਵਾਲਾ ਹਾਂ ਤਾਂ ਇਸ ਵੇਲੇ ਇਸ ਦਾ ਖੁਲਾਸਾ ਕਰਨਾ ਮੇਰੇ ਲਈ ਥੋੜ੍ਹਾ ਔਖਾ ਹੋਵੇਗਾ। ਮੈਨੂੰ ਯਕੀਨ ਹੈ ਕਿ ਤੁਸੀਂ ਇਸ ਨੂੰ ਸਮਝੋਗੇ।

**ਸਵਾਲ: ਕੀ ਤੁਸੀਂ ਸਿਆਚਿਨ ਬਾਰੇ ਗੱਲਬਾਤ ਕਰਨ ਦੀ ਯੋਜਨਾ ਬਣਾ ਰਹੇ ਹੋ?**

-ਅਜੇ ਇਹ ਕਹਿਣਾ ਸਮੇਂ ਤੋਂ ਪਹਿਲਾਂ ਵਾਲੀ ਗੱਲ ਹੋਵੇਗੀ। ਜੇ ਪਾਕਿਸਤਾਨ ਨੇ ਇਸ ਨੂੰ ਉਠਾਇਆ ਤਾਂ ਇਹ ਮੁੱਦਾ ਵੀ ਮੇਜ਼ ‘ਤੇ ਹੋਵੇਗਾ।

**ਸਵਾਲ: ਪਾਕਿਸਤਾਨ ਕਹਿੰਦਾ ਆ ਰਿਹਾ ਹੈ ਕਿ ਪਾਣੀ ਵੀ ਉਸ ਲਈ ਵੱਡਾ ਮੁੱਦਾ ਬਣਦਾ ਜਾ ਰਿਹਾ ਹੈ?**

-ਸਾਡੇ ਦਰਮਿਆਨ ਸਿੰਧ ਜਲ ਸੰਧੀ ਅਤੇ ਸਿੰਧ ਜਲ ਕਮਿਸ਼ਨ ਮੌਜੂਦ ਹਨ। ਕੁਝ ਦਿਨ ਪਹਿਲਾਂ ਮਾਹਿਰਾਂ ਦੀ ਦਿੱਲੀ ਵਿਚ ਗੱਲਬਾਤ ਹੋਈ ਸੀ। ਜੇ ਪਾਕਿਸਤਾਨ ਦੇ ਕੋਈ ਸਰੋਕਾਰ ਹਨ ਤਾਂ ਉਹ ਕਮਿਸ਼ਨ ਜਾਂ ਮਾਹਿਰਾਂ ਦੀ ਕਮੇਟੀ ਨੂੰ ਸੌਂਪੇ ਜਾ ਸਕਦੇ ਸਨ। ਇਸੇ ਲਈ ਅਸੀਂ ਇਸ ਬਾਰੇ ਗੱਲ ਕਰਨ ਲਈ ਸਹਿਮਤ ਹਾਂ।

**ਸਵਾਲ: ਪਾਕਿਸਤਾਨ ਨੇ ਬਲੋਚਿਸਤਾਨ ਵਿਚ ਭਾਰਤ ਦੇ ਦਖਲ ਬਾਰੇ ਗੱਲ ਕੀਤੀ ਸੀ। ਕੀ ਉਨ੍ਹਾਂ ਲਈ ਅਜੇ ਵੀ ਇਹ ਮੁੱਦਾ ਹੈ?**

-ਮੇਰਾ ਨਹੀਂ ਖਿਆਲ ਕਿ ਬਲੋਚਿਸਤਾਨ ਹੁਣ ਕੋਈ ਮੁੱਦਾ ਰਿਹਾ। ਉਨ੍ਹਾਂ ਬਲੋਚਿਸਤਾਨ ਵਿਚ ਭਾਰਤੀ ਦਖਲ ਦੇ ਸਾਨੂੰ ਕੋਈ ਸਬੂਤ ਨਹੀਂ ਦਿੱਤੇ। ਇਸ ਤਰ੍ਹਾਂ ਭਾਰਤ ‘ਤੇ ਦੋਸ਼ ਲਾਉਣਾ ਸਹੀ ਨਹੀਂ ਹੈ। ਅਸੀਂ ਪਾਕਿਸਤਾਨ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਹੀਂ ਦਿੱਤਾ। ਪਾਕਿਸਤਾਨ ਨੂੰ ਆਪਣੇ ਬਾਰੇ ਤੈਅ ਕਰਨਾ ਪਵੇਗਾ।

**ਸਵਾਲ: ਵਿਰੋਧੀ ਧਿਰ, ਖਾਸ ਕਰਕੇ ਭਾਜਪਾ ਤੁਹਾਡੀ ਸਰਕਾਰ ‘ਤੇ ਪਾਕਿਸਤਾਨ ਬਾਰੇ ਨਰਮ ਵਤੀਰਾ ਅਪਨਾਉਣ ਦਾ ਦੋਸ਼ ਲਗਾਉਂਦੀ ਹੈ ਕਿ ਤੁਸੀਂ ਭਾਰਤ ਦੇ ਕੌਮੀ ਹਿੱਤਾ ‘ਤੇ ਸੌਦੇਬਾਜ਼ੀ ਕਰਨਾ ਚਾਹੁੰਦੇ ਹੋ?**

-ਭਾਰਤ ਦੇ ਕੌਮੀ ਹਿੱਤਾਂ, ਭਾਰਤ ਦੀ ਸੁਰੱਖਿਆ ਅਤੇ ਪ੍ਰਭੂਸੱਤਾ ਦੀ ਰਾਖੀ ਹੀ ਸਾਡੇ ਲਈ ਸਭ ਤੋਂ ਉਪਰ ਹੈ। ਇਹ ਸੌਦੇਬਾਜ਼ੀ ਤੋਂ ਪਰ੍ਹੇ ਹੈ ਅਤੇ ਮੈਂ ਨਹੀਂ ਸੋਚਦਾ ਕਿ ਕੋਈ ਸਾਡੇ ‘ਤੇ ਇਹ ਦੋਸ਼ ਲਗਾ ਸਕਦਾ ਹੈ। ਨਾਲ ਹੀ ਅਸੀਂ ਆਪਣੇ ਗੁਆਂਢੀਆਂ ਨਾਲ ਦੋਸਤਾਨਾ ਸਬੰਧ ਬਣਾਉਣਾ ਚਾਹੁੰਦੇ ਹਾਂ। ਇਹ ਦੋਤਰਫਾ ਪਹੁੰਚ ਹੈ।

**ਸਵਾਲ: ਭਾਜਪਾ ਪ੍ਰਧਾਨ ਨੇ ਕੀਤੀ ਮੁਲਾਕਾਤ ਵਿਚ ਪਾਕਿਸਤਾਨ ਨਾਲ ਗੱਲਬਾਤ ਕਰਨ ਦਾ ਵਿਰੋਧ ਕੀਤਾ ਸੀ। ਤੁਸੀਂ ਇਸ ਬਾਰੇ ਕੀ ਕਹਿਣਾ ਚਾਹੋਗੇ?**

-ਮੇਰਾ ਖਿਆਲ ਹੈ ਕਿ ਜਦੋਂ ਐਨ.ਡੀ.ਏ. ਸੱਤਾ ਵਿਚ ਸੀ ਤਾਂ ਉਨ੍ਹਾਂ ਪਾਕਿਸਤਾਨ ਨਾਲ ਗੱਲਬਾਤ ਚਲਾਈ ਸੀ। ਇਸ ਲਈ ਉਨ੍ਹਾਂ ਨੂੰ ਇਸ ਬਾਰੇ ਸਾਡੇ ਗੁਆਂਢ ਦੇ ਵਡੇਰੇ ਨਜ਼ਰੀਏ ਤੋਂ ਦੇਖਣ ਦੀ ਲੋੜ ਹੈ। ਵਡੇਰਾ ਨਜ਼ਰੀਆ ਇਹ ਹੈ ਕਿ ਅਸੀਂ ਹੋਰ ਕਿੰਨੀ ਦੇਰ ਤੱਕ ਲੜਦੇ ਰਹਾਂਗੇ। ਮੇਰਾ ਖਿਆਲ ਹੈ ਕਿ ਜੋ ਕੁਝ ਉਨ੍ਹਾਂ ਦੇ ਹਿੱਤ ਵਿਚ ਹੈ ਉਹ ਸਾਡੇ ਹਿੱਤ ’ਚ ਵੀ ਹੈ ਅਤੇ ਸਾਡੇ ਹੋਰਨਾਂ ਗੁਆਂਢੀਆਂ ਦੇ ਵੀ ਹਿੱਤ ਵਿਚ।

# ਸ਼ੁਰੂ ਹੋ ਹੀ ਗਈ ਜੰਮੂ-ਕਸ਼ਮੀਰ ’ਚ ਮਰਦਮਸ਼ੁਮਾਰੀ ’ਤੇ ਸਿਆਸਤ

**ਗੋਪਾਲ ਸੱਚਰ**

ਦੇਸ਼ ਦੇ ਹੋਰਨਾਂ ਹਿੱਸਿਆਂ ਵਾਂਗ ਜੰਮੂ-ਕਸ਼ਮੀਰ ਵਿਚ ਵੀ ਮਰਦਮਸ਼ੁਮਾਰੀ ਸ਼ੁਰੂ ਹੋ ਚੁੱਕੀ ਹੈ। ਇਹ ਕੰਮ ਕਈ ਕਾਰਨਾਂ ਕਰਕੇ ਅਹਿਮ ਮੰਨਿਆ ਜਾਂਦਾ ਹੈ। ਦੇਸ਼ ਦੀ ਤਰੱਕੀ ਤੇ ਵਿਕਾਸ ਕਾਰਜਾਂ ਲਈ ਜ਼ਿਆਦਾਤਰ ਯੋਜਨਾਵਾਂ ਆਬਾਦੀ ਦੇ ਆਧਾਰ ‘ਤੇ ਹੀ ਬਣਾਈਆਂ ਜਾਂਦੀਆਂ ਹਨ ਪਰ ਫਿਰਕੂ ਸੋਚ ਦੇ ਆਧਾਰ ‘ਤੇ ਵਿਸ਼ੇਸ਼ ਸਥਾਨ ਰੱਖਣ ਵਾਲੇ ਜੰਮੂ-ਕਸ਼ਮੀਰ ‘ਚ ਮਰਦਮਸ਼ੁਮਾਰੀ ਦਾ ਕੰਮ ਸ਼ੁਰੂ ਹੋਣ ਦੇ ਨਾਲ ਹੀ ਸਿਆਸਤ ਵੀ ਆਪਣਾ ਰੰਗ ਜਮਾਉਣ ਲੱਗ ਪਈ ਹੈ। ਅਤਿਵਾਦ ਤੋਂ ਪੀੜਤ ਕਸ਼ਮੀਰ ਵਾਦੀ ਦੇ ਕੁਝ ਕੱਟੜਪੰਥੀਆਂ ਤੇ ਵੱਖਵਾਦੀ ਨੇਤਾਵਾਂ ਨੇ ਇਸ ਸੰਬੰਧੀ ਵੱਖ-ਵੱਖ ਸੁਰ ਕੱਢਣੇ ਸ਼ੁਰੂ ਕਰ ਦਿੱਤੇ ਹਨ, ਜਿਸ ਤੋਂ ਲੱਗਦਾ ਹੈ ਕਿ ਇਹ ਸੋਚ ਕਈ ਖੇਤਰਾਂ ਵਿਚ ਇਸ ਕੰਮ ਨੂੰ ਪ੍ਰਭਾਵਤ ਕਰੇਗੀ ਤੇ ਮਰਦਮਸ਼ੁਮਾਰੀ ਦੇ ਨਤੀਜੇ ਚੰਗੇ-ਖਾਸੇ ਵਿਵਾਦ ਦਾ ਵਿਸ਼ਾ ਬਣ ਸਕਦੇ ਹਨ। ਇਸ ਸੂਬੇ ‘ਚ ਮਰਦਮਸ਼ੁਮਾਰੀ ਦਾ ਕੰਮ ਹਮੇਸ਼ਾ ਮੁਸ਼ਕਲ ਜਿਹਾ ਹੀ ਰਿਹਾ ਹੈ। ਪਹਿਲਾਂ 1951 ਤੇ ਫਿਰ 1991 ਵਿਚ, ਭਾਵ ਦੋ ਵਾਰ ਇਹ ਮਹੱਤਵਪੂਰਨ ਕੰਮ ਇਥੇ ਹੀ ਹੋ ਨਹੀਂ ਸਕਿਆ। ਪਿਛਲੇ 60 ਸਾਲਾਂ ਵਿਚ ਦੇਸ਼ ਅੰਦਰ 6 ਵਾਰ ਮਰਦਮਸ਼ੁਮਾਰੀ ਹੋਈ ਹੈ, ਜਦਕਿ ਇਸ ਸੂਬੇ ਵਿਚ ਇਹ ਕੰਮ ਸਿਰਫ ਚਾਰ ਵਾਰ ਹੀ ਹੋ ਸਕਿਆ ਹੈ। ਸਾਲ 2001 ਵਿਚ ਮਰਦਮਸ਼ੁਮਾਰੀ ਤਾਂ ਹੋਈ ਪਰ ਜੋ ਅੰਕੜੇ ਸਾਹਮਣੇ ਆਏ, ਉਹ ਹੈਰਾਨ ਕਰ ਦੇਣ ਵਾਲੇ ਸਨ ਅਤੇ ਇਸ ਮਰਦਮਸ਼ੁਮਾਰੀ ਦੀ ਨਿਰਪੱਖਤਾ ਨੂੰ ਵੀ ਵਿਵਾਦਪੂਰਨ ਬਣਾਉਣ ਵਾਲੇ ਸਨ।

ਕੌਮੀ ਪੱਧਰ ‘ਤੇ 1981 ਤੇ 2001 ਦਰਮਿਆਨ ਆਬਾਦੀ ‘ਚ ਲਗਭਗ 46 ਫੀਸਦੀ ਵਾਧਾ ਹੋਇਆ ਪਰ ਜੰਮੂ ਕਸ਼ਮੀਰ ਵਿਚ ਇਹ ਵਾਧਾ 65 ਫੀਸਦੀ ਤੋਂ ਵੀ ਜ਼ਿਆਦਾ ਦਰਜ ਕੀਤਾ ਗਿਆ। ਕਸ਼ਮੀਰ ਵਾਦੀ ‘ਚ ਤਾਂ ਇਹ ਵਾਧਾ 73 ਫੀਸਦੀ ਤੋਂ ਵੀ ਜ਼ਿਆਦਾ ਦਿਖਾਇਆ ਗਿਆ, ਜਦਕਿ ਜੰਮੂ ਡਵੀਜ਼ਨ ਵਿਚ ਇਹ ਵਾਧਾ 61 ਫੀਸਦੀ ਦੇ ਲਗਭਗ ਸੀ।

ਸਰਕਾਰੀ ਅੰਕੜਿਆਂ ਮੁਤਾਬਕ ਕਸ਼ਮੀਰ ਵਾਦੀ ਵਿਚ ਪਿਛਲੇ 20 ਸਾਲਾਂ ਦੌਰਾਨ 40 ਹਜ਼ਾਰ ਤੋਂ ਜ਼ਿਆਦਾ ਲੋਕ ਮਾਰੇ ਗਏ, ਜਿਨ੍ਹਾਂ ਵਿਚ ਵੱਡੀ ਗਿਣਤੀ ਵਿਚ ਅਤਿਵਾਦੀ ਸਨ ਜਾਂ ਅਤਿਵਾਦੀਆਂ ਹੱਥੋਂ ਮਰਨ ਵਾਲੇ। ਅੱਠ ਹਜ਼ਾਰ ਤੋਂ ਜ਼ਿਆਦਾ ਔਰਤਾਂ ਵਿਧਵਾ ਵੀ ਹੋਈਆਂ। ਇੰਨੀ ਵੱਡੀ ਤ੍ਰਾਸਦੀ ਤੋਂ ਬਾਅਦ ਵੀ ਕਸ਼ਮੀਰ ਵਾਦੀ ‘ਚ ਇਹ ਵਾਧਾ ਕਿਵੇਂ ਹੋਇਆ, ਇਹ ਜਾਂਚ ਦਾ ਇਕ ਵੱਡਾ ਵਿਸ਼ਾ ਹੈ। ਇਹ ਸਵਾਲ ਵੀ ਪੈਦਾ ਹੁੰਦਾ ਹੈ ਕਿ ਮਰਦਮਸ਼ੁਮਾਰੀ ਦੇ ਅੰਕੜਿਆਂ ਨਾਲ ਕੋਈ ਖਿਲਵਾੜ ਤਾਂ ਨਹੀਂ ਕੀਤਾ ਗਿਆ। 2001 ਦੀ ਮਰਦਮਸ਼ੁਮਾਰੀ ਅਨੁਸਾਰ ਜੰਮੂ-ਕਸ਼ਮੀਰ ਵਿਚ ਆਬਾਦੀ ਵਿਚ ਸਭ ਤੋਂ ਜ਼ਿਆਦਾ ਵਾਧਾ ਸਰਹੱਦੀ ਜ਼ਿਲੇ ਕੁੱਪਵਾੜਾ ਵਿਚ ਦਰਜ ਕੀਤਾ ਗਿਆ। 1981 ਦੀ ਮਰਦਮਸ਼ੁਮਾਰੀ ‘ਚ ਇਸ ਜ਼ਿਲੇ ਦੀ ਆਬਾਦੀ 3.29 ਲੱਖ ਸੀ, ਜੋ 2001 ਵਿਚ 6.40 ਲੱਖ ਤੋਂ ਵੀ ਜ਼ਿਆਦਾ ਦਰਜ ਕੀਤੀ ਗਈ। ਆਬਾਦੀ ‘ਚ ਦੂਜਾ ਜ਼ਿਆਦਾ ਵਾਧਾ ਜ਼ਿਲਾ ਅਨੰਤਨਾਗ ‘ਚ ਦਰਜ ਕੀਤਾ ਗਿਆ। 1981 ਵਿਚ ਇਸ ਜ਼ਿਲ੍ਹੇ ਦੀ ਆਬਾਦੀ 6.54 ਲੱਖ ਸੀ, ਜਦਕਿ 2001 ਵਿਚ 11.70 ਲੱਖ ਦਰਜ ਕੀਤੀ ਗਈ। ਇਸ ਦੇ ਉਲਟ ਜੰਮੂ ਦੇ ਜ਼ਿਲਾ ਕਠੂਆ ਦੀ ਆਬਾਦੀ, ਜੋ 1981 ਵਿਚ 3.69 ਲੱਖ ਸੀ, 2001 ਦੀ ਮਰਦਮਸ਼ੁਮਾਰੀ ‘ਚ 5.44 ਲੱਖ ਹੋ ਗਈ, ਭਾਵ ਇਹ ਵਾਧਾ ਸਿਰਫ 47 ਫੀਸਦੀ ਦੇ ਲਗਭਗ ਸੀ। ਅੰਕੜਿਆਂ ਦੀ ਇਸ ਖੇਡ ਵਿਚ ਜੀਵਨ ਨਾਲ ਸੰਬੰਧਤ ਪੱਖਾਂ ਵਿਚ ਵੀ ਕਈ ਅਨੋਖੀਆਂ ਗੱਲਾਂ ਸਾਹਮਣੇ ਆਈਆਂ। ਇਸ ਸੰਬੰਧੀ ਸੂਬੇ ਦੇ ਵੋਟਰਾਂ ਦੀ ਗਿਣਤੀ ਵੀ ਇਕ ਬੁਝਾਰਤ ਜਿਹੀ ਬਣੀ ਹੈ। ਸੰਨ 2002 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਜੰਮੂ-ਕਸ਼ਮੀਰ ਵਿਚ ਵੋਟਰਾਂ ਦੀ ਗਿਣਤੀ 58.12 ਲੱਖ ਸੀ। ਇਸ ਵਿਚ ਕਸ਼ਮੀਰ ਵਾਦੀ ਦੇ ਵੋਟਰਾਂ ਦੀ ਗਿਣਤੀ 25.46 ਲੱਖ ਸੀ ਜਦਕਿ ਜੰਮੂ ਦੇ ਵੋਟਰਾਂ ਦੀ ਗਿਣਤੀ 28.92 ਲੱਖ ਸੀ ਤੇ ਲੱਦਾਖ ਦੇ ਵੋਟਰਾਂ ਦੀ ਗਿਣਤੀ 1.73 ਲੱਖ ਸੀ, ਭਾਵ ਜੰਮੂ ਡਵੀਜ਼ਨ ਦੇ ਵੋਟਰਾਂ ਦੀ ਗਿਣਤੀ ਕਸ਼ਮੀਰ ਵਾਦੀ ਦੇ ਵੋਟਰਾਂ ਨਾਲੋਂ 3 ਲੱਖ ਜ਼ਿਆਦਾ ਸੀ ਪਰ 2008 ਦੀਆਂ ਵਿਧਾਨ ਸਭਾ ਚੋਣਾਂ ਦੇ ਸਮੇਂ ਕਸ਼ਮੀਰ ਵਾਦੀ ਵਿਚ ਵੋਟਰਾਂ ਦੀ ਗਿਣਤੀ 32.64 ਲੱਖ ਦਰਜ ਕੀਤੀ ਗਈ ਜਦਕਿ ਜੰਮੂ ਡਵੀਜ਼ਨ ਦੇ ਵੋਟਰਾਂ ਦੀ ਗਿਣਤੀ 31.15 ਲੱਖ ਦਰਜ ਕੀਤੀ ਗਈ।

ਇਸ ਤਰ੍ਹਾਂ ਜੰਮੂ ਦੇ ਮੁਕਾਬਲੇ ਕਸ਼ਮੀਰ ਵਾਦੀ ਦੇ ਵੋਟਰਾਂ ਦੀ ਗਿਣਤੀ ਵਿਚ ਭਾਰੀ ਵਾਧਾ ਦਰਜ ਕੀਤਾ ਗਿਆ ਤੇ ਵਾਦੀ ਵਿਚ ਵੋਟਰ ਜੰਮੂ ਦੇ ਮੁਕਾਬਲੇ 1.49 ਲੱਖ ਜ਼ਿਆਦਾ ਹੋ ਗਏ ਪਰ ਪੋਲਿੰਗ ਦੇ ਸਮੇਂ ਵਾਦੀ ਵਿਚ ਸਿਰਫ 16 ਲੱਖ ਲੋਕਾਂ ਦੀ ਪੋਲਿੰਗ ਦਰਜ ਹੋਈ ਤੇ ਜੰਮੂ ‘ਚ ਪੋਲਿੰਗ 21 ਲੱਖ ਤੋਂ ਵੀ ਜ਼ਿਆਦਾ ਰਹੀ। ਕੁੱਲ ਮਿਲਾ ਕੇ ਜੰਮੂ ਕਸ਼ਮੀਰ ਵਿਚ ਬਹੁਤ ਕੁਝ ਨਿਰਾਲਾ ਹੈ।

# ਬੰਦਾ ਬਹਾਦਰ ਵਲੋਂ ਚੰਡੇ ਸ਼ਹਿਰ-ਰਾਹੋਂ ਤੇ ਸਰਹਿੰਦ

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਸੁਰ ਕਰਕੇ ਰੱਖੇ ਹੋਏ ਕਿਸੇ ਤੰਤੀ ਸਾਜ਼ ਦੀਆਂ ਤਾਰਾਂ ਉਤੇ ਸਹਿਵਨ ਹੀ ਉਂਗਲੀਆਂ ਦੇ ਪੋਟੇ ਛੋਹ ਜਾਣ, ਉਸ ਵਿਚੋਂ ਟੁਣਕਾਰ ਪੈਦਾ ਹੋਣੀ ਸੁਭਾਵਿਕ ਹੈ। ਕਿਸੇ ਤਲਾਬ ਦੇ ਸ਼ਾਂਤ ਅਡੋਲ ਪਾਣੀ ਵਿਚ ਕੋਈ ਢੀਮ-ਰੋੜਾ ਵਗਾਹ ਕੇ ਮਾਰ ਦਏ ਤਾਂ ਚੁਤਰਫੇ ਫੈਲਦੀਆਂ ਲਹਿਰਾਂ ਨਾਲ ਤਲਾਬ ਵਿਚ ਹਲਚਲ ਪੈਦਾ ਹੋ ਜਾਂਦੀ ਹੈ। ਛੱਤੇ ਉਪਰ ਆਪਣੇ ਕੰਮ 'ਚ ਮਸਤ ਬੈਠੀਆਂ ਸ਼ਹਿਦ ਦੀਆਂ ਮੱਖੀਆਂ, ਕਿਸੇ ਤਰ੍ਹਾਂ ਦੀ ਕੋਈ ਛੇੜਖਾਨੀ ਹੋਣ 'ਤੇ, ਆਲੇ-ਦੁਆਲੇ ਨੂੰ ਬੜੀ ਤੇਜ਼ੀ ਨਾਲ ਭੱਜ ਪੈਂਦੀਆਂ ਹਨ। ਇਨ੍ਹਾਂ ਤਸ਼ਬੀਹਾਂ ਦੀ ਨਿਆਈਂ, ਸਾਡੇ ਚੇਤਿਆਂ ਦੀ ਚੰਗੇਰ ਵਿਚ ਚੁੱਪ-ਗੜੁੱਪ ਸੁੱਤੀਆਂ ਪਈਆਂ ਯਾਦਾਂ, ਕਿਸੇ ਜਾਣੀ-ਪਛਾਣੀ 'ਠੋਕਰ' ਨਾਲ, ਕਿਸੇ ਖੜਾਕ ਨਾਲ ਇਕ ਦਮ ਸਿਰ ਚੁੱਕ ਲੈਂਦੀਆਂ ਨੇ! ਅਜਿਹੀ ਅਵਸਥਾ ਵਿਚ ਪਹੁੰਚੇ ਮਨੁੱਖ ਦੀ ਸੁਰਤੀ ਫੁੱਲਾਂ ਉੱਪਰ ਭੌਰੇ ਵਾਂਗ ਮੰਡਰਾਉਣ ਲਗਦੀ ਹੈ। ਸਾਹਮਣੇ ਪਰਦੇ ਉੱਪਰ ਚੱਲ ਰਹੀ ਫਿਲਮ ਦੇ ਦ੍ਰਿਸ਼ਾਂ ਵਾਂਗ, ਬੀਤੇ ਦੇ ਸੀਨ ਮਸਤਕ ਵਿਚ ਘੁੰਮਣ ਲੱਗ ਪੈਂਦੇ ਹਨ।

ਆਮ ਰੁਟੀਨ ਵਿਚ ਹੀ ਪੰਜਾਬ 'ਚ ਮਨਾਏ ਜਾ ਰਹੇ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਸਥਾਪਤ ਕੀਤੇ ਗਏ ਸਿੱਖ ਰਾਜ ਦੇ ਸ਼ਤਾਬਦੀ ਸਮਾਗਮਾਂ ਦੀਆਂ ਖ਼ਬਰਾਂ ਪੜ੍ਹ ਰਿਹਾ ਸਾਂ। ਇਕ ਉਘੇ ਅਮਰੀਕਨ ਸਿੱਖ ਪੱਤਰਕਾਰ ਦਾ ਬਿਆਨ ਨਜ਼ਰੀਂ ਪਿਆ। ਇਹਦੇ ਵਿਚ ਉਸਨੇ ਅਮਰੀਕਾ 'ਚ ਵਸਦੇ, ਪੁਰਾਤਨ ਸ਼ਹਿਰ ਰਾਹੋਂ (ਜ਼ਿਲ੍ਹਾ ਨਵਾਂਸ਼ਹਿਰ) ਨਾਲ ਸੰਬੰਧਿਤ ਇਲਾਕਾ ਨਿਵਾਸੀਆਂ ਨੂੰ ਖੁਲ੍ਹਾ ਸੱਦਾ ਦਿੱਤਾ ਹੋਇਆ ਸੀ ਕਿ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣ ਦੇ ਸਮਿਆਂ ਦੌਰਾਨ ਬਾਬਾ ਬੰਦਾ ਸਿੰਘ ਨੇ ਰਾਹੋਂ ਦੀ 'ਸੁਧਾਈ' ਵੀ ਕੀਤੀ ਸੀ, ਇਸ ਲਈ ਬਾਬਾ ਜੀ ਦੀ 'ਰਾਹੋਂ ਆਮਦ' ਬਾਬਤ ਵੀ ਤਿੰਨ ਸੌ ਸਾਲ ਯਾਦ ਮਨਾਈ ਜਾਣੀ ਚਾਹੀਦੀ ਹੈ। ਖੁਦ ਰਾਹੋਂ ਨਾਲ ਸੰਬੰਧਿਤ ਇਸ ਪੱਤਰਕਾਰ ਦੀ ਲਿਖੀ ਹੋਈ ਖ਼ਬਰ ਨੇ ਮੈਨੂੰ ਰਾਹੋਂ ਤੇ ਸਰਹਿੰਦ ਨਾਲ ਜੁੜੀਆਂ ਯਾਦਾਂ ਮੁੜ ਤਾਜ਼ਾ ਕਰਵਾ ਦਿੱਤੀਆਂ। ਕਿਉਂਕਿ ਰਾਤ ਵੇਲੇ ਰਾਹੋਂ ਸ਼ਹਿਰ ਦੀਆਂ ਲਾਈਟਾਂ, ਅਸੀਂ ਆਪਣੇ ਪਿੰਡ ਦੇ ਕੋਠਿਆਂ ਉਪਰ ਚੜ੍ਹ ਕੇ ਦੇਖਦੇ ਹੁੰਦੇ ਸਾਂ। ਉਦੋਂ ਸਾਡੇ ਪਿੰਡ ਹਾਲੇ ਬਿਜਲੀ ਨਹੀਂ ਸੀ ਆਈ।

ਸਾਡੇ ਪਿੰਡੋਂ ਸੱਤ-ਅੱਠ ਮੀਲ ਦੂਰ ਪੁਰਾਣੇ ਥੇਹ ਵਰਗੇ ਬਹੁਤ ਉਚੇ ਟਿੱਬੇ 'ਤੇ ਵੱਸੇ ਹੋਏ ਰਾਹੋਂ ਸ਼ਹਿਰ ਬਾਰੇ, ਹੋਸ਼ ਸੰਭਾਲਣ ਉਪਰੰਤ ਮੈਂ ਜਿਹੜੀ ਸਭ ਤੋਂ ਪਹਿਲੀ ਗੱਲ ਸੁਣੀ, ਉਹ ਇਹ ਸੀ ਕਿ ਸਵੇਰੇ ਸਵੇਰੇ ਇਸ ਸ਼ਹਿਰ ਦਾ ਨਾਮ ਨਹੀਂ ਲਈਦਾ। ਸੁੱਚੇ ਮੂੰਹ ਰਾਹੋਂ ਕਹਿਣ ਨਾਲ ਸਾਰਾ ਦਿਨ ਰੋਟੀ ਨਾ ਮਿਲਣ ਦੀ ਮਿੱਥ ਪ੍ਰਚੱਲਤ ਸੀ ਸਾਡੇ ਇਲਾਕੇ ਵਿਚ। ਦਿਨ ਚੜ੍ਹੇ ਰਾਹੋਂ ਨੂੰ ਜਾਣ ਵਾਲੇ ਸੱਜਣ, ਅਕਸਰ ਕਿਸੇ ਨੂੰ ਦੱਸਣ ਵੇਲੇ ਕਿਹਾ ਕਰਦੇ ਸਨ, "ਮੈਂ ਅੱਜ 'ਜ਼ਨਾਨਾ ਸ਼ਹਿਰ' ਜਾਣਾ ਹੈ?'' ਅਜਿਹੀ ਘਿਰਣਾ ਪਿੱਛੇ ਕਾਰਨ ਕੀ ਹੋਵੇਗਾ? ਇਸਦਾ ਪੱਕਾ ਸਬੂਤ ਤਾਂ ਸੁਨਣ ਵਿਚ ਕੋਈ ਨਹੀਂ ਆਇਆ। ਹਾਂ, ਪਿੰਡ ਦੇ ਬਜ਼ੁਰਗ, ਰਾਹੋਂ ਦੇ ਰੰਗੜਾਂ ਦੀਆਂ ਆਪ-ਹੁਦਰੀਆਂ ਦੇ ਕਿੱਸੇ ਬੜੇ ਨਫਰਤ ਭਰੇ ਸ਼ਬਦਾਂ ਨਾਲ ਬਿਆਨਿਆ ਕਰਦੇ ਸਨ। ਇੱਜ਼ਤ ਖਾਂ, ਜਗੀਰਦਾਰ ਵਲੋਂ ਸ਼ਮ੍ਹਲੇ ਵਾਲੀ ਪੱਗ ਅਤੇ ਦੁੱਧ-ਚਿੱਟੇ ਕੱਪੜੇ ਪਹਿਨ ਕੇ ਆਪਣੀ ਘੋੜੀ 'ਤੇ ਅਸਵਾਰ ਹੋ ਕੇ ਪਿੰਡਾਂ 'ਚੋਂ ਮਾਮਲਾ ਉਗਰਾਹੁਣ ਦੀਆਂ ਅੱਖੀਂ ਦੇਖੀਆਂ ਘਟਨਾਵਾਂ, ਪਿੰਡ ਦੇ ਬਜ਼ੁਰਗਾਂ ਮੂੰਹੋਂ ਸੁਣ ਕੇ, ਰਾਹੋਂ ਦੇ ਨਾਂ ਪ੍ਰਤੀ ਨਫਰਤ ਦੀ ਸਮਝ ਪੈਂਦੀ ਸੀ।

ਸਾਡੇ ਇਲਾਕੇ ਵਿਚ ਲੱਗੇ ਹੋਏ ਰਾਹੋਂ ਦੇ ਇਕ ਪਟਵਾਰੀ ਪਾਸੋਂ, ਮੇਰੇ ਪਿਤਾ ਜੀ ਨੇ ਇਕ ਪੁਰਾਣਾ ਸਾਈਕਲ ਨੌਂ ਰੁਪਏ ਦਾ ਖਰੀਦਿਆ। ਮਹੀਨੇ ਕੁ ਬਾਅਦ ਘਰੇਲੂ ਚੀਜ਼ਾਂ-ਵਸਤਾਂ ਲੈਣ ਵਾਸਤੇ ਪਿਤਾ ਜੀ ਰਾਹੋਂ ਗਏ ਤਾਂ ਉਥੇ ਬਾਜ਼ਾਰ ਵਿਚ ਉਨ੍ਹਾਂ ਨੂੰ ਉਹੀ ਪਟਵਾਰੀ ਮਿਲ ਪਿਆ। ਝੋਲਿਆਂ ਵਿਚ ਸਾਮਾਨ ਚੁੱਕੀ ਪੈਦਲ ਤੁਰੇ ਹੋਏ ਪਿਤਾ ਜੀ ਨੂੰ ਦੇਖ ਕੇ ਪਟਵਾਰੀ ਨੇ ਹੈਰਾਨ ਹੁੰਦਿਆਂ ਪਿਤਾ ਜੀ ਨੂੰ ਪੁੱਛਿਆ ਕਿ ਗਿਆਨੀ ਜੀ ਸਾਈਕਲ ਕਿਉਂ ਨਹੀਂ ਲਿਆਂਦਾ? ਕੀ ਉਹ ਖਰਾਬ ਹੋ ਗਿਐ?



ਓਦੂੰ ਵਧ ਹੈਰਾਨੀ ਨਾਲ ਅੱਗਿਓਂ ਪਿਤਾ ਜੀ ਬੋਲੇ, "ਪਟਵਾਰੀ ਜੀ, ਰਾਹੋਂ ਨੂੰ ਵੀ ਸਾਈਕਲ 'ਤੇ ਆਇਆ ਕਰਾਂ?'' ਮੁਸਕੜੀਏਂ ਹੱਸਦਾ ਪਟਵਾਰੀ ਕਹਿੰਦਾ, "ਗਿਆਨੀ ਜੀ, ਤੁਸੀਂ ਰਾਹੋਂ ਦੀ ਗੱਲ ਕਰਦੇ ਹੋ ਭੋਲੇ ਪਾਤਸ਼ਾਹੋ, ਤੁਹਾਡੇ ਮੁੰਡਿਆਂ ਨੇ ਸ਼ੇਖੂਪੁਰ ਨੂੰ ਵੀ ਸਾਈਕਲ 'ਤੇ ਜਾਇਆ ਕਰਨੈ!'' (ਦੁਪਾਲਪੁਰ ਤੇ ਗਵਾਂਢੀ ਪਿੰਡ ਸ਼ੇਖੂਪੁਰ ਵਿਚਕਾਰ ਇਕ ਕਿੱਲੇ ਦੀ ਵਿੱਥ ਵੀ ਨਹੀਂ ਹੈ!)

ਜਦ ਫਿਰ ਅਸੀਂ ਸ਼ੇਖੂਪੁਰ ਜਾਣ ਵਾਸਤੇ ਸਕੂਟਰਾਂ ਨੂੰ ਕਿੱਕਾਂ ਮਾਰਨ ਲੱਗ ਪਏ, ਤਾਂ ਪਿਤਾ ਜੀ ਰਾਹੋਂ ਵਾਲੇ ਪਟਵਾਰੀ ਦੀ 'ਭਵਿੱਖਵਾਣੀ' ਯਾਦ ਕਰਕੇ ਬੀਬੀ ਜੀ ਨੂੰ ਕਿਹਾ ਕਰਦੇ ਸਨ, "ਦੇਖ ਲੈ ਪ੍ਰੀਤਮ ਕੁਰੇ, ਕਿੱਦਾਂ ਦੇ ਸਮੇਂ ਆ ਗਏ!... ਮੈਂ ਉਦੋਂ ਪਟਵਾਰੀ ਨੂੰ ਪੜ੍ਹਿਆ ਲਿਖਿਆ 'ਮੂਰਖ' ਸਮਝਿਆ ਸੀ ਆਪਣੇ ਮਨ ਵਿਚ... ਮੈਂ ਸੋਚਿਆ ਸੀ ਕਿ ਸਾਡੇ ਨਿਆਣੇ ਕਿਤੇ ਐਡੇ 'ਦਲਿੱਦਰੀ' ਹੋਣਗੇ, ਜੋ ਸ਼ੇਖੂਪੁਰ ਨੂੰ ਵੀ ਸਾਈਕਲਾਂ 'ਤੇ ਜਾਇਆ ਕਰਨਗੇ!... ਪਰ ਹੁਣ ਆਹ ਦੇਖ ਲੈ, ਸਾਈਕਲ ਛੱਡਿਆ, ਏ ਹੁਣ ਘੜੀ ਕੁ ਮਗਰੋਂ ਸਕੂਟਰ ਦੀ 'ਘੁੱਰਰ-ਘੁੱਰਰ' ਕਰਨ ਡਹਿ ਪੈਂਦੇ ਐ!''

ਆਪਣੀ ਹੋਸ਼-ਹਵਾਸ਼ ਵਿਚ ਰਾਹੋਂ ਨੂੰ ਪਹਿਲੀ ਵਾਰ ਅੰਦਰੋਂ ਦੇਖਣ ਦਾ ਮੌਕਾ ਉਦੋਂ ਬਣਿਆ ਜਦੋਂ ਮੈਂ ਪਿਤਾ ਜੀ ਦੇ ਨਾਲ ਹੀ ਉਨ੍ਹਾਂ ਦੇ ਕਿਸੇ ਜਾਣੂ ਦੇ ਘਰ ਪਾਠ ਦੇ ਭੋਗ 'ਤੇ ਗਿਆ ਸਾਂ। ਉਚੀਆਂ-ਨੀਵੀਆਂ ਗਲੀਆਂ, ਨਿੱਕੀਆਂ ਇੱਟਾਂ ਨਾਲ ਬਣੇ ਹੋਏ ਉਚੇ ਚੁਬਾਰੇ, ਢੱਠੇ ਹੋਏ ਮੁਨਾਰੇ, ਉਜੜੇ-ਉਜੜੇ ਖੰਡਰ, ਪੁਰਾਣੇ ਖੋਲਿਆਂ 'ਚ ਉਗੇ ਹੋਏ ਕੰਡਿਆਲੇ ਝਾੜ-ਝੁੰਡੇ, ਪੁਰਾਣੇ ਸ਼ਿਵਾਲੇ, ਟੁੱਟੇ-ਭੱਜੇ ਦਰਵਾਜ਼ੇ ਤਾਕੀਆਂ ਵਾਲੇ ਬੇ-ਆਬਾਦ ਖੁੱਲ੍ਹੇ ਖੁੱਲ੍ਹੇ ਮਕਾਨ ਅਤੇ ਸਿਰ-ਤਲਵਾਈਆਂ ਘਾਟੀਆਂ!...ਜਿਵੇਂ ਇਥੇ ਕੁਝ ਦਿਨ ਪਹਿਲਾਂ ਭੁਚਾਲ ਆ ਕੇ ਹਟਿਆ ਹੋਵੇ!! ਇਹ ਸੀ 'ਅੰਦਰੂਨੀ ਰਾਹੋਂ' ਜਿਸਨੂੰ ਮੈਂ ਪੱਧਰੇ ਪਿੰਡ ਰਹਿਣ ਵਾਲਾ ਅੱਖਾਂ ਅੱਡ-ਅੱਡ ਦੇਖ ਰਿਹਾ ਸਾਂ। ਮੇਰੀ ਉਤਸੁਕਤਾ ਨੂੰ ਤਾੜਦਿਆਂ ਵਾਪਸੀ ਸਮੇਂ ਪਿਤਾ ਜੀ ਨੇ ਦੱਸਿਆ ਕਿ ਜਦੋਂ ਦਸਮੇਸ਼ ਪਿਤਾ ਦਾ ਵਰੋਸਾਇਆ ਬਾਬਾ ਬੰਦਾ ਬਹਾਦਰ ਗੁਰੂ ਘਰ ਦੇ ਦੋਖੀਆਂ ਨੂੰ ਸੋਧਦਾ ਹੋਇਆ ਦਰਿਆ ਸਤਲੁਜ ਟੱਪ ਕੇ ਇੱਧਰ ਆਇਆ ਤਾਂ ਇਲਾਕਾ ਵਾਸੀਆਂ ਨੇ ਸ਼ਿਕਾਇਤ ਕੀਤੀ ਕਿ ਰਾਹੋਂ ਦੇ ਹਾਕਮ ਧਿੰਗੋ-ਜੋਰੀ ਸਾਡੀਆਂ ਧੀਆਂ ਭੈਣਾਂ ਚੁੱਕ ਲਿਜਾਂਦੇ ਹਨ। ਬਾਬਾ ਜੀ ਦੀ ਕਮਾਂਡ ਹੇਠ ਖਾਲਸੇ ਨੇ ਰਾਹੋਂ ਦਾ ਵੀ ਸਰਹਿੰਦ ਵਾਲਾ ਹਾਲ ਕੀਤਾ ਸੀ। ਘਰ ਪਹੁੰਚ ਕੇ ਪਿਤਾ ਜੀ ਨੇ ਗਿਆਨੀ ਕਰਤਾਰ ਸਿੰਘ ਕਲਾਸਵਾਲੀਏ ਦਾ ਲਿਖਿਆ ਗ੍ਰੰਥ 'ਬਿਰਤਾਂਤ ਬਾਬਾ ਬੰਦਾ ਸਿੰਘ ਬਹਾਦਰ' ਖੋਲ੍ਹਿਆ ਅਤੇ ਸਾਰੇ ਟੱਬਰ ਨੂੰ 'ਰਾਹੋਂ ਕਾਂਡ' ਪੜ੍ਹ ਕੇ ਸੁਣਾਇਆ। 'ਬੈਂਤ' ਦਾ ਸਿਰਲੇਖ ਸੀ, 'ਬੰਦੇ ਦੀ ਰਾਹੋਂ 'ਤੇ ਚੜ੍ਹਾਈ'।

ਯਸ਼ ਪਾਲ 'ਪਾਠਕ' ਨਾਂ ਦਾ ਰਾਹੋਂ ਦਾ ਇਕ ਟੀਚਰ ਸਾਡੇ ਸਕੂਲ 'ਚ ਬੜੇ ਮਾਣ ਨਾਲ ਦੱਸਿਆ ਕਰਦਾ ਸੀ ਕਿ ਸਾਡਾ ਰਾਹੋਂ ਬੜਾ ਪ੍ਰਾਚੀਨ ਸ਼ਹਿਰ ਹੈ। ਇਸ ਦਾ ਜ਼ਿਕਰ 'ਰਿਗ ਵੇਦ' ਵਿਚ ਵੀ ਆਉਂਦਾ ਹੈ। ਉਹ ਇਸ ਨੂੰ 'ਰਾਘਵ' ਰਾਜੇ ਦੀ ਰਾਜਧਾਨੀ ਕਿਹਾ ਕਰਦਾ ਸੀ। ਉਸ ਦਾ ਮੰਨਣਾ ਸੀ ਕਿ ਰਾਘਵ ਤੋਂ ਹੀ ਬਦਲਦਾ ਬਦਲਦਾ 'ਰਾਹੋਂ' ਬਣਿਆ ਹੋਇਆ ਹੈ। ਇਕ ਵਾਰ ਪਾਠਕ ਜੀ ਨੇ ਸਾਡੀ ਜਮਾਤ ਨੂੰ ਇਤਿਹਾਸ ਦੀ ਕਿਤਾਬ ਪੜ੍ਹਾਉਂਦਿਆਂ ਫਖ਼ਰ ਨਾਲ ਦੱਸਿਆ ਕਿ ਪੂਰੇ ਭਾਰਤ ਵਿਚ ਸਾਡੇ (ਹਿੰਦੂਆਂ ਦੇ) ਢਾਈ ਕੁੰਡ ਹਨ ਜਿਨ੍ਹਾਂ ਵਿਚੋਂ ਇਕ, ਮਹਾਨ ਸੂਰਜਕੁੰਡ ਰਾਹੋਂ ਵਿਖੇ ਸੁਭਾਇਮਾਨ ਹੈ। ਐਡਾ ਮਹਾਨ ਤੀਰਥ ਅਸਥਾਨ ਦੇਖਣ ਲਈ ਸਾਡੀ ਜੁੰਡਲੀ ਦੇ ਸਿਰ ਭੂਤ ਸਵਾਰ ਹੋ ਗਿਆ! ਅਸੀਂ ਚਾਰ-ਪੰਜ ਜਣੇ ਅੱਧੀ ਛੁੱਟੀ ਵੇਲੇ ਈ ਸਕੂਲੋਂ ਰਫੂ ਚੱਕਰ ਹੋ ਗਏ।

ਕਿੱਲ੍ਹ ਕਿੱਲ੍ਹ ਕੇ ਸਾਈਕਲ ਚਲਾਉਂਦਿਆਂ ਸਾਡੀ ਭੁੱਖ ਵੀ 'ਚਮਕ' ਪਈ। ਅਸੀਂ ਮਤਾ ਪਕਾਇਆ ਕਿ ਅੱਜ ਸੂਰਜ-ਕੁੰਡ ਜਾ ਕੇ ਹੀ ਕੁਝ ਛਕਾਂਗੇ! ਰਾਹੋਂ ਪਹੁੰਚ ਕੇ 'ਅਸਥਾਨ' ਤਾਂ ਅਸੀਂ ਲੱਭ ਲਿਆ ਪਰ ਜਦ ਅਸੀਂ ਅੰਦਰ ਵੜੇ, ਉਥੇ ਕੋਈ ਕਾਂ ਨਾ ਪਰਿੰਦਾ! ਅੰਦਰ ਬਾਹਰ ਸੁੰਨ-ਮ-ਸਾਨ!! ਮੁੱਖ ਮੰਦਰ ਕੋਲ ਪਹੁੰਚੇ ਤਾਂ ਉਥੇ ਚਬੂਤਰੇ ਉਪਰ ਭਗਵੀਂ ਧੋਤੀ ਵਾਲਾ ਕੋਈ ਮੋਟਾ ਜਿਹਾ ਪੁਜਾਰੀ ਲੰਮਾ ਪਿਆ ਸੀ। ਛਕਣ-ਛਕਾਉਣ ਲਈ ਪੁੱਛਣਾ ਤਾਂ ਦੂਰ ਦੀ ਗੱਲ, ਉਸ ਨੇ ਸਾਨੂੰ 'ਫਿਟੇ ਮੂੰਹ' ਵੀ ਨਾ ਕਿਹਾ। ਸਾਡੇ 'ਜਥੇ' ਵਿਚ ਸ਼ਾਮਲ ਕਮਲੇਸ਼ ਨਾਂ ਵਾਲੇ ਪੰਡਤਾਂ ਦੇ ਇਕ ਮੁੰਡੇ ਨੂੰ ਅਸੀਂ ਮੁੜਦਿਆਂ ਹੋਇਆਂ ਬੜੀਆਂ ਟਿੱਚਰਾਂ ਕੀਤੀਆਂ।

ਕੁਝ ਸਾਲ ਰਾਹੋਂ ਦਾ ਦੁਸਹਿਰਾ ਦੇਖਣ ਤੋਂ ਇਲਾਵਾ, ਰਾਹੋਂ ਨੂੰ ਆਪਣੀ ਰਾਜਧਾਨੀ ਬਣਾ ਕੇ ਇਥੇ ਕੇਸਰੀ ਝੰਡਾ ਝੁਲਾਉਣ ਵਾਲੇ ਸੂਰਬੀਰ ਯੋਧੇ ਸਰਦਾਰ ਤਾਰਾ ਸਿੰਘ ਗੈਬਾ ਦੀ ਸਮਾਧ ਦੇ ਦਰਸ਼ਨ ਵੀ ਮੈਂ ਕੀਤੇ ਹੋਏ ਹਨ। ਪਰ ਵੱਡੇ ਦੁੱਖ ਦੀ ਗੱਲ ਹੈ ਕਿ ਇਸ ਸਿੰਘ ਸਰਦਾਰ ਦੀ ਸਮਾਧ ਹੁਣ ਮੰਦਰ ਵਿਚ ਤਬਦੀਲ ਕਰ ਦਿੱਤੀ ਗਈ ਹੈ। ਬੇ-ਸ਼ੱਕ ਇਸ ਦੇ ਗੁੰਬਦ ਅਤੇ ਸਮਾਧ ਦੀ ਬਣਤਰ ਵਲ ਦੇਖ ਕੇ ਸਹਿਜੇ ਹੀ ਅੰਦਾਜ਼ਾ ਲੱਗ ਜਾਂਦਾ ਹੈ ਕਿ ਇਹ ਸਿੱਖ ਰਾਜ ਵੇਲੇ ਦੀ ਬਣੀ ਹੋਈ ਹੈ ਕਿਉਂਕਿ ਇਸ ਦੀ ਬਣਾਵਟ ਸਿੱਖ ਭਵਨ-ਨਿਰਮਾਣ ਕਲਾ ਨਾਲ ਇੰਨ-ਬਿੰਨ ਮੇਲ ਖਾਂਦੀ ਹੈ। ਰਾਹੋਂ ਦੇ ਰਾਜੇ ਦੀ ਸਮਾਧ ਉਪਰ ਵੀ ਕਬਜ਼ਾ!...ਜਿਹਦੀ ਲਾਠੀ ਉਹਦੀ ਮੱਝ!!

ਅਖੀਰ ਵਿਚ ਕੁਝ ਸਤਰਾਂ ਮੇਰੀ ਪਹਿਲੀ ਸਰਹਿੰਦ ਯਾਤਰਾ ਬਾਰੇ। ਅੰਬਾਲੇ ਇਕ ਵਿਆਹ ਵਿਚ ਪਹੁੰਚਣ ਲਈ ਅਸੀਂ ਸਰਹਿੰਦ ਰੇਲਵੇ ਸਟੇਸ਼ਨ ਤੋਂ ਗੱਡੀ ਫੜਨੀ ਸੀ। ਸਰਹਿੰਦ ਤੱਕ ਮੈਂ ਪਿਤਾ ਜੀ ਦੇ ਸਾਈਕਲ ਪਿੱਛੇ ਬੈਠਾ ਗਿਆ। ਜਾਂਦੇ ਵਕਤ ਅਸੀਂ ਗੁਰੂ-ਘਰ ਨੂੰ ਬਾਹਰੋਂ ਹੀ ਨਮਸਕਾਰ ਕਰ ਲਈ। ਮੁੜਦੇ ਵਕਤ ਅਸੀਂ ਉਥੇ ਰੱਖਿਆ ਹੋਇਆ ਸਾਈਕਲ ਚੁੱਕਣਾ ਸੀ। ਸੋ ਮੁੜਦਿਆਂ ਨੇ ਅਸੀਂ ਖੁੱਲ੍ਹੇ ਦਰਸ਼ਨ-ਦੀਦਾਰ ਕੀਤੇ। ਨਿੱਕੀਆਂ ਇੱਟਾਂ ਦੀ ਜਿਸ ਕੰਧ ਵਿਚ ਛੋਟੇ ਸਾਹਿਬਜ਼ਾਦੇ ਚਿਣਾਏ ਗਏ ਸਨ, ਉਹ ਉਦੋਂ ਹਾਲੇ ਸਹੀ ਸਲਾਮਤ ਸੀ। ਉਸ ਖ਼ੂਨੀ ਕੰਧ ਕੋਲ ਬੈਠ ਕੇ ਪਿਤਾ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਸ਼ੁਰੂ ਕਰਕੇ ਸਰਹਿੰਦ ਦੇ ਸਾਕੇ ਤੱਕ ਸਾਰਾ ਇਤਿਹਾਸ ਮੈਨੂੰ ਸੁਣਾਇਆ। ਅਸੀਂ ਦੋਹਾਂ ਨੇ ਕੰਧ 'ਤੇ ਸਿਰ ਰੱਖ ਕੇ ਨਮਸਕਾਰ ਕੀਤੀ।

ਇੱਥੋਂ ਉਠ ਕੇ ਅਸੀਂ ਗੁਰਦੁਆਰਾ ਜੋਤੀ ਸਰੂਪ ਗਏ। ਰਸਤੇ ਵਿਚ ਜਾਂਦਿਆਂ ਪਿਤਾ ਜੀ ਨੇ ਦੀਵਾਨ ਟੋਡਰ ਮੱਲ ਦੀ ਕੁਰਬਾਨੀ ਦਾ ਹਾਲ ਸੁਣਾਇਆ ਜਿਸ ਥਾਂ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਕੀਤਾ ਗਿਆ ਸੀ, ਉਥੇ ਪਹੁੰਚ ਕੇ ਪਿਤਾ ਜੀ ਦਾ ਗਚ ਭਰ ਆਇਆ। ਉਹ ਵਾਰ ਵਾਰ ਜੇਬ੍ਹ 'ਚੋਂ ਰੁਮਾਲ ਕੱਢ ਕੇ ਅੱਖਾਂ ਸਾਫ ਕਰਦੇ ਰਹੇ। ਕੁਝ ਚਿਰ ਚੁੱਪ ਚਾਪ ਇਥੇ ਬੈਠਣ ਉਪਰੰਤ ਅਸੀਂ ਵਾਪਸੀ ਸਫਰ ਅਰੰਭਿਆ। ਸਰਹਿੰਦ ਸ਼ਹਿਰ ਦੇ ਵਿਚਕਾਰ ਜਿਹੇ ਇਕ ਖੰਡਰ ਕੋਲ ਪਿਤਾ ਜੀ ਨੇ ਸਾਈਕਲ ਖੜ੍ਹਾਇਆ ਅਤੇ ਦੋ ਨਿੱਕੀਆਂ ਇੱਟਾਂ ਚੁੱਕ ਕੇ ਹੈਂਡਲ ਨਾਲ ਲਟਕਦੇ ਝੋਲੇ 'ਚ ਪਾ ਲਈਆਂ। ਇਹ ਦੇਖ ਕੇ ਮੈਂ ਹੈਰਾਨ ਜਿਹਾ ਹੋ ਗਿਆ ਕਿ ਇਹੋ ਜਿਹੀਆਂ ਇੱਟਾਂ ਤਾਂ ਸਾਡੇ ਪਿੰਡ ਬਥੇਰੀਆਂ ਮਿਲ ਜਾਂਦੀਆਂ ਨੇ, ਇਥੋਂ ਦੋ ਇੱਟਾਂ ਚੁੱਕ ਕੇ ਲਿਜਾਣ ਦਾ ਕੀ ਮਕਸਦ ਹੋਵੇਗਾ? ਨਾ ਪਿਤਾ ਜੀ ਨੇ ਮੈਨੂੰ ਦੱਸਿਆ ਅਤੇ ਨਾ ਹੀ ਉਨ੍ਹਾਂ ਨੂੰ ਪੁੱਛਣ ਦਾ ਮੇਰਾ ਹੌਂਸਲਾ ਪਿਆ। ਸਾਰੀ ਵਾਟ ਉਹ ਗਾਉਂਦੇ ਆਏ। ਕਦੇ ਕੋਈ ਗੁਰਬਾਣੀ ਦਾ ਸ਼ਬਦ ਕਦੇ ਕੋਈ ਢਾਡੀ ਵਾਰ।

ਸਤਲੁਜ ਦਰਿਆ ਪਾਰ ਕਰਨ ਵੇਲੇ ਜਦ ਅਸੀਂ ਬੇੜੀ ਵਿਚ ਬੈਠੇ ਤਾਂ ਪਿਤਾ ਜੀ ਨੇ ਗੱਜ ਕੇ ਜੈਕਾਰਾ ਗਜਾਇਆ ਅਤੇ ਝੋਲੇ ਵਿਚੋਂ ਦੋਵੇਂ ਇੱਟਾਂ ਕੱਢ ਕੇ ਦਰਿਆ ਵਿਚ ਵਗਾਹ ਮਾਰੀਆਂ। ਨਾਲੇ ਜੋਸ਼ੀਲੇ ਅੰਦਾਜ਼ ਨਾਲ ਕਹਿੰਦੇ, "ਅਸੀਂ ਪੰਥ-ਖਾਲਸੇ ਦਾ ਹੁਕਮ ਮੰਨ ਕੇ 'ਗੁਰੂ ਮਾਰੀ ਸਰਹਿੰਦ' ਦੇ ਉਜਾੜੇ ਵਿਚ ਹਿੱਸਾ ਪਾ ਦਿੱਤਾ ਹੈ।''

ਇਹ ਹੈ ਮੇਰੀ ਯਾਦਾਂ ਦੀ ਪਟਾਰੀ ਵਿਚ ਪਿਆ ਬਾਬਾ ਬੰਦਾ ਸਿੰਘ ਵਲੋਂ ਚੰਡੇ ਸ਼ਹਿਰ ਰਾਹੋਂ ਅਤੇ ਗੁਰੂ ਮਾਰੀ ਸਰਹਿੰਦ ਦਾ ਬਿਰਤਾਂਤ!!

# ਜਦੋਂ ਚਾਰ ਲਾਵਾਂ ਵਾਲਾ ਹੀ ਧੋਖਾ ਦੇ ਜਾਵੇ

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856

ਕੰਨਾਂ ਤੋਂ ਕੱਚਾ, ਸਹਿਣਸ਼ੀਲਤਾ ਤੋਂ ਲੰਗੜਾ, ਦਿਮਾਗ ਵਲੋਂ ਖੋਖਾ ਬੰਦਾ ਹੀ ਔਰਤ ਉਪਰ ਹੱਥ ਚੁੱਕਦਾ ਹੈ। ਔਰਤ ਦੇ ਸਾਥ ਤੋਂ ਬਿਨਾ ਮਨੁੱਖ ਦੀ ਜ਼ਿੰਦਗੀ ਕਿਵੇਂ ਲੰਘਦੀ ਹੈ ਕਦੇ ਆਪਣੇ ਪਿੰਡ ਦੇ ਕਿਸੇ ਵਿਆਹੋਂ ਖੁੰਝੇ ਹੋਏ ਬੰਦੇ ਨੂੰ ਜ਼ਰੂਰ ਪੁਛਿਓ। ਉਸ ਦੀਆਂ ਅੱਖਾਂ ਵਿਚ ਪੈਂਦਾ ਚੁੱਲ੍ਹੇ ਦਾ ਧੂੰਆਂ ਤੁਹਾਡੀਆਂ ਅੱਖਾਂ ਖੋਲ੍ਹ ਦੇਵੇਗਾ। ਜਿੰਨੇ ਮਰਜ਼ੀ ਉਚੇ ਮਹਿਲ ਬਣਾ ਲਵੋ, ਪਰ ਜਿੰਨਾ ਚਿਰ ਚੂੜੇ ਵਾਲੀ ਦੀ ਵੰਗ ਮਹਿਲੀਂ ਨਹੀਂ ਛਣਕਦੀ, ਤੁਸੀਂ ਇਸ ਵੰਗ ਦੇ ਮਿੱਠੇ ਸੰਗੀਤ ਤੋਂ ਬਿਨਾ ਅਧੂਰੇ ਹੀ ਬੈਠੇ ਰਹੋਗੇ। ਔਰਤ ਜਿਥੇ ਮਾਂ ਬਣ ਕੇ ਮਮਤਾ ਦਾ ਫਰਜ਼ ਨਿਭਾਉਂਦੀ ਹੈ ਉਥੇ ਧੀ ਬਣ ਕੇ ਬਾਬਲ ਦੇ ਖੇੜੇ ਤੇ ਵਿਹੜੇ ਦੀ ਖੈਰ ਅਰਥੀ ਦੇ ਆਖਰੀ ਸਫਰ ਤੱਕ ਮੰਗਦੀ ਰਹਿੰਦੀ ਹੈ। ਪਤਨੀ ਬਣ ਕੇ ਸੁਹਾਗਣ ਹੋਣ ਦਾ ਮਾਣ ਵੀ ਪ੍ਰਾਪਤ ਕਰਦੀ ਹੈ। ਜੇ ਕਦੇ ਸੁਹਾਗਣ ਹੁੰਦਿਆਂ ਸੁਹਾਗ ਦਾ ਮਾਣ ਹੀ ਖਤਮ ਹੋ ਜਾਵੇ ਤਾਂ ਉਸ ਵਿਚਾਰੀ ਦੇ ਦਿਲ 'ਤੇ ਕੀ ਬੀਤਦੀ ਹੋਊ ਤੇ ਜ਼ਿੰਦਗੀ ਕਿਵੇਂ ਜਿਊਂਦੀ ਹੋਊ? ਜਰਾ ਸੋਚ ਕੇ ਵੇਖਿਓ।

ਸਮਾਜ ਦੀ ਕੁੱਖ ਵਿਚੋਂ ਕਹਾਣੀਆਂ ਪੈਦਾ ਹੁੰਦੀਆਂ ਹਨ। ਕਹਾਣੀਆਂ ਫਿਰ ਫਿਲਮਾਂ ਦਾ ਰੂਪ ਅਖਤਿਆਰ ਕਰ ਲੈਂਦੀਆਂ ਹਨ। ਫਿਲਮਾਂ ਵਿਚ ਕਿਰਦਾਰ ਨਿਭਾਉਣ ਵਾਲੇ ਅਲੋਪ ਨਹੀਂ ਹੁੰਦੇ, ਉਹ ਫਿਰ ਸਾਡੇ ਸਮਾਜ ਵਿਚ ਹੀ ਘੁੰਮਦੇ ਰਹਿੰਦੇ ਹਨ। ਇਸੇ ਤਰ੍ਹਾਂ ਲੇਖਾਂ ਵਿਚਲੇ ਪਾਤਰ ਵੀ ਸਾਡੇ ਆਲੇ ਦੁਆਲੇ ਹੀ ਰਹਿੰਦੇ ਹਨ। ਜੋ ਕੁਝ ਤੁਹਾਡੇ ਨਾਲ ਸਾਂਝਾ ਕਰਨ ਜਾ ਰਿਹਾਂ ਹਾਂ, ਬਿਲਕੁਲ ਸੱਚੀ ਤੇ ਅੱਖੀਂ ਵੇਖੀ ਇਕ ਦਰਦਮਾਰੀ ਦੀ ਕਹਾਣੀ ਹੈ।

ਜਿੰਦੂ ਵੀ ਹੋਰਾਂ ਮੁੰਡਿਆਂ ਵਾਂਗ ਸੁਨਹਿਰੀ ਭਵਿੱਖ ਦੇ ਸੁਪਨੇ ਵੇਖਦਾ, ਏਜੰਟਾਂ ਦੇ ਧੱਕੇ ਚੜ੍ਹਿਆ ਮਸਾਂ ਅਮਰੀਕਾ ਪਹੁੰਚਿਆ। ਜਿੰਨੀ ਮੁਸ਼ਕਿਲ ਇਥੇ ਪਹੁੰਚਿਆ ਉਸ ਤੋਂ ਵੀ ਜ਼ਿਆਦਾ ਮੁਸ਼ਕਿਲ ਪੇਪਰਾਂ ਦੀ ਆਈ। ਕਿਸੇ ਦੇ ਤਰਲੇ ਮਿੰਨਤਾ ਕਰਕੇ ਖੇਤਾਂ ਵਾਲੇ ਪੇਪਰ ਬਣਾ ਲਏ। ਅਠਾਈ ਦਿਨ ਦੀ ਮਨਜ਼ੂਰੀ ਲੈ ਕੇ ਇੰਡੀਆ ਚਲਾ ਗਿਆ। ਅਮਰੀਕਾ ਤੋਂ ਪੱਕਾ ਹੋ ਆਇਆ ਕਰਕੇ ਰਿਸ਼ਤੇ ਵਾਲੇ ਆਉਣ ਲੱਗੇ। ਇਕ ਮਸ਼ਹੂਰ ਪਾਖੰਡੀ ਸੰਤ ਨੇ ਆਪਣੇ ਸ਼ਰਧਾਲੂ ਦੀ ਕੁੜੀ ਰਾਣੀ ਦਾ ਰਿਸ਼ਤਾ ਪੰਜ ਪਾਸ ਜਿੰਦੂ ਨੂੰ ਕਰਵਾ ਦਿੱਤਾ। ਅਮਰੀਕਾ ਦੇ ਲਾਲਚ ਵਿਚ ਰਾਣੀ ਦੇ ਮਾਪਿਆਂ ਨੇ ਸੰਤ ਦੀ ਹਾਂ ਵਿਚ ਹਾਂ ਮਿਲਾ ਦਿੱਤੀ। ਵਿਆਹ ਕਰਵਾ ਕੇ ਜਿੰਦੂ ਵਾਪਿਸ ਅਮਰੀਕਾ ਆ ਗਿਆ। ਕਿਸੇ ਤਰ੍ਹਾਂ ਨਾਮ ਦੀ ਪਹਿਚਾਣ ਗਲਤ ਹੋਣ ਕਰਕੇ ਜਿੰਦੂ ਦੇ ਬਣੇ ਪੇਪਰ ਰੱਦ ਹੋ ਗਏ। ਰਾਣੀ ਜਿੰਦੂ ਦੇ ਵਿਛੋੜੇ ਵਿਚ ਮਾਪਿਆਂ ਘਰ ਬੈਠੀ ਰੋਂਦੀ ਰਹਿੰਦੀ।

ਕਿਸੇ ਸੱਜਣ ਮਿੱਤਰ ਨੇ ਜਿੰਦੂ ਨੂੰ ਸਲਾਹ ਦਿੱਤੀ ਕਿ ਉਹ ਕਿਸੇ ਗੋਰੀ ਜਾਂ ਕਾਲੀ ਨਾਲ ਗੰਢ ਤੁਪ ਕਰ ਕੇ ਗਰੀਨ ਕਾਰਡ ਬਣਾ ਲਵੇ। ਖੇਤਾਂ ਵਾਲੇ ਪੇਪਰਾਂ ਦਾ ਕੋਈ ਭਰੋਸਾ ਨਹੀਂ ਸੀ ਕਿ ਉਹ ਦੁਬਾਰਾ ਮਿਲਣ ਜਾਂ ਨਾ। ਮਿੱਤਰ ਦੀ ਸਲਾਹ ਜਿੰਦੂ ਦੇ ਮਨ ਲੱਗ ਗਈ। ਜਿੰਦੂ ਨੂੰ ਕਾਲੀ ਤੇ ਗੋਰੀ ਤਾਂ ਮਿਲੀ ਨਾ ਉਹ ਇਕ ਮੈਕਸੀਕਨ ਕੁੜੀ ਸੇਤੀਆ ਨਾਲ ਪਿਆਰ ਦਾ ਨਾਟਕ ਕਰ ਕੇ ਉਸ ਨਾਲ ਵਿਆਹ ਕਰਵਾਉਣ ਲਈ ਉਸ ਦੀ ਹਾਂ ਦੀ ਉਡੀਕ ਕਰਨ ਲੱਗਿਆ। ਸੇਤੀਆ ਨੇ ਆਪਣੇ ਮਾਪਿਆਂ ਨਾਲ ਸਲਾਹ ਕਰਕੇ ਜਿੰਦੂ ਨਾਲ ਵਿਆਹ ਦੀ ਹਾਂ ਕਰ ਦਿੱਤੀ। ਜੇ ਜਿੰਦੂ ਦੇ ਦਿਲ ਵਿਚ ਗਰੀਨ ਕਾਰਡ ਬਣਾਉਣ ਵਾਲਾ ਚੋਰ ਸੀ ਤਾਂ ਉਧਰ ਸੇਤੀਆ ਨੂੰ ਵੀ ਗਰੀਨ ਕਾਰਡ ਚਾਹੀਦਾ ਸੀ। ਦੋਵਾਂ ਦੇ ਦਿਲਾਂ ਵਿਚ ਚੋਰ ਛੁਪਿਆ ਹੋਣ ਕਰਕੇ ਇਕ ਦੂਜੇ ਤੋਂ ਇਮੀਗਰੇਸ਼ਨ ਸਟੇਟਸ ਪੁਛਿਆ ਹੀ ਨਾ।

ਰੀਨੋ, ਨੇਵਾਡਾ ਜਾ ਕੇ ਦੋਵੇਂ ਵਿਆਹ ਕਰਵਾ ਆਏ। ਦੋਵੇਂ ਜਣੇ ਪਤੀ-ਪਤਨੀ ਬਣ ਕੇ ਇਕੱਠੇ ਰਹਿਣ ਲੱਗੇ। ਇਸ ਪਿਆਰ ਦੀ ਝੂਠੀ ਖੇਡ ਨੇ ਇਕ ਬੱਚੇ ਨੂੰ ਜਨਮ ਦੇ ਦਿੱਤਾ। ਬੱਚੇ ਦੇ ਆਉਣ ਨਾਲ ਹੁਣ ਦੋਵੇਂ ਇਕ ਦੂਜੇ ਨੂੰ ਸੱਚਾ ਪਿਆਰ ਕਰਨ ਲੱਗ ਪਏ। ਉਸ ਦਿਨ ਦੋਵੇਂ ਹੀ ਹੱਕੇ ਬੱਕੇ ਰਹਿ ਗਏ ਜਿਸ ਦਿਨ ਦੋਵਾਂ ਨੇ ਇਕ ਦੂਜੇ ਨੂੰ ਵਿਆਹ ਦੇ ਪੇਪਰ ਭਰਨ ਲਈ ਪੁੱਛਿਆ। ਹੁਣ ਜਿੰਦੂ ਦੀ ਜਾਨ ਕੁੜਿੱਕੀ ਵਿਚ ਆਈ ਹੋਈ ਦਿਖਾਈ ਦੇਣ ਲੱਗੀ। ਇਥੇ ਸੇਤੀਆ ਦਾ ਵਾਧੂ ਜੰਜਾਲ ਗਲ ਪੈ ਗਿਆ, ਉਧਰ ਪੰਜਾਬ ਵਿਚ ਰਾਣੀ ਦੀ ਫਿਕਰ, ਜਿੰਦੂ ਹੁਣ ਕਿਧਰ ਨੂੰ ਜਾਵੇ!

ਰਾਣੀ ਦੇ ਵਿਆਹ ਨੂੰ ਪੰਜ ਸਾਲ ਹੋ ਗਏ ਸਨ। ਜਿੰਦੂ ਵਿਆਹ ਤੋਂ ਬਾਅਦ ਇਕ ਵਾਰ ਵੀ ਇੰਡੀਆ ਰਾਣੀ ਕੋਲ ਨਹੀਂ ਗਿਆ। ਰਾਣੀ ਦੇ ਮਾਪਿਆਂ ਨੇ ਕਿਸੇ ਏਜੰਟ ਰਾਹੀਂ ਰਾਣੀ ਨੂੰ ਅਮਰੀਕਾ ਭੇਜ ਦਿੱਤਾ। ਹੁਣ ਇਕ ਅਪਾਰਟਮੈਂਟ ਵਿਚ ਸੇਤੀਆ ਤੇ ਉਸ ਦਾ ਬੱਚਾ ਤੇ ਦੂਜੇ ਅਪਾਰਟਮੈਂਟ ਵਿਚ ਜਿੰਦੂ ਨੇ ਰਾਣੀ ਨੂੰ ਰੱਖਿਆ। ਜਿੰਦੂ ਦਾਣਿਆਂ ਵਾਂਗ ਚੱਕੀ ਦੇ ਦੋ ਪੁੜਾਂ ਵਿਚ ਆ ਗਿਆ ਜਿਥੋਂ ਬਚਣਾ ਮੁਸ਼ਕਿਲ ਸੀ। ਰਾਣੀ ਪੜ੍ਹੀ ਲਿਖੀ ਕੁੜੀ ਸੀ। ਉਸ ਨੇ ਜਿੰਦੂ ਨੂੰ ਜ਼ਿਆਦਾ ਚਲਾਕ ਨਾ ਬਨਣ ਦਿੱਤਾ। ਰਾਣੀ ਨੇ ਜਿੰਦੂ ਦੀ ਚੋਰੀ ਫੜ੍ਹ ਲਈ। ਹੁਣ ਦੋਵੇਂ ਪਾਸੇ ਝਗੜਾ ਹੋਣ ਲੱਗਿਆ। ਜਿੰਦੂ ਤੇ ਸੇਤੀਆ ਦਾ ਕੋਈ ਇਮੀਗਰੇਸ਼ਨ ਸਟੇਟਸ ਨਾ ਬਣਿਆ ਤੇ ਰਾਣੀ ਦਾ ਤਾਂ ਕੀ ਬਣਨਾ ਸੀ। ਦੋਵੇਂ ਪਾਸਿਆਂ ਦੀ ਖਿੱਚਾ-ਧੂਹੀ ਚਲਦੀ ਰਹੀ। ਸੇਤੀਆ ਨੇ ਲੜਕੀ ਨੂੰ ਜਨਮ ਦਿੱਤਾ। ਰਾਣੀ ਦੀ ਕੁੱਖੋਂ ਇਕ ਪੁੱਤਰ ਹੋਇਆ

(ਬਾਕੀ ਸਫਾ 26 'ਤੇ)

# ਭਾਰਤੀ ਨਿਆਂ ਪਾਲਿਕਾ ਵੀ ਭ੍ਰਿਸ਼ਟਾਚਾਰ ਦੀ ਜਕੜ 'ਚ ਜਕੜੀ ਜਾਣ ਲੱਗੀ

-ਜਤਿੰਦਰ ਪਨੂੰ

ਹਜ਼ਾਰ ਵਿਸਵਿਸ਼ਿਆਂ ਦੇ ਬਾਵਜੂਦ ਅੱਜ ਵੀ ਇਹ ਗੱਲ ਨਹੀਂ ਕਹੀ ਜਾ ਸਕਦੀ ਕਿ ਭਾਰਤ ਦੀ ਰਾਜਨੀਤੀ ਵਿਚ ਹੁਣ ਹਰ ਕੋਈ ਬੇਈਮਾਨ ਹੀ ਤੁਰਿਆ ਫਿਰਦਾ ਹੈ। ਭ੍ਰਿਸ਼ਟਾਚਾਰ ਹੈ, ਬਿਨਾਂ ਸ਼ੱਕ ਹੈ, ਤੇ ਉਹ ਵੀ ਸਾਰੇ ਦੇਸ਼ ਵਿਚ ਇਕੋ ਜਿਹਾ ਨਹੀਂ। ਕੇਰਲਾ ਵਰਗੇ ਰਾਜ ਅੰਦਰ ਵੀ ਇਹ ਤਾਂ ਕੋਈ ਨਹੀਂ ਕਹੇਗਾ ਕਿ ਇਥੇ ਭ੍ਰਿਸ਼ਟਾਚਾਰ ਨਹੀਂ ਹੈ, ਪਰ ਇਹ ਕਹਿਣ ਲੱਗਿਆਂ ਝਿਜਕ ਕੋਈ ਨਹੀਂ ਵਿਖਾਵੇਗਾ ਕਿ ਇਥੇ ਓਨਾ ਬੁਰਾ ਹਾਲ ਨਹੀਂ, ਜਿੰਨਾ ਬਾਕੀ ਰਾਜਾਂ ਵਿਚ ਹੈ। ਕਾਰਨ ਇਸ ਦਾ ਇਹ ਕਿ ਓਥੇ ਰਾਜਨੀਤੀ ਦੋ ਧਿਰਾਂ ਵਿਚਾਲੇ ਹੁੰਦੀ ਹੈ, ਜਿਨ੍ਹਾਂ ਵਿਚੋਂ ਇਕ ਧਿਰ ਕਮਿਊਨਿਸਟ ਹਨ ਤੇ ਉਨ੍ਹਾਂ ਬਾਰੇ ਹੋਰ ਭਾਵੇਂ ਕੋਈ ਕੁਝ ਵੀ ਕਹਿੰਦਾ ਰਹੇ, ਇਹ ਸਭ ਨੂੰ ਮੰਨਣਾ ਪੈਂਦਾ ਹੈ ਕਿ ਉਹ ਬਾਕੀਆਂ ਵਾਂਗ ਪੜਛੇ ਲਾਹੂ ਕਦੇ ਨਹੀਂ ਸੁਣੇ ਗਏ। ਉਨ੍ਹਾਂ ਨਾਲ ਮੁਕਾਬਲੇ ਵਿਚ ਦੂਜੀ ਧਿਰ ਕਾਂਗਰਸ ਪਾਰਟੀ ਨੂੰ ਵੀ ਉਥੇ ਪੱਲਾ ਬਚਾ ਕੇ ਚੱਲਣਾ ਪੈਂਦਾ ਹੈ, ਕਿਉਂਕਿ ਲੋਕਾਂ ਨੇ ਤੁਲਨਾ ਕਮਿਊਨਿਸਟਾਂ ਨਾਲ ਕਰਨੀ ਹੁੰਦੀ ਹੈ। ਪੱਛਮੀ ਬੰਗਾਲ ਵਿਚ ਵੀ ਮੁਕਾਬਲਤਨ ਇਹ ਰੋਗ ਘੱਟ ਹੈ। ਮਾਰਕਸੀ ਮੁੱਖ ਮੰਤਰੀ ਬੁੱਧ ਦੇਵ ਭੱਟਾਚਾਰੀਆ ਅਤੇ ਤ੍ਰਿਣਮੂਲ ਕਾਂਗਰਸ ਦੀ ਮਮਤਾ ਬੈਨਰਜੀ ਇਕ ਦੂਜੇ 'ਤੇ ਸਿਰਫ ਸਿਆਸੀ ਦੂਸ਼ਣਬਾਜ਼ੀ ਕਰਦੇ ਹਨ, ਕਦੇ ਭ੍ਰਿਸ਼ਟਾਚਾਰ ਦੇ ਚਿੱਕੜ ਵਿਚ ਲੇਟਣ ਦੇ ਦੋਸ਼ ਬਹੁਤ ਘੱਟ ਸੁਣੇ ਗਏ ਹਨ। ਕਾਰਨ ਓਥੇ ਵੀ ਇਹੋ ਹੈ ਕਿ ਇਕ ਧਿਰ ਕਮਿਊਨਿਸਟ ਹਨ, ਜਿਨ੍ਹਾਂ ਨੂੰ ਸਾਫ ਰਾਜਨੀਤੀ ਕਰਨ ਵਾਲੇ ਮੰਨਿਆ ਜਾਂਦਾ ਹੈ ਤੇ ਇਹ ਅਕਸ ਉਨ੍ਹਾਂ ਦਾ ਹੁਣ ਤੱਕ ਕਾਇਮ ਹੈ। ਜਿਸ ਕਿਸੇ ਰਾਜ ਵਿਚ ਉਹ ਰਾਜ ਗੱਦੀ ਤੱਕ ਕਦੇ ਇਕ ਵਾਰ ਵੀ ਪਹੁੰਚੇ ਹਨ, ਮੁੜ ਕਿਤੇ ਭਾਵੇਂ ਜਿੱਤੇ ਜਾਂ ਨਹੀਂ ਜਿੱਤੇ, ਇਹ ਭੱਲ ਉਨ੍ਹਾਂ ਨੇ ਓਥੇ ਹੀ ਖੱਟੀ ਹੋਈ ਹੈ।

ਸਿਰਫ ਓਹੋ ਨਹੀਂ, ਇਸ ਵਕਤ ਦੇਸ਼ ਦੀ ਅਗਵਾਈ ਕਰ ਰਹੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਬਾਰੇ ਵੀ ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਉਹ ਭ੍ਰਿਸ਼ਟਾਚਾਰ ਕਰਨ ਵਾਲੇ ਨਹੀਂ। ਸ਼ਾਇਦ ਇਸ ਦਾ ਵੀ ਇਕ ਕਾਰਨ ਇਹੋ ਹੋਵੇ ਕਿ ਜਵਾਨ ਉਮਰੇ ਉਹ ਖੱਬੇ ਪੱਖੀਆਂ ਦੇ ਨੇੜ ਦਾ ਨਿੱਘ ਮਾਣਦੇ ਰਹੇ ਹਨ। ਉਨ੍ਹਾਂ ਨਾਲ ਪ੍ਰਣਬ ਮੁਖਰਜੀ ਵੀ ਹਨ, ਜਿਨ੍ਹਾਂ ਉਤੇ ਭ੍ਰਿਸ਼ਟਾਚਾਰ ਦੀ ਉਂਗਲ ਨਹੀਂ ਉਠਾਈ ਜਾ ਰਹੀ, ਤੇ ਇੰਜ ਹੀ ਕਈ ਹੋਰ ਰਾਜਸੀ ਆਗੂ ਅੱਜ ਵੀ ਮਿਲ ਜਾਂਦੇ ਹਨ, ਜਿਹੜੇ ਦਾਗ ਲੱਗਣ ਤੋਂ ਬਚੇ ਹੋਏ ਹਨ। ਆਸ ਕਰਨੀ ਚਾਹੀਦੀ ਹੈ ਕਿ ਇਹ ਲੋਕ ਰਾਜਨੀਤੀ ਦੇ ਗੰਦ ਵਿਚੋਂ ਗੁਜ਼ਰਦਿਆਂ ਆਪਣਾ ਪੱਲਾ ਬਚਾਉਣ ਦਾ ਯਤਨ ਇੰਜ ਹੀ ਕਰਦੇ ਰਹਿਣਗੇ।

ਫਿਰ ਵੀ ਇਹ ਮੰਨਣਾ ਪਵੇਗਾ ਕਿ ਭਾਰਤੀ ਰਾਜਨੀਤੀ ਹੁਣ ਉਸ ਮੁਕਾਮ 'ਤੇ ਪਹੁੰਚ ਗਈ, ਜਿੱਥੇ ਆਮ ਲੋਕੀਂ ਬੜੇ ਆਰਾਮ ਨਾਲ ਕਹਿ ਦਿੰਦੇ ਹਨ ਕਿ 'ਜੋ ਨਾ ਡਿੱਠਾ, ਸੋਈਓ ਮਿੱਠਾ', ਭਾਵ ਕਿ ਜਿਸ ਨੂੰ ਮੌਕਾ ਨਹੀਂ ਮਿਲਿਆ, ਉਹ ਹੀ ਈਮਾਨਦਾਰ ਹੈ, ਮੌਕਾ ਮਿਲੇ ਤੋਂ ਉਹ ਵੀ ਵੇਖਿਆ ਜਾਵੇਗਾ। ਲੋਕਾਂ ਦੀ ਇਸ ਧਾਰਨਾ ਨੂੰ ਭਾਰਤੀ ਜਨਤਾ ਪਾਰਟੀ ਦੀ ਮੰਤਰੀ ਬੀਬੀ ਲਕਸ਼ਮੀ ਕਾਂਤਾ ਚਾਵਲਾ ਵਰਗਿਆਂ ਨੇ ਹੋਰ ਮਜ਼ਬੂਤ ਕੀਤਾ ਹੈ, ਜਿਨ੍ਹਾਂ ਨੇ ਸਾਰੀ ਉਮਰ ਈਮਾਨਦਾਰੀ ਦਾ ਢੰਡੋਰਾ ਪਿੱਟ ਕੇ ਜਦੋਂ ਵਜ਼ੀਰੀ ਮਿਲੀ ਤਾਂ ਸਿਰੇ ਦੇ ਭ੍ਰਿਸ਼ਟ ਹੋਣ ਦੀ ਬਦਨਾਮੀ ਖੱਟ ਲਈ ਹੈ। ਬੀਬੀ 'ਤੇ ਦੋਸ਼ ਕਿਸੇ ਬਾਹਰਲੇ ਨੇ ਨਹੀਂ, ਉਸ ਦੀ ਪਾਰਟੀ ਦੇ ਸਾਥੀ ਵਿਧਾਇਕ ਨੇ ਲਾਏ ਹਨ। ਉਸ ਸਾਥੀ ਵਿਧਾਇਕ ਦੀ ਭਾਵੇਂ ਬੀਬੀ ਅਤੇ ਉਸ ਦੀ ਸਰਪ੍ਰਸਤੀ ਕਰਨ ਵਾਲੇ ਆਰ ਐਸ ਐਸ ਨੇ ਛੁੱਟੀ ਕਰਵਾ ਦਿੱਤੀ ਹੈ, ਪਰ ਉਹ ਜਾਂਦਾ-ਜਾਂਦਾ ਵੀ ਜਿਹੜੇ ਦੋਸ਼ ਲਿਖਤੀ ਤੌਰ 'ਤੇ ਲਾ ਕੇ ਛੱਡ ਗਿਆ ਹੈ ਤੇ ਜਿਨ੍ਹਾਂ ਉਤੇ ਕਾਰਵਾਈ ਵੀ ਕੁਝ ਹੱਦ ਤੱਕ ਸ਼ੁਰੂ ਹੋ ਗਈ ਹੈ, ਉਨ੍ਹਾਂ ਨੇ ਦੱਸ ਦਿੱਤਾ ਹੈ ਕਿ ਬੀਬੀ ਲਕਸ਼ਮੀ ਜਾਂ ਉਨ੍ਹਾਂ ਦੀ ਭੈਣ ਜਾਂ ਉਨ੍ਹਾਂ ਦੇ ਚੁਫੇਰੇ ਫਿਰਦੇ ਚਮਚੇ ਦੁੱਧ-ਧੋਤੇ ਹਰਗਿਜ਼ ਨਹੀਂ। ਦੂਜਿਆਂ ਵਿਰੁਧ ਸੀ ਬੀ ਆਈ ਜਾਂਚ ਦੀ ਮੰਗ ਮੁੜ-ਮੁੜ ਕਰਨ ਵਾਲੀ ਬੀਬੀ ਆਪਣੇ ਵਿਰੁਧ ਸਾਧਾਰਨ ਜਾਂਚ ਤੋਂ ਵੀ ਪਾਸਾ ਵੱਟ ਕੇ ਰਹਿੰਦੀ ਕਸਰ ਕੱਢੀ ਜਾ ਰਹੀ ਹੈ।

ਲਕਸ਼ਮੀ ਕਾਂਤਾ ਚਾਵਲਾ ਹੋਵੇ ਜਾਂ ਲਾਲੂ ਪ੍ਰਸਾਦ ਯਾਦਵ, ਬੂਟਾ ਸਿੰਘ ਹੋਵੇ ਜਾਂ ਬਾਦਲ ਪਰਿਵਾਰ, ਅਡਵਾਨੀ ਹੋਵੇ ਜਾਂ ਅਮਰਿੰਦਰ ਸਿੰਘ, ਮਾਇਆਵਤੀ ਹੋਵੇ ਜਾਂ ਮੁਲਾਇਮ ਸਿੰਘ, ਇਹ ਸਾਰੇ ਇਕੋ ਗੱਲ ਕਹਿ ਕੇ ਲੋਕਾਂ ਦਾ ਮਨ ਸ਼ਾਂਤ ਕਰ ਦਿੰਦੇ ਹਨ ਕਿ ਸਾਨੂੰ ਕਾਨੂੰਨ 'ਤੇ ਅਤੇ ਅਦਾਲਤ 'ਤੇ ਪੂਰਾ ਯਕੀਨ ਹੈ ਤੇ ਉਹ ਜੋ ਵੀ ਫੈਸਲਾ ਕਰੇਗੀ, ਉਸ ਅੱਗੇ ਸਿਰ ਝੁਕਾਵਾਂਗੇ। ਇਹ ਵੀ ਸਮਾਜ ਮੂਹਰੇ ਖੜਾ ਕੀਤਾ ਗਿਆ ਇਕ ਭਰਮ ਹੈ। ਅਦਾਲਤਾਂ ਫੈਸਲੇ ਕਰਦੀਆਂ ਹਨ, ਠੀਕ ਵੀ ਤੇ ਗਲਤ ਵੀ। ਕਈ ਵਾਰੀ ਇਕ ਮੁਲਜ਼ਮ ਨੂੰ ਇਕ ਅਦਾਲਤ ਵਲੋਂ ਦੋਸ਼ੀ ਠਹਿਰਾ ਕੇ ਜੇਲ੍ਹ ਭੇਜ ਦਿਤਾ ਜਾਂਦਾ ਹੈ, ਕੁਝ ਦਿਨ ਬਾਅਦ ਦੂਜੀ ਅਦਾਲਤ ਉਸ ਨੂੰ 'ਬਾਇੱਜ਼ਤ' ਬਰੀ ਕਰ ਦੇਂਦੀ ਹੈ। ਇਹ ਸਾਰੇ ਫੈਸਲੇ ਨਿਆਂ ਦੀ ਭਾਵਨਾ ਨਾਲ ਹੀ ਕੀਤੇ ਜਾਣ ਤਾਂ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ, ਪਰ ਕਈ ਵਾਰੀ ਇਹੋ ਜਿਹੇ ਦੋਸ਼ ਲੱਗਦੇ ਹਨ, ਜਿਨ੍ਹਾਂ ਨਾਲ ਨਿਆਂ ਦੀ ਗੱਲ ਸ਼ੱਕੀ ਲੱਗਣ ਲੱਗ ਪੈਂਦੀ ਹੈ। ਅਦਾਲਤਾਂ ਨਾਲ ਜੁੜੇ ਲੋਕ ਮੂੰਹੋਂ-ਮੂੰਹ ਕਹਿ ਰਹੇ ਹਨ ਕਿ ਇਸ ਪ੍ਰਕਿਰਿਆ ਵਿਚ ਹੁਣ ਲੈਣ-ਦੇਣ ਆਮ ਗੱਲ ਬਣਦੀ ਜਾਂਦੀ ਹੈ, ਜਿਸ ਦੇ ਚਰਚੇ ਅਦਾਲਤਾਂ ਤੋਂ ਬਾਹਰ ਨਿਕਲ ਕੇ ਅਖ਼ਬਾਰਾਂ ਵਿਚ ਵੀ ਹੋਣ ਲੱਗ ਪਏ ਹਨ, ਜਿਹੜੇ ਦੱਸਦੇ ਹਨ ਕਿ ਸਾਰਾ ਕੁਝ ਠੀਕ-ਠਾਕ ਨਹੀਂ।



ਅਦਾਲਤਾਂ ਕਿਵੇਂ ਕੰਮ ਕਰਦੀਆਂ ਹਨ, ਇਸ ਦੀਆਂ ਦੋ ਮਿਸਾਲਾਂ ਇੱਕੋ ਦਿਨ ਮੱਧ ਪ੍ਰਦੇਸ਼ ਦੇ ਸ਼ਹਿਰ ਇੰਦੌਰ ਤੋਂ ਆਈਆਂ ਹਨ। ਪਹਿਲੀ ਮਿਸਾਲ ਇਹ ਹੈ ਕਿ ਜੀ ਪੀ ਅਗਰਵਾਲ ਨਾਂਅ ਦਾ ਇਕ ਐਡੀਸ਼ਨਲ ਜ਼ਿਲ੍ਹਾ ਜੱਜ ਸਸਪੈਂਡ ਕੀਤਾ ਗਿਆ ਹੈ। ਉਸ ਦੀ ਮੁਅੱਤਲੀ ਦਾ ਕਾਰਨ ਉਸ ਕੋਲੋਂ ਫੜਿਆ ਗਿਆ ਨਿੱਜੀ ਲੈਪਟਾਪ ਬਣਿਆ ਹੈ। ਇਸ ਲੈਪ-ਟਾਪ ਵਿਚ ਚੇਨੀਆਂ ਧੂਹ ਕੇ ਭੱਜਣ ਵਾਲੇ ਇਕ ਲੁਟੇਰੇ ਦੇ ਮੁਕੱਦਮੇ ਦਾ ਫੈਸਲਾ ਇਕ ਨਹੀਂ, ਦੋ ਫੈਸਲੇ ਤਿਆਰ ਕੀਤੇ ਪਏ ਸਨ। ਚੇਨੀਆਂ ਧੂਹਣ ਵਾਲਾ ਇੱਕੋ ਬੰਦਾ, ਇੱਕੋ ਮੁਕੱਦਮਾ ਤੇ ਇੱਕੋ ਤਰੀਕ, ਪਰ ਇਕ ਫੈਸਲਾ ਉਸ ਨੂੰ ਸਜ਼ਾ ਦੇਣ ਲਈ ਤਿਆਰ ਕੀਤਾ ਗਿਆ ਸੀ ਤੇ ਦੂਜਾ ਉਸ ਨੂੰ ਰਿਹਾਅ ਕਰਨ ਬਾਰੇ। ਸਾਫ ਹੈ ਕਿ ਉਡੀਕ ਸਿਰਫ ਸੌਦਾ ਵੱਜਣ ਦੀ ਸੀ, ਜੇ ਮਾਲ ਮਿਲ ਗਿਆ ਤਾਂ ਉਹਨੂੰ ਛੱਡ ਦਿੱਤਾ ਜਾਣਾ ਸੀ, ਨਹੀਂ ਤਾਂ ਜੇਲ੍ਹ ਦੀ ਸਜ਼ਾ ਕਰ ਦੇਣੀ ਸੀ। ਮੱਧ ਪ੍ਰਦੇਸ਼ ਦੀ ਜਿਸ ਹਾਈ ਕੋਰਟ ਨੇ ਅਗਰਵਾਲ ਦੇ ਇੱਕੋ ਕੇਸ ਦੇ ਦੋ ਫੈਸਲੇ ਸਾਹਮਣੇ ਆਉਣ 'ਤੇ ਕਾਰਵਾਈ ਕੀਤੀ, ਉਸੇ ਨੇ ਇਕ ਹੋਰ ਕੇਸ ਵਿਚ ਨਰਿੰਦਰ ਕੁਮਾਰ ਜੈਨ ਨਾਂਅ ਦੇ ਇਕ ਐਡੀਸ਼ਨਲ ਜ਼ਿਲ੍ਹਾ ਜੱਜ ਦੇ ਵਿਰੁਧ ਵੀ ਮੁਅੱਤਲੀ ਦੇ ਹੁਕਮ ਜਾਰੀ ਕੀਤੇ ਹਨ। ਨਰਿੰਦਰ ਜੈਨ ਨਾਂਅ ਦਾ ਇਹ ਜੱਜ 1983 ਵਿਚ ਇਕ ਹੋਟਲ ਦੇ ਮਾਲਕ ਤੇ ਉਸ ਦੇ ਪੁੱਤਰ ਨਾਲ ਲੜਾਈ ਕਰ ਬੈਠਾ ਸੀ। ਮੁਕੱਦਮਾ ਚੱਲਿਆ, ਜੈਨ ਨੇ 1985 ਵਿਚ ਜ਼ਮਾਨਤ ਕਰਵਾ ਲਈ ਤੇ ਫਿਰ ਕਦੇ ਪੇਸ਼ ਹੀ ਨਾ ਹੋਇਆ। ਮੁੜ-ਮੁੜ ਸੰਮਨ ਭੇਜੇ ਗਏ, ਪਰ ਉਸ ਦੇ ਪੇਸ਼ ਨਾ ਹੋਣ ਕਾਰਨ ਉਸ ਨੂੰ ਭਗੌੜਾ ਕਰਾਰ ਦੇ ਦਿੱਤਾ ਗਿਆ। ਜੈਨ ਨੇ ਫਿਰ ਵੀ ਪਰਵਾਹ ਨਾ ਕੀਤੀ ਤੇ 1994 ਵਿਚ ਕੇਸ ਚੱਲਦੇ ਜਾਂ ਭਗੌੜੇ ਹੋਣ ਦੀ ਗੱਲ ਲੁਕਾ ਕੇ ਜੱਜ ਭਰਤੀ ਹੋ ਗਿਆ। ਪੁਲਸ ਰਿਪੋਰਟ ਵੀ ਉਸ ਨੇ ਥਾਣੇ ਵਾਲਿਆਂ ਨਾਲ ਮਿਲ ਕੇ ਆਪਣੇ ਹੱਕ ਵਿਚ ਕਰਵਾ ਲਈ। ਕੰਮ ਓਦੋਂ ਵਿਗੜਿਆ, ਜਦੋਂ ਉਹ ਐਡੀਸ਼ਨਲ ਜ਼ਿਲ੍ਹਾ ਜੱਜ ਬਣ ਕੇ ਉਸੇ ਸ਼ਹਿਰ ਵਿਚ ਜਾ ਲੱਗਾ, ਜਿੱਥੋਂ ਦੀ ਅਦਾਲਤ ਨੇ ਉਸ ਨੂੰ ਭਗੌੜਾ ਕਰਾਰ ਦਿੱਤਾ ਹੋਇਆ ਸੀ। ਕੀ ਏਦਾਂ ਦੇ ਫਰਾਡੀਏ ਜੱਜ ਸਾਡੀ ਨਿਆਂ ਪਾਲਿਕਾ ਵਿਚ ਹੋਰ ਨਹੀਂ ਹੋਣਗੇ?

ਹੁਣ ਸੁਣੋ ਪੰਜਾਬ ਦੀ ਕਹਾਣੀ। ਇਥੇ ਵੀ ਇਕ ਤੋਂ ਇਕ ਚੜ੍ਹਦੀ ਕਲਾ ਵਾਲੇ ਜੱਜ ਸੁਣੇ ਜਾਂਦੇ ਹਨ, ਪਰ ਤਾਜ਼ਾ ਕੇਸ ਅੰਮ੍ਰਿਤਸਰ ਦੇ ਇਕ ਸਾਬਕਾ ਜੱਜ ਦਾ ਹੈ। ਉਸ ਨੂੰ ਪਿੱਛੇ ਜਿਹੇ ਨੌਕਰੀ ਤੋਂ ਬਾਹਰ ਕਰ ਦਿੱਤਾ ਗਿਆ ਸੀ। ਪਤਾ ਇਹ ਲੱਗਾ ਹੈ ਕਿ ਬੀ ਐਸ ਸਰਾਂ ਨਾਂਅ ਦਾ ਇਹ ਜੱਜ ਜਦੋਂ ਕੱਢਿਆ ਗਿਆ, ਉਸ ਦੇ ਲਿਖੇ ਹੋਏ ਮੁਕੱਦਮੇ ਉਸ ਨੇ ਹੁਕਮ ਸੁਣਾ ਕੇ ਵੀ ਦਸਖਤ ਕਰਨ ਤੋਂ ਬਿਨਾਂ ਹੀ ਰੱਖੇ ਹੋਏ ਸਨ। ਹੁਣ ਉਸ ਨੂੰ ਕਰਨ ਦਾ ਹੱਕ ਨਹੀਂ ਤੇ ਇੰਜ ਇਹ ਫੈਸਲੇ ਹੋਏ ਵੀ ਅਣਹੋਏ ਹੋ ਕੇ ਰਹਿ ਜਾਣਗੇ, ਕਿਉਂਕਿ ਦੂਜਾ ਕੋਈ ਜੱਜ ਉਹਦੇ ਦਿੱਤੇ ਫੈਸਲੇ ਉਤੇ ਦਸਖਤ ਨਹੀਂ ਕਰੇਗਾ।

ਉਹਦੇ ਵਰਗੇ ਇਕ ਹੋਰ ਜੱਜ ਨੂੰ ਰਿਟਾਇਰਮੈਂਟ ਪਿੱਛੋਂ ਸੁਪਰੀਮ ਕੋਰਟ ਨੇ ਝਾੜ ਪਾਈ ਹੈ। ਕਾਰਨ ਇਹ ਕਿ ਉਸ ਨੇ ਨੌਕਰੀ ਮੁੱਕਣ ਦਾ ਦਿਨ ਨੇੜੇ ਆਉਂਦੇ ਵੇਖ ਕੇ ਇਹ ਦਰਖਾਸਤ ਦੇ ਦਿੱਤੀ ਸੀ ਕਿ ਉਸ ਦਾ ਜਨਮ 27 ਮਾਰਚ 1936 ਦੀ ਬਜਾਇ 27 ਮਾਰਚ 1938 ਨੂੰ ਹੋਇਆ ਮੰਨਿਆ ਜਾਵੇ। ਸਾਫ ਹੈ ਕਿ ਉਹ ਦੋ ਸਾਲ ਹੋਰ ਨੌਕਰੀ ਕਰਦੇ ਰਹਿਣ ਦੀ ਝਾਕ ਰੱਖਦਾ ਸੀ। ਨੇਮਾਂ ਅਨੁਸਾਰ ਕੋਈ ਵੀ ਵਿਅਕਤੀ ਭਰਤੀ ਹੋਣ ਤੋਂ ਦੋਹਾਂ ਸਾਲਾਂ ਦੇ ਅੰਦਰ ਇਹੋ ਜਿਹੀ ਕਿਸੇ ਸੋਧ ਦੀ ਮੰਗ ਕਰ ਸਕਦਾ ਹੈ, ਪਰ ਉਸ ਨੇ ਵੀਹ ਸਾਲ ਨੌਕਰੀ ਕਰਨ ਮਗਰੋਂ ਇਹ ਬੇਨਤੀ ਕੀਤੀ। ਦਲੀਲ ਇਹ ਦਿੱਤੀ ਕਿ ਪਹਿਲਾਂ ਪਤਾ ਨਹੀਂ ਸੀ। ਸੁਪਰੀਮ ਕੋਰਟ ਨੇ ਝਾੜ ਪਾਉਂਦਿਆਂ ਕਿਹਾ ਕਿ ਉਹ ਕਿਹੋ ਜਿਹਾ ਜੱਜ ਹੈ, ਜਿਸ ਨੇ ਵੀਹ ਸਾਲ ਆਪਣੀ ਜਨਮ ਤਰੀਕ ਵੀ ਵੇਖਣ ਦੀ ਲੋੜ ਨਹੀਂ ਸਮਝੀ।

ਇਹ ਸਭ ਛੋਟੇ ਪੱਧਰ ਦੇ ਜੱਜ ਸਨ, ਇਸ ਦਾ ਭਾਵ ਇਹ ਨਹੀਂ ਕਿ ਉਪਰ ਏਦਾਂ ਦੇ ਕੰਮ ਨਹੀਂ ਹੁੰਦੇ, ਸਗੋਂ ਏਦੂੰ ਵੀ ਵੱਡੇ ਘਾਲੇ-ਮਾਲੇ ਹੋ ਸਕਦੇ ਹਨ। ਕਰਨਾਟਕਾ ਦੇ ਚੀਫ ਜਸਟਿਸ ਦਿਨਾਕਰਨ ਦਾ ਸਭ ਨੂੰ ਪਤਾ ਹੈ, ਜਿਹੜਾ ਹਜ਼ਾਰਾਂ ਏਕੜ ਜ਼ਮੀਨ 'ਤੇ ਧੱਕੇ ਨਾਲ ਨਜਾਇਜ਼ ਕਬਜ਼ਾ ਕਰੀ ਬੈਠਾ ਹੈ। ਗਾਜ਼ੀਆਬਾਦ ਦੇ ਉਨ੍ਹਾਂ ਜੱਜਾਂ ਬਾਰੇ ਵੀ ਹੁਣ ਲੋਕ ਜਾਣ ਚੁੱਕੇ ਹਨ, ਜਿਨ੍ਹਾਂ ਵਿਚੋਂ ਕੁਝ ਜਣੇ ਮੁਲਾਜ਼ਮਾਂ ਦੇ ਪ੍ਰਾਵੀਡੈਂਟ ਫੰਡ ਨੂੰ ਸੰਨ੍ਹ ਲਾ ਕੇ ਹੁਣ ਹਾਈ ਕੋਰਟ ਦੇ ਜੱਜ ਬਣ ਬੈਠੇ ਹਨ ਤੇ ਇਕ ਜਣਾ ਸੁਪਰੀਮ ਕੋਰਟ ਦਾ ਜੱਜ ਵੀ ਬਣ ਗਿਆ ਹੈ। ਏਦਾਂ ਦਾ ਇਕ ਜੱਜ ਕਲਕੱਤੇ ਦੀ ਹਾਈ ਕੋਰਟ ਵਿਚ ਵੀ ਹੈ, ਕੰਮ ਕਰਨ ਦੇ ਅਧਿਕਾਰ ਉਸ ਤੋਂ ਖੋਹੇ ਹੋਏ ਹਨ, ਅਸਤੀਫਾ ਉਹ ਦਿੰਦਾ ਨਹੀਂ ਤੇ ਉਸ ਦੇ ਵਿਰੁਧ ਹੁਣ ਪਾਰਲੀਮੈਂਟ ਅੰਦਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਮਹਾਂ-ਦੋਸ਼ ਦਾ ਮਤਾ ਪੇਸ਼ ਹੋਣ ਲੱਗਾ ਹੈ।

ਸੌਮਿਤਰਾ ਸੇਨ ਨਾਂਅ ਦਾ ਇਹ ਪੱਛਮੀ ਬੰਗਾਲ ਦੀ ਕੋਲਕਾਤਾ ਹਾਈ ਕੋਰਟ ਦਾ ਜੱਜ 1983 ਵਿਚ ਨਵਾਂ-ਨਵਾਂ ਵਕੀਲ ਬਣਿਆ ਸੀ। ਸਟੀਲ ਅਥਾਰਟੀ ਆਫ ਇੰਡੀਆ ਅਤੇ ਸ਼ਿਪਿੰਗ ਕਾਰਪੋਰੇਸ਼ਨ ਆਫ ਇੰਡੀਆ ਵਿਚਾਲੇ ਇਕ ਝਗੜਾ ਖੜਾ ਹੋ ਗਿਆ। ਕੁਝ ਸਾਮਾਨ ਮੰਗਵਾਇਆ ਸੀ ਸਟੀਲ ਅਥਾਰਟੀ ਆਫ ਇੰਡੀਆ ਨੇ, ਜਿਹੜਾ ਸ਼ਿਪਿੰਗ ਕਾਰਪੋਰੇਸ਼ਨ ਆਫ ਇੰਡੀਆ ਨੇ ਲਿਆਂਦਾ ਸੀ, ਪਰ ਠੀਕ ਨਾ ਹੋਣ ਕਰਕੇ ਸਟੀਲ ਅਥਾਰਟੀ ਆਫ ਇੰਡੀਆ ਨੇ ਲੈਣ ਤੋਂ ਨਾਂਹ ਕਰ ਦਿੱਤੀ। ਅਦਾਲਤ ਨੇ ਸੌਮਿੱਤਰਾ ਸੇਨ ਨੂੰ ਰਿਸੀਵਰ ਨਿਯੁਕਤ ਕੀਤਾ ਤੇ ਕਿਹਾ ਕਿ ਉਹ ਇਹ ਮਾਲ ਬਿਲੇ ਲਾ ਕੇ ਇਸ ਦੀ ਕੀਮਤ ਦਾ ਪੰਜ ਫੀਸਦੀ ਕਮਿਸ਼ਨ ਵਜੋਂ ਆਪ ਲੈ ਲਵੇ ਤੇ ਬਾਕੀ ਪੈਸੇ ਇਕ ਵੱਖਰੇ ਖਾਤੇ ਵਿਚ ਜਮ੍ਹਾਂ ਕਰਾਵੇ ਤੇ ਮੌਕਾ ਬਣਨ 'ਤੇ ਸੰਬੰਧਿਤ ਧਿਰ ਨੂੰ ਦੇ ਦੇਵੇ। ਉਸ ਨੇ ਤੇਤੀ ਲੱਖ ਤੋਂ ਵਧ ਰੁਪਏ ਵਸੂਲ ਕੀਤੇ ਤੇ ਫਿਰ ਦੇਣ ਦੀ ਲੋੜ ਹੀ ਨਾ ਸਮਝੀ। ਮੁੜ ਮੁੜ ਪੁੱਛੇ ਜਾਣ 'ਤੇ ਵੀ ਜਦੋਂ ਉਸ ਨੇ ਕੁੱਝ ਨਾ ਦੱਸਿਆ ਤੇ ਨਾ ਹੀ ਕੁਝ ਦਿੱਤਾ ਤਾਂ ਇਕ ਧਿਰ ਅਦਾਲਤ ਵਿਚ ਚਲੀ ਗਈ। ਅਦਾਲਤ ਨੇ ਸੱਦਿਆ ਤਾਂ ਸੌਮਿਤਰਾ ਸੇਨ ਪੇਸ਼ ਹੀ ਨਾ ਹੋਇਆ, ਪਰ ਜਦੋਂ ਉਹ ਹਾਈ ਕੋਰਟ ਦਾ ਜੱਜ ਬਣ ਗਿਆ, ਹਾਈ ਕੋਰਟ ਦੇ ਹੀ ਇਕ ਜੱਜ ਨੇ ਵਿਆਜ ਸਮੇਤ ਪੈਸੇ ਮੋੜਨ ਦਾ ਹੁਕਮ ਦੇ ਦਿੱਤਾ। ਇਥੇ ਆ ਕੇ ਮੌਕੇ ਦੀ ਨਜ਼ਾਕਤ ਵੇਖ ਕੇ ਸੌਮਿਤਰਾ ਸੇਨ ਨੇ ਪੈਸੇ ਮੋੜ ਦਿੱਤੇ। ਏਦਾਂ ਕਰਨਾ ਕਾਫੀ ਨਹੀਂ ਸੀ, ਹਾਈ ਕੋਰਟ ਦੇ ਹੁਕਮ ਪਿੱਛੋਂ ਇਹ ਸ਼ਿਕਾਇਤ ਖੁੱਲ੍ਹ ਗਈ ਕਿ ਏਨੀ ਦੇਰ ਇਹ ਪੈਸੇ ਉਸ ਨੇ ਰੱਖੇ ਕਿਉਂ ਤੇ ਵਰਤੇ ਕਿੱਥੇ ਸਨ? ਪਤਾ ਲੱਗਾ ਕਿ ਪੈਸੇ ਉਸ ਨੇ ਇਕ ਇਹੋ ਜਿਹੀ ਫਰਮ ਦੇ ਸ਼ੇਅਰ ਖਰੀਦਣ 'ਤੇ ਲਾ ਦਿੱਤੇ ਸਨ, ਜਿਹੜੀ ਵਕਤੀ ਤੌਰ 'ਤੇ ਬਣੀ ਤੇ ਫਿਰ ਬੰਦ ਕਰ ਦਿੱਤੀ ਗਈ ਸੀ। ਜਦੋਂ ਸ਼ਿਕਾਇਤ ਹੋਈ, ਉਦੋਂ ਉਸ ਦੇ ਖਾਤੇ ਵਿਚ ਆਏ ਹੋਏ ਤੇਤੀ ਲੱਖ ਰੁਪਏ ਨਾਲ ਵਿਆਜ ਪਾ ਕੇ ਵਾਹਵਾ ਰਕਮ ਬਣੀ ਹੋਣੀ ਚਾਹੀਦੀ ਸੀ, ਪਰ ਉਥੇ ਸਿਰਫ ਅੱਠ ਸੌ ਬਾਰਾਂ ਰੁਪਏ ਪਏ ਸਨ। ਸਾਫ ਕਿ ਬਿਗਾਨੀ ਅਮਾਨਤ ਵਿਚ ਖਿਆਨਤ ਕੀਤੀ ਸਾਬਤ ਹੁੰਦੀ ਸੀ।

ਹਾਈ ਕੋਰਟ ਦੇ ਜਿਸ ਜੱਜ ਨੇ ਸੌਮਿਤਰਾ ਸੇਨ ਵਿਰੁਧ ਹੁਕਮ ਕੀਤਾ, ਉਸ ਨੇ ਕੁਝ ਕੌੜੀਆਂ ਟਿੱਪਣੀਆਂ ਵੀ ਕੀਤੀਆਂ ਸਨ। ਸੌਮਿਤਰਾ ਸੇਨ ਨੇ ਉਹ ਟਿੱਪਣੀਆਂ ਹਟਾਉਣ ਦੀ ਅਰਜ਼ੀ ਪਾਈ ਤਾਂ ਖਾਰਜ ਹੋ ਗਈ। ਫਿਰ ਉਸ ਨੇ ਆਪਣੀ ਮਾਂ ਤੋਂ ਅਰਜ਼ੀ ਪਵਾ ਦਿੱਤੀ, ਜਿਸ ਦੀ ਸੁਣਵਾਈ ਡਵੀਜ਼ਨ ਬੈਂਚ ਨੇ ਕੀਤੀ ਤੇ ਨਰਮੀ ਵਿਖਾ ਕੇ ਉਹ ਟਿੱਪਣੀਆਂ ਹਟਾ ਦਿੱਤੀਆਂ, ਪਰ ਹਾਈ ਕੋਰਟ ਦੇ ਮੁੱਖ ਜੱਜ ਨੇ ਉਸ ਦਾ ਕਿਰਦਾਰ ਵੇਖ ਕੇ ਉਸ ਨੂੰ ਅਦਾਲਤ ਲਾਉਣ ਤੋਂ ਰੋਕ ਦਿੱਤਾ। ਉਹ ਰੋਕ ਹਟਵਾਉਣ ਸੁਪਰੀਮ ਕੋਰਟ ਨੂੰ ਤੁਰਿਆ ਤਾਂ ਤਿੰਨ ਹਾਈ ਕੋਰਟਾਂ ਦੇ ਜੱਜਾਂ ਦੀ ਜਾਂਚ ਕਮੇਟੀ ਬਣ ਗਈ, ਜਿਸ ਨੇ ਉਸ ਨੂੰ ਦੋਸ਼ੀ ਠਹਿਰਾ ਦਿੱਤੀ। ਸੁਪਰੀਮ ਕੋਰਟ ਦੇ ਮੁੱਖ ਜੱਜ ਤੇ ਦੋ ਸਭ ਤੋਂ ਸੀਨੀਅਰ ਜੱਜਾਂ ਨੇ ਉਸ ਨੂੰ ਨਿੱਜੀ ਤੌਰ 'ਤੇ ਮੌਕਾ ਦੇ ਕੇ ਸੁਣਿਆ, ਤੇ ਫਿਰ ਇਹ ਸਲਾਹ ਦਿੱਤੀ ਕਿ ਉਹ ਅਸਤੀਫਾ ਦੇ ਜਾਵੇ ਤਾਂ ਠੀਕ ਰਹੇਗਾ। ਸੌਮਿਤਰਾ ਸੇਨ ਇਸ ਗੱਲੋਂ ਸਿਰ ਫੇਰ ਗਿਆ।

ਆਖਰ ਕਿਉਂ? ਸਿਰਫ ਇਸ ਲਈ ਕਿ ਉਹ ਜਾਣਦਾ ਸੀ ਕਿ ਉਸ ਨੂੰ ਪਾਰਲੀਮੈਂਟ ਵਿਚ ਮਹਾਂ-ਦੋਸ਼ ਦਾ ਮਤਾ ਪਾਸ ਕੀਤੇ ਬਗੈਰ ਹਟਾਇਆ ਨਹੀਂ ਜਾ ਸਕਦਾ ਤੇ ਇਹੋ ਜਿਹੇ ਮਹਾਂ-ਦੋਸ਼ ਦੇ ਮਤੇ ਦਾ ਹਸ਼ਰ ਉਹ ਜਾਣਦਾ ਸੀ। ਸੁਪਰੀਮ ਕੋਰਟ ਦੇ ਇਕ ਜੱਜ ਜਸਟਿਸ ਰਾਮਾਸਵਾਮੀ ਵਿਰੁਧ 1991 ਵਿਚ ਏਦਾਂ ਦੇ ਮਾਮਲੇ ਵਿਚ ਮਹਾਂ-ਦੋਸ਼ ਦਾ ਮਤਾ ਪੇਸ਼ ਹੋਇਆ ਸੀ। ਸਾਰਾ ਕੁਝ ਸਪੱਸ਼ਟ ਹੋਣ ਦੇ ਬਾਵਜੂਦ ਉਹ ਮਤਾ ਪਾਸ ਨਹੀਂ ਸੀ ਹੋ ਸਕਿਆ। ਰੋਜ਼ ਛੱਤੀ ਕਿਸਮ ਦੇ ਐਬ ਕਰਨ ਵਾਲੇ ਲੀਡਰਾਂ ਦੀ ਜ਼ਮੀਰ ਕਦੇ-ਕਦਾਈਂ ਇਕ ਨੇਕ ਕੰਮ ਕਰਨ ਬਾਰੇ ਸੋਚਣ ਦੀ ਥਾਂ ਓਦੋਂ ਇਹ ਸੋਚਣ ਲੱਗ ਪਈ ਹੋਵੇਗੀ ਕਿ ਆਪਾਂ ਵੀ ਕਰਦੇ ਰਹਿੰਦੇ ਹਾਂ, ਸਜ਼ਾ ਤਾਂ ਕਦੇ ਹੋਈ ਨਹੀਂ, ਹੁਣ ਇਕ ਮਹਾਂ ਦੋਸ਼ ਮਤਾ ਫਿਰ ਪੇਸ਼ ਹੋਣ ਲੱਗਾ ਹੈ।

ਵਿਚਾਰਾ ਹਿੰਦੁਸਤਾਨ ਤੇ ਵਿਚਾਰੇ ਹਨ ਇਸ ਦੇ ਲੋਕ, ਜਿਹੜਾ 'ਚੋਰ-ਚੋਰ ਮਸੇਰੇ ਭਾਈ' ਦੇ ਰਾਜ ਵਿਚ ਦਰ-ਗੁਜ਼ਰ ਕਰਦੇ ਹਨ। ਏਨੇ ਚੋਰਾਂ ਦੀ ਜਦੋਂ ਹਰ ਪਾਸੇ ਭਰਮਾਰ ਹੈ, ਕੋਈ ਵਿਰਲਾ-ਵਾਂਝਾ ਈਮਾਨਦਾਰ ਬਚਿਆ ਬੰਦਾ ਗਿਣਤੀ ਕਿਹੜੀ ਵਿਚ ਗਿਣਿਆ ਜਾ ਸਕਦਾ ਹੈ?

# ਕੇਂਦਰ ਨੂੰ ਭੂਮੀ ਪ੍ਰਾਪਤੀ ਐਕਟ 'ਚ ਸੋਧ ਕਰਨ ਦੇ ਹੁਕਮ

**ਨਵੀਂ ਦਿੱਲੀ :** ਕਿਸਾਨਾਂ ਦੇ ਹੱਕ ਵਿਚ ਇਕ ਅਹਿਮ ਫੈਸਲੇ ਰਾਹੀਂ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਆਦੇਸ਼ ਦਿੱਤੇ ਹਨ ਕਿ ਉਹ ਭੂਮੀ ਪ੍ਰਾਪਤੀ ਕਾਨੂੰਨ (ਲੈਂਡ ਐਕਿਊਜ਼ੀਸ਼ਨ ਐਕਟ) ਵਿਚ ਸੋਧ ਕਰੇ ਤਾਂ ਕਿ ਕਿਸਾਨਾਂ ਤੋਂ ਉਸ ਪ੍ਰਾਜੈਕਟ ਲਈ ਜ਼ਮੀਨ ਖੋਹੀ ਜਾਵੇ ਜਿਸ ਨਾਲ ਉਨ੍ਹਾਂ ਨੂੰ ਵੀ ਆਰਥਿਕ, ਸਮਾਜਿਕ ਫਾਇਦਾ ਹੋਵੇ।

ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਲਾਗੂ ਭੂਮੀ ਪ੍ਰਾਪਤੀ ਕਾਨੂੰਨ ਨਾਲ ਕਿਸਾਨਾਂ ਦੇ ਹੱਕਾਂ 'ਤੇ ਜਬਰਦਸਤੀ ਹੋ ਰਹੀ ਹੈ, ਜਿਸ ਕਰਕੇ ਜ਼ਮੀਨ ਖੁੱਸਦਿਆਂ ਹੀ ਬਹੁਤੇ ਕਿਸਾਨਾਂ ਦੀ ਦੁਰਦਸ਼ਾ ਹੋ ਜਾਂਦੀ ਹੈ। ਸੌ ਸਾਲ ਤੋਂ ਵੀ ਵਧ 1894 ਵਾਲੇ ਭੂਮੀ ਪ੍ਰਾਪਤੀ ਕਾਨੂੰਨ ਵਿਚ ਤਰਮੀਮ ਲਈ ਸਰਕਾਰ ਸੰਸਦ ਵਿਚ ਲੋੜੀਂਦਾ ਬਿਲ ਲੈ ਕੇ ਆਵੇ। ਮਾਣਯੋਗ ਤਿੰਨ ਜੱਜਾਂ ਦੇ ਬੈਂਚ ਨੇ ਇਹ ਫੈਸਲਾ ਪਿਛਲੇ ਹਫਤੇ ਦਿੰਦਿਆਂ ਕੇਂਦਰੀ ਸਰਕਾਰ ਨੂੰ ਇਹ ਆਦੇਸ਼ ਵੀ ਦਿੱਤੇ ਕਿ ਮੌਜੂਦਾ ਕਾਨੂੰਨ ਕਿਸਾਨ ਵਿਰੋਧੀ ਮੱਦਾਂ ਨੂੰ ਹਟਾਉਣ ਲਈ, ਉਹ ਬਿੱਲ ਦੇ ਖਰੜੇ ਦੇ ਸੁਧਾਈ ਲਈ 'ਲਾਅ ਕਮਿਸ਼ਨ' ਵਲੋਂ ਪਹਿਲਾਂ ਘੋਖ ਕਰਵਾਏ ਅਤੇ ਉਸ ਤੋਂ ਬਾਅਦ ਬਿਲ ਦੇ ਰੂਪ ਵਿਚ ਸੰਸਦ ਵਿਚ ਪੇਸ਼ ਕਰੇ। ਸੁਪਰੀਮ ਕੋਰਟ ਦੇ ਤਿੰਨਾਂ ਜੱਜਾਂ ਦੇ ਬੈਂਚ ਵਿਚੋਂ ਹੁਣੇ ਹੀ ਸੇਵਾ-ਮੁਕਤ ਹੋਏ ਮੁੱਖ ਜੱਜ ਜਸਟਿਸ ਕੇ. ਜੀ. ਬਾਲਾ ਕ੍ਰਿਸ਼ਨਨ ਸ਼ਾਮਿਲ ਸਨ ਅਤੇ ਨਾਲ ਦੋ ਦੂਜੇ ਮਾਣਯੋਗ ਜੱਜ ਜਸਟਿਸ ਆਰ.ਵੀ. ਰਵਿੰਦਰਨ ਅਤੇ ਜਸਟਿਸ ਡੀ.ਕੇ. ਜੈਨ ਸਨ। ਬੰਗਲੌਰ ਵਿਕਾਸ ਅਥਾਰਟੀ ਵਲੋਂ 14 ਪਿੰਡਾਂ ਦੀ 3000 ਏਕੜ ਜ਼ਮੀਨ ਨੂੰ ਐਕਵਾਇਰ (ਪ੍ਰਾਪਤ) ਕਰਨ ਦੀ ਪ੍ਰਕਿਰਿਆ ਵਿਰੁਧ ਦਾਇਰ ਅਪੀਲਾਂ ਦੀ ਸੁਣਵਾਈ ਕਰਦਿਆਂ ਮਾਣਯੋਗ ਜੱਜਾਂ ਦੇ ਬੈਂਚ ਨੇ ਕਿਹਾ ਕਿ ਐਕਟ ਵਿਚ ਤਰਮੀਮਾਂ ਇਸ ਕਰਕੇ ਜ਼ਰੂਰੀ ਹਨ ਕਿ ਇਸ ਕਾਨੂੰਨ ਰਾਹੀਂ ਕਿਸਾਨਾਂ ਦੀ ਜ਼ਮੀਨ ਪ੍ਰਾਪਤ ਕਰਨ ਵਿਚ ਬਹੁਤ ਤਰੁੱਟੀਆਂ ਸਾਹਮਣੇ ਆਈਆਂ ਹਨ, ਜਿਵੇਂ ਜ਼ਮੀਨ ਪ੍ਰਾਪਤ ਕਰਨ ਤੋਂ ਪਹਿਲਾਂ ਉਕਤ ਭੂਮੀ ਦਾ ਸਹੀ ਸਰਵੇਖਣ ਨਾ ਕਰਨਾ, ਧੱਕੇ ਨਾਲ ਭੂਮੀ ਪ੍ਰਾਪਤ ਕਰਨ ਲਈ ਇਸ ਕਾਨੂੰਨ ਦੀਆਂ ਸੰਕਟ ਕਾਲੀਨ ਧਾਰਾਵਾਂ ਦੀ ਵਰਤੋਂ ਕਰਨਾ, ਮਨਮਾਨੇ ਤਰੀਕੇ ਨਾਲ ਕਿਸੇ ਜ਼ਮੀਨ ਦੇ ਟੁਕੜੇ ਨੂੰ ਛੱਡ ਦੇਣਾ ਅਤੇ ਨਾਲ ਲਗਦੇ ਹੋਰ ਖੇਤਰ ਨੂੰ ਬੇਵਜ੍ਹਾ ਪ੍ਰਾਪਤ ਕਰ ਲੈਣਾ ਅਤੇ ਕਈ ਵਾਰੀ ਲੋੜ ਤੋਂ ਕਿਤੇ ਵਧ ਜ਼ਮੀਨ ਨੂੰ ਕਿਸਾਨ ਤੋਂ ਲੈ ਲੈਣਾ।

ਇਕ ਹੋਰ ਅਹਿਮ ਟਿੱਪਣੀ ਕਰਦਿਆਂ ਮਾਣਯੋਗ ਬੈਂਚ ਨੇ ਕਿਹਾ ਕਿ ਜਦੋਂ ਜ਼ਮੀਨ ਨਿੱਜੀ ਕੰਪਨੀਆਂ ਜਾਂ ਵਿਅਕਤੀਆਂ ਲਈ ਸਰਕਾਰੀ ਤੌਰ 'ਤੇ ਪ੍ਰਾਪਤ ਕੀਤੀ ਜਾਂਦੀ ਹੈ ਤਾਂ ਇਸ ਦਾ ਇਹ ਪ੍ਰਭਾਵ ਪੈਂਦਾ ਹੈ ਕਿ ਕਿਸੇ ਕੀਮਤ 'ਤੇ ਸਰਕਾਰ ਕਿਸੇ ਦੂਜੇ ਖਾਸ ਤਬਕੇ ਦੀ ਮਦਦ ਕਰ ਰਹੀ ਹੈ। ਅੰਗਰੇਜ਼ੀ ਮੁਹਾਵਰੇ ਮੁਤਾਬਿਕ ਇਹ ਪ੍ਰਕਿਰਿਆ 'ਪੀਟਰ' ਤੋਂ ਖੋਹ ਕੇ 'ਪਾਲ' ਦਾ ਘਰ ਭਰਨ ਵਾਲੀ ਬਣ ਜਾਂਦੀ ਹੈ। ਇਸ ਤਰ੍ਹਾਂ ਇਹ ਉਨ੍ਹਾਂ ਕਿਸਾਨਾਂ ਦਾ ਸਿੱਧਾ ਸੋਸ਼ਣ ਹੈ, ਜਿਨ੍ਹਾਂ ਦੀ ਉਪਜੀਵਕਾ ਉਸੇ ਖੇਤੀ 'ਤੇ ਆਧਾਰਿਤ ਹੈ। ਇਸ ਕਰਕੇ ਕਿਸਾਨਾਂ ਤੋਂ ਜ਼ਮੀਨ ਉਸ ਹਾਲਤ ਵਿਚ ਹੀ ਖੋਹੀ ਜਾਵੇ, ਜਿਥੇ ਉਨ੍ਹਾਂ ਦੀ ਜ਼ਮੀਨ 'ਤੇ ਉਸਰੇ ਪ੍ਰਾਜੈਕਟ ਉਨ੍ਹਾਂ ਲਈ ਵੀ ਫਾਇਦੇਮੰਦ ਹੋ ਨਿਬੜਨ।

# ਪੰਜਾਬ ਦੀਆਂ ਰਾਜ ਸਭਾ ਸੀਟਾਂ ਦੀ ਚੋਣ 17 ਨੂੰ

**ਚੰਡੀਗੜ੍ਹ :** ਚੋਣ ਕਮਿਸ਼ਨਰ ਵਲੋਂ ਪੰਜਾਬ ਵਿਚ 4 ਜੁਲਾਈ 2010 ਨੂੰ ਖਾਲੀ ਹੋਣ ਜਾ ਰਹੀਆਂ 2 ਰਾਜ ਸਭਾ ਦੀਆਂ ਸੀਟਾਂ ਲਈ ਚੋਣ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ ਗਿਆ ਹੈ। ਇਹ ਸੀਟਾਂ ਮੌਜੂਦਾ ਕੇਂਦਰੀ ਮੰਤਰੀ ਸ਼੍ਰੀਮਤੀ ਅੰਬਿਕਾ ਸੋਨੀ ਅਤੇ ਅਕਾਲੀ ਦਲ ਦੇ ਸ. ਰਾਜਮਹਿੰਦਰ ਸਿੰਘ ਮਜੀਠੀਆ ਦੀ ਰਾਜ ਸਭਾ ਮੈਂਬਰ ਵਜੋਂ ਮਿਆਦ ਪੂਰੀ ਹੋਣ 'ਤੇ ਖਾਲੀ ਹੋ ਰਹੀਆਂ ਹਨ।



ਇਸ ਚੋਣ ਲਈ ਨੋਟੀਫਿਕੇਸ਼ਨ 31 ਮਈ ਨੂੰ ਜਾਰੀ ਕੀਤਾ ਜਾਵੇਗਾ, ਜਦੋਂਕਿ ਨਾਮਜ਼ਦਗੀਆਂ ਦਾਖਲ ਕੀਤੇ ਜਾਣ ਦੀ ਆਖਰੀ ਤਰੀਕ 7 ਜੂਨ ਹੋਵੇਗੀ। ਨਾਮਜ਼ਦਗੀਆਂ ਦੀ ਪੜਤਾਲ 8 ਜੂਨ ਨੂੰ ਅਤੇ ਨਾਮਜ਼ਦਗੀਆਂ ਵਾਪਸ ਲੈਣ ਦੀ ਮਿਤੀ 10 ਜੂਨ 2010 ਹੋਵੇਗੀ। ਵੋਟਾਂ ਪੈਣ ਦੀ ਸੂਰਤ ਵਿਚ ਇਸ ਚੋਣ ਲਈ ਵੋਟਾਂ 17 ਜੂਨ ਨੂੰ ਪੈਣਗੀਆਂ, ਜਦੋਂਕਿ ਇਸ ਚੋਣ ਪ੍ਰਕਿਰਿਆ ਨੂੰ 19 ਜੂਨ 2010 ਤੱਕ ਪੂਰਾ ਕੀਤਾ ਜਾਣਾ ਹੋਵੇਗਾ।

ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ 31 ਮਈ ਤੋਂ 7 ਜੂਨ 2010 ਤੱਕ ਸਵੇਰੇ 11 ਵਜੇ ਤੋਂ ਸ਼ਾਮ 3 ਵਜੇ ਤੱਕ ਦਾਇਰ ਕੀਤੀਆਂ ਜਾ ਸਕਣਗੀਆਂ ਅਤੇ ਇਹ ਫਾਰਮ 2-ਸੀ 'ਤੇ ਦੇਣੀਆਂ ਹੋਣਗੀਆਂ। ਨਾਮਜ਼ਦਗੀਆਂ ਸਕੱਤਰ ਪੰਜਾਬ ਵਿਧਾਨ ਸਭਾ ਦੇ ਦਫਤਰ ਦਾਇਰ ਕੀਤੀਆਂ ਜਾਣਗੀਆਂ।

ਵਰਨਣਯੋਗ ਹੈ ਕਿ ਪੰਜਾਬ ਵਿਧਾਨ ਸਭਾ ਵਿਚਲੀ ਵਿਰੋਧੀ ਧਿਰ ਅਤੇ ਹੁਕਮਰਾਨ ਪਾਰਟੀ ਦੀ ਗਿਣਤੀ ਅਨੁਸਾਰ ਅਕਾਲੀ ਦਲ ਅਤੇ ਕਾਂਗਰਸ ਦੋਵਾਂ ਨੂੰ ਇਸ ਚੋਣ ਵਿਚ ਇਕ ਇਕ ਸੀਟ ਮਿਲ ਸਕਦੀ ਹੈ। ਖਿਆਲ ਕੀਤਾ ਜਾਂਦਾ ਹੈ ਕਿ ਸ੍ਰੀਮਤੀ ਅੰਬਿਕਾ ਸੋਨੀ, ਜੋ ਕਿ ਮੌਜੂਦਾ ਕੇਂਦਰੀ ਮੰਤਰੀ ਹਨ, ਨੂੰ ਕਾਂਗਰਸ ਵਲੋਂ ਦੁਬਾਰਾ ਰਾਜ ਸਭਾ ਲਈ ਉਮੀਦਵਾਰ ਰੱਖਿਆ ਜਾਵੇਗਾ, ਜਦੋਂਕਿ ਅਕਾਲੀ ਦਲ ਵੱਲੋਂ ਸ. ਬਲਵਿੰਦਰ ਸਿੰਘ ਭੂੰਦੜ ਸਮੇਤ ਕਈ ਆਗੂਆਂ ਦੇ ਨਾਂਅ ਇਸ ਚੋਣ ਲਈ ਚਰਚਾ ਵਿਚ ਹਨ।

# ਪੰਜਾਬ ਵਿਚ 22 ਹਜ਼ਾਰ ਤੋਂ ਵਧ ਕਿਸਾਨਾਂ ਵਲੋਂ ਖੁਦਕੁਸ਼ੀਆਂ

**ਲੁਧਿਆਣਾ:** ਪੰਜਾਬ ਦੇ ਦੱਖਣੀ ਖੇਤਰ ਵਿਚ ਕਿਸਾਨਾਂ ਵਲੋਂ ਆਰਥਿਕ ਤੰਗੀ ਤੋਂ ਦੁਖੀ ਹੋ ਕੇ ਕੀਤੀਆਂ ਖੁਦਕੁਸ਼ੀਆਂ ਨਾਲ ਸਬੰਧਤ ਦਸਤਾਵੇਜ਼ੀ ਫ਼ਿਲਮ 'ਹਾਰਵੈਸਟ ਆਫ਼ ਗ੍ਰੀਫ' ਨੂੰ ਰਿਲੀਜ਼ ਕਰਨ ਮੌਕੇ ਅਹਿਮ ਖੁਲਾਸਾ ਕਰਦਿਆਂ ਬੀਤੀ 21 ਮਈ ਨੂੰ ਉਪ ਕੁਲਪਤੀ ਡਾ. ਮਨਜੀਤ ਸਿੰਘ ਕੰਗ ਨੇ ਪੈਰਾਂ ਹੇਠੋਂ ਜ਼ਮੀਨ ਹੀ ਕੱਢ ਦਿੱਤੀ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਦੇ ਅਰਥ ਸ਼ਾਸਤਰ ਅਤੇ ਸਮਾਜਿਕ ਵਿਗਿਆਨ ਵਿਭਾਗ ਵਲੋਂ ਸਾਲ-2009 ਵਿਚ ਕਿਸਾਨਾਂ ਦੇ ਕਰਜ਼ਿਆਂ ਸਬੰਧੀ ਇਕ ਵਿਸ਼ੇਸ਼ ਖੋਜ ਸਰਵੇਖਣ ਬਠਿੰਡਾ ਅਤੇ ਸੰਗਰੂਰ ਜ਼ਿਲ੍ਹਿਆਂ ਵਿਚ ਕੀਤਾ ਗਿਆ ਸੀ। ਡਾ. ਕੰਗ ਨੇ ਦੱਸਿਆ ਕਿ ਸਾਲ 2003 ਤੋਂ 2008 ਤੱਕ ਕਿਸਾਨ ਜਥੇਬੰਦੀਆਂ ਦੇ ਅੰਕੜਿਆਂ ਮੁਤਾਬਕ 40 ਹਜ਼ਾਰ ਤੋਂ ਵਧ, ਫਾਰਮਰਜ਼ ਕਮਿਸ਼ਨ ਅਨੁਸਾਰ 17 ਹਜ਼ਾਰ ਤੋਂ ਵਧ ਅਤੇ ਯੂਨੀਵਰਸਿਟੀ ਅਨੁਸਾਰ 22 ਹਜ਼ਾਰ ਤੋਂ ਵਧ ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ।

ਯੂਨੀਵਰਸਿਟੀ ਦੇ ਬੇਸਿਕ ਸਾਇੰਸ ਕਾਲਜ ਦੇ ਡੀਨ ਡਾ. ਰਜਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ 2009 ਵਿਚ ਬਠਿੰਡਾ ਅਤੇ ਸੰਗਰੂਰ ਹਲਕਿਆਂ ਅੰਦਰ 2890 ਵਿਅਕਤੀਆਂ ਵਲੋਂ ਖੁਦਕੁਸ਼ੀਆਂ ਕੀਤੀਆਂ ਗਈਆਂ। ਇਨ੍ਹਾਂ 'ਚ 1757 ਖੇਤੀਬਾੜੀ ਅਤੇ 1133 ਮਜ਼ਦੂਰੀ ਕਰਦੇ ਸਨ। ਇਸ ਦੌਰਾਨ ਸਰਕਾਰੀ ਦਮਨ ਵਿਰੋਧੀ ਲਹਿਰ ਦੇ ਕਨਵੀਨਰ ਇੰਦਰਜੀਤ ਸਿੰਘ ਜੇਜੀ ਨੇ ਪੰਜਾਬ ਦੀਆਂ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਨੂੰ ਖੁਦਕੁਸ਼ੀਆਂ ਕਰ ਚੁੱਕੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਪਰਿਵਾਰਾਂ ਦੀ ਸਾਂਭ-ਸੰਭਾਲ ਲਈ ਅੱਗੇ ਆਉਣ ਦਾ ਸੱਦਾ ਦਿੱਤਾ ਹੈ। ਸ੍ਰੀ ਜੇਜੀ ਨੇ 23 ਮਈ ਨੂੰ ਇਥੇ ਜਾਰੀ ਬਿਆਨ ਰਾਹੀਂ ਕਿਹਾ ਕਿ ਦਿਹਾਤੀ ਪੰਜਾਬ ਵਿਚ ਉਨ੍ਹਾਂ ਪਰਿਵਾਰਾਂ ਦੀ ਹਾਲਤ ਬੇਹੱਦ ਤਰਸਯੋਗ ਹੈ ਜਿਨ੍ਹਾਂ ਪਰਿਵਾਰਾਂ ਵਿਚ ਮਰਦ ਮੈਂਬਰ ਖੁਦਕੁਸ਼ੀਆਂ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਸਿਰਫ ਦੋ ਜ਼ਿਲਿਆਂ ਬਠਿੰਡਾ ਤੇ ਸੰਗਰੂਰ ਦੇ ਸਰਵੇਖਣ ਦੌਰਾਨ ਇਹ ਤੱਥ ਸਾਹਮਣੇ ਆ ਚੁੱਕੇ ਹਨ ਕਿ ਇਨ੍ਹਾਂ ਦੋਹਾਂ ਜ਼ਿਲ੍ਹਿਆਂ ਵਿਚ 2890 ਕਿਸਾਨਾਂ ਨੇ ਪਿਛਲੇ ਅੱਠਾਂ ਸਾਲਾਂ (2000 ਤੋਂ 2008) ਦੌਰਾਨ ਕਰਜ਼ੇ ਦੇ ਬੋਝ ਨੂੰ ਨਾ ਸਹਾਰਦਿਆਂ ਖੁਦਕੁਸ਼ੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਦੋ ਜ਼ਿਲ੍ਹਿਆਂ ਦਾ ਸਰਵੇਖਣ ਕਰਾਉਣ ਤੋਂ ਬਾਅਦ ਵੀ ਕੋਈ ਕਾਰਵਾਈ ਅਮਲ ਵਿਚ ਨਹੀਂ ਲਿਆਂਦੀ ਜਾ ਰਹੀ ਤੇ ਸਰਕਾਰ ਵਲੋਂ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਦੀ ਕੋਈ ਗੱਲ ਹੀ ਨਹੀਂ ਕੀਤੀ ਜਾ ਰਹੀ। ਹਾਲਾਂਕਿ ਸਰਕਾਰ ਨੇ 2-2 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਸੀ।

ਸ੍ਰੀ ਜੇਜੀ ਨੇ ਦੋਸ਼ ਲਾਇਆ ਕਿ ਸਰਕਾਰ ਦਿਹਾਤੀ ਖੇਤਰ ਵਿਚ ਹੋ ਰਹੀਆਂ ਖੁਦਕੁਸ਼ੀਆਂ ਦੇ ਮਾਮਲੇ ਨੂੰ ਕੇਂਦਰ ਸਰਕਾਰ ਕੋਲ ਉਠਾਉਣ ਲਈ ਗੰਭੀਰ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਖੁਦ ਪੀੜਤ ਪਰਿਵਾਰਾਂ ਨੂੰ ਨਾਲ ਲੈ ਕੇ ਨਵੀਂ ਦਿੱਲੀ ਵਿਚ ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੂੰ ਮਿਲ ਚੁੱਕੇ ਹਨ ਜਿਨ੍ਹਾਂ ਸਪੱਸ਼ਟ ਕੀਤਾ ਹੈ ਕਿ ਪੰਜਾਬ ਸਰਕਾਰ ਨੇ ਖੁਦਕੁਸ਼ੀਆਂ ਦੇ ਮਾਮਲੇ ਵਿਚ ਕੋਈ ਠੋਸ ਰਿਪੋਰਟ ਕੇਂਦਰ ਨੂੰ ਅਜੇ ਤਾਈਂ ਨਹੀਂ ਭੇਜੀ। ਉਨ੍ਹਾਂ ਕਿਹਾ ਕਿ ਆਂਧਰਾ ਪ੍ਰਦੇਸ਼, ਕਰਨਾਟਕ ਤੇ ਮਹਾਂਰਾਸ਼ਟਰ ਦੀਆਂ ਸਰਕਾਰਾਂ ਵਲੋਂ ਇਸ ਮਾਮਲੇ ਵਿਚ ਕੇਂਦਰ ਕੋਲ ਤਸਵੀਰ ਸਪੱਸ਼ਟ ਕਰ ਦੇਣ ਨਾਲ ਇਨ੍ਹਾਂ ਸੂਬਿਆਂ ਵਿਚ ਖੁਦਕੁਸ਼ੀਆਂ ਤੋਂ ਪ੍ਰਭਾਵਿਤ ਕਿਸਾਨ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਜਾ ਰਿਹਾ ਹੈ।

ਸ੍ਰੀ ਜੇਜੀ ਨੇ ਕਿਹਾ ਕਿ ਇਸ ਤੋਂ ਵੀ ਵੱਧ ਅਫਸੋਸ ਦੀ ਗੱਲ ਇਹ ਹੈ ਕਿ ਸਰਕਾਰ ਵਲੋਂ ਸਮੁੱਚੇ ਪੰਜਾਬ ਵਿਚ ਘਰ-ਘਰ ਜਾ ਕੇ ਖੁਦਕੁਸ਼ੀਆਂ ਦਾ ਪਤਾ ਲਾਉਣ ਦਾ ਐਲਾਨ ਕੀਤਾ ਗਿਆ ਸੀ ਪਰ ਵਿੱਤ ਵਿਭਾਗ ਵਲੋਂ ਪੈਸਾ ਜਾਰੀ ਨਾ ਕੀਤੇ ਜਾਣ ਕਾਰਨ ਯੂਨੀਵਰਸਿਟੀਆਂ ਵਲੋਂ ਸਰਵੇਖਣ ਸ਼ੁਰੂ ਨਹੀਂ ਕੀਤਾ ਜਾ ਸਕਿਆ। ਸ੍ਰੀ ਜੇਜੀ ਨੇ ਕਿਹਾ ਕਿ ਸੰਗਰੂਰ ਦੇ ਮੂਨਕ ਤੇ ਲਹਿਰਾਗਾਗਾ ਇਲਾਕਿਆਂ ਵਿਚ ਅਜਿਹੇ ਪਰਿਵਾਰਾਂ ਦੀ ਰੋਜ਼ੀ-ਰੋਟੀ ਚੱਲਦੀ ਰੱਖਣ ਤੇ ਬੱਚਿਆਂ ਦੀ ਪੜ੍ਹਾਈ ਲਈ ਬਾਬਾ ਨਾਨਕ ਫਾਊਂਡੇਸ਼ਨ ਵਲੋਂ ਉੱਦਮ ਕੀਤੇ ਜਾ ਰਹੇ ਹਨ ਤੇ 250 ਦੇ ਕਰੀਬ ਪਰਿਵਾਰਾਂ ਨੂੰ ਮਾਲੀ ਇਮਦਾਦ ਦਿੱਤੀ ਜਾਂਦੀ ਹੈ।





*Visit us on the web:* ***www.punjabtimesusa.com***
***To Advertise with us call: 847-359-0746***
***e-mail-punjabtimes1@sbcglobal.net***


## ਪੇਡ ਨਿਊਜ਼ ਕੀ ਬਲਾ ਹੈ, ਚੋਣ ਕਮਿਸ਼ਨ ਨੇ ਪੁੱਛਿਆ

**ਨਵੀਂ ਦਿੱਲੀ:** ਪੈਸੇ ਲੈ ਕੇ ਇਸ਼ਤਿਹਾਰ ਨੂੰ ਖਬਰ ਦੀ ਤਰ੍ਹਾਂ ਛਾਪਣ ਦੀਆਂ ਕਈ ਸ਼ਿਕਾਇਤਾਂ ਦੇ ਬਾਵਜੂਦ ਚੋਣ ਕਮਿਸ਼ਨ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਕਿ ਪੇਡ ਨਿਊਜ਼ ਕੀ ਹੈ। ਇਸ ਦੀ ਜਾਣਕਾਰੀ ਲਈ ਚੋਣ ਕਮਿਸ਼ਨ ਨੇ ਭਾਰਤੀ ਪ੍ਰੈਸ ਪ੍ਰੀਸ਼ਦ ਨੂੰ ਇਕ ਪੱਤਰ ਲਿਖਿਆ ਹੈ। ਇਹ ਖਬਰ ਕੋਈ ਮਜ਼ਾਕ ਨਹੀਂ, ਬਲਕਿ ਆਰ ਟੀ ਆਈ ਤਹਿਤ ਚੋਣ ਕਮਿਸ਼ਨ ਦਾ ਜਵਾਬ ਹੈ। ਮੀਡੀਆ ਸਟੱਡੀਜ਼ ਗਰੁਪ ਦੇ ਅਨਿਲ ਚਮੜੀਆ ਨੇ ਸੂਚਨਾ ਅਧਿਕਾਰ (ਆਰ ਟੀ ਆਈ) ਕਾਨੂੰਨ ਤਹਿਤ ਚੋਣ ਕਮਿਸ਼ਨ ਨੂੰ ਪੈਸੇ ਲੈ ਕੇ ਇਸ਼ਤਿਹਾਰ ਅਤੇ ਉਸ 'ਤੇ ਕੀਤੀ ਗਈ ਕਾਰਵਾਈ ਦਾ ਵੇਰਵਾ ਮੰਗਿਆ ਸੀ। ਕਮਿਸ਼ਨ ਦੇ ਸਕੱਤਰ ਵਰਿੰਦਰ ਕੁਮਾਰ ਨੇ ਕਿਹਾ ਕਿ ਕਮਿਸ਼ਨ ਨੇ ਪ੍ਰੈਸ ਕੌਂਸਲ ਨੂੰ ਪੇਡ ਨਿਊਜ਼ ਦੀ ਪ੍ਰੀਭਾਸ਼ਾ ਦੱਸਣ ਅਤੇ ਕਥਿਤ ਪੇਡ ਨਿਊਜ਼ ਦੀ ਪਛਾਣ ਲਈ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੀ ਅਪੀਲ ਕੀਤੀ ਹੈ। ਇਹ ਜਵਾਬ ਇਕ ਮਈ 2010 ਦੀ ਤਰੀਕ ਵਾਲੇ ਪੱਤਰ ਰਾਹੀਂ ਹਾਲ ਹੀ ਵਿਚ ਚਮੜੀਆ ਨੂੰ ਭੇਜਿਆ ਗਿਆ। ਖਾਸ ਗੱਲ ਇਹ ਹੈ ਕਿ ਪਿਛਲੀਆਂ ਲੋਕ ਸਭਾ ਚੋਣਾਂ ਨੂੰ ਸਾਲ ਭਰ ਤੋਂ ਜ਼ਿਆਦਾ ਸਮਾਂ ਹੋ ਗਿਆ ਹੈ ਅਤੇ ਉਸ ਵੇਲੇ ਦੀਆਂ ਪੇਡ ਨਿਊਜ਼ ਸੰਬੰਧੀ ਸ਼ਿਕਾਇਤਾਂ ਹੁਣ ਵੀ ਕਮਿਸ਼ਨ ਕੋਲ ਵਿਚਾਰ ਅਧੀਨ ਹਨ।

ਇਨ੍ਹਾਂ ਵਿਚ ਇਕ ਸ਼ਿਕਾਇਤ ਮਹਾਰਾਸ਼ਟਰ ਦੇ ਮੁੱਖ ਮੰਤਰੀ ਅਸ਼ੋਕ ਚਵਾਨ ਨਾਲ ਸੰਬੰਧਿਤ ਹੈ, ਜੋ ਭਾਜਪਾ ਆਗੂ ਸੋਮਈਆ ਵੱਲੋਂ ਕੀਤੀ ਹੈ। ਕਮਿਸ਼ਨ ਨੇ ਕਿਹਾ ਕਿ ਕਮਿਸ਼ਨ ਮਹਾਰਾਸ਼ਟਰ ਦੇ ਮੁੱਖ ਮੰਤਰੀ ਅਸ਼ੋਕ ਚਵਾਨ ਅਤੇ ਹੋਰਨਾਂ ਦੇ ਖਿਲਾਫ ਸ੍ਰੀ ਸੋਮਈਆ ਦੀ ਸ਼ਿਕਾਇਤ 'ਤੇ ਸੂਚਨਾਵਾਂ ਦੀ ਜਾਂਚ ਕਰ ਰਿਹਾ ਹੈ। ਇਸ ਸੰਬੰਧ ਵਿਚ ਸੋਮਈਆ ਨੇ ਕਿਹਾ ਕਿ ਚਵਾਨ ਮਾਮਲੇ ਵਿਚ ਕਮਿਸ਼ਨ 'ਤੇ ਤਿੰਨ ਵਾਰ ਸਾਡੇ ਨਾਲ ਪੱਤਰ ਵਿਹਾਰ ਕੀਤਾ ਹੈ ਅਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਕੋਲੋਂ ਸਪੱਸ਼ਟੀਕਰਨ, ਮੰਗਿਆ ਹੈ। ਕਮਿਸ਼ਨ ਨਾਲ ਵਿਚਾਰ-ਵਟਾਂਦਰੇ ਦੌਰਾਨ ਉਨ੍ਹਾਂ ਪੇਡ ਨਿਊਜ਼ ਦੀ ਗੰਭੀਰਤਾ ਬਾਰੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਸੋਮਈਆ ਨੇ ਕਿਹਾ ਕਿ ਇਕ ਪਾਸੇ ਪੇਡ ਨਿਊਜ਼ ਬਾਰੇ ਆਪਣੇ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਜਾਰੀ ਕਰਨਾ ਅਤੇ ਦੂਜੇ ਪਾਸੇ ਇਹ ਉਤਰ ਆਪਾ-ਵਿਰੋਧੀ ਹਨ।




# ਸੈਨ ਹੋਜ਼ੇ ਗੁਰੂਘਰ ਦੇ ਕੇਸ ਵਿਰੁਧ ਸਾਬਕਾ ਪ੍ਰਬੰਧਕਾਂ ਦੀ ਮੋਸ਼ਨ ਰੱਦ

**ਸੈਨ ਹੋਜ਼ੇ (ਪੰਜਾਬ ਟਾਈਮਜ਼ ਬਿਊਰੋ):** ਉਤਰੀ ਅਮਰੀਕਾ ਦੇ ਸਭ ਤੋਂ ਵਡੇ ਗੁਰੂਘਰ ਸਿੱਖ ਗੁਰਦੁਆਰਾ ਸੈਨ ਹੋਜ਼ੇ ਨੂੰ ਸਾਬਕਾ ਪ੍ਰਧਾਨ, ਮੀਤ ਪ੍ਰਧਾਨ ਅਤੇ ਸਕੱਤਰ ਸਮੇਤ ਇਸ ਦੇ ਪੰਜ ਸਾਬਕਾ ਪ੍ਰਬੰਧਕਾਂ ਖਿਲਾਫ਼ ਹੱਤਕ-ਇਜੱਤ ਦੇ ਦਾਅਵੇ ਵਿਚ ਉਸ ਸਮੇਂ ਵਡੀ ਕਾਮਯਾਬੀ ਹਾਸਲ ਹੋਈ ਜਦੋਂ ਅਦਾਲਤ ਨੇ ਇਸ ਕੇਸ ਵਿਰੁਧ ਸਾਬਕਾ ਪ੍ਰਬੰਧਕਾਂ ਦੀ ਮੋਸ਼ਨ ਰੱਦ ਕਰ ਦਿਤੀ। ਮਾਣਹਾਨੀ ਦੇ ਇਸ ਦਾਅਵੇ ਵਿਚ ਸਾਬਕਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਬਲਵੰਤ ਸਿੰਘ ਚਾਹਲ (ਸਾਬਕਾ ਪ੍ਰਧਾਨ), ਬਲਬੀਰ ਸਿੰਘ ਢਿਲੋਂ (ਸਾਬਕਾ ਮੀਤ ਪ੍ਰਧਾਨ), ਜਸਵੰਤ ਸਿੰਘ ਹੋਠੀ (ਸਾਬਕਾ ਸਕੱਤਰ), ਬਖਸ਼ੀਸ਼ ਸਿੰਘ ਚਾਹਲ (ਸਾਬਕਾ ਸਹਾਇਕ ਖਜਾਨਚੀ), ਬਚਿੱਤਰ ਸਿੰਘ ਸੰਘਾ (ਸਾਬਕਾ ਸਹਾਇਕ ਖਜਾਨਚੀ) ਅਤੇ ਮਹਿੰਦਰ ਸਿੰਘ ਗਰੇਵਾਲ (ਗੁਰਦੁਆਰਾ ਮੈਂਬਰ) ਨੂੰ ਧਿਰ ਬਣਾਇਆ ਗਿਆ ਹੈ।

ਲੰਘੀ 18 ਮਈ ਨੂੰ ਸੁਣਾਏ ਇਕ ਫੈਸਲੇ ਵਿਚ ਕੈਲੀਫੋਰਨੀਆ ਸੁਪੀਰੀਅਰ ਕੋਰਟ, ਸੈਂਟਾ ਕਲਾਰਾ ਦੇ ਮਾਣਯੋਗ ਜੱਜ ਵਿਲੀਅਮ ਜੇ ਐਲਫਵਿੰਗ ਨੇ ਗੁਰਦੁਆਰਾ ਸੈਨ ਹੋਜ਼ੇ ਵਲੋਂ ਦਾਇਰ ਮਾਣਹਾਨੀ ਦਾ ਮੁਕੱਦਮਾ ਕੈਲੀਫੋਰਨੀਆ ਦੇ ਐਂਟੀ ਸਲੈਪ ਕਾਨੂੰਨ ਤਹਿਤ ਖਾਰਿਜ ਕਰਨ ਦੀ ਬਚਾਓ ਪੱਖ ਦੀ ਮੋਸ਼ਨ ਰੱਦ ਕਰ ਦਿੱਤੀ। ਗੁਰਦੁਆਰਾ ਸੈਨ ਹੋਜ਼ੇ ਦੇ ਕੇਸ ਦੀ ਪੈਰਵੀ ਕਰ ਰਹੇ ਮੁਖ ਵਕੀਲ ਟਿਡਰਿਕ ਲਾਅ ਫਰਮ ਦੇ ਸਟੀਵਨ ਟਿਡਰਿਕ ਅਨੁਸਾਰ ਐਂਟੀ ਸਲੈਪ ਕਾਨੂੰਨ ਇਕ ਅਜਿਹਾ ਕਾਨੂੰਨ ਹੈ ਜੋ ਕਿ ਬੋਲਣ ਦੀ ਅਜਾਦੀ ਜਿਹੇ ਬੁਨਿਆਦੀ ਸੰਵਿਧਾਨਕ ਹੱਕਾਂ ਦੇ ਇਸਤੇਮਾਲ ਵਿਰੁਧ ਮੁਕੱਦਮਿਆਂ ਨੂੰ ਰੋਕਣ ਲਈ ਬਣਾਇਆ ਗਿਆ ਹੈ। ਅਦਾਲਤ ਨੇ ਬਚਾਓ ਪੱਖ ਦੀ ਮੋਸ਼ਨ ਦਾਖਲ ਕਰਨ ਤੋਂ ਇਨਕਾਰ ਕਰਦਿਆਂ ਫੈਸਲਾ ਦਿੱਤਾ ਕਿ ਬਚਾਓ ਪੱਖ ਇਹ ਸਿੱਧ ਕਰਨ ਵਿਚ ਨਾਕਾਮਯਾਬ ਰਿਹਾ ਹੈ ਕਿ ਇਸ ਦੀਆਂ ਕਾਰਵਾਈਆਂ ਕਾਨੂੰਨ ਤਹਿਤ ਜਾਇਜ਼ ਹਨ। ਅਦਾਲਤ ਦੇ ਇਸ ਫੈਸਲੇ ਨਾਲ ਮੁਕੱਦਮੇ ਦੇ ਟਰਾਇਲ 'ਤੇ ਜਾਣ ਲਈ ਰਾਹ ਪੱਧਰਾ ਹੋ ਗਿਆ ਹੈ।

ਗੁਰੂਘਰ ਵਲੋਂ ਦਾਇਰ ਕੀਤੇ ਗਏ ਮੁਕੱਦਮੇ ਵਿਚ ਦੋਸ਼ ਲਾਇਆ ਗਿਆ ਹੈ ਕਿ ਗੁਰਦੁਆਰਾ ਸਾਹਿਬ ਦੇ 6 ਮੈਂਬਰਾਂ, ਜਿਨ੍ਹਾਂ ਵਿਚੋਂ ਪੰਜ ਸਾਬਕਾ ਅਹੁਦੇਦਾਰ ਹਨ, ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਸੇਵਾਮੁਕਤੀ ਉਪਰੰਤ ਉਸੇ ਦਿਨ ਗੁਰੂਘਰ ਦੇ ਲੈਂਡਰ ਅਮੈਰੀਕਨ ਕੰਟੀਨੈਂਟਲ ਬੈਂਕ ਨੂੰ ਆਪਣੇ ਦਸਤਖਤਾਂ


ਗੁਰਦੁਆਰਾ ਸੈਨ ਹੋਜ਼ੇ

ਹੇਠ ਲਿਖੀ ਇਕ ਚਿਠੀ ਫੈਕਸ ਕੀਤੀ, ਜਿਸ ਵਿਚ ਗੁਰੂਘਰ ਦੇ ਮਾਣ-ਸਤਿਕਾਰ ਨੂੰ ਠੇਸ ਪਹੁੰਚਾਈ ਗਈ ਹੈ। ਮਾਣਹਾਨੀ ਦੇ ਮੁਕੱਦਮੇ ਅਨੁਸਾਰ ਮੁਦਾਇਲਾਂ ਵਲੋਂ ਭੇਜੀ ਗਈ ਇਸ ਚਿਠੀ ਵਿਚ ਕਈ ਬਿਆਨ ਨਿਰਾਧਾਰ ਅਤੇ ਝੂਠੇ ਹਨ, ਜਿਵੇਂ ਕਿ ਇਹ ਬਿਆਨ ਕਿ "31 ਅਗਸਤ 2008 ਨੂੰ ਸਿੱਖ ਗੁਰਦੁਆਰਾ ਸੈਨ ਹੋਜ਼ੇ ਦੇ ਅਹੁਦੇਦਾਰਾਂ ਦੀ ਚੋਣ ਗੁਰਦੁਆਰਾ ਬਾਈਲਾਜ਼ ਦੇ ਉਲਟ ਅਤੇ ਗੈਰਕਾਨੂੰਨੀ ਹੈ", ਇਹ ਬਿਆਨ ਕਿ "ਸਿੱਖ ਗੁਰਦੁਆਰਾ ਸੈਨ ਹੋਜ਼ੇ ਦਾ ਉਸਾਰੀ ਪ੍ਰਾਜੈਕਟ ਭਾਈ-ਭਤੀਜਾਵਾਦ ਅਤੇ ਅਯੋਗਤਾ ਦਾ ਸ਼ਿਕਾਰ ਹੈ", ਇਹ ਬਿਆਨ ਕਿ "ਸਿੱਖ ਗੁਰਦੁਆਰਾ ਸੈਨ ਹੋਜ਼ੇ ਦੇ ਇਕ ਹੋਰ ਅਹੁਦੇਦਾਰ ਭੁਪਿੰਦਰ (ਬਾਬ) ਸਿੰਘ ਢਿਲੋਂ ਨੇ ਗੁਰਦੁਆਰਾ ਮੈਂਬਰਾਂ ਨੂੰ ਧੋਖਾ ਦਿਤਾ ਹੈ ਤੇ ਉਨ੍ਹਾਂ ਨੂੰ ਧਮਕਾਇਆ ਹੈ"।

ਮੁਕੱਦਮੇ ਵਿਚ ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਮੁਦਾਇਲਾਂ ਨੇ ਇਹ ਬਿਆਨ ਗੁਰੂਘਰ ਦੇ ਬੈਂਕ ਨੂੰ ਸਿੱਖ ਗੁਰਦੁਆਰਾ ਸੈਨ ਹੋਜ਼ੇ ਪ੍ਰਤੀ ਮੰਦ ਭਾਵਨਾ, ਨਫਰਤ ਅਤੇ ਈਰਖਾ ਕਰ ਕੇ ਦਿੱਤੇ ਅਤੇ ਗੁਰੂਘਰ ਦੇ ਮਾਣ-ਸਤਿਕਾਰ ਨੂੰ ਸੱਟ ਪਹੁੰਚਾਈ। ਇਸ ਕੇਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਨ੍ਹਾਂ ਝੂਠੇ ਬਿਆਨਾਂ ਤੋਂ ਪਹਿਲਾਂ ਇਸ ਗੁਰੂ ਘਰ ਦਾ ਮਾਣ ਸਤਿਕਾਰ ਬਹੁਤ ਉਚਾ ਸੀ ਅਤੇ ਇਨ੍ਹਾਂ ਬਿਆਨਾਂ ਕਰਕੇ ਇਸ ਗੁਰੂਘਰ ਦੇ ਮਾਣ-ਸਤਿਕਾਰ ਨੂੰ ਠੇਸ ਪਹੁੰਚੀ ਹੈ, ਨਮੋਸ਼ੀ ਹੋਈ ਹੈ ਅਤੇ ਇਸ ਨਾਲ ਗੁਰੂਘਰ ਦੇ ਚੜ੍ਹਾਵੇ ਵਿਚ ਵੀ ਕਮੀ ਆਉਣ ਦੀ ਸੰਭਾਵਨਾ ਹੈ।

ਸਿੱਖ ਗੁਰਦੁਆਰਾ ਸੈਨ ਹੋਜ਼ੇ ਵਲੋਂ ਹਰਜਾਨਾ ਪੂਰਤੀ, ਸਜ਼ਾ ਵਜੋਂ ਹਰਜਾਨੇ ਅਤੇ ਮੁਕੱਦਮੇ ਦੇ ਖਰਚੇ ਸਮੇਤ ਅਣਦੱਸੀ ਰਕਮ ਦੇ ਮੁਆਵਜੇ ਦੀ ਮੰਗ ਕੀਤੀ ਗਈ ਹੈ। ਮੁਕੱਦਮਾ ਕੈਲੀਫੋਨਰੀਆ ਸੁਪੀਰੀਅਰ ਕੋਰਟ, ਸੈਨ ਹੋਜ਼ੇ ਵਿਚ 3 ਸਤੰਬਰ 2009 ਨੂੰ ਦਾਇਰ ਕੀਤਾ ਗਿਆ ਸੀ ਅਤੇ ਇਸਦਾ ਮੁਕੱਦਮਾ ਨੰਬਰ 1-09-ਸੀ ਵੀ-151382 ਹੈ। ਇਸ ਮੁਕੱਦਮੇ ਬਾਰੇ ਹੋਰ ਜਾਣਕਾਰੀ ਲਈ ਸਿੱਖ ਗੁਰਦੁਆਰਾ ਸੈਨ ਹੋਜ਼ੇ ਦੇ ਮੁੱਖ ਵਕੀਲ ਸਟੀਵਨ ਟਿਡਰਿਕ, ਦਾ ਟਿਡਰਿਕ ਲਾਅ ਫਰਮ, ਓਕਲੈਂਡ, ਕੈਲੀਫੋਰਨੀਆ ਨਾਲ ਫੋਨ 510-381-3832 ਜਾਂ ਈ-ਮੇਲ: sgt@tidricklaw.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।



ਮਾਰੀਆ ਪਾਪਸ ਏਸ਼ੀਅਨ ਮਹਿਲਾ ਉਦਮੀ ਦਾ ਐਵਾਰਡ ਸੂਜ਼ਨ ਪਟੇਲ ਨੂੰ ਦਿੰਦੇ ਹੋਏ

# ਮਾਰੀਆ ਪਾਪਸ ਵੱਲੋਂ ਏਸ਼ੀਆਈ ਸ਼ਖਸੀਅਤਾਂ ਦਾ ਸਨਮਾਨ

**ਸ਼ਿਕਾਗੋ, (ਪੰਜਾਬ ਟਾਈਮਜ਼ ਬਿਊਰੋ):** ਸ਼ਿਕਾਗੋ ਦੇ ਮੇਅਰ ਰਿਚਰਡ ਡੇਲੀ ਵਲੋਂ ਮਈ ਨੂੰ 'ਏਸ਼ੀਅਨ ਪੈਸਫਿਕ ਅਮਰੀਕਨ' ਮਹੀਨਾ ਮਨਾਉਣ ਦੇ ਐਲਾਨ ਨੂੰ ਮੁਖ ਰਖਦਿਆਂ ਸ਼ਿਕਾਗੋ ਦੀਆਂ ਵੱਖ-ਵੱਖ ਸੱਭਿਆਚਾਰਕ ਤੇ ਸਰਕਾਰੀ ਸੰਸਥਾਵਾਂ ਵੱਲੋਂ ਏਸ਼ੀਆਈ ਦੇਸ਼ਾਂ ਦੇ ਸੱਭਿਆਚਾਰ ਨੂੰ ਦਰਸਾਉਂਦੇ ਸਮਾਰੋਹ ਕੀਤੇ ਜਾ ਰਹੇ ਹਨ। ਕੁੱਕ ਕਾਊਂਟੀ ਟ੍ਰੈਜ਼ਰਰ ਮਾਰੀਆ ਪਾਪਸ ਵੱਲੋਂ ਵੀ 18 ਮਈ ਨੂੰ ਸਮਾਗਮ ਕੀਤਾ ਗਿਆ ਜਿਸ ਵਿਚ ਭਾਰਤ, ਚੀਨ, ਪਾਕਿਸਤਾਨ, ਬਰਮਾ, ਫਿਲਪਾਈਨ, ਜਾਪਾਨ, ਮਲੇਸ਼ੀਆ, ਲਾਓਸ, ਨੇਪਾਲ, ਇੰਡੋਨੇਸ਼ੀਆ, ਕੋਰੀਆ, ਥਾਈਲੈਂਡ, ਵੀਅਤਨਾਮ ਅਤੇ ਕੰਬੋਡੀਆ ਦੇ ਲੋਕਾਂ ਨੇ ਸ਼ਿਰਕਤ ਕੀਤੀ।

ਸਮਾਗਮ ਦਾ ਆਰੰਭ ਮਾਰੀਆ ਪਾਪਸ ਨੇ ਏਸ਼ੀਆਈ ਰੀਤੀ-ਰਿਵਾਜ ਅਨੁਸਾਰ ਜੋਤ ਜਗਾ ਕੇ ਕੀਤਾ। ਉਨ੍ਹਾਂ ਏਸ਼ੀਆਈ ਮੂਲ ਦੇ ਲੋਕਾਂ ਵੱਲੋਂ ਅਮਰੀਕਾ ਦੇ ਵਿਕਾਸ ਵਿਚ ਪਾਏ ਜਾ ਰਹੇ ਯੋਗਦਾਨ ਦੀ ਭਰਵੀਂ ਸ਼ਲਾਘਾ ਕਰਦਿਆਂ ਕਿਹਾ ਕਿ ਏਸ਼ੀਅਨ ਅਮਰੀਕਨ ਲੋਕ ਸਮਾਜਿਕ, ਆਰਥਿਕ, ਵਪਾਰਕ, ਮਨੁੱਖੀ ਭਲਾਈ ਤੇ ਸਮਾਜ ਸੇਵਾ ਦੇ ਖੇਤਰ ਵਿੱਚ ਅਹਿਮ ਰੋਲ ਨਿਭਾ ਰਹੇ ਹਨ।

ਇਸ ਮੌਕੇ ਮਾਰੀਆ ਪਾਪਸ ਵੱਲੋਂ ਆਪਣੇ-ਆਪਣੇ ਖੇਤਰ ਵਿੱਚ ਨਾਮਣਾ ਖੱਟਣ ਵਾਲੀਆਂ 19 ਸ਼ਖ਼ਸੀਅਤਾਂ ਦਾ ਸਾਲ ਦੇ ਏਸ਼ੀਆਈ ਉਦਮੀ ਸਰਟੀਫਿਕੇਟ ਨਾਲ ਸਨਮਾਨ ਕੀਤਾ ਗਿਆ। ਸਨਮਾਨਤ ਸ਼ਖ਼ਸੀਅਤਾਂ ਵਿੱਚ ਭਾਰਤ ਦੇ ਸ੍ਰੀ ਵੀਰ ਸਰੀਨ ਸ਼ਾਮਲ ਸਨ। ਇਸ ਮੌਕੇ ਰੰਗਾ-ਰੰਗ ਪ੍ਰੋਗਰਾਮ ਦੌਰਾਨ ਭਾਰਤੀ ਕਲਾਕਾਰ ਲਕਸ਼ਮੀ ਥਰੂਮਾਨੀ ਤੇ ਅਨੁਰਾਧਾ ਮਰਵਾਹ ਨੇ ਭਾਰਤੀ ਲੋਕ ਨਾਚ ਪੇਸ਼ ਕੀਤੇ।




# ਕਾਰ ਸੇਵਾ ਵਾਲੇ ਬਾਬਾ ਜਗਤਾਰ ਸਿੰਘ ਅਮਰੀਕਾ ਦੌਰੇ 'ਤੇ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਬਾਬਾ ਜਗਤਾਰ ਸਿੰਘ ਕਾਰ ਸੇਵਾ ਵਾਲੇ ਇਨ੍ਹੀਂ ਦਿਨੀ ਅਮਰੀਕਾ ਦੌਰੇ 'ਤੇ ਹਨ। ਲੰਘੇ ਐਤਵਾਰ ਉਹ ਗੁਰਦੁਆਰਾ ਪੈਲਾਟਾਈਨ ਵਿਖੇ ਵੀ ਪਹੁੰਚੇ। ਉਹ ਪੰਜਾਬ ਦੇ ਇਤਿਹਾਸਕ ਗੁਰਦੁਆਰਿਆਂ ਦੀ ਕਾਰ ਸੇਵਾ ਲਈ ਮਾਇਆ ਇਕੱਤਰ ਕਰਨ ਲਈ ਅਮਰੀਕਾ ਆਏ ਹਨ।



ਬਾਬਾ ਜਗਤਾਰ ਸਿੰਘ ਗੁਰੂ ਘਰ ਵਲੋਂ ਸਿਰੋਪਾਓ ਹਾਸਲ ਕਰਦੇ ਹੋਏ

ਸੰਗਤਾਂ ਨੂੰ ਸੰਬੋਧਨ ਕਰਦਿਆਂ ਬਾਬਾ ਜਗਤਾਰ ਸਿੰਘ ਨੇ ਆਖਿਆ ਕਿ ਸਿਮਰਨ, ਸੇਵਾ ਅਤੇ ਦਾਨ ਨਾਲ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ। ਉਨ੍ਹਾਂ ਦੱਸਿਆ ਕਿ ਭਵਿੱਖ ਵਿਚ ਉਹ ਪਾਕਿਸਤਾਨ ਵਿਚਲੇ ਗੁਰਧਾਮਾਂ ਦੀ ਕਾਰ ਸੇਵਾ ਦੀ ਯੋਜਨਾ ਬਣਾ ਰਹੇ ਹਨ। ਇਸ ਮੌਕੇ ਸੰਗਤਾਂ ਨੇ ਕਾਰ ਸੇਵਾ ਵਿਚ ਹਿੱਸਾ ਪਾਇਆ। ਗੁਰੂ ਘਰ ਦੀ ਤਰਫੋਂ ਭਾਈ ਗੁਰਜੰਟ ਸਿੰਘ ਨੇ ਬਾਬਾ ਜਗਤਾਰ ਸਿੰਘ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ।




## ਦੰਦਾਂ ਦਾ ਤਸੱਲੀਬਖ਼ਸ਼ ਇਲਾਜ
ਸਿੱਧੀ ਕਾਲ ਕਰੋ 630-479-0031

- ਇੰਸ਼ੋਰੈਂਸ ਨਹੀਂ? ਫਿਕਰ ਨਹੀਂ। 20-40% ਛੋਟ ਦਿੱਤੀ ਜਾਵੇਗੀ।
- ਕੀ ਤੁਸੀਂ ਜਾਨਣਾ ਚਾਹੁੰਦੇ ਹੋ ਕਿ ਤੁਹਾਡੇ ਬੱਚੇ Invisialign (Clear Braces) ਦੇ ਯੋਗ ਹਨ? ਮੁਫਤ ਮਸ਼ਵਰਾ ਲਓ।
- ਦੰਦਾਂ ਤੇ ਮਸੂੜਿਆਂ ਦੀ ਬਦਬੂ, ਖੂਨ ਨਿਕਲਣ ਤੋਂ ਪ੍ਰੇਸ਼ਾਨ ਹੋ? ਇਸ ਦਾ ਇਲਾਜ ਨਵੀਨ ਤਕਨੀਕ ਨਾਲ ਕੀਤਾ ਜਾਂਦਾ ਹੈ

ਦੰਦਾਂ ਨੂੰ ਸਿੱਧੇ, ਸਾਫ ਸੁਥਰੇ ਤੇ ਚਮਕਦੇ ਵੇਖਣਾ ਚਾਹੁੰਦੇ ਹੋ ਤਾਂ ਅੱਜ ਹੀ ਅਪੁਆਇੰਟਮੈਂਟ ਬਣਾਓ



Fillings, Dentures, Crowns, Bridge, Veneers, Extractions, Cleaning,

**Dr. Harjinder Khaira DMD & Associates**

Lakestreet Dental
490 W. Lake Street, Suite 107 Roselle, IL 60172
630-894-8008

Lakeland Dental
115 E. State Rd., Island Lake, IL 60042
847-526-1920


# ਮੁਕੇਸ਼ ਤੇ ਅਨਿਲ ਵਿਚਾਲੇ ਸੁਲ੍ਹਾ-ਸਫਾਈ, ਨਵਾਂ ਸਮਝੌਤਾ

**ਨਵੀਂ ਦਿੱਲੀ:** ਰਿਲਾਇੰਸ ਗਰੁਪ ਦੇ ਬਾਨੀ ਧੀਰੂ ਭਾਈ ਅੰਬਾਨੀ ਦੇ ਪੁੱਤਰਾਂ ਮੁਕੇਸ਼ ਅਤੇ ਅਨਿਲ ਅੰਬਾਨੀ ਨੇ ਗੱਲਬਾਤ ਰਾਹੀਂ ਵਿਵਾਦਾਂ ਨੂੰ ਹੱਲ ਅਤੇ ਦੋਵਾਂ ਗਰੁੱਪਾਂ ਵਿਚਾਲੇ ਸਹਿਯੋਗ ਦੀ ਪਹਿਲ ਕੀਤੀ ਹੈ।

ਅਨਿਲ ਅੰਬਾਨੀ ਗਰੁੱਪ ਨੇ ਇਕ ਬਿਆਨ ਜਾਰੀ ਕਰਕੇ ਕਿਹਾ ਕਿ ਇਸ ਤਹਿਤ ਦੋਵਾਂ ਸਮੂਹਾਂ ਦੇ ਇਕ-ਦੂਜੇ ਨਾਲ ਮੁਕਾਬਲੇਬਾਜ਼ੀ ਨਾ ਕਰਨ ਦੇ ਸਮਝੌਤੇ ਨੂੰ ਰੱਦ ਕਰਕੇ ਨਵਾਂ ਕਰਾਰ ਕੀਤਾ ਹੈ। ਇਹ ਸਮਝੌਤਾ ਜਨਵਰੀ 2006 ਵਿਚ ਹੋਇਆ ਸੀ। ਨਵਾਂ ਸਮਝੌਤੇ ਨੂੰ ਰਿਲਾਇੰਸ ਇੰਡਸਟਰੀ ਲਿਮਟਿਡ (ਆਰ ਆਈ ਐਲ) ਅਤੇ ਏ ਡੀ ਏ ਜੀ ਗਰੁੱਪ ਦੇ ਬੋਰਡ ਨੇ ਐਤਵਾਰ ਨੂੰ ਮਨਜ਼ੂਰੀ ਦੇ ਦਿੱਤੀ ਹੈ। ਦੋਵਾਂ ਭਰਾਵਾਂ ਨੇ ਇਹ ਪਹਿਲ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਕੀਤੀ ਹੈ, ਜਿਸ ਵਿਚ ਗੈਸ ਦੀਆਂ ਕੀਮਤਾਂ 'ਤੇ ਅਨਿਲ ਨੂੰ ਕੋਈ ਰਾਹਤ ਨਹੀਂ ਦਿੱਤੀ ਗਈ ਸੀ ਅਤੇ ਕਿਹਾ ਗਿਆ ਸੀ ਕਿ ਦੋਵੇਂ ਭਰਾ ਗੱਲਬਾਤ ਰਾਹੀਂ ਨਵੀਂ ਕੀਮਤ ਤੈਅ ਕਰਨ। ਨਵੇਂ ਸਮਝੌਤੇ ਅਨੁਸਾਰ ਗਰੁੱਪ ਗੈਸ ਆਧਾਰਿਤ ਪਾਵਰ ਜਨਰੇਸ਼ਨ ਦੇ ਖੇਤਰ ਵਿਚ ਮੁਕਾਬਲੇਬਾਜ਼ੀ ਨਹੀਂ ਕਰਨਗੇ।

ਮੁਕੇਸ਼ ਅੰਬਾਨੀ ਦੀ ਅਗਵਾਈ ਵਾਲਾ ਗਰੁੱਪ ਆਰ ਆਈ ਐਲ. ਸਾਲ 2022 ਤੱਕ ਇਸ ਸੈਕਟਰ ਵਿਚ ਦਾਖਲ ਨਾ ਹੋਣ ਤੇ ਸਹਿਮਤ ਹੋ ਗਿਆ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਸੁਪਰੀਮ ਕੋਰਟ ਦੇ ਹੁਕਮ ਅਨੁਸਾਰ ਆਰ ਐਨ ਅਤੇ ਆਰ ਐਨ ਆਰ ਐਲ ਗੈਸ ਦੀਆਂ ਕੀਮਤਾਂ ਬਾਰੇ ਛੇਤੀ ਹੀ ਕੋਈ ਫੈਸਲਾ ਲੈਣਗੀਆਂ। ਬਿਆਨ ਵਿਚ ਕਿਹਾ ਗਿਆ ਕਿ ਮੁਕਾਬਲੇਬਾਜ਼ੀ ਨਾ ਕਰਨ ਦਾ ਸਮਝੌਤਾ ਖਤਮ ਹੋਣ ਨਾਲ ਦੋਵਾਂ ਗਰੁੱਪਾਂ ਕੋਲੋਂ ਜ਼ਿਆਦਾ ਵਿਕਲਪ ਹੋਣਗੇ। ਅਨਿਲ ਅੰਬਾਨੀ ਵੱਲੋਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਉਚ ਕੈਬਨਿਟ ਮੰਤਰੀਆਂ ਨੂੰ ਮਿਲਣ ਤੋਂ ਕੁਝ ਦਿਨ ਬਾਅਦ ਐਹ ਐਲਾਨ ਕੀਤਾ ਗਿਆ। ਆਰ ਆਈ ਐਲ ਨੇ ਕਿਹਾ ਕਿ ਉਹ ਗੈਸ ਆਧਾਰਿਤ ਜਨਰੇਸ਼ਨ ਖੇਤਰ ਵਿਚ ਦਖਲ-ਅੰਦਾਜ਼ੀ ਨਹੀਂ ਕਰਨਗੇ। ਇਸੇ ਤਰ੍ਹਾਂ ਆਰ.ਆਈ. ਐਲ. ਅਤੇ ਰਿਹਾਇੰਸ ਏ ਡੀ ਏ ਗਰੁੱਪ ਨੇ ਆਸ ਪ੍ਰਗਟਾਈ ਹੈ ਕਿ ਇਹ ਸਾਰੇ ਕਦਮ ਦੋਵਾਂ ਗਰੁੱਪਾਂ ਵਿਚਾਲੇ ਸਹਿਯੋਗ ਅਤੇ ਸਦਭਾਵਨ ਪੈਦਾ ਕਰਨਗੇ।

# ਟਾਈਮਜ਼ ਸਕੇਅਰ ਮਾਮਲੇ ਵਿਚ ਇਕ ਹੋਰ ਗ੍ਰਿਫਤਾਰੀ

**ਇਸਲਾਮਾਬਾਦ:** ਪਾਕਿਸਤਾਨੀ ਪੁਲਿਸ ਨੇ ਅਮਰੀਕਾ ਦੇ ਟਾਈਮਜ਼ ਸਕੇਅਰ ਬੰਬ ਧਮਾਕੇ ਦੇ ਦੋਸ਼ੀ ਸੂਤਰਧਾਰ ਪਾਕਿਸਤਾਨੀ ਮੂਲ ਦੇ ਅਮਰੀਕੀ ਸ਼ੱਕੀ ਦਹਿਸ਼ਤਗਰਦ ਫੈਜ਼ਲ ਸ਼ਹਿਜ਼ਾਦ ਨਾਲ ਕਥਿਤ ਸਬੰਧ ਰੱਖਣ ਦੇ ਸ਼ੱਕ ਵਿਚ ਇੱਕ ਹੋਰ ਵਿਅਕਤੀ ਨੂੰ ਹਿਰਾਸਤ ਵਿਚ ਲੈ ਲਿਆ ਹੈ।

ਪ੍ਰਮੁੱਖ ਅਖ਼ਬਾਰ 'ਡੌਨ' ਨੇ ਅਧਿਕਾਰੀਆਂ ਅਤੇ ਮੌਕੇ ਦੇ ਗਵਾਹਾਂ ਦੇ ਹਵਾਲੇ ਤੋਂ ਖ਼ਬਰ ਦਿੱਤੀ ਹੈ ਕਿ ਕਰੀਬ ਦੋ ਦਰਜਨ ਪੁਲਿਸ ਮੁਲਾਜ਼ਮਾਂ ਨੇ ਸਾਦੇ ਕੱਪੜਿਆਂ ਵਿਚ ਬੀਤੇ ਦਿਨੀਂ ਕੋਸਰ ਮਾਰਕਿਟ ਵਿੱਚ ਛਾਪਾ ਮਾਰਿਆ ਅਤੇ ਇੱਕ ਵਿਅਕਤੀ ਨੂੰ ਹਿਰਾਸਤ ਵਿਚ ਲੈ ਲਿਆ ਹੈ।


*To Advertise with us*
*call: 847-359-0746*
*Fax:847-705-9388*






PUNJABI PACK $19.99/mo.
LOCAL CHANNELS $9.99/mo.
jus punjabi, mh ONE, punjjabi, JUS one + abc, CBS, NBC, FOX, CW, PBS = $29.98 mo

Get Punjabi Pack with American Local channels and receive
- No equipment to buy
- Free Activation (with Agreement)
- Free DVR Upgrade ($6/mo. DVR Service fee applies)
- No Additional Service Access fee

Subscribe Today
DISH TV USA
847-380-5500
www.dishtvusa.com

dish NETWORK. AUTHORIZED RETAILER

Digital Home Advantage offer requires 24-month commitment and credit qualification. If service is terminated before the end of commitment, a cancellation fee of $17.50/month remaining will apply. All equipment is leased and must be returned to DISH Network upon cancellation or unreturned equipment fees apply. Limit 6 leased tuners per account; lease upgrade fees will apply for select receivers; monthly fees may apply based on type and number of receivers. HD programming requires HD television. All prices, packages and programming subject to change without notice. Local channels only available in certain areas. Offer is subject to the terms of applicable Promotional and Residential Customer Agreements. Additional restrictions and fees may apply. First-time DISH Network customers only. Offer ends 5/31/10.

# ਅਮਰੀਕਾ 'ਚ ਵੀ ਪੰਜਾਬੀ ਟੀ.ਵੀ. ਚੈਨਲਾਂ ਵਿਚਾਲੇ ਮੁਕਾਬਲਾ

**ਹਰਜਾਪ ਸਿੰਘ ਔਜਲਾ***


ਹਰਜਾਪ ਸਿੰਘ ਔਜਲਾ

ਪੰਜਾਬ ਵਿਚ ਪੰਜਾਬੀ ਚੈਨਲਾਂ ਦਰਮਿਆਨ ਪਿਛਲੇ ਦਸ ਕੁ ਸਾਲਾਂ ਤੋਂ ਬੜਾ ਸਖਤ ਮੁਕਾਬਲਾ ਚੱਲ ਰਿਹਾ ਹੈ। ਸ਼ੁਰੂ ਸ਼ੁਰੂ ਵਿਚ ਕਈ ਛੋਟੇ-ਮੋਟੇ ਪੰਜਾਬੀ ਟੈਲੀਵਿਜ਼ਨ ਚੈਨਲ ਪੰਜਾਬ ਅਤੇ ਦਿੱਲੀ ਵਿਚ ਪੈਦਾ ਹੋਏ। ਲੇਕਿਨ ਕੁਝ ਚੈਨਲ ਪੈਸੇ ਦੀ ਕਮੀ ਕਾਰਨ ਦਮ ਤੋੜ ਗਏ ਅਤੇ ਕੁਝ ਕੁਆਲਿਟੀ ਦੀ ਘਾਟ ਕਾਰਨ ਬਹੁਤਾ ਸਮਾਂ ਬਾਜ਼ਾਰ ਵਿਚ ਟਿਕ ਨਹੀਂ ਸਕੇ। ਚੰਦ ਕੁ ਅਜਿਹੇ ਚੈਨਲ ਹਨ ਜੋ ਮੁਸਤਕਿਲ ਤੌਰ 'ਤੇ ਮੈਦਾਨ ਵਿਚ ਡਟੇ ਰਹਿਣਗੇ।

ਇਨ੍ਹਾਂ ਚੈਨਲਾਂ ਵਿਚ ਜਲੰਧਰ ਦੂਰਦਰਸ਼ਨ ਦੀਆਂ ਜੜ੍ਹਾਂ ਸਭ ਤੋਂ ਡੂੰਘੀਆਂ ਹਨ। ਜਲੰਧਰ ਦੂਰਦਰਸ਼ਨ ਕੋਲ ਵੱਧ ਪੜ੍ਹਿਆ ਲਿਖਿਆ ਅਤੇ ਤਜ਼ਰਬੇਕਾਰ ਅਮਲਾ ਹੈ। ਦੂਰਦਰਸ਼ਨ ਕੇਂਦਰ ਦੇ ਸੀਨੀਅਰ ਡਾਇਰੈਕਟਰ ਸ. ਦਲਜੀਤ ਸਿੰਘ ਇਕ ਤਜ਼ਰਬੇਕਾਰ ਬਰਾਡਕਾਸਟਰ ਅਤੇ ਪ੍ਰਬੰਧਕ ਹਨ। ਉਹ ਹਰ ਇਕ ਪ੍ਰੋਗਰਾਮ ਉਪਰ ਪੂਰੀ ਨਿਗਾਹ ਰੱਖਦੇ ਹਨ। ਦੂਰਦਰਸ਼ਨ ਕੋਲ ਖਬਰਾਂ ਇਕੱਤਰ ਕਰਨ ਅਤੇ ਪੇਸ਼ ਕਰਨ ਵਾਸਤੇ ਬੇਹਤਰੀਨ ਅਮਲਾ ਹੈ। ਆਪਣੇ ਸਾਹਿਤਕ, ਸਕਾਫਤੀ ਅਤੇ ਖਬਰਾਂ 'ਤੇ ਆਧਾਰਤ ਪ੍ਰੋਗਰਾਮਾਂ ਕਾਰਨ ਦੂਰਦਰਸ਼ਨ ਦਾ ਝੰਡਾ ਬੁਲੰਦ ਹੈ।

ਜ਼ੀ ਟੈਲੀਵਿਜ਼ਨ ਅਦਾਰਾ ਭਾਰਤ ਦਾ ਸਭ ਤੋਂ ਵੱਡਾ ਨਿੱਜੀ ਖੇਤਰ ਦਾ ਟੈਲੀਵਿਜ਼ਨ ਅਦਾਰਾ ਹੈ। ਇਸ ਨੇ ਅਨੇਕਾਂ ਗੈਰ-ਹਿੰਦੀ ਚੈਨਲ ਵੀ ਸ਼ੁਰੂ ਕੀਤੇ ਹਨ। ਇਸੇ ਹੀ ਅਦਾਰੇ ਦੀ ਮਲਕੀਅਤ ਵਿਚ ਅਲਫਾ ਟੀ ਵੀ ਪੰਜਾਬੀ ਚੈਨਲ ਚੱਲ ਰਿਹਾ ਹੈ। ਇਸ ਚੈਨਲ ਕੋਲ ਵੀ ਅਨੇਕਾਂ ਮਿਆਰੀ ਪੱਤਰਕਾਰ ਅਤੇ ਖਬਰਵਾਚਕ ਹਨ। ਇਸ ਚੈਨਲ ਦਾ ਇਕ ਪ੍ਰੋਗਰਾਮ ਔਰਤਾਂ 'ਤੇ ਆਧਾਰਤ ਹੈ ਜਿਸ ਦਾ ਨਾਂ ਹੈ 'ਫੁਲਕਾਰੀ'। ਇਸ ਦੀ ਸੰਚਾਲਕਾ ਮਲਿਕਾ ਇਕ ਪ੍ਰਭਾਵਸ਼ਾਲੀ ਸ਼ਖ਼ਸੀਅਤ ਹੈ। ਇਕ ਹੋਰ ਮਸ਼ਹੂਰ ਬਰਾਡਕਾਸਟਰ ਜੱਸੀ ਕਈ ਪ੍ਰੋਗਰਾਮ ਪੇਸ਼ ਕਰਦੀ ਹੈ। ਉਸ ਵਲੋਂ ਪੇਸ਼ ਕੀਤਾ ਜਾਂਦਾ ਪ੍ਰੋਗਰਾਮ 'ਮੈਂ ਕੀ ਕਰਾਂ' ਬੜਾ ਹੀ ਲੋਕਪ੍ਰਿਅ ਹੈ। ਡਾਇਲ-ਏ-ਪੰਜਾਬ ਵੀ ਕਾਫੀ ਲੋਕਪ੍ਰਿਅ ਹੈ। ਮਨਜੀਤ ਕੌਰ, ਪੁਨੀਤ ਕੌਰ, ਭਲਿੰਦਰ ਸਿੰਘ ਵਿਰਮਾਨੀ ਅਤੇ ਹਰਪ੍ਰੀਤ ਕੌਰ ਇਸ ਚੈਨਲ ਦੇ ਬੇਹਤਰੀਨ ਸਮਾਚਾਰਵਾਚਕ ਹਨ। ਐਸ ਪੀ ਸਿੰਘ ਵਧੀਆ ਸਮਾਚਾਰ ਆਧਾਰਤ ਵਿਸ਼ਲੇਸ਼ਣਾਤਮਕ ਪ੍ਰੋਗਰਾਮ ਪੇਸ਼ ਕਰਦੇ ਹਨ।

ਪੰਜਾਬੀ ਟ੍ਰਿਬਿਊਨ ਦੇ ਸਾਬਕਾ ਐਡੀਟਰ ਸ. ਗੁਰਮੇਲ ਸਿੰਘ ਸਿੱਧੂ, ਜਿਨ੍ਹਾਂ ਨੂੰ ਸਿੱਧੂ ਦਮਦਮੀ ਕਰਕੇ ਵੀ ਜਾਣਿਆ ਜਾਂਦਾ ਹੈ, ਨੇ ਵੀ ਇਕ ਪੰਜਾਬੀ ਚੈਨਲ ਸ਼ੁਰੂ ਕੀਤਾ ਹੈ। ਉਹ ਆਲ ਇੰਡੀਆ ਰੇਡੀਓ, ਚੰਡੀਗੜ੍ਹ ਦੇ ਸਹਾਇਕ ਸਟੇਸ਼ਨ ਨਿਰਦੇਸ਼ਕ ਵੀ ਰਹਿ ਚੁੱਕੇ ਹਨ। ਆਪਣੇ ਵਧੀਆ ਤਜ਼ਰਬੇ ਦੇ ਬਲਬੂਤੇ 'ਜੀ ਪੰਜਾਬ' (ਜੀ ਸਾਡਾ ਪੰਜਾਬ ਚੈਨਲ) ਬੁਲੰਦੀਆਂ ਵੱਲ ਵਧ ਰਿਹਾ ਹੈ।

ਅਸੀਂ ਪੰਜਾਬ ਦੇ ਕੁਝ ਕਾਮਯਾਬ ਪੰਜਾਬੀ ਚੈਨਲਾਂ ਦਾ ਜ਼ਿਕਰ ਕਰ ਚੁੱਕੇ ਹਾਂ। ਪੰਜਾਬ ਵਿਚ ਤਾਂ ਪੰਜਾਬੀ ਚੈਨਲਾਂ ਦਾ ਆਪਸੀ ਮੁਕਾਬਲਾ ਬਦਸਤੂਰ ਜਾਰੀ ਹੈ। ਲੇਕਿਨ ਹੁਣ ਇਹ ਮੁਕਾਬਲੇਬਾਜ਼ੀ ਅਮਰੀਕਾ ਵਿਚ ਵੀ ਪਹੁੰਚ ਚੁੱਕੀ ਹੈ। ਪਿਛਲੇ ਪੰਦਰਾਂ ਕੁ ਸਾਲਾਂ ਤੋਂ ਅਮਰੀਕਾ ਵਿਚ ਡਿਸ਼ ਰਾਹੀਂ ਭਾਰਤੀ ਟੈਲੀਵਿਜ਼ਨ ਚੈਨਲ ਉਪਲਬਧ ਹੋ ਰਹੇ ਹਨ। ਸਭ ਤੋਂ ਪਹਿਲਾਂ ਅਮਿਤਾਬ ਬੱਚਨ ਦੇ ਭਰਾ ਅਜਿਤਾਬ ਬੱਚਨ ਨੇ ਬਰਤਾਨੀਆ ਅਤੇ ਅਮਰੀਕਾ ਵਿਚ ਟੀ ਵੀ ਏਸ਼ੀਆ ਹਿੰਦੀ ਚੈਨਲ ਸ਼ੁਰੂ ਕੀਤਾ ਸੀ। ਉਸ ਤੋਂ ਬਾਅਦ ਜ਼ੀ ਟੈਲੀਵਿਜ਼ਨ ਨੇ ਵੀ ਡਿਸ਼ ਟੈਲੀਵਿਜ਼ਨ ਰਾਹੀਂ ਆਪਣੇ ਹਿੰਦੀ ਪ੍ਰੋਗਰਾਮ ਅਮਰੀਕਨਾਂ ਨੂੰ ਵਿਖਾਉਣੇ ਸ਼ੁਰੂ ਕੀਤੇ।

ਹੌਲੀ ਹੌਲੀ ਸੋਨੀ ਟੈਲੀਵਿਜ਼ਨ, ਸਹਾਰਾ ਸਮਯ, ਸਹਾਰਾ ਵੰਨ, ਆਜ ਤੱਕ, ਹੈਡ-ਲਾਈਨ ਨਿਊਜ਼ ਅਤੇ ਹੋਰ ਕਈ ਭਾਰਤੀ ਹਿੰਦੀ ਚੈਨਲਾਂ ਦੀ ਡਿਸ਼ ਟੀ ਵੀ ਰਾਹੀਂ ਆਮਦ ਹੋਈ। ਪੰਜਾਬੀ ਦਾ ਪ੍ਰਥਮ ਚੈਨਲ ਅਲਫਾ ਈ ਟੀ ਸੀ ਪੰਜਾਬੀ ਸੀ। ਇਹ ਚੈਨਲ ਅਮਰੀਕਾ ਵਿਚ ਕੋਈ ਦਸ ਕੁ ਸਾਲ ਪਹਿਲਾਂ ਸ਼ੁਰੂ ਹੋਇਆ। ਤਿੰਨ ਕੁ ਸਾਲ ਪਹਿਲਾਂ




ਅਮਰੀਕਾ ਵਿਚ ਵਸਦੀ ਇਕ ਪੰਜਾਬੀ ਯੁਵਤੀ ਪੈਨੀ ਯੋਗੀਰਾਜ ਸੰਧੂ ਨੇ ਅਮਰੀਕਾ ਵਿਚ ਪੰਜਾਬੀ ਚੈਨਲ ਜੱਸ ਪੰਜਾਬੀ ਦੀ ਸ਼ੁਰੂਆਤ ਕੀਤੀ। ਸ਼ੁਰੂ ਸ਼ੁਰੂ ਵਿਚ ਇਸ ਚੈਨਲ ਨੂੰ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਪੈਨੀ ਯੋਗੀਰਾਜ ਸੰਧੂ ਨੂੰ ਨਿਊ ਯਾਰਕ ਸ਼ਹਿਰ ਦੀਆਂ ਕੇਬਲ ਕੰਪਨੀਆਂ ਨੇ ਹੀ ਥਾਂ ਦਿੱਤੀ ਸੀ। ਇਸ ਚੈਨਲ ਨੇ ਕਈ ਅਜਿਹੇ ਪ੍ਰੋਗਰਾਮ ਦਿੱਤੇ ਜਿਨ੍ਹਾਂ ਵਿਚ ਸਰੋਤੇ ਆਪਣੀ ਰਾਏ ਟੈਲੀਵਿਜ਼ਨ ਰਾਹੀਂ ਮੇਜ਼ਬਾਨ ਨੂੰ ਦੇ ਸਕਦੇ ਹਨ। ਟੈਲੀਫੋਨ ਰਾਹੀਂ ਆਪਣੀ ਰਾਏ ਦੇਣ ਵਾਲੇ ਦਰਸ਼ਕ ਮਹਿਸੂਸ ਕਰਦੇ ਹਨ ਕਿ ਉਹ ਪ੍ਰੋਗਰਾਮ ਦੇ ਹਿੱਸੇਦਾਰ ਹਨ। ਸ਼ਾਮ ਨੂੰ ਸਾਢੇ ਸੱਤ ਵਜੇ ਤੋਂ ਤਕਰੀਬਨ ਸਾਢੇ ਨੌਂ ਵਜੇ ਤੱਕ ਪ੍ਰਾਈਮ ਟਾਈਮ ਵਿਚ ਲੋਕ ਤਕਰੀਬਨ ਹਰ ਇਕ ਪ੍ਰੋਗਰਾਮ ਬਾਰੇ ਆਪਣੀ ਰਾਏ ਟੈਲੀਫੋਨ ਰਾਹੀਂ ਦੇ ਸਕਦੇ ਹਨ। ਇਸ ਕਾਰਨ ਪ੍ਰਾਈਮ ਟਾਈਮ ਵਿਚ ਦਰਸ਼ਕ ਇਸ ਪ੍ਰੋਗਰਾਮ ਨਾਲ ਜੁੜੇ ਰਹਿੰਦੇ ਹਨ। ਦੁਪਹਿਰ ਨੂੰ ਇਕ ਵਜੇ ਤੋਂ ਦੋ ਵਜੇ ਤੱਕ ਪ੍ਰੋਗਰਾਮ 'ਜੱਸ ਗੱਲਬਾਤ' ਹੁੰਦੀ ਹੈ। ਇਸ ਪ੍ਰੋਗਰਾਮ ਵਿਚ ਲੋਕ ਆਪਣੀਆਂ ਸਮੱਸਿਆਵਾਂ ਦੱਸਦੇ ਹਨ। ਇਹ ਪ੍ਰੋਗਰਾਮ 'ਲੋਕ ਪ੍ਰੋਗਰਾਮ' ਦਾ ਰੁਤਬਾ ਪ੍ਰਾਪਤ ਕਰ ਚੁਕਿਆ ਹੈ। ਬਾਅਦ ਦੁਪਹਿਰ ਤਿੰਨ ਵਜੇ ਤੋਂ ਚਾਰ ਵਜੇ ਤੱਕ ਅੰਜਨਾ ਪ੍ਰਾਸ਼ਰ 'ਖਿੜੀ ਦੁਪਹਿਰ' ਪ੍ਰੋਗਰਾਮ ਪੇਸ਼ ਕਰਦੀ ਹੈ। ਉਹ ਬਾਲੜੀ ਭਾਰਤ ਵਿਚ ਜਨਮੀ ਸੀ ਲੇਕਿਨ ਅਮਰੀਕਾ ਵਿਚ ਪਲੀ ਹੈ ਅਤੇ ਅਮਰੀਕਨਾਂ ਦੀ ਤਰ੍ਹਾਂ ਅੰਗਰੇਜ਼ੀ ਬੋਲਦੀ ਹੈ। ਅਮਰੀਕਾ ਵਿਚ ਜਨਮੇ ਭਾਰਤੀ ਨਸਲ ਦੇ ਬੱਚੇ ਇਸ ਪ੍ਰੋਗਰਾਮ ਨੂੰ ਬਹੁਤ ਪਸੰਦ ਕਰਦੇ ਹਨ। ਸ. ਰਬਿੰਦਰ ਸਿੰਘ ਭਮਰਾ 'ਮੀਟ ਦੀ ਵੀ ਆਈ ਪੀ' ਪ੍ਰੋਗਰਾਮ ਪੇਸ਼ ਕਰਦੇ ਹਨ। ਉਹ ਕੀਰਤਨ ਕਲਾ ਦੇ ਵੀ ਮਾਹਿਰ ਹਨ। ਸ. ਗੁਰਚਰਨਜੀਤ ਸਿੰਘ ਲਾਂਬਾ ਵਿਦਵਾਨ ਹਨ, ਉਹ ਬੇਹਤਰ ਮੁਲਾਕਾਤਾਂ ਦੇ ਪ੍ਰੋਗਰਾਮ ਕਰਦੇ ਹਨ।

ਅਮਰੀਕਾ ਵਿਚ ਅੱਜ ਕੱਲ੍ਹ ਜਿੰਨੇ ਵੀ ਪੰਜਾਬੀ ਚੈਨਲ ਹਨ ਉਨ੍ਹਾਂ ਵਿਚ ਜੱਸ ਪੰਜਾਬੀ ਸਭ ਤੋਂ ਵਧ ਮਕਬੂਲ ਹੈ। ਅਲਫਾ ਈ ਟੀ ਸੀ ਪੰਜਾਬੀ ਦੀ ਲੋਕਪ੍ਰਿਅਤਾ ਘਟ ਰਹੀ ਹੈ ਲੇਕਿਨ ਜੀ ਪੰਜਾਬ ਸਾਡਾ ਚੈਨਲ ਦੀ ਲੋਕਪ੍ਰਿਅਤਾ ਲਗਾਤਾਰ ਵਧ ਰਹੀ ਹੈ। ਇਹ ਸਾਰੇ ਚੈਨਲ ਅਤੇ ਪੰਜਾਬ ਟੀ ਵੀ, ਤੇ ਐਮ ਐਚ ਵੰਨ ਵੀ ਡਿਸ਼ ਨੈਟਵਰਕ 'ਤੇ ਉਪਲਬਧ ਹਨ। ਕੁਲ ਮਿਲਾ ਕੇ ਪੰਜਾਬੀ ਦੇ ਛੇ ਚੈਨਲ ਡਿਸ਼ ਨੈਟਵਰਕ 'ਤੇ ਉਪਲਬਧ ਹਨ।

ਪਿਛਲੇ ਤਕਰੀਬਨ ਛੇ ਕੁ ਮਹੀਨਿਆਂ ਤੋਂ ਅਮਰੀਕਾ ਵਿਚ ਪੀ ਟੀ ਸੀ ਪੰਜਾਬੀ ਚੈਨਲ ਵੀ ਉਪਲਬਧ ਹੈ। ਇਹ ਇਕੱਲਾ ਚੈਨਲ ਹੈ ਜਿਹੜਾ ਡਾਇਰੈਕਟ ਟੀ ਵੀ ਦੀ ਡਿਸ਼ ਉਪਰ ਉਪਲਬਧ ਹੈ। ਡਿਸ਼ ਨੈਟਵਰਕ 'ਤੇ ਛੇ ਪੰਜਾਬੀ ਚੈਨਲ ਉਪਲਬਧ ਹਨ ਅਤੇ ਉਨ੍ਹਾਂ ਦੀ ਮਹੀਨੇ ਦੀ ਫੀਸ ਵੀਹ ਡਾਲਰ ਦੇ ਕਰੀਬ ਹੈ। ਦੂਜੇ ਪਾਸੇ ਡਾਇਰੈਕਟ ਟੀ ਵੀ ਉਪਰ ਇਕੋ ਇਕ ਪੀ ਟੀ ਸੀ ਪੰਜਾਬੀ ਚੈਨਲ ਦੀ ਮਹੀਨੇ ਦੀ ਫੀਸ ਪੰਦਰਾਂ ਡਾਲਰ ਹੈ। ਮਾਲੀ ਪੱਖ ਤੋਂ ਇਸ ਚੈਨਲ ਨੂੰ ਘਾਟਾ ਹੈ ਲੇਕਿਨ ਚੈਨਲ ਚੱਲ ਰਿਹਾ ਹੈ।

ਪੀ ਟੀ ਸੀ ਪੰਜਾਬੀ ਚੈਨਲ ਦੇ ਪੇਸ਼ਕਾਰ ਬੜੇ ਆਕਰਸ਼ਕ ਅਤੇ ਮਾਹਿਰ ਲੋਕ ਹਨ। ਉਨ੍ਹਾਂ ਦੀਆਂ ਨਿਊਜ਼ ਰੀਡਰ ਬੜੀਆਂ ਦਿਲਕਸ਼ ਹਨ। ਪੀ ਟੀ ਸੀ ਪੰਜਾਬੀ ਦੇ ਅਮਰੀਕਾ ਦੇ ਇੰਚਾਰਜ ਸੁਨੀਲ ਹਾਲੀ ਨੂੰ ਅਹਿਸਾਸ ਹੈ ਕਿ ਉਨ੍ਹਾਂ ਵਾਸਤੇ ਜੱਸ ਪੰਜਾਬੀ ਨਾਲ ਮੁਕਾਬਲਾ ਬੜਾ ਹੀ ਕਠਿਨ ਹੈ। ਜੱਸ ਪੰਜਾਬੀ ਦੀ ਕਾਮਯਾਬੀ ਦਾ ਕਾਰਨ ਉਸ ਦੇ ਲਾਈਵ ਅਤੇ ਫਨ ਇਨ ਪ੍ਰੋਗਰਾਮ ਹਨ। ਜੇ ਪੀ ਟੀ ਸੀ ਪੰਜਾਬੀ ਨੇ ਮੈਦਾਨ ਵਿਚ ਟਿਕੇ ਰਹਿਣਾ ਹੈ ਤਾਂ ਉਸ ਨੂੰ ਵੀ ਅਮਰੀਕਾ ਵਿਚ ਪ੍ਰੋਗਰਾਮ ਤਾਮੀਰ ਕਰਨੇ ਪੈਣਗੇ। ਅਮਰੀਕਾ ਵਿਚ ਪ੍ਰੋਗਰਾਮ ਤਿਆਰ ਕਰਨ ਲਈ ਸਟੂਡੀਓ ਦੀ ਵੀ ਲੋੜ ਹੈ ਅਤੇ ਪੇਸ਼ਕਰਤਾਵਾਂ ਦੀ ਵੀ।

ਪੀ ਟੀ ਸੀ ਪੰਜਾਬੀ ਨੇ ਪਹਿਲਾ ਮਾਅਰਕਾ ਉਸ ਸਮੇਂ ਮਾਰਿਆ ਜਦੋਂ ਉਸ ਨੇ ਜੱਸ ਪੰਜਾਬੀ ਦੀ ਸਭ ਤੋਂ ਖ਼ੂਬਸੂਰਤ ਵਾਚਿਕਾ ਅਤੇ ਮੇਜ਼ਬਾਨ ਸੁਮਨਦੀਪ ਕੌਰ ਨੂੰ ਪੀ ਟੀ ਸੀ ਪੰਜਾਬੀ 'ਤੇ ਲੈ ਆਂਦਾ। ਸੁਮਨਦੀਪ ਕੌਰ ਜਿੰਨੀ ਸੁੰਦਰ ਹੈ ਉਨੀ ਹੀ ਜ਼ਹੀਨ ਵੀ। ਉਸ ਨੇ ਇਕ ਅਤੀ ਖੁਸ਼ਕ ਪ੍ਰੋਗਰਾਮ 'ਜੱਸ ਗੱਲਬਾਤ' ਵਿਚ ਜਾਨ ਪਾ ਦਿੱਤੀ ਸੀ। ਉਸ ਦੇ ਫਿਲਮੀ ਹਸਤੀਆਂ ਉਪਰ ਬਣਾਏ ਗਏ ਪ੍ਰੋਗਰਾਮ 'ਸਟਾਰ ਸਪਾਟਲਾਈਟ' ਅਤਿਅੰਤ ਮਕਬੂਲ ਹੋਏ ਸਨ। ਜੱਸ ਪੰਜਾਬੀ ਉਪਰ ਜਾਣ ਤੋਂ ਪਹਿਲਾਂ ਸੁਮਨਦੀਪ ਕੌਰ ਅਲਫਾ ਈ ਟੀ ਸੀ ਪੰਜਾਬੀ ਉਪਰ ਵੀ ਦੋ ਸਾਲ ਕੰਮ ਕਰ ਚੁੱਕੀ ਸੀ। ਉਥੇ ਉਹ ਮਸ਼ਹੂਰ ਕਲਾਕਾਰਾਂ ਨਾਲ ਮੁਲਾਕਾਤਾਂ ਕਰਿਆ ਕਰਦੀ ਸੀ। ਉਸ ਦਾ ਸਵਾਲ ਕਰਨ ਦਾ ਢੰਗ ਬੜਾ ਅਨੋਖਾ ਸੀ। ਉਹ ਮੁਸਕਰਾਉਂਦੀ ਮੁਸਕਰਾਉਂਦੀ ਬੜਾ ਕੁਝ ਕਲਾਕਾਰ ਤੋਂ ਅਖਵਾ ਲੈਂਦੀ ਸੀ। ਅਮਰੀਕਾ ਵਿਚ ਸੁਮਨਦੀਪ ਕੌਰ ਦੇ


ਸੁਮਨਦੀਪ ਕੌਰ

ਹਜ਼ਾਰਾਂ ਪ੍ਰਸ਼ੰਸਕ ਹਨ। ਸੁਮਨਦੀਪ ਚੰਡੀਗੜ੍ਹ ਦੀ ਰਹਿਣ ਵਾਲੀ ਹੈ। ਉਹ ਪੰਜਾਬੀ ਬੜੀ ਵਧੀਆ ਲਿਖਦੀ ਅਤੇ ਬੋਲਦੀ ਹੈ। ਅੰਗਰੇਜ਼ੀ ਵਿਚ ਵੀ ਉਹ ਕਿਸੇ ਤੋਂ ਘੱਟ ਨਹੀਂ।

ਚੰਡੀਗੜ੍ਹ ਵਿਚ ਪੈਦਾ ਹੋਈ ਸੁਮਨਦੀਪ ਕੌਰ ਨੇ ਇੱਕੀ ਸਾਲ ਦੀ ਉਮਰ ਵਿਚ 2005 ਵਿਚ ਫਰੈਸ਼ ਫੇਸ ਆਫ ਪੰਜਾਬ ਮੁਕਾਬਲੇ ਵਿਚ ਭਾਗ ਲਿਆ ਜਿਸ ਵਿਚ ਇਕ ਹਜ਼ਾਰ ਤੋਂ ਵੀ ਵੱਧ ਲੜਕੀਆਂ ਨੇ ਭਾਗ ਲਿਆ ਸੀ। ਜਦੋਂ ਉਸ ਨੂੰ 'ਫਰੈਸ਼ ਫੇਸ ਆਫ ਪੰਜਾਬ' ਦਾ ਤਾਜ ਪਹਿਨਾਇਆ ਗਿਆ ਤਾਂ ਉਸ ਵੇਲੇ ਉਸ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਅਲਫਾ ਈ ਟੀ ਸੀ ਪੰਜਾਬੀ 'ਤੇ ਕੰਮ ਕਰਕੇ ਉਸ ਨੇ ਆਪਣੀ ਅਦਭੁਤ ਪ੍ਰਤਿਭਾ ਦਾ ਸਬੂਤ ਦਿੱਤਾ। ਬਾਅਦ ਵਿਚ ਜੱਸ ਪੰਜਾਬੀ ਵਿਚ ਬੜੇ ਥੋੜ੍ਹੇ ਅਰਸੇ ਵਿਚ ਸੁਮਨਦੀਪ ਛਾ ਗਈ। ਪੀ ਟੀ ਸੀ ਪੰਜਾਬੀ ਚੈਨਲ ਦੇ ਅਮਰੀਕਾ ਦੇ ਇੰਚਾਰਜ ਸੁਨੀਲ ਹਾਲੀ ਨੂੰ ਸੁਮਨਦੀਪ ਕੌਰ ਤੋਂ ਬੜੀਆਂ ਆਸਾਂ ਹਨ। ਸੁਮਨਦੀਪ ਨਿਊ ਯਾਰਕ ਵਿਚ ਪੀ ਟੀ ਸੀ ਦੇ ਸਟੂਡੀਓ ਵਿਚ ਆਪਣੇ ਪ੍ਰੋਗਰਾਮ ਰਿਕਾਰਡ ਕਰਵਾਏਗੀ। ਲੇਕਿਨ ਸਟੂਡੀਓ ਅਜੇ ਤਿਆਰ ਨਹੀਂ।

ਅੱਜ ਕੱਲ੍ਹ ਜੱਸ ਪੰਜਾਬੀ ਦੀ ਸਰਦਾਰੀ ਨੂੰ ਜੇਕਰ ਕੋਈ ਚੈਨਲ ਟੱਕਰ ਦੇ ਰਿਹਾ ਹੈ ਤਾਂ ਉਹ ਹੈ 'ਜੀ ਪੰਜਾਬ' ਜਾਂ ਉਸੇ ਦਾ ਹੀ ਦੂਜਾ ਨਾਂ 'ਸਾਡਾ ਚੈਨਲ'। ਇਸ ਦਾ ਸਿੱਧੂ ਸ਼ੋਅ ਬੜਾ ਹਰਮਨ ਪਿਆਰਾ ਹੋ ਰਿਹਾ ਹੈ।

*e-mail:harjapaujla@gmail.com

# ਪੀ ਸੀ ਐਸ ਵਲੋਂ ਪਾਸਪੋਰਟ ਟੂ ਵਰਲਡ ਪ੍ਰੋਗਰਾਮ 'ਚ ਪੰਜਾਬੀ ਸਭਿਆਚਾਰ ਦੀ ਪੇਸ਼ਕਾਰੀ

**ਸ਼ਿਕਾਗੋ:** ਸ਼ਿਕਾਗੋ ਚਿਲਡਰਨ'ਜ਼ ਮਿਊਜ਼ੀਅਮ ਦੀ ਭਾਈਵਾਲੀ ਨਾਲ ਪੰਜਾਬੀ ਕਲਚਰਲ ਸੁਸਾਇਟੀ ਦੇ ਬੈਨਰ ਹੇਠ ਮਿਡਵੈਸਟ ਤੋਂ ਆਏ ਪੰਜਾਬੀ ਬੱਚਿਆਂ ਅਤੇ ਨੌਜਵਾਨ ਮੁੰਡੇ-ਕੁੜੀਆਂ ਨੇ ਪੰਜਾਬੀ ਲੋਕ ਨ੍ਰਿਤ ਭੰਗੜੇ ਅਤੇ ਗਿੱਧੇ ਨਾਲ ਪੰਜਾਬੀ ਸਭਿਆਚਾਰ ਦੀ ਵੰਨਗੀ ਪੇਸ਼ ਕੀਤੀ। ਇਹ ਪ੍ਰੋਗਰਾਮ ਸ਼ਿਕਾਗੋ ਚਿਲਡਰਨ'ਜ਼ ਮਿਊਜ਼ੀਅਮ ਵਲੋਂ ਵਿਸ਼ਵ ਦੇ ਵੱਖ ਵੱਖ ਮੁਲਕਾਂ ਦੇ ਸਭਿਆਚਾਰਾਂ ਨੂੰ ਪ੍ਰਫੁਲਿਤ ਕਰਨ ਦੇ ਪ੍ਰੋਗਰਾਮ 'ਪਾਸਪੋਰਟ ਟੂ ਵਰਲਡ' ਅਧੀਨ 'ਪਾਸਪੋਰਟ ਟੂ ਇੰਡੀਆ' ਪੇਸ਼ਕਾਰੀ ਵਜੋਂ ਇਥੇ ਨੇਵੀ ਪੀਅਰ ਵਿਖੇ ਕੀਤਾ ਗਿਆ ਸੀ।

ਮਿਊਜ਼ੀਅਮ ਦੇ ਅੰਦਰ ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਇਕ ਜਲੂਸ ਦੀ ਸ਼ਕਲ ਵਿਚ ਨੇਵੀ ਪੀਅਰ ਵਿਖੇ ਪੰਜਾਬੀ ਸਭਿਆਚਾਰ ਦਾ ਮੁਜਾਹਰਾ ਕੀਤਾ। ਇਸ ਮੌਕੇ ਪੀ ਸੀ ਐਸ ਦੇ ਇੰਟਰ ਕਮਿਊਨਿਟੀ ਡਾਇਰੈਕਟਰ ਕੈਵਿਨ ਦੀਪ ਸਿੰਘ ਅਟਵਾਲ ਵਲੋਂ ਵਜਾਏ ਗਏ ਢੋਲ ਦੀ ਤਾਲ ਉਤੇ ਨੌਜਵਾਨਾਂ ਨੇ ਭੰਗੜਾ ਪਾਇਆ। ਸ਼ਿਕਾਗੋ ਚਿਲਡਰਨ'ਜ਼ ਮਿਊਜ਼ੀਅਮ ਦੇ ਹਾਲ ਦੇ ਅੰਦਰ ਪ੍ਰੋਗਰਾਮ ਸ਼ੁਰੂ ਹੋਣ 'ਤੇ ਇੰਡੀਆਨਾ ਅਤੇ ਇਲੀਨਾਏ ਦੇ ਵੱਖ ਵੱਖ ਕਸਬਿਆਂ ਤੋਂ ਆਏ ਬੱਚਿਆਂ ਨੇ ਕਈ ਨ੍ਰਿਤ ਆਈਟਮਾਂ ਪੇਸ਼ ਕੀਤੀਆਂ। ਭੰਗੜੇ ਦੀ ਟਰੇਨਿੰਗ ਦਿੱਤੀ ਗਈ। ਰਜਨੀਸ਼ ਕੌਰ ਅਤੇ ਹਰਪ੍ਰੀਤ ਕੌਰ ਨੇ ਮਹਿੰਦੀ ਦੀ ਮੀਨਾਕਾਰੀ ਦਾ ਮੁਜਾਹਰਾ ਕੀਤਾ। ਸਿੱਖ ਅਮੈਰਿਕਨ ਹੈਰੀਟੇਜ ਆਰਗੇਨਾਈਜੇਸ਼ਨ ਦੇ ਵਾਲੰਟੀਅਰਾਂ ਨੇ ਦਸਤਾਰ ਸਜਾਉਣ ਦੀ ਵਰਕਸ਼ਾਪ ਲਾਈ। ਚਿਲਡਰਨ'ਜ਼ ਮਿਊਜ਼ੀਅਮ ਅਤੇ ਪੀ ਸੀ ਐਸ ਵਲੋਂ ਇਸ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਲੋਕਾਂ ਨੂੰ ਪੈਲਾਟਾਈਨ ਤੋਂ ਨੇਵੀ ਪੀਅਰ ਲਿਜਾਣ ਲਈ ਚਾਰ ਬੱਸਾਂ ਦਾ ਮੁਫਤ ਬੰਦੋਬਸਤ ਕੀਤਾ ਗਿਆ ਸੀ।




ਇਸ ਮੌਕੇ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਸ਼ਿਕਾਗੋ ਚਿਲਡਰਨ'ਜ਼ ਮਿਊਜ਼ੀਅਮ ਦੇ ਡਾਇਰੈਕਟਰ ਸਭਿਆਚਾਰਕ ਪ੍ਰੋਗਰਾਮ ਕੀਥ ਮਕੌਰਮਿਕ ਨੇ ਆਖਿਆ ਕਿ ਪਾਸਪੋਰਟ ਟੂ ਇੰਡੀਆ ਜਿਹੇ ਪ੍ਰੋਗਰਾਮਾਂ ਦਾ ਮਨੋਰਥ ਬੱਚਿਆਂ ਨੂੰ ਇਕ ਅਜਿਹੇ ਸੰਸਾਰ ਦੇ ਦਰਸ਼ਨ ਕਰਵਾਉਣਾ ਹੈ ਜੋ ਦਿਨੋ ਦਿਨ ਸੁੰਗੜਦਾ ਜਾ ਰਿਹਾ ਹੈ ਅਤੇ ਨਸਲੀ ਤੇ ਸਭਿਆਚਾਰਕ ਤੌਰ 'ਤੇ ਇਕ ਦੂਜੇ ਦੇ ਹੋਰ ਕਰੀਬ ਵੀ ਹੋ ਰਿਹਾ ਹੈ ਅਤੇ ਮਿਸ਼ਰਿਤ ਵੀ। ਇਸ ਦਾ ਮਨੋਰਥ ਬੱਚਿਆਂ ਨੂੰ ਇਹ ਵੀ ਦੱਸਣਾ ਹੈ ਕਿ ਸਭਿਆਚਾਰਕ ਵਖਰੇਵਿਆਂ ਨੂੰ ਨਾ ਸਿਰਫ ਖਿੜੇ ਮੱਥੇ ਪ੍ਰਵਾਨ ਹੀ ਕਰਨਾ ਚਾਹੀਦਾ ਹੈ ਸਗੋਂ ਉਤਸ਼ਾਹਤ ਵੀ ਕਰਨਾ ਚਾਹੀਦਾ ਹੈ। ਪੀ ਸੀ ਐਸ ਦੀ ਚੇਅਰਪਰਸਨ ਮੋਹਿਨਾ ਆਹਲੂਵਾਲੀਆ ਨੇ ਆਖਿਆ ਕਿ ਵਿਸ਼ਵ ਛੋਟਾ ਹੁੰਦਾ ਜਾ ਰਿਹਾ ਹੈ ਅਤੇ ਅਸੀਂ ਸਾਰੇ ਸੰਚਾਰ ਅਤੇ ਆਵਾਜਾਈ ਦੇ ਸਾਧਾਨਾਂ ਕਰਕੇ ਇਕ ਦੂਜੇ ਦੇ ਹੋਰ ਕਰੀਬ ਹੁੰਦੇ ਜਾ ਰਹੇ ਹਾਂ। ਪੀ ਸੀ ਐਸ ਦੇ ਪ੍ਰਧਾਨ ਰਾਜਿੰਦਰ ਸਿੰਘ ਮਾਗੋ ਦਾ ਕਹਿਣਾ ਸੀ ਕਿ ਪਾਸਪੋਰਟ ਟੂ ਵਰਲਡ ਸਾਨੂੰ ਆਪਣੇ ਪੰਜਾਬੀ ਸਭਿਆਚਾਰ, ਸੰਗੀਤ ਅਤੇ ਨ੍ਰਿਤ ਨੂੰ ਪੇਸ਼ ਕਰਨ ਦਾ ਬਹੁਤ ਵਧੀਆ ਮੰਚ ਮੁਹੱਈਆ ਕਰਦਾ ਹੈ। ਪੀ ਸੀ ਐਸ ਦੇ ਯੂਥ ਡਾਇਰੈਕਟਰ ਪ੍ਰਦੀਪ ਸਿੰਘ ਦਿਓਲ ਨੇ ਕਿਹਾ ਕਿ ਬੱਚਿਆਂ ਲਈ ਦੂਜੇ ਸਭਿਆਚਾਰਾਂ ਦਾ ਅਨੁਭਵ ਬਹੁਤ ਜ਼ਰੂਰੀ ਹੈ ਤਾਂ ਜੋ ਉਹ ਪਹਿਰਾਵੇ ਅਤੇ ਦਿੱਖ ਪੱਖੋਂ ਵੱਖਰੇ ਲੱਗਦੇ ਲੋਕਾਂ ਨੂੰ ਠੀਕ ਤਰ੍ਹਾਂ ਨਾਲ ਸਮਝ ਸਕਣ।

To Advertise with us
call: 847-359-0746

ੴ ਸਤਿਗੁਰ ਪ੍ਰਸਾਦਿ॥

# ਗੁਰਦੁਆਰਾ ਦਸ਼ਮੇਸ਼ ਦਰਬਾਰ, ਸੈਲਮ (ਓਰੇਗਾਨ)

860 Oak Hill Ave. SE, Salem, OR 97302 Ph: 503-391-7031



ਸ਼ਹੀਦਾਂ ਦੇ ਸਿਰਤਾਜ

## ਸ੍ਰੀ ਗੁਰੂ ਅਰਜਨ ਦੇਵ ਜੀ

ਦੇ ਸ਼ਹੀਦੀ ਪੁਰਬ 'ਤੇ

# ਮਹਾਨ ਨਗਰ ਕੀਰਤਨ

## ਐਤਵਾਰ 20 ਜੂਨ, 2010

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ 404 ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਓਰੇਗਾਨ ਸਟੇਟ ਦੀਆਂ ਸਿੱਖ ਸੰਗਤਾਂ ਵਲੋਂ ਇਕ ਮਹਾਨ ਨਗਰ ਕੀਰਤਨ 20 ਜੂਨ, 2010 ਦਿਨ ਐਤਵਾਰ ਨੂੰ ਸਜਾਇਆ ਜਾ ਰਿਹਾ ਹੈ। ਨਗਰ ਕੀਰਤਨ ਸਵੇਰੇ 11 ਵਜੇ ਅਰੰਭ ਹੋਵੇਗਾ ਅਤੇ ਓਕ ਹਿੱਲ ਐਵਨਿਊ ਤੋਂ ਨਿਕਲ ਕੇ ਕਮਰਸ਼ੀਅਲ ਸਟਰੀਟ ਉਤੇ ਹੁੰਦਾ ਹੋਇਆ ਕੋਈ ਸਾਢੇ ਤਿੰਨ ਮੀਲ ਦਾ ਸਫਰ ਤੈਅ ਕਰਕੇ ਸ਼ਾਮ 4 ਵਜੇ ਵਾਪਸ ਗੁਰੂ ਘਰ ਆ ਕੇ ਸਮਾਪਤ ਹੋਵੇਗਾ। ਆਪ ਸਮੂਹ ਸੰਗਤਾਂ ਇਸ ਨਗਰ ਕੀਰਤਨ ਵਿਚ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੋ ਅਤੇ ਧੰਨਵਾਦੀ ਬਣਾਓ ਜੀ।

ਨਗਰ ਕੀਰਤਨ ਸਬੰਧੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦਾ ਅਰੰਭ ਸ਼ੁੱਕਰਵਾਰ 18 ਜੂਨ ਨੂੰ ਹੋਵੇਗਾ ਅਤੇ ਭੋਗ ਐਤਵਾਰ ਨੂੰ ਸਵੇਰੇ 9 ਵਜੇ ਪਵੇਗਾ। ਗੁਰੂ ਘਰ ਦੇ ਹਜੂਰੀ ਰਾਗੀ ਭਾਈ ਦਰਸ਼ਨ ਸਿੰਘ ਸਿੰਘਾਪੁਰੀ ਤੋਂ ਇਲਾਵਾ ਹੋਰ ਪੰਥ ਪ੍ਰਸਿਧ ਰਾਗੀ-ਢਾਡੀ ਸ਼ਬਦ ਕੀਰਤਨ ਅਤੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਸਨਿਚਰਵਾਰ ਨੂੰ ਸ਼ਾਮ 7 ਤੋਂ 9 ਵਜੇ ਤੱਕ ਵਿਸ਼ੇਸ਼ ਕੀਰਤਨ ਸਮਾਗਮ ਹੋਵੇਗਾ।

## ਬੇਨਤੀ ਕਰਤਾ: ਸਮੂਹ ਪ੍ਰਬੰਧਕ ਕਮੇਟੀ

## Gurdwara Dashmesh Darbar, Salem (OR)

# ਅਫ਼ਜ਼ਲ ਦੀ ਅਰਜ਼ੀ 'ਤੇ ਫ਼ੈਸਲਾ ਕੇਂਦਰ ਕਰੇਗਾ



**ਨਵੀਂ ਦਿੱਲੀ :** ਸੰਸਦ 'ਤੇ ਹਮਲਾ ਕਰਨ ਦੇ ਦੋਸ਼ ਹੇਠ ਸਜ਼ਾਯਾਫ਼ਤਾ ਅਫ਼ਜ਼ਲ ਗੁਰੂ ਦੀ ਫਾਈਲ ਦਿੱਲੀ ਦੇ ਉਪ ਰਾਜਪਾਲ ਤੇਜਿੰਦਰ ਖੰਨਾ ਨੂੰ ਭੇਜਣ ਤੋਂ ਇਕ ਦਿਨ ਬਾਅਦ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਨੇ ਕਿਹਾ ਕਿ ਉਸ ਦੀ ਰਹਿਮ ਦੀ ਅਰਜ਼ੀ 'ਤੇ ਕੇਂਦਰ ਹੀ ਕੋਈ ਫ਼ੈਸਲਾ ਕਰੇਗਾ। ਨਵੀਂ ਦਿੱਲੀ 'ਚ ਇਕ ਪ੍ਰੈੱਸ ਕਾਨਫਰੰਸ ਦੌਰਾਨ ਇਸ ਸਬੰਧੀ ਪੁੱਛੇ ਸਵਾਲਾਂ ਦਾ ਜਵਾਬ ਦਿੰਦਿਆਂ ਸ਼ੀਲਾ ਨੇ ਕਿਹਾ ਕਿ ਉਪ ਰਾਜਪਾਲ ਵਲੋਂ ਸਲਾਹ ਦਿੱਤੇ ਜਾਣ ਤੋਂ ਬਾਅਦ ਇਹ ਫਾਈਲ ਕੇਂਦਰ ਨੂੰ ਭੇਜ ਦਿੱਤੀ ਜਾਵੇਗੀ। ਦੱਸਣਾ ਬਣਦਾ ਹੈ ਕਿ ਇਸ ਫਾਈਲ 'ਚ ਜਿੱਥੇ ਦਿੱਲੀ ਸਰਕਾਰ ਨੇ ਅਫ਼ਜ਼ਲ ਨੂੰ ਫਾਂਸੀ ਦੇਣ ਦਾ ਪੱਖ ਲਿਆ ਹੈ, ਉਥੇ ਹੀ ਇਹ ਫ਼ੈਸਲਾ ਲਾਗੂ ਕਰਨ ਤੋਂ ਪਹਿਲਾਂ ਕਾਨੂੰਨ ਵਿਵਸਥਾ ਚੁਸਤ-ਦਰੁਸਤ ਰੱਖਣ ਦੀ ਮੰਗ ਵੀ ਕੀਤੀ ਹੈ।

# ਮਾਧੁਰੀ ਗੁਪਤਾ ਦੀ ਜ਼ਮਾਨਤ ਅਰਜ਼ੀ ਰੱਦ



**ਨਵੀਂ ਦਿੱਲੀ :** ਪਾਕਿਸਤਾਨ ਦੇ ਖੁਫ਼ੀਆ ਅਧਿਕਾਰੀਆਂ ਨੂੰ ਸੂਚਨਾ ਦੇਣ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਭਾਰਤੀ ਅਧਿਕਾਰੀ ਮਾਧੁਰੀ ਗੁਪਤਾ ਦੀ ਜ਼ਮਾਨਤ ਅਰਜ਼ੀ ਨੂੰ ਬੀਤੇ ਦਿਨੀਂ ਦਿੱਲੀ ਦੀ ਅਦਾਲਤ ਨੇ ਰੱਦ ਕਰ ਦਿੱਤਾ। ਮੁੱਖ ਮੈਟਰੋਪਾਲੀਟਨ ਮੈਜਿਸਟਰੇਟ ਕਾਵੇਰੀ ਬਾਵੇਜਾ ਨੇ ਮਾਧੁਰੀ ਗੁਪਤਾ ਨੂੰ ਕੋਈ ਰਾਹਤ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਨ੍ਹਾਂ ਖ਼ਿਲਾਫ਼ ਲੱਗੇ ਦੋਸ਼ ਬੇਹੱਦ ਗੰਭੀਰ ਹਨ। ਦੂਜੇ ਪਾਸੇ ਮਾਧੁਰੀ ਨੇ ਆਪਣੀ ਦਲੀਲ 'ਚ ਕਿਹਾ ਸੀ ਕਿ ਜਾਂਚ 'ਚ ਉਨ੍ਹਾਂ ਦੀ ਮੌਜੂਦਗੀ ਜ਼ਰੂਰੀ ਨਹੀਂ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਸੀ ਕਿ ਉਸ ਦੇ ਫਰਾਰ ਹੋਣ ਦਾ ਕੋਈ ਖਦਸ਼ਾ ਨਹੀਂ ਹੈ, ਕਿਉਂਕਿ ਉਹ ਦਿੱਲੀ ਦੀ ਸਥਾਨਕ ਨਿਵਾਸੀ ਹੈ। ਮਾਧੁਰੀ ਗੁਪਤਾ ਦੇ ਵਕੀਲ ਜੋਗਿੰਦਰ ਦਈਆ ਨੇ ਸੁਣਵਾਈ ਦੌਰਾਨ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਵਲੋਂ ਦਿੱਤੇ ਉਸ ਬਿਆਨ ਦਾ ਜ਼ਿਕਰ ਵੀ ਕੀਤਾ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਮਾਧੁਰੀ ਦੀ ਪਹੁੰਚ ਜ਼ਰੂਰੀ ਦਸਤਾਵੇਜ਼ਾਂ ਤੱਕ ਨਹੀਂ ਸੀ, ਪਰ ਮਾਧੁਰੀ ਦੇ ਵਕੀਲ ਦੀਆਂ ਇਨ੍ਹਾਂ ਦਲੀਲਾਂ ਦਾ ਵਿਰੋਧ ਕਰਦਿਆਂ ਸਰਕਾਰੀ ਵਕੀਲ ਨੇ ਕਿਹਾ ਕਿ ਅਜੇ ਇਸ ਮਾਮਲੇ 'ਚ ਕਈ ਅਧਿਕਾਰੀਆਂ ਤੋਂ ਪੁੱਛਗਿੱਛ ਕੀਤੀ ਜਾਣੀ ਹੈ, ਇਸ ਲਈ ਉਸ ਨੂੰ ਜ਼ਮਾਨਤ ਨਾ ਦਿੱਤੀ ਜਾਵੇ।

# ਬਾਬਰੀ ਮਾਮਲਾ-ਅਡਵਾਨੀ ਸਣੇ 21 ਨੂੰ ਰਾਹਤ



**ਲਖਨਊ :** ਇਲਾਹਾਬਾਦ ਹਾਈ ਕੋਰਟ ਦੇ ਲਖਨਊ ਬੈਂਚ ਨੇ ਅਯੁੱਧਿਆ 'ਚ ਵਿਵਾਦਤ ਢਾਂਚਾ ਡੇਗੇ ਜਾਣ ਦੇ ਮਾਮਲੇ 'ਚ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ, ਕਲਿਆਣ ਸਿੰਘ, ਵਿਨੈ ਕਟਿਆਰ ਤੇ ਸ਼ਿਵ ਸੈਨਾ ਆਗੂ ਬਾਲ ਠਾਕਰੇ ਸਮੇਤ 21 ਵਿਅਕਤੀਆਂ ਖ਼ਿਲਾਫ਼ ਮੁਕੱਦਮੇ ਦੀ ਕਾਰਵਾਈ ਚਲਾਉਣ ਸਬੰਧੀ ਸੀ ਬੀ ਆਈ ਦੀ ਮੁੜ ਜਾਂਚ ਅਰਜ਼ੀ ਨੂੰ ਰੱਦ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਹੇਠਲੀ ਅਦਾਲਤ ਨੇ ਇਨ੍ਹਾਂ ਦੇ ਪੱਖ 'ਚ ਫ਼ੈਸਲਾ ਸੁਣਾਇਆ ਸੀ, ਜਿਸ ਦਾ ਵਿਰੋਧ ਕਰਦਿਆਂ ਸੀ ਬੀ ਆਈ ਨੇ ਇਹ ਮਾਮਲਾ ਮੁੜ ਸ਼ੁਰੂ ਕਰਨ ਦੀ ਮੰਗ ਕੀਤੀ ਸੀ। ਸੁਣਾਏ ਫੈਸਲੇ 'ਚ ਜਸਟਿਸ ਅਲੋਕ ਕੁਮਾਰ ਨੇ ਕਿਹਾ ਕਿ ਇਸ ਮਾਮਲੇ 'ਚ ਹੇਠਲੀ ਅਦਾਲਤ ਵਲੋਂ ਦਿੱਤਾ ਫ਼ੈਸਲਾ ਬਿਲਕੁੱਲ ਜਾਇਜ਼ ਹੈ ਅਤੇ ਉਸ ਨੂੰ ਬਦਲਣ ਦੀ ਕੋਈ ਲੋੜ ਨਹੀਂ।

# ਸੱਜਣ ਕੁਮਾਰ ਤੇ ਹੋਰਨਾਂ ਖਿਲਾਫ਼ ਸੁਣਵਾਈ ਹੁਣ 28 ਨੂੰ



**ਨਵੀ ਦਿੱਲੀ :** ਦਿੱਲੀ ਦੀ ਇੱਕ ਅਦਾਲਤ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਜੁੜੇ ਇੱਕ ਮਾਮਲੇ 'ਚ ਕਾਂਗਰਸ ਦੇ ਸੀਨੀਅਰ ਆਗੂ ਸੱਜਣ ਕੁਮਾਰ ਤੇ ਹੋਰਾਂ ਖਿਲਾਫ਼ ਰਸਮੀ ਤੌਰ 'ਤੇ ਦੋਸ਼ ਤੈਅ ਕੀਤੇ ਜਾਣ ਦੀ ਪ੍ਰਕਿਰਿਆ ਨੂੰ 28 ਮਈ ਤੱਕ ਮੁਲਤਵੀ ਕਰ ਦਿੱਤਾ ਹੈ।

ਵਧੀਕ ਸੈਸ਼ਨ ਜੱਜ ਸੁਨੀਤਾ ਗੁਪਤਾ ਨੇ ਇਸ ਮਾਮਲੇ ਦੀ ਸੁਣਵਾਈ ਇਸ ਲਈ ਮੁਲਤਵੀ ਕਰ ਦਿੱਤੀ ਹੈ, ਕਿਉਂਕਿ ਦੋਸ਼ੀਆਂ 'ਚੋਂ ਕ੍ਰਿਸ਼ਨ ਖੋਖਰ ਸਿਹਤ ਠੀਕ ਨਾ ਹੋਣ ਕਾਰਨ ਅਦਾਲਤ ਦੇ ਸਾਹਮਣੇ ਹਾਜ਼ਰ ਨਾ ਹੋ ਸਕਿਆ। ਜ਼ਿਕਰਯੋਗ ਹੈ ਕਿ ਦੋਸ਼ਾਂ ਦਾ ਰਸਮੀ ਤੌਰ 'ਤੇ ਤੈਅ ਕੀਤਾ ਜਾਣਾ ਮੁਕੱਦਮੇ ਦੀ ਸੁਣਵਾਈ ਦਾ ਰਸਤਾ ਸਾਫ਼ ਕਰਦਾ ਹੈ ਅਤੇ ਹਰ ਦੋਸ਼ੀ ਦੀ ਅਦਾਲਤ 'ਚ ਹਾਜ਼ਰੀ ਜ਼ਰੂਰੀ ਹੁੰਦੀ ਹੈ, ਕਿਉਂਕਿ ਉਸ ਨੇ ਆਪਣੀ ਇੱਛਾ ਜ਼ਾਹਰ ਕਰਨੀ ਹੁੰਦੀ ਹੈ ਕਿ ਕੀ ਉਹ ਦੋਸ਼ਾਂ ਨੂੰ ਸਵੀਕਾਰ ਕਰੇਗਾ ਜਾਂ ਇਸ ਦਾ ਵਿਰੋਧ ਕਰੇਗਾ।

ਦੱਸਣਾ ਬਣਦਾ ਹੈ ਕਿ ਅਦਾਲਤ ਨੇ ਪਹਿਲੇ ਸਬੂਤ ਮਿਲਣ ਤੋਂ ਬਾਅਦ ਬੀਤੀ 15 ਮਈ ਨੂੰ ਹੱਤਿਆ ਅਤੇ ਦੋ ਭਾਈਚਾਰਿਆਂ ਵਿਚਕਾਰ ਦੁਸ਼ਮਣੀ ਫੈਲਾਉਣ ਕਾਰਨ ਹੋਏ ਸਿੱਖ ਵਿਰੋਧੀ ਦੰਗਿਆਂ ਨਾਲ ਜੁੜੇ ਇੱਕ ਮਾਮਲੇ 'ਚ ਕਾਂਗਰਸੀ ਆਗੂ ਸੱਜਣ ਕੁਮਾਰ ਖਿਲਾਫ਼ ਦੋਸ਼ ਤੈਅ ਕੀਤੇ ਜਾਣ ਦਾ ਆਦੇਸ਼ ਦਿੱਤਾ ਸੀ। ਇਸ ਮਾਮਲੇ 'ਚ ਸੱਜਣ ਕੁਮਾਰ ਤੋਂ ਇਲਾਵਾ ਹੋਰ ਦੋਸ਼ੀਆਂ 'ਚ ਬਲਵਾਨ ਖੋਖਰ, ਕ੍ਰਿਸ਼ਨ ਖੋਖਰ, ਮਹਿੰਦਰ ਯਾਦਵ, ਕੈਪਟਨ ਭਾਗਮਲ ਤੇ ਗਿਰਧਾਰੀ ਲਾਲ ਆਦਿ ਸ਼ਾਮਲ ਹਨ। ਸੀਬੀਆਈ ਨੇ ਸੱਜਣ ਕੁਮਾਰ 'ਤੇ ਦੰਗਿਆਂ ਦੌਰਾਨ ਖਾਸ ਭਾਈਚਾਰੇ ਦੇ ਲੋਕਾਂ ਖਿਲਾਫ਼ ਭੀੜ ਨੂੰ ਭੜਕਾਉਣ ਦਾ ਦੋਸ਼ ਲਾਇਆ ਸੀ। ਇਸ ਤੋਂ ਬਾਅਦ ਦਿੱਲੀ ਕੈਂਟ ਇਲਾਕੇ 'ਚ ਇੱਕ ਭਾਈਚਾਰੇ ਦੇ ਪੰਜ ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਗਈ ਸੀ।

ਸੀ ਬੀ ਆਈ ਨੇ ਵਿਸ਼ੇਸ਼ ਕੜਕੜਡੂਮਾ ਅਦਾਲਤ 'ਚ ਸਪੱਸ਼ਟ ਕੀਤਾ ਸੀ ਕਿ ਇਨ੍ਹਾਂ ਦੰਗਿਆਂ ਦੌਰਾਨ ਕਾਂਗਰਸੀ ਆਗੂ ਸੱਜਣ ਕੁਮਾਰ ਨੇ ਲੋਕਾਂ ਨੂੰ ਉਕਸਾਇਆ ਸੀ। ਸੀ ਬੀ ਆਈ ਵਲੋਂ ਲਏ ਗਏ ਇਸ ਸਟੈਂਡ ਨਾਲ ਦੰਗਿਆਂ ਦੌਰਾਨ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦੀ ਪ੍ਰਾਪਤੀ ਦੀ ਕੁਝ ਉਮੀਦ ਨਜ਼ਰ ਆਈ ਹੈ। ਕਾਫ਼ੀ ਸਮੇਂ ਤੋਂ ਪੁਲਿਸ ਤੇ ਕਾਨੂੰਨ ਨਾਲ ਲੁਕਣਮੀਟੀ ਖੇਡ ਰਹੇ ਸੱਜਣ ਕੁਮਾਰ 'ਤੇ ਸੀ ਬੀ ਆਈ ਨੇ ਕੜਕੜਡੂਮਾ ਅਦਾਲਤ 'ਚ ਸਿੱਖ ਵਿਰੋਧੀ ਦੰਗਿਆਂ ਦੌਰਾਨ ਭੜਕਾਊ ਭਾਸ਼ਨ ਦੇ ਕੇ ਲੋਕਾਂ ਦੀ ਹੱਤਿਆ 'ਚ ਸ਼ਾਮਲ ਹੋਣ ਦਾ ਦੋਸ਼ ਲਗਾਇਆ। ਸੀ ਬੀ ਆਈ ਦੇ ਵਕੀਲ ਡੀ ਪੀ ਸਿੰਘ ਨੇ ਐਡੀਸ਼ਨਲ ਸੈਸ਼ਨ ਜੱਜ ਸੁਨੀਤਾ ਗੁਪਤਾ ਦੀ ਅਦਾਲਤ 'ਚ ਕਿਹਾ, "ਸੱਜਣ ਕੁਮਾਰ ਨੇ ਇਕ ਮੀਟਿੰਗ ਨੂੰ ਸੰਬੋਧਨ ਕੀਤਾ ਸੀ, ਜਿਸ ਤੋਂ ਬਾਅਦ ਇਸ ਮੀਟਿੰਗ 'ਚ ਸ਼ਾਮਲ ਭੀੜ ਨੇ ਸਿੱਖ ਭਾਈਚਾਰੇ ਦੇ ਮਕਾਨਾਂ 'ਚ ਲੁੱਟ-ਖਸੁੱਟ ਕੀਤੀ ਅਤੇ ਲੋਕਾਂ ਨੂੰ ਕਤਲ ਕੀਤਾ। ਇਸ ਲੁੱਟ ਖਸੁੱਟ ਕਾਰਨ ਹੀ ਦੋ ਫ਼ਿਰਕਿਆਂ ਦਰਮਿਆਨ ਨਫ਼ਰਤ ਦੇ ਬੀਜ ਬੀਜੇ ਗਏ।"

ਸਿੱਖ ਵਿਰੋਧੀ ਦੰਗਿਆਂ ਦੌਰਾਨ 6 ਵਿਅਕਤੀਆਂ ਦੇ ਕਤਲ ਦੇ ਮਾਮਲੇ 'ਚ ਦੋਸ਼ ਤੈਅ ਕਰਨ ਨੂੰ ਲੈ ਕੇ ਬਹਿਸ ਦੀ ਸ਼ੁਰੂਆਤ ਕਰਦਿਆਂ ਹੋਇਆਂ ਸੀਨੀਅਰ ਵਕੀਲ ਨੇ ਸੱਜਣ ਕੁਮਾਰ 'ਤੇ ਮੋਟਰ ਸਾਈਕਲ 'ਤੇ ਸਵਾਰ ਹੋ ਕੇ ਭੀੜ ਦੀ ਅਗਵਾਈ ਕਰਨ ਦਾ ਦੋਸ਼ ਵੀ ਲਗਾਇਆ। ਪੀੜਤਾਂ ਦਾ ਪੱਖ ਰੱਖਦਿਆਂ ਵਕੀਲ ਨੇ ਉਨ੍ਹਾਂ ਥਾਵਾਂ ਦਾ ਵੀ ਜ਼ਿਕਰ ਕੀਤਾ ਜਿੱਥੇ ਸੱਜਣ ਕੁਮਾਰ ਨੇ ਦੰਗਾਕਾਰੀਆਂ ਨੂੰ ਸੰਬੋਧਨ ਕੀਤਾ। ਜਦੋਂ ਕਿ ਦੂਜੇ ਪਾਸੇ ਸੱਜਣ ਕੁਮਾਰ ਦੇ ਵਕੀਲਾਂ ਆਈ ਯੂ ਖਾਨ ਤੇ ਏ ਕੇ ਸ਼ਰਮਾ ਨੇ ਮੁਦੱਈ ਧਿਰ ਦੇ ਵਕੀਲ ਦੀਆਂ ਦਲੀਲਾਂ ਦਾ ਖੰਡਨ ਕੀਤਾ।

ਇਨ੍ਹਾਂ ਵਕੀਲਾਂ ਨੇ ਸਵਾਲ ਕੀਤਾ ਕਿ ਕੀ ਉਹ ਆਪਣੀ ਦਲੀਲ ਨੂੰ ਜਾਇਜ਼ ਠਹਿਰਾਉਣ ਲਈ ਕਿਸੇ ਗਵਾਹ ਦਾ ਬਿਆਨ ਪੇਸ਼ ਕਰ ਸਕਦੇ ਹਨ? ਕਰੀਬ 30 ਮਿੰਟ ਤੱਕ ਚੱਲੀ ਇਸ ਬਹਿਸ ਦੌਰਾਨ ਸੀ ਬੀ ਆਈ ਦੇ ਵਕੀਲ ਨੇ ਮੁਦੱਈ ਧਿਰ ਦੇ ਗਵਾਹਾਂ ਤੇ ਸ਼ਿਕਾਇਤਕਰਤਾ ਜੋਗਿੰਦਰ ਸਿੰਘ ਦਾ ਬਿਆਨ ਪੜ੍ਹ ਕੇ ਸੁਣਾਇਆ।

# ਭਾਜਪਾ ਨੇ ਸੋਰੇਨ ਤੋਂ ਸਮਰਥਨ ਵਾਪਸ ਲਿਆ



**ਰਾਂਚੀ :** ਝਾਰਖੰਡ ਮੁਕਤੀ ਮੋਰਚਾ (ਝਾਮੁਮੋ) ਦੇ ਪਲ-ਪਲ ਬਦਲਦੇ ਬਿਆਨਾਂ ਤੋਂ ਤੰਗ ਆ ਕੇ ਭਾਜਪਾ ਨੇ ਝਾਰਖੰਡ ਵਿਚਲੀ ਸ਼ਿਬੂ ਸੋਰੇਨ ਦੀ ਅਗਵਾਈ ਵਾਲੀ 5 ਮਹੀਨੇ ਪੁਰਾਣੀ ਗੱਠਜੋੜ ਸਰਕਾਰ ਤੋਂ ਨਿਰਧਾਰਤ ਸਮਾਂ ਸੀਮਾ ਤੋਂ ਇੱਕ ਦਿਨ ਪਹਿਲਾਂ ਹੀ ਸਮਰਥਨ ਵਾਪਸ ਲੈ ਲਿਆ।

ਸਮਰਥਨ ਵਾਪਸ ਲੈਣ ਤੋਂ ਬਾਅਦ ਝਾਰਖੰਡ ਦੀ ਝਾਮੁਮੋ ਦੀ ਅਗਵਾਈ ਵਾਲੀ ਸਰਕਾਰ ਘੱਟ ਗਿਣਤੀ 'ਚ ਆ ਗਈ ਹੈ। ਪਾਰਟੀ ਦੇ ਸੂਬਾ ਪ੍ਰਧਾਨ ਅਤੇ ਮੌਜੂਦਾ ਸਰਕਾਰ 'ਚ ਉਪ ਮੁੱਖ ਮੰਤਰੀ ਰਘੁਵਰ ਦਾਸ ਦੁਪਹਿਰ 12 ਵਜੇ ਭਾਜਪਾ ਦੇ ਸਾਰੇ ਵਿਧਾਇਕਾਂ, ਸਾਂਸਦਾਂ ਅਤੇ ਮੁੱਖ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਅਰਜੁਨ ਮੁੰਡਾ ਨੂੰ ਨਾਲ ਲੈ ਕੇ ਰਾਜ ਭਵਨ ਪਹੁੰਚੇ। ਉਨ੍ਹਾਂ ਗਠਜੋੜ ਸਰਕਾਰ ਤੋਂ ਸਮਰਥਨ ਵਾਪਸੀ ਦਾ ਪੱਤਰ ਰਾਜਪਾਲ ਐਮ ਓ ਐਚ ਫਾਰੂਕ ਨੂੰ ਸੌਂਪ ਦਿੱਤਾ।

ਹੁਣ ਸੋਰੇਨ ਸਰਕਾਰ ਨੂੰ 82 ਮੈਂਬਰਾਂ ਵਾਲੀ ਵਿਧਾਨ ਸਭਾ 'ਚ ਸਿਰਫ਼ 25 ਵਿਧਾਇਕਾਂ ਦਾ ਸਮਰਥਨ ਪ੍ਰਾਪਤ ਹੈ। ਝਾਰਖੰਡ ਦੇ ਰਾਜਪਾਲ ਐਮ ਓ ਐਚ ਫਾਰੂਖ ਨੇ ਝਾਰਖੰਡ ਦੇ ਮੁੱਖ ਮੰਤਰੀ ਸ਼ਿਬੂ ਸੋਰੇਨ ਨੂੰ ਇੱਕ ਹਫ਼ਤੇ 'ਚ ਵਿਧਾਨ ਸਭਾ 'ਚ ਬਹੁਮਤ ਸਾਬਤ ਕਰਨ ਲਈ ਕਿਹਾ ਹੈ।


## ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

**Surajvanshi Pharmacy (R)**

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



## Law Office of Navdeep S. Jhaj

**Immigration Law Attorney**

**General Legal Practice**



Navdeep S. Jhaj
Member, American Immigration Lawyers Association

**Estate Planning**
**Personal Injury**
**Bankruptcy**

ਅਸੀਂ ਹੇਠ ਲਿਖੀਆਂ ਸੇਵਾਵਾਂ ਮੁਹੱਈਆ ਕਰਦੇ ਹਾਂ

- ਇਮੀਗਰੇਸ਼ਨ
- ਜਨਰਲ ਲਾਅ
- ਪਰਸਨਲ ਇੰਜਰੀ
- ਬੈਂਕਰਪਸੀ
- ਐਸਟੇਟ ਪਲਾਨਿੰਗ

1930 W Hubbard, 2nd Floor, Chicago, IL 60622
Voice: 312.404.8893, Fax: 312.243.2277
email: navjhaj@me.com

# ਪੰਜਾਬ ਯੂਨੀਵਰਸਿਟੀ ਦਾ ਚੱਕਵਾਂ ਚੁੱਲ੍ਹਾ:ਕੋਸ਼ਕਾਰੀ ਵਿਭਾਗ


**ਇੰਨੀ ਕੁ ਬਾਤ**



ਬਲਜੀਤ ਬਾਸੀ

*ਫੋਨ: 734-454-4958*


ਕਿਹਾ ਜਾਂਦਾ ਹੈ ਕਿ ਜੇ ਕਿਸੇ ਨੂੰ ਫਾਂਸੀ ਤੋਂ ਵੀ ਵੱਡੀ ਸਜ਼ਾ ਦੇਣੀ ਹੋਵੇ ਤਾਂ ਉਸ ਨੂੰ ਡਿਕਸ਼ਨਰੀ ਬਣਾਉਣ ਲਾ ਦੇਵੋ। ਇਸ ਕਾਰਜ ਤਹਿਤ ਜਿਹੜੇ ਭੀਸ਼ਮ ਸਰੀਰਕ, ਮਾਨਸਿਕ ਤੇ ਬੌਧਿਕ ਤਸੀਹਿਆਂ ਵਿਚੋਂ ਗੁਜ਼ਰਨਾ ਪੈਂਦਾ ਹੈ ਉਨ੍ਹਾਂ ਵਿਚੋਂ ਇਕ ਹੈ ਘੜੀ-ਘੜੀ ਧੜੀ-ਧੜੀ ਦੀਆਂ ਡਿਕਸ਼ਨਰੀਆਂ ਦੇ ਬਾਲੇ ਕਢਣਾ। ਆਮ ਆਦਮੀ ਤਾਂ ਅਰਥ ਦੇਖਣ ਲਈ ਵੀ ਏਨੇ ਵਜ਼ਨ ਦੀ ਡਿਕਸ਼ਨਰੀ ਚੁੱਕਣ ਦੀ ਘੌਲ ਕਰਦਾ ਹੈ, ਬਾਲਾ ਕਢਣਾ ਤਾਂ ਬਾਹਲੀ ਦੂਰ ਦੀ ਗੱਲ ਹੈ। ਸ਼ਬਦ ਸਾਧਨਾ ਲਈ ਇਸਤਰੀ ਜਾਂ ਘਟੋ-ਘਟ ਇਸਤਰੀ ਸੰਗ ਦਾ ਤਿਆਗ ਕਰਨਾ ਪੈਂਦਾ ਹੈ, ਮੂੰਗੀ ਦੀ ਦਾਲ ਖਾਣੀ ਪੈਂਦੀ ਹੈ ਤੇ ਅਲੂਣੀ ਸਿਲ ਚੱਟਣੀ ਪੈਂਦੀ ਹੈ। ਕਈ ਸਿਗਰਟ ਦਾ ਪ੍ਰਯੋਗ ਵੀ ਲਾਜ਼ਮੀ ਦਸਦੇ ਹਨ। ਸਾਡੇ ਪੁਰਾਣੇ ਰਿਸ਼ੀ ਮੁਨੀ ਤੇ ਯੂਰਪ ਦੇ ਪਾਦਰੀ ਜਤੀ ਸਤੀ ਰਹਿ ਕੇ ਇਹ ਕੰਮ ਕਰਿਆ ਕਰਦੇ ਸਨ। ਬਿਨਾ ਕਿਸੇ ਗੁਨਾਹ ਦੇ ਮੈਂ ਇਹ ਘੋਰ ਤੇ ਦੀਰਘ ਸਜ਼ਾ ਆਪ ਵਿਹਾਜੀ ਤੇ 23 ਸਾਲ ਚੁਖ-ਚੁਖ ਕੇ ਇਸਦਾ ਦਰਦ ਭੁਗਤਿਆ। ਇਸ ਤਰ੍ਹਾਂ ਮੈਂ ਆਪਣੀ ਲੈਰੀ ਜਵਾਨੀ ਤੋਂ ਲੈ ਕੇ ਅਧਖੜ ਉਮਰ ਇਸ ਕਾਰਜ ਹੇਤ ਗਾਲ ਸੁੱਟੀ ਤੇ ਹੁਣ ਇਕ ਫੋਕਟ ਜਿਹਾ ਜੀਵ ਹੋ ਕੇ ਰਹਿ ਗਿਆ ਹਾਂ।

ਪੰਜਾਬ ਯੂਨੀਵਰਸਿਟੀ ਤੋਂ ਪੰਜਾਬੀ ਭਾਸ਼ਾ ਦੀ ਮਾਸਟਰੀ ਕਰਨ ਪਿਛੋਂ ਮੇਰੇ ਮਨ ਵਿਚ ਲਾਲਸਾ ਜਾਗੀ ਕਿ ਭਾਸ਼ਾ ਦੇ ਹੋਏ ਇਸ ਅਦੁਤੀ ਗਿਆਨ ਨੂੰ ਮੈਂ ਘਿਸੇ ਪਿਟੇ ਰਾਹਾਂ ਤੇ ਚੱਲ ਕੇ ਐਵੇਂ ਨਹੀਂ ਰੁਲਾਉਣਾ। ਅਧਿਆਪਕੀ ਤਾਂ ਆਖਰਕਾਰ ਮਾਹਟਰੀ ਹੀ ਹੁੰਦੀ ਹੈ, ਇਕ ਵਿਚਾਰਾ ਜਿਹਾ ਕੰਮ ਤੇ ਸਾਹਿਤਕਾਰੀ ਨਿਰਾ ਸ਼ਬਦਾਂ ਦੇ ਲਿਫਾਫੇ ਉਡਾਉਣਾ। ਫਿਰ ਸਾਹਿਤਕਾਰਾਂ ਦੀ ਸ਼ਰਾਬ ਪੀਣ ਵਾਲੀ ਬਾਣ ਨਾਲ ਤਾਂ ਸੁੱਚੇ ਸ਼ਬਦ ਵੀ ਅਪਸ਼ਬਦ ਬਣ ਜਾਂਦੇ ਹਨ। ਮੈਂ ਸ਼ਬਦਾਂ ਦੀ ਇਹ ਹੁਰਮਤੀ ਨਹੀਂ ਸੀ ਬਰਦਾਸ਼ਤ ਕਰ ਸਕਦਾ। ਸਾਹਿਤ ਦੀ ਐਮ.ਏ. ਕਰ ਕੇ ਬਹੁਤੇ ਲੋਕ ਏਹੀ ਕੰਮ ਫੜ ਲੈਂਦੇ ਹਨ। ਭਾਸ਼ਾ ਵਿਗਿਆਨ ਪੜ੍ਹ ਕੇ ਮੈਨੂੰ ਇਲਮ ਹੋਇਆ ਕਿ ਕੋਸ਼ਕਾਰੀ ਯਾਨਿ ਡਿਕਸ਼ਨਰੀ ਬਣਾਉਣਾ ਇਕ ਵੱਡਾ ਮਾਅਰਕੇ ਵਾਲਾ ਕੰਮ ਹੈ: ਦੁਨੀਆ ਭਰ ਦੇ ਸਮੂਹ-ਸ਼ਬਦ-ਗਿਆਨ ਨੂੰ ਸਕਾਰਥੇ ਲਾਉਣ ਵਾਲਾ ਮਹਾ ਕਲਿਆਣਕਾਰੀ ਕਾਰਜ। ਜੇ ਡਿਕਸ਼ਨਰੀ ਦੇ ਰੂਪ ਵਿਚ ਸ਼ਬਦਾਂ ਦੇ ਅਰਥ ਨਾ ਸੰਭਾਲੇ ਪਏ ਹੋਣ ਤਾਂ ਦੇਸ਼ ਭਰ ਵਿਚ ਵਿਚ ਘੋਰ ਅਰਾਜਕਤਾ ਫੈਲ ਸਕਦੀ ਹੈ। ਆਖਰ ਹਰ ਕੋਈ ਆਪਣੀ ਤੂਤੀ ਬੋਲਦਾ ਹੋਇਆ ਸ਼ਬਦਾਂ ਦੇ ਆਪਣੇ ਹੀ ਅਰਥ ਕੱਢਣ ਲੱਗੇਗਾ। ਡਿਕਸ਼ਨਰੀ ਵਿਚ ਸੁਰੱਖਿਅਤ ਸਮੂਹ ਬੋਲਾਂ ਦੇ ਅਰਥ ਅਰਾਜਕਤਾ 'ਤੇ ਕਾਬੂ ਰਖਦੇ ਹਨ। ਅਦਾਲਤ ਵਿਚ ਜੇ ਕਿਸੇ ਦਸਤਾਵੇਜ਼ ਦੇ ਮਾਇਨਿਆਂ ਦਾ ਝਗੜਾ ਹੋ ਜਾਵੇ ਤਾਂ ਡਿਕਸ਼ਨਰੀ ਦਾ ਹਵਾਲਾ ਦਿਤਾ ਜਾਂਦਾ ਹੈ। ਇਸ ਤਰ੍ਹਾਂ ਕੋਸ਼ਕਾਰ ਸ਼ਬਦਾਂ ਦਾ ਅਰਥਦਾਤਾ, ਇਨ੍ਹਾਂ ਦਾ ਖ਼ਜ਼ਾਨਚੀ, ਪਾਰਖੂ, ਸ਼ਬਦਘਾੜਾ ਤੇ ਸਭ ਤੋਂ ਵਧ ਸ਼ਬਦਾਂ ਦਾ ਪੁਲਸੀਆ ਹੋ ਨਿਬੜਦਾ ਹੈ। ਕੋਸ਼ਕਾਰ ਤਾਂ ਸੱਚਮੁਚ ਇਕ ਪ੍ਰਭੂ ਦੀ ਨਿਆਈ ਹੈ। ਕੋਸ਼ਕਾਰ ਨੇ ਜਟਿਲ ਚੀਜ਼ ਨੂੰ ਥੋੜੇ 'ਚ ਬਿਆਨਣਾ ਹੁੰਦਾ ਹੈ ਜਦ ਕਿ ਸਾਹਿਤਕਾਰ ਨੇ ਸਰਲ ਚੀਜ਼ ਨੂੰ ਜਟਿਲਤਾ 'ਚ। ਕੋਸ਼ਕਾਰੀ ਦਾ ਮਾਰਗ ਵਾਲਹੁ ਨਿੰਕੀ ਤੇ ਖੰਨਿਓ ਤਿੱਖੀ ਦਾ ਮਾਰਗ ਹੈ। ਤੇ ਮੈਂ ਏਤ ਮਾਰਗ ਜਾਣ ਦਾ ਫੈਸਲਾ ਕੀਤਾ।

ਦਰਅਸਲ ਮੇਰੇ ਕੁਝ ਜਾਣੂ ਮਿੱਤਰ ਪਹਿਲਾਂ ਹੀ ਇਸ ਮਾਰਗ 'ਤੇ ਤੁਰੇ ਹੋਏ ਸਨ। ਉਹ ਡਾ. ਅਤਰ ਸਿੰਘ ਦੀ ਅਗਵਾਈ ਵਿਚ ਇਕ ਵੱਡ ਆਕਾਰੀ ਅੰਗਰੇਜ਼ੀ-ਪੰਜਾਬੀ ਕੋਸ਼ ਤਿਆਰ ਕਰ ਰਹੇ ਸਨ। ਪੰਜਾਬੀ ਦੁਸ਼ਮਨ ਵਜੋਂ ਜਾਣੀ ਜਾਂਦੀ ਪੰਜਾਬ ਯੂਨੀਵਰਸਿਟੀ ਤਾਂ ਪੰਜਾਬੀ ਦਾ ਕੰਮ ਗਲ ਪਿਆ ਢੋਲ ਵਜਾਉਣ ਵਾਂਗ ਹੀ ਕਰਦੀ ਸੀ। ਟੈਕਸਟ ਬੁੱਕ ਬੋਰਡ ਨੇ ਪੈਸੇ ਦੇ ਦਿੱਤੇ ਤੇ ਯੂਨੀਵਰਸਿਟੀ ਨੇ ਸਟਾਫ ਭਰਤੀ ਕਰ ਲਿਆ। ਪਰ ਉਸ ਨੇ ਪੰਜਾਬੀ ਦੇ ਇਸ ਭਲੇ ਕੰਮ ਲਈ ਦਫਤਰ ਖੋਲ੍ਹਣ ਵਾਸਤੇ ਕੋਈ ਜਗ੍ਹਾ ਦੇਣ ਤੋਂ ਹੱਥ ਖਿਚ ਲਿਆ। ਯੂਨੀਵਰਸਿਟੀ ਅਧਿਕਾਰੀ ਤਾਂ ਪੰਜਾਬੀ ਦਾ ਕੰਮ ਕਰ ਰਹੇ ਬੰਦਿਆਂ ਨੂੰ ਦੇਖ ਕੇ ਹੀ ਸੜ-ਭੁਜ ਜਾਂਦੇ ਸਨ। ਚਾਹੁੰਦੇ ਸਨ ਇਹ ਕੰਮ ਉਨ੍ਹਾਂ ਦੀਆਂ ਨਜ਼ਰਾਂ ਤੋਂ ਪਰ੍ਹੇ ਪਰ੍ਹੇ ਹੀ ਹੋ ਜਾਵੇ। ਆਖਰ ਡਾਢੇ ਸਤੇ ਹੋਏ ਡਾ. ਅਤਰ ਸਿੰਘ ਨੇ ਚੰਡੀਗੜ੍ਹ ਦੇ ਮੁਰਦਾਘਾਟ ਵਾਲੇ ਸੈਕਟਰ 25 ਵਿਚ ਸਥਿਤ ਆਪਣੀ ਕੋਠੀ ਵਿਚ ਇਸ ਕੰਮ ਦਾ ਡੇਰਾ-ਡੰਡਾ ਗੱਡ ਦਿੱਤਾ। ਕੋਠੀ ਦੇ ਗਰਾਜ ਵਿਚ ਸੱਤ ਬੰਦਿਆਂ ਦੇ ਅਕਾਦਮਿਕ ਸਟਾਫ਼ ਤੇ ਇਸ ਤੋਂ ਵੀ ਵਡੇ ਸਹਾਈ ਅਮਲੇ ਲਈ ਕੁਰਸੀਆਂ, ਮੇਜ਼, ਡਿਕਸ਼ਨਰੀਆਂ, ਟਾਈਪਰਾਈਟਰ, ਸਟੇਸ਼ਨਰੀ ਤੇ ਚਾਹ ਪਾਣੀ ਲਈ ਸਟੋਵ ਤੇ ਭਾਂਡੇ-ਟੀਂਡਿਆਂ ਦਾ ਜੁਗਾੜ ਕਰ ਲਿਆ ਗਿਆ। ਸਭ ਕਰ ਕਰਾ ਕੇ ਜਦ ਟਿਕ ਟਿਕਾਅ ਹੋ ਗਿਆ ਤਾਂ ਅਤਰ ਸਿੰਘ ਵਲੋਂ ਹੁਕਮ ਹੋਇਆ ਕਿ ਹੁਣ ਸ਼ਬਦਾਂ ਦੇ ਫਟੇ ਚੁੱਕ ਦੇਵੋ।

ਗਰਮੀਆਂ ਦੀ ਕੜਕਦੀ ਧੁਪ ਵਿਚ ਮੈਂ ਕਦੇ-ਕਦਾਈਂ ਇਸ ਪ੍ਰਾਜੈਕਟ 'ਤੇ ਕੰਮ ਕਰਦੇ ਆਪਣੇ ਜਾਣੂਆਂ ਨੂੰ ਮਿਲਣ ਜਾਣਾ। ਚਿੱਕ ਚੁੱਕ ਕੇ ਅੰਦਰ ਲੰਘਣਾ ਤਾਂ ਇਕ ਕੋਫਤ ਭਰੀ ਭੜਾਸ ਦਾ ਬੁੱਲਾ ਅੱਖਾਂ 'ਚ ਵੱਜਣਾ। ਇਹ ਭੜਾਸ ਦਰਅਸਲ ਤਿਖੜ ਦੁਪਹਿਰ ਦੀ ਗਰਮੀ, ਟੇਬਲ ਲੈਂਪਾਂ ਦੀ ਲਿਸ਼ਕੋਰ, ਢੇਰ ਸਾਰੀਆਂ ਡਿਕਸ਼ਨਰੀਆਂ ਦੀ ਕਾਗਜ਼ੀ ਸੜ੍ਹਿਆਂਦ ਤੇ ਰਿਆਲ ਸਾਹਿਬ ਦੀਆਂ ਸਿਗਰਟਾਂ ਦੇ ਕਸ਼ਾਂ ਦੀ ਰਲੀ ਮਿਲੀ ਹਵਾੜ ਸੀ ਜੋ ਵਾਵਰੋਲੇ ਵਾਂਗ ਉਠਦੀ ਸੀ। ਸਿਰ 'ਤੇ ਖੜੇ ਅਤਰ ਸਿੰਘ ਦਾ ਭਉਜਲ ਭਾਰੀ ਭਰਕਮ ਡਿਕਸ਼ਨਰੀਆਂ ਨਾਲ ਘੋਜਤ ਰਹੇ ਇਨ੍ਹਾਂ ਸ਼ਬਦਜੀਵੀਆਂ ਨੂੰ ਪਸੀਨੋ-ਪਸੀਨੀ ਕਰੀ ਰਖਦਾ। ਕਹਿਰ ਦੀ ਗਰਮੀ ਨੂੰ ਮਾਰਨ ਲਈ ਏਹ ਲੋਕ ਘੜੀ ਮੁੜੀ ਚਾਹ ਦਾ ਸਹਾਰਾ ਲੈਂਦੇ। ਬੁਰਾ ਹਾਲ ਤੇ ਸੌਖੇ ਦਿਹਾੜੇ ਵਾਲੀ ਗੱਲ ਸੀ। ਮੈਨੂੰ ਇਨ੍ਹਾਂ ਦੀ ਸੁਰਮਗਤੀ, ਪ੍ਰਤਿਬਧਤਾ ਅਤੇ ਚਿਕ ਦੇ ਪਿਛੇ ਛੁਪੇ ਰਹਿਣ ਦੀ ਚਾਹ 'ਤੇ ਰਸ਼ਕ ਆਉਂਦਾ। ਮੈਂ ਅਕਸਰ ਹੀ ਦੇਖਦਾ, ਉਮਰ ਤੇ ਲਿਆਕਤ ਵਿਚ ਸਭ ਤੋਂ ਸਿਆਣੇ ਰਿਆਲ ਸਾਹਿਬ ਕਿਸੇ ਨਾ ਕਿਸੇ ਸ਼ਬਦ ਨੂੰ ਫੜ ਕੇ ਲੈਕਚਰ ਦੇ ਰਹੇ ਹੁੰਦੇ। ਉਹ ਸਿਗਰਟ ਸੁਲਗਾਉਂਦੇ, ਕਸ਼ ਖਿਚਦੇ ਤੇ ਇਸ ਦੇ ਧੂੰਏਂ ਵਿਚੋਂ ਸ਼ਬਦ ਵਿਆਖਿਆ ਦੀਆਂ ਲਪਟਾਂ ਉਠਦੀਆਂ। ਕਈ ਵਾਰੀ ਗੁੱਸੇ ਤੇ ਜੋਸ਼ 'ਚ ਤਮਕਦੇ ਉਹ ਕੁਝ ਇਸ ਤਰ੍ਹਾਂ ਬੋਲ ਰਹੇ ਹੁੰਦੇ, "ਦੇਖੋ ਨਾ, ਆਹ ਭਾਈ ਕਾਹਨ ਸਿੰਘ ਨਾਭਾ, ਐਡਾ ਸਾਰਾ ਮਹਾਨ ਕੋਸ਼ ਲਿਖ ਮਾਰਿਆ। ਕੱਖ ਨਹੀਂ ਪਤਾ ਇਸ ਨੂੰ ਕੋਸ਼ਕਾਰੀ ਦਾ। ਸ਼ਬਦਾਂ ਦੀ ਜੜ੍ਹ ਪੱਟੀ ਪਈ ਆ ਇਸਨੇ। ਆਹ ਦੇਖੋ ਸ਼ਬਦ ਹੈ 'ਗਭਰੂ', ਇਸਦੇ ਮੂਲ ਅਰਥ ਦੀ ਵਿਆਖਿਆ ਕਰਦਾ ਲਿਖਦਾ ਹੈ, ਗਰਬ ਹੈ ਜਿਸ ਨੂੰ ਰੂਪ ਦਾ।" ਇਸ ਤਰ੍ਹਾਂ ਕਹਿੰਦਿਆਂ ਰਿਆਲ ਸਾਹਿਬ ਦੀ ਠੋਡੀ ਕੰਬਣ ਲਗਦੀ, "ਇਹਦੀ ਮਾਂ ਦਾ ਸਿਰ। ਇਹਨੂੰ ਇਹ ਨਹੀਂ ਪਤਾ ਟਰਨਰ ਕੀ ਕਹਿੰਦਾ ਹੈ। ਇਸ ਸ਼ਬਦ ਦਾ ਮੂਲ ਆਧਾਰ ਸੰਸਕ੍ਰਿਤ ਸ਼ਬਦ 'ਗਰਭ-ਰੂਪ' ਹੈ, ਜਿਸ ਦਾ ਮੂਲ ਅਰਥ ਹੈ ਗਭਲੇ ਰੂਪ ਜਾਂ ਆਕਾਰ ਯਾਨਿ ਦਰਮਿਆਨੀ ਉਮਰ। ਕਈ ਭਤੂਣੇ ਤਾਂ ਕਹਿ ਦਿੰਦੇ ਹਨ ਗਭਰੂ ਉਹ ਜੋ ਗਰਬ ਕਰ ਸਕੇ। ਲੋਕ ਤਾਂ ਸਾਖੀਆਂ ਦੀ ਤਰ੍ਹਾਂ ਸ਼ਬਦ ਦੀਆਂ ਆਪਣੀਆਂ ਹੀ ਕਹਾਣੀਆਂ ਬਣਾ ਲੈਂਦੇ ਹਨ।"




ਫਿਰ ਰਘਬੀਰ ਸਿੰਘ ਸਿਰਜਣਾ, ਜੋ ਮੇਰੇ ਕਾਲਜ ਵਿਚ ਮੇਰੇ ਅਧਿਆਪਕ ਵੀ ਰਹਿ ਚੁੱਕੇ ਸਨ, ਬੋਲਦੇ ਸੁਣਾਈ ਦੇਂਦੇ, "ਲਓ ਜੀ, ਹੋਰ ਸੁਣੋ, ਆ ਹੁਣੇ ਹੁਣੇ ਤੁਹਫ਼ਾ ਕੱਢ ਕੇ ਲਿਆਂਦਾ। ਪਟਿਆਲਾ ਯੂਨੀਵਰਸਿਟੀ ਦੇ ਕੋਸ਼ ਨੇ ਅੰਗਰੇਜ਼ੀ ਸ਼ਬਦ 'ਗੂਜ਼' ਦਾ ਅਰਥ ਦਿੱਤਾ ਹੈ 'ਦਰਜ਼ੀ ਦੀ ਤੀਵੀਂ'। ਸੁਧੀ ਬਾਹਰੀ ਦੇ ਅੰਗਰੇਜ਼ੀ-ਹਿੰਦੀ ਕੋਸ਼ ਦੀ ਗਲਤ ਨਕਲ। ਬਾਹਰੀ ਨੇ ਲਿਖ ਦਿੱਤਾ, 'ਦਰਜ਼ੀ ਕੀ ਇਸਤਰੀ' ਯਾਨਿ ਕਪੜੇ ਪਰੈਸ ਕਰਨ ਵਾਲੀ ਇਸਤਰੀ ਜਿਸ ਨੂੰ ਆਪਾਂ ਲੋਹਾ ਵੀ ਕਹਿ ਦਿੰਦੇ ਹਾਂ। ਤੇ ਪਟਿਆਲੇ ਵਾਲੀ ਡਿਕਸ਼ਨਰੀ ਨੇ ਇਸਤਰੀ ਦੀ ਬਣਾ ਦਿੱਤੀ ਤੀਵੀਂ।" ਸਾਰੇ ਖਿੜ ਖਿੜਾ ਕੇ ਹੱਸ ਪਏ। ਉਹ ਰੋਜ਼ ਹੀ ਇਸ ਤਰ੍ਹਾਂ ਹੋਰ ਡਿਕਸ਼ਨਰੀਆਂ ਦੀਆਂ ਗਲਤੀਆਂ ਕਢਦੇ। ਇਸ ਨੀਰਸ ਜਿਹੇ ਕੰਮ ਵਿਚ ਵੀ ਬੇਹੱਦ ਸੁਗਲ ਨਿਕਲ ਆਇਆ ਸੀ। ਕਦੇ ਕਦੇ ਤਾਂ ਉਹ ਅੰਗਰੇਜ਼ੀ ਦੀ ਆਕਸਫੋਰਡ ਡਿਕਸ਼ਨਰੀ ਦੀ ਗਲਤੀ ਵੀ ਫੜੀ ਬੈਠੇ ਹੁੰਦੇ। ਮੈਂ ਇਸ ਡਿਕਸ਼ਨਰੀ ਮਹਿਕਮੇ ਦੇ ਬੰਦਿਆਂ ਖਾਸ ਤੌਰ 'ਤੇ ਰਿਆਲ ਸਾਹਿਬ ਦੇ ਸ਼ਬਦ ਗਿਆਨ ਤੋਂ ਬਲਿਹਾਰੇ ਜਾਂਦਾ; ਇਹ ਤਾਂ ਬੜੇ ਬੜੇ ਧੁਰੰਧਰਾਂ ਦੀ ਲਾਹ-ਪਾਹ ਕਰ ਦਿੰਦੇ ਹਨ। ਆਮ ਲੋਕ ਤਾਂ ਹਨੇਰਾ ਹੀ ਢੋਂਦੇ ਹਨ, ਸ਼ਬਦਾਂ ਦਾ ਅਸਲ ਚਾਨਣ ਤਾਂ ਇਨ੍ਹਾਂ ਲੋਕਾਂ ਪਾਸ ਹੈ। ਤੇ ਇਹ ਚਾਨਣ ਲੋਕਾਂ ਤਾਈਂ ਵੰਡਣ ਲਈ ਮੈਂ ਇਸ ਵਿਭਾਗ 'ਚ ਨੌਕਰੀ ਕਰਨ ਦਾ ਫੈਸਲਾ ਕਰ ਲਿਆ।

ਇੰਟਰਵਿਊ ਦੌਰਾਨ ਡਾ. ਅਤਰ ਸਿੰਘ ਨੇ ਮੈਨੂੰ ਪ੍ਰਯਾਪਤ ਰੂਪ ਵਿਚ ਜਤੀ-ਸਤੀ-ਯੋਗੀ ਸਮਝ ਕੇ ਸਹਾਇਕ ਕੋਸ਼ਕਾਰ ਬਣਾ ਦਿੱਤਾ ਜਿਸ ਨੂੰ ਅੰਗਰੇਜ਼ੀ ਵਿਚ ਲੈਕਸੀਕਲ ਅਸਿਟੈਂਟ ਕਿਹਾ ਗਿਆ। ਮੈਂ ਜਦ ਆਪਣੇ ਇਕ ਦੋਸਤ ਨੂੰ ਆਪਣੇ ਲੈਕਸੀਕਲ ਅਸਿਟੈਂਟ ਬਣਨ ਬਾਰੇ ਦੱਸਿਆ ਤਾਂ ਉਹ ਈਰਖਾ ਦੇ ਸਾੜੇ 'ਚ ਬਲਿਆ ਕਹਿੰਦਾ, ਇਸ ਤਰ੍ਹਾਂ ਲਗਦਾ ਜਿਵੇਂ ਲੈਬਾਰਟਰੀ ਅਸਿਟੈਂਟ ਹੁੰਦਾ। ਮੈਂ ਕੁਝ ਝੇਪ ਗਿਆ। ਮੈਂ ਰੁਹਬ ਮਾਰਨ ਲਈ ਜ਼ਰਾ ਔਖਾ ਸ਼ਬਦ ਵਰਤਿਆ, ਨਹੀਂ ਸੱਚ ਅਸਿਸਟੈਂਟ ਲੈਕਸਿਕੋਗ੍ਰਾਫਰ। ਉਸਦੀ ਸਾੜੂ ਈਰਖਾ ਬਰਕਰਾਰ ਰਹੀ; ਕਹਿੰਦਾ, ਇਹ ਤਾਂ ਹੋਰ ਵੀ ਮਾੜਾ ਲਗਦਾ ਜਿਵੇਂ ਅਸਿਸਟੈਂਟ ਫੋਟੋਗ੍ਰਾਫਰ ਹੁੰਦਾ!

ਕੋਸ਼ਕਾਰੀ ਵਿਭਾਗ ਦਾ ਵਰਤਮਾਨ ਮੁਕਾਮ ਮੁੰਡਿਆਂ ਦੇ ਛੇ ਨੰਬਰ ਹੋਸਟਲ ਦੀ ਤਿਆਸਵੀਂ ਮੰਜ਼ਿਲ 'ਤੇ ਟੰਗਿਆ ਹੋਇਆ ਸੀ ਤੇ ਇਹ ਹੋਸਟਲ ਯੂਨੀਵਰਸਿਟੀ ਦੇ ਇਕ ਖੂੰਜੇ ਜਿਥੋਂ ਅੱਗੇ ਚੰਡੀਗੜ੍ਹ ਖਤਮ ਹੋ ਜਾਂਦਾ ਸੀ, ਵੀਰਨੇ ਜਿਹੇ 'ਚ ਸਥਿਤ ਸੀ। ਮੈਂ ਇਸਨੂੰ ਵਰਤਮਾਨ ਮੁਕਾਮ ਐਵੇਂ ਨਹੀਂ ਕਿਹਾ। ਦਰਅਸਲ ਇਸ ਵਿਭਾਗ ਦੀ ਇਕ ਚੱਕਵੇਂ ਚੁਲ੍ਹੇ ਵਾਲੀ ਸ਼ੋਭਾ ਇਸ ਦੇ ਮੁਰਦਾਘਾਟ ਲਾਗਿਓਂ ਜਨਮ ਕਾਲ ਵੇਲੇ ਹੀ ਬਣ ਗਈ ਸੀ। ਗਰਾਜ ਵਾਲੇ ਟਿਕਾਣੇ ਤੋਂ ਬਾਅਦ ਇਸ ਨੂੰ ਕੁਝ ਸਮੇਂ ਲਈ ਦੋ ਨੰਬਰ ਹੋਸਟਲ ਦੀ ਜ਼ਮੀਨੀ ਮੰਜ਼ਿਲ 'ਤੇ ਦੋ ਕਮਰੇ ਨਸੀਬ ਹੋ ਗਏ। ਹੋਸਟਲ ਦੇ ਵਿਦਿਆਰਥੀ ਸਮਝਦੇ ਸਨ ਇਹ ਕਿਸੇ ਅਣਜਾਣੇ ਸਬਜੈਕਟ ਦੀ ਖੋਜ ਕਰਨ ਵਾਲੇ ਬੰਦੇ ਹਨ ਜਿਨ੍ਹਾਂ ਨੂੰ ਸਿਫਾਰਸ਼ੀ ਤੌਰ 'ਤੇ ਇਹ ਕਮਰੇ ਮਿਲ ਗਏ ਹਨ। ਏਥੇ ਦੋ ਕਮਰਿਆਂ ਵਿਚ ਖਚਾਖਚ ਤੁੜੇ ਪਏ ਸਨ ਸੱਤ ਬੰਦੇ। ਜੇ ਕਿਸੇ ਨੇ ਅੰਦਰੋਂ ਬਾਹਰ ਜਾਂ ਬਾਹਰੋਂ ਅੰਦਰ ਆਉਣਾ ਹੁੰਦਾ ਤਾਂ ਬੂਹੇ ਦੇ ਮੂਹਰੇ ਬੈਠੇ ਬੰਦੇ ਨੂੰ ਉਠ ਕੇ ਪਹਿਲਾਂ ਆਪਣਾ ਮੇਜ਼ ਕੁਰਸੀ ਤੇ ਡਿਕਸ਼ਨਰੀਆਂ ਪਰੇ ਨੂੰ ਖਿਸਕਾਉਣੇ ਪੈਂਦੇ। ਮਿਲਣ ਆਏ ਬੰਦੇ ਦੀ ਤਾਂ ਖੜੇ-ਖੜੇ ਹੀ ਗੱਲ ਹੋ ਸਕਦੀ ਸੀ ਜਾਂ ਫਿਰ ਹੋਸਟਲ ਦੀ ਕੈਨਟੀਨ ਵਿਚ ਜਾਣਾ ਪੈਂਦਾ।

ਇੰਟਰਵਿਊ ਤੋਂ ਬਾਅਦ ਕੰਮ ਕਰਨ ਲਈ ਮੈਨੂੰ ਜਿਥੇ ਭੇਜਿਆ ਗਿਆ, ਉਸ ਕਮਰੇ ਦਾ ਬਿਰਤਾਂਤ ਕੋਈ ਵੱਖਰਾ ਨਹੀਂ। ਇਹ ਚਾਰ ਵਿਦਿਆਰਥੀਆ ਦੇ ਸਮਾਉਣ ਵਾਲੀ ਡੌਰਮਿਟਰੀ ਸੀ ਜਿਥੇ ਸੱਤ ਜਣੇ ਸੱਤ ਕੁਰਸੀਆਂ, ਸੱਤ ਮੇਜ਼ ਡਾਹੀ ਬੈਠੇ ਸਨ ਜਿਨ੍ਹਾਂ ਉਪਰ ਬੇਅੰਤ ਡਿਕਸ਼ਨਰੀਆਂ ਤੇ ਕਾਰਡਾਂ ਦੇ ਦੱਥੇ ਖਿਲਰੇ ਪਏ ਸਨ। ਕਿਸੇ ਦੁਨੀਆਂਦਾਰ ਬੰਦੇ ਲਈ ਇਹ ਦ੍ਰਿਸ਼ ਇਸ ਲੋਕ ਤੋਂ ਵੈਰਾਗ ਦੀ ਕਾਮਨਾ ਲਈ ਕਾਫ਼ੀ ਸੀ। ਮੇਰੇ ਕਮਰੇ 'ਚ ਪਰਵੇਸ਼ ਪਾਉਂਦਿਆਂ ਭਾਰੇ ਭਾਰੇ ਕੋਸ਼ਾਂ 'ਚ ਖੁਭੇ ਸੱਤੇ ਸਿਰ ਉਪਰ ਨੂੰ ਉਠੇ ਤੇ ਬੁਲ੍ਹਾਂ 'ਤੇ ਮੁਸਕਰਾਹਟ ਤੇ ਅੱਖਾਂ 'ਚ ਸ਼ਰਾਰਤ ਭਰਦਿਆਂ ਉਨ੍ਹਾਂ ਮੇਰਾ ਭਰਪੂਰ ਸੁਆਗਤ ਕੀਤਾ ਪਰ ਮੇਰੇ ਮੇਜ਼ ਡਾਹੁਣ ਲਈ ਉਥੇ ਕੋਈ ਥਾਂ ਨਹੀਂ ਸੀ ਬਚੀ। ਜੇ ਅਤਰ ਸਿੰਘ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਤਾਂ ਸ਼ਾਇਦ ਮੇਰੀ ਨੌਕਰੀ ਹੀ ਨਾ ਲਗਦੀ। ਮੇਰੇ ਜਾਣੂਆਂ ਹਮਦਰਦਾਂ ਨੇ ਮੌਕਾ ਸੰਭਾਲਿਆ, ਇਕ ਕੁਰਸੀ ਰਿਆਲ ਸਾਹਿਬ ਦੇ ਮੇਜ਼ ਅੱਗੇ ਹੀ ਡਾਹ ਦਿੱਤੀ ਗਈ। ਇਸ ਤਰ੍ਹਾਂ ਮੈਂ ਉਨ੍ਹਾਂ ਦਾ ਜਮਾਂਦਰੂ ਅਸਿਸਟੈਂਟ ਲੱਗਣ ਲੱਗ ਪਿਆ।

ਚਪੜਾਸੀ ਤੋਂ ਚਾਹ ਮੰਗਵਾਈ ਗਈ ਤੇ ਮੇਰੇ ਹੱਥ ਕਾਰਡ ਫੜਾ ਦਿੱਤੇ ਗਏ। ਮੇਰੇ ਅੱਗੇ ਬੈਠੇ ਰਿਆਲ ਸਾਹਿਬ ਸ਼ਕਲ ਤੋਂ ਬੌਸ ਜਿਹੇ ਲਗਦੇ ਸਨ ਤੇ ਸੱਚਾਈ ਤਾਂ ਇਹ ਹੈ ਕਿ ਭਾਵੇਂ ਰਸਮੀ ਤੌਰ 'ਤੇ ਅਤਰ ਸਿੰਘ ਸਾਡੇ ਮੁਖੀ ਸਨ, ਅਮਲੀ ਤੌਰ 'ਤੇ ਰਿਆਲ ਸਾਹਿਬ ਹੀ ਸਾਡੇ ਬੌਸ ਸਨ। ਮੇਰੇ ਅੱਗੇ ਬੈਠੇ ਹੋਣ ਕਾਰਨ ਤਾਂ ਉਹ ਮੈਨੂੰ ਹੋਰ ਵੀ ਬੌਸ ਲੱਗਣ ਲੱਗ ਪਏ।

ਰਿਆਲ ਸਾਹਿਬ ਦਾ ਦਬਦਬਾ ਇਕ ਹੋਰ ਗੱਲੋਂ ਵੀ ਬਣ ਚੁੱਕਾ ਸੀ। ਇਹ ਫਾਰਸੀ ਅਤੇ ਪੰਜਾਬੀ ਦੀ ਐਮ.ਏ. ਸਨ ਤੇ ਯੁਗੰਡਾ ਵਿਚ ਸਕੂਲ ਅਧਿਆਪਕ ਰਹਿ ਚੁੱਕੇ ਸਨ। ਯੁਗੰਡਾ ਵਿਚ ਰਹਿੰਦਿਆਂ ਇਨ੍ਹਾਂ ਨੂੰ ਕਦੇ ਕੋਈ ਪੰਜਾਬੀ ਨਾ ਮਿਲਦਾ। ਕਦੇ ਕਦਾਈਂ ਇਨ੍ਹਾਂ ਦੀ ਪੰਜਾਬੀ ਬੋਲਣ ਤੇ ਪੰਜਾਬੀ ਬੰਦਿਆਂ ਨੂੰ ਮਿਲਣ ਦੀ ਭੁੱਖ ਐਨੀ ਸਿਰ ਚੜ੍ਹ ਜਾਂਦੀ ਕਿ ਇਹ ਸ਼ਹਿਰ ਤੋਂ ਬਾਹਰ ਦੂਰ ਦੇ ਪਹਾੜਾਂ 'ਚ ਜਾ ਕੇ ਉਚੀ ਉਚੀ ਚਾਂਘਰਾਂ ਮਾਰਦੇ ਤੇ ਪੰਜਾਬੀ ਦੀਆਂ ਧੜੀ-ਧੜੀ ਦੀਆਂ ਗੰਦੀਆਂ ਗਾਲਾਂ ਕਢਣ ਲੱਗ ਪੈਂਦੇ। ਪਹਾੜਾਂ 'ਚ ਟਕਰਾ ਕੇ ਇਨ੍ਹਾਂ ਗਾਲਾਂ ਦੀਆਂ ਗੂੰਜਾਂ ਜਦ ਇਨ੍ਹਾਂ ਦੇ ਕੰਨਾਂ ਤਾਈਂ ਮੁੜ ਆਉਂਦੀਆਂ ਤਾਂ ਇਨ੍ਹਾਂ ਨੂੰ ਲਗਦਾ ਕੋਈ ਪੰਜਾਬੀ ਇਨ੍ਹਾਂ ਦਾ ਹੁੰਗਾਰਾ ਭਰ ਰਿਹਾ ਹੈ। ਇਨ੍ਹਾਂ ਦਾ ਭਾਰੀ ਮਨ ਵਰਚਦਾ-ਵਰਚਦਾ ਹੌਲਾ ਹੋ ਜਾਂਦਾ। ਘਰ 'ਚ ਵਿਹਲਾ ਟਾਈਮ ਪਾਸ ਕਰਨ ਲਈ ਇਨ੍ਹਾਂ ਕੋਲ ਕੋਈ ਕਿਤਾਬ ਨਹੀਂ ਸੀ, ਬੱਸ ਇਕ ਅੰਗਰੇਜ਼ੀ ਦੀ ਡਿਕਸ਼ਨਰੀ ਸੀ। ਬਹੁਤੇ ਲੋਕ ਤਾਂ ਸ਼ਬਦ ਦਾ ਅਰਥ ਦੇਖਣ ਲਈ ਵੀ ਡਿਕਸ਼ਨਰੀ ਚੁੱਕਣ ਦਾ ਕਸ਼ਟ ਨਹੀਂ ਕਰਦੇ, ਰਿਆਲ ਸਾਹਿਬ ਨੇ ਡਿਕਸ਼ਨਰੀ ਦਾ ਕੱਲਾ-ਕੱਲਾ ਸ਼ਬਦ ਨਾਵਲ ਵਾਂਗ ਪੜ੍ਹਨਾ ਸ਼ੁਰੂ ਕਰ ਦਿੱਤਾ, ਬਰੈਕਟਾਂ 'ਚ ਦਿਤੀ ਇਨ੍ਹਾਂ ਦੀ ਵਿਉਤਪਤੀ ਦੇ ਨੋਟਸ ਲੈਣੇ ਸ਼ੁਰੂ ਕਰ ਦਿੱਤੇ ਤੇ ਅੰਤ ਸ਼ਬਦ-ਸ੍ਰੋਤਾਂ ਦੇ ਸ਼ੈਦਾਈ ਤੇ ਮਾਹਿਰ ਹੋ ਗਏ।

1971 ਵਿਚ ਜਦ ਇਦੀ ਅਮੀਨ ਨੇ ਜ਼ਬਰਦਸਤੀ ਸੱਤਾ ਸੰਭਾਲੀ ਤਾਂ ਉਸਨੇ ਭਾਰਤੀ ਲੋਕਾਂ ਨੂੰ ਯੁਗੰਡਾ ਤੋਂ ਕੱਢ ਮਾਰਿਆ। ਰਿਆਲ ਸਾਹਿਬ ਪਹਿਲਾਂ ਇੰਗਲੈਂਡ ਚਲੇ ਗਏ ਪਰ ਬੱਚਿਆਂ ਨੂੰ ਉਥੇ ਸੈਟਲ ਕਰਕੇ ਆਪ ਘਰ ਵਾਲੀ ਸਮੇਤ ਭਾਰਤ ਆ ਵਸੇ। ਐਨ ਉਸੇ ਵੇਲੇ ਪੰਜਾਬ ਯੂਨੀਵਰਸਿਟੀ ਦਾ ਡਿਕਸ਼ਨਰੀ ਵਿਭਾਗ ਸ਼ੁਰੂ ਹੋਣ ਜਾ ਰਿਹਾ ਸੀ। ਰਿਆਲ ਸਾਹਿਬ ਨੇ ਅਤਰ ਸਿੰਘ ਤੇ ਹੋਰ ਇੰਟਰਵਿਊ ਲੈਣ ਵਾਲਿਆਂ ਤੇ ਆਪਣੇ ਸ਼ਬਦ ਗਿਆਨ ਖਾਸ ਤੌਰ 'ਤੇ ਸ਼ਬਦ ਇਤਿਹਾਸ, ਜਿਸਨੂੰ ਨਿਰੁਕਤੀ ਕਹਿੰਦੇ ਹਨ, ਦੇ ਉਹ ਜੌਹਰ ਦਿਖਾਏ ਕਿ ਇਨ੍ਹਾਂ ਨੂੰ ਕੋਸ਼ਕਾਰੀ ਦੇ ਕੰਮ ਲਈ ਆਦਰ ਸਹਿਤ ਚੁਣ ਲਿਆ ਗਿਆ।

ਵਿਭਾਗ ਵਿਚ ਕੰਮ ਦੀ ਵਿਧੀ ਇਹ ਸੀ ਕਿ ਹਰ ਇਕ ਦੇ ਜ਼ਿੰਮੇ ਅੰਗਰੇਜ਼ੀ ਦਾ ਇਕ ਇਕ ਅੱਖਰ ਲਾਇਆ ਗਿਆ ਸੀ। ਜ਼ਿੰਮੇ ਲੱਗੇ ਅੱਖਰ ਦੇ ਸਾਰੇ ਸ਼ਬਦਾਂ ਦੇ ਅਰਥ ਲਿਖਣੇ ਹੁੰਦੇ ਸਨ। ਇਕ ਕਾਰਡ 'ਤੇ ਸਿਰਫ ਇਕ ਸ਼ਬਦ ਹੀ ਲਿਖਣਾ ਹੁੰਦਾ ਸੀ। ਇਸ ਕੰਮ ਲਈ ਸ਼ਬਦ ਚੋਣ ਤੇ ਅਰਥਾਂ ਦੀ ਅਗਵਾਈ ਆਕਸਫੋਰਡ ਡਿਕਸ਼ਨਰੀ ਤੋਂ ਲੈਣੀ ਹੁੰਦੀ ਸੀ ਤੇ ਪੰਜਾਬੀ, ਹਿੰਦੀ, ਉਰਦੂ ਦੇ ਸਾਰੇ ਮੌਜੂਦ ਕੋਸ਼ਾਂ 'ਚ ਦਿੱਤੇ ਅਰਥ ਵਾਚ ਕੇ ਤੇ ਆਪਣਾ ਦਿਮਾਗ ਲੜਾ ਕੇ ਢੁਕਵੇਂ ਅਰਥ ਲਿਖਣੇ ਹੁੰਦੇ ਸਨ। ਫਿਰ ਸਾਰੇ ਜਣੇ ਇਕ ਦੂਜੇ ਦੇ ਕਾਰਡ ਚੈਕ ਕਰਦੇ ਸਨ ਜਿਸ ਨੂੰ ਕਰਾਸ-ਚੈਕਿੰਗ ਕਿਹਾ ਜਾਂਦਾ ਸੀ। ਮੇਰੇ ਹਿੱਸੇ ਅੰਗਰੇਜ਼ੀ ਦਾ ਅੱਖਰ 'ਟੀ' ਆਇਆ। ਮੈਂ ਕੁਝ ਸ਼ਬਦ ਲਿਖ ਕੇ ਰਿਆਲ ਸਾਹਿਬ ਨੂੰ ਦਿਖਾਏ। ਉਹ ਮੇਰੇ ਸ਼ਬਦ ਗਿਆਨ ਤੋਂ ਤਾਂ ਚਕ੍ਰਿਤ ਰਹਿ ਗਏ ਪਰ ਕਹਿੰਦੇ ਅੰਗਰੇਜ਼ੀ ਦੇ ਅਰਥ ਪ੍ਰਗਟਾਉਂਦੇ ਪੰਜਾਬੀ ਦੇ ਸ਼ਬਦ ਲਿਖਦਿਆਂ ਬਹੁਤ ਦੂਰ ਤੱਕ ਨਹੀਂ ਜਾਣਾ ਚਾਹੀਦਾ। ਇਹ ਨਹੀਂ ਕਿ ਰਲਦੇ-ਮਿਲਦੇ ਸ਼ਬਦਾਂ ਦੀ ਝੜੀ ਹੀ ਲਾ ਦੇਵੋ। ਮਸਲਨ ਅੰਗਰੇਜ਼ੀ ਸ਼ਬਦ 'ਸਪੂਨ' ਦਾ ਅਰਥ ਲਿਖਣ ਲਈ ਤਾਨ ਵਿਚ ਆ ਕੇ ਇਸ ਤਰ੍ਹਾਂ ਨਹੀਂ ਕਰਨਾ: ਚਮਚਾ, ਚਮਚੀ, ਚਮਚ, ਕੜਛੀ, ਕੜਛਾ, ਕੜਛ, ਪਲੀ, ਪਲਾ, ਡੋਈ..., ਬੱਸ ਚਮਚਾ ਕਾਫੀ ਹੈ। ਇਸ ਤਰ੍ਹਾਂ ਉਨ੍ਹਾਂ ਮੇਰੇ ਕਿੰਨੇ ਸ਼ਬਦ ਕੱਢ ਸੁਟੇ। ਮੇਰਾ ਵਿਚਾਰ ਸੀ ਕਿ ਕੋਸ਼ਕਾਰ ਡਿਕਸ਼ਨਰੀ 'ਚ ਸ਼ਬਦ ਪਾਉਂਦਾ ਹੈ, ਕੱਢਦਾ ਨਹੀਂ। ਉਹ ਕਹਿੰਦੇ ਸਨ ਢੁਕਵੇਂ ਸ਼ਬਦ ਜਿੰਨੇ ਮਰਜ਼ੀ ਦੇਵੋ, ਦੂਰ ਦਾ ਇਕ ਵੀ ਨਹੀਂ। ਮੈਂ ਛਿਥਾ ਜਿਹਾ ਪੈ ਗਿਆ।

ਯੂਨੀਵਰਸਿਟੀ 'ਚ ਸਾਡੇ ਵਿਭਾਗ ਦੇ ਖਿਲਾਫ ਚਰਚੇ ਛਿੜਦੇ ਰਹਿੰਦੇ: ਇਹ ਖਲੀਫੇ ਜਿਹੇ ਕੁਝ ਨਹੀਂ ਕਰਦੇ, ਸਾਰਾ ਸਾਰਾ ਦਿਨ ਚਾਹਾਂ ਪੀਂਦੇ ਰਹਿੰਦੇ ਹਨ, ਇਕ ਨਿਕਾਰੀ ਡਿਕਸ਼ਨਰੀ ਬਣਾਉਣ ਲਈ ਏਨਾ ਲਾਣਾ ਰੱਖਿਆ ਹੋਇਆ ਹੈ, ਡਿਕਸ਼ਨਰੀ ਕਰਨੀ ਹੀ ਕੀ ਹੈ, ਪਹਿਲਾਂ ਬਥੇਰੀਆਂ ਬਣੀਆਂ ਪਈਆਂ। ਯੂਨੀਵਰਸਿਟੀ ਦੇ ਪੰਜਾਬੀ ਦੋਖੀ ਅਧਿਕਾਰੀ ਤਾਂ ਇਹ ਸ਼ੋਰ ਮਚਾਉਂਦੇ ਹੀ ਸਨ, ਹੋਰ ਵਿਭਾਗਾਂ ਦੇ ਪੰਜਾਬੀ ਭਰਾ ਵੀ ਘਟ ਨਹੀਂ ਸਨ। ਇਸ ਨਾਲ ਹੋਰ ਗੱਲਾਂ ਤੋਂ ਇਲਾਵਾ ਇਕ ਨੁਕਸਾਨ ਇਹ ਹੁੰਦਾ ਸੀ ਕਿ ਸਾਡੀ ਕੋਈ ਪੱਕਾ ਟਿਕਾਣਾ ਲੈਣ ਦੀ ਮੰਗ ਨੂੰ ਭਾਰੀ ਸੱਟ ਵੱਜਦੀ ਪਰ ਅਸੀਂ ਵੀ ਅਕਸਰ ਹੀ ਯੂਨੀਵਰਸਿਟੀ ਦੇ ਪੰਜਾਬੀ ਵਿਰੋਧੀ ਕਿਰਦਾਰ ਦਾ ਢੁਕਵੇਂ ਫੋਰਮਾਂ 'ਤੇ ਪ੍ਰਚਾਰ ਕਰਦੇ ਰਹਿੰਦੇ ਤੇ ਗਿਲਾ ਕਰਦੇ ਰਹਿੰਦੇ ਸਾਂ ਕਿ ਦੇਖੋ ਪੰਜਾਬੀ ਦਾ ਕੰਮ ਕਰਨ ਲਈ ਇਨ੍ਹਾਂ ਕੋਲ ਸਨਮਾਨਯੋਗ ਥਾਂ ਹੀ ਨਹੀਂ ਹੈ।

ਇਕ ਦਿਨ ਅਤਰ ਸਿੰਘ ਨੇ ਮੀਟਿੰਗ ਬੁਲਾਈ। ਕਹਿੰਦੇ ਯੂਨੀਵਰਸਿਟੀ ਦਾ ਡੰਡਾ ਚੜ੍ਹਿਆ ਹੋਇਆ ਹੈ, ਕੰਮ ਛੇਤੀ ਨਿਬੇੜੋ। ਤੁਹਾਡੇ ਕੰਮ ਦੀ ਪ੍ਰੋਗਰੈਸ ਬਹੁਤ ਘਟ ਹੈ। ਆਹ ਦੇਖੋ, ਮੈਂ ਤੁਹਾਡੇ ਕਾਰਡ ਚੈਕ ਕਰ ਰਿਹਾਂ। ਪਿਛਲੇ ਦੋ ਘੰਟਿਆਂ ਤੋਂ ਮੈਂ ਇਕ ਅੰਗਰੇਜ਼ੀ ਸ਼ਬਦ ਦੇ ਟਾਕਰੇ ਢੁਕਵਾਂ ਪੰਜਾਬੀ ਸ਼ਬਦ ਲੱਭਣ ਲਈ ਮਗਜ਼ ਖਪਾਈ ਕਰ ਰਿਹਾਂ। ਇਸ ਨੂੰ ਕਹਿੰਦੇ ਹਨ ਸਿਰ ਸੁੱਟ ਕੇ ਕੰਮ ਕਰਨਾ। ਤੁਹਾਨੂੰ ਹਰ ਇਕ ਨੂੰ ਘਟੋ ਘਟ ਚਾਲੀ ਚਾਲੀ ਸ਼ਬਦ ਹਰ ਰੋਜ਼ ਨਿਬੇੜਨੇ ਚਾਹੀਦੇ ਹਨ। ਅਸੀਂ ਆਪਣੀ ਆਪਣੀ ਬੁਕਲ ਵਿਚ ਡਾਕਟਰ ਸਾਹਿਬ ਦੀ ਗੱਲ ਦਾ ਵਿਰੋਧਾਭਾਸ ਮਹਿਸੂਸ ਕਰ ਰਹੇ ਸਾਂ: ਜੇ ਸਾਡੇ ਮੁਖੀ ਨੂੰ ਇਕ ਸ਼ਬਦ ਨਿਪਟਾਉਣ ਲਈ ਦੋ ਘੰਟੇ ਲਗਦੇ ਹਨ ਤਾਂ ਉਨ੍ਹਾਂ ਦੇ ਜੂਨੀਅਰਾਂ ਨੂੰ ਚਾਲੀ ਚਾਲੀ ਸ਼ਬਦ ਨਿਪਟਾਉਣ ਲਈ ਕਿੰਨਾ ਵਕਤ ਲੱਗੇਗਾ? ਖੈਰ ਕੌਣ ਆਖੇ ਸਾਹਿਬ ਨੂੰ ਇੰਜ ਨਹੀਂ, ਇੰਜ ਕਰ।

ਥੋੜੇ ਹੀ ਦਿਨਾਂ ਬਾਅਦ ਇਕ ਹੋਰ ਮੀਟਿੰਗ ਦੌਰਾਨ ਡਾਕਟਰ ਸਾਹਿਬ ਨੇ ਦੱਸਿਆ ਕਿ ਸਾਨੂੰ ਵਾਈਸ ਚਾਂਸਲਰ ਨੂੰ ਆਪਣਾ ਕੀਤਾ ਕੰਮ ਦਿਖਾਉਣਾ ਪੈਣਾ ਹੈ, ਵਿਰੋਧੀ ਸਾਡੇ ਨਿਖੱਟੂ ਹੋਣ ਬਾਰੇ ਅਫਵਾਹਾਂ ਫੈਲਾਉਣੋਂ ਨਹੀਂ ਹਟਦੇ। ਦਰਅਸਲ ਡਾਕਟਰ ਸਾਹਿਬ ਨੇ ਜ਼ਿੰਦਗੀ ਵਿਚ ਬਹੁਤ ਖਾਧੀਆਂ-ਪੀਤੀਆਂ ਸਨ ਤੇ ਉਹ ਬੜੇ ਡਰਾਮੇਬਾਜ਼ ਹੋ ਸਕਦੇ ਸਨ। ਉਹ ਥੋੜੇ ਨੂੰ ਮਟਕਾਉਣਾ ਜਾਣਦੇ ਸਨ। ਸਕੀਮ ਅਨੁਸਾਰ ਦੂਜੇ ਦਿਨ ਦੋ ਰਿਕਸ਼ਿਆਂ 'ਤੇ ਸਾਰੇ ਬਣਾਏ ਹੋਏ ਤੇ ਕਿੰਨੇ ਸਾਰੇ ਕੋਰੇ ਕਾਰਡ ਰੱਖ ਕੇ ਵਾਈਸ ਚਾਂਸਲਰ ਦੇ ਦਫ਼ਤਰ ਵੱਲ ਨੂੰ ਚਾਲੇ ਪਾ ਦਿੱਤੇ। ਪਿਛੇ ਪਿਛੇ ਦੋ ਚਪੜਾਸੀ ਡਿਗ ਰਹੇ ਕਾਰਡਾਂ ਨੂੰ ਚੁੱਕ ਚੁੱਕ ਕੇ ਰਿਕਸ਼ੇ 'ਤੇ ਧਰੀ ਜਾ ਰਹੇ ਸਨ। ਇਧਰ ਉਧਰ ਘੁੰਮਦੇ ਪ੍ਰੋਫੈਸਰ ਤੇ ਹੋਰ ਅਧਿਕਾਰੀ ਸਾਡੀ ਕਾਰਗੁਜ਼ਾਰੀ ਦਾ ਪ੍ਰਦਰਸ਼ਨ ਦੇਖ ਰਹੇ ਸਨ। ਵੀ.ਸੀ. ਦਫ਼ਤਰ ਅੱਗੇ ਪਹੁੰਚ ਕੇ ਡਾਕਟਰ ਸਾਹਿਬ ਨੇ ਵੀ.ਸੀ. ਨੂੰ ਬਾਹਰ ਬੁਲਾਇਆ ਤੇ ਸਾਡੇ ਕੀਤੇ ਕੰਮ ਦੇ ਸਾਖਿਆਤ ਦਰਸ਼ਨ ਕਰਾਏ। ਬੱਸ ਫਿਰ ਕੀ ਹੀ ਸੀ, ਥੋੜੇ ਹੀ ਦਿਨਾਂ ਬਾਅਦ ਖੁਸ਼ਖਬਰੀ ਮਿਲੀ, ਸਾਨੂੰ ਪੱਤਰਵਿਹਾਰ ਵਿਭਾਗ ਦੀ ਪੁਰਾਣੀ ਬਿਲਡਿੰਗ 'ਚ ਚਾਰ ਵੱਡੇ ਵੱਡੇ ਕਮਰੇ ਮਿਲ ਗਏ ਸਨ: ਮਨ 'ਚ ਬੇਈਮਾਨੀ ਤੇ ਲਾਲਚ ਆਵੇ ਤਾਂ ਅਸੀਂ ਨਾਲ ਲਗਦੇ ਹੋਰ ਕਿੰਨੇ ਖਾਲੀ ਪਏ ਕਮਰੇ ਵੀ ਧੱਕੇ ਨਾਲ ਮੱਲ ਸਕਦੇ ਸਾਂ।

ਤੇ ਅਗਲੇ ਦਿਨ ਅਸੀਂ ਰੇਹੜੀਆਂ, ਰਿਕਸ਼ਿਆਂ, ਸਕੂਟਰਾਂ ਤੇ ਦਫ਼ਤਰ ਦਾ ਸਾਰਾ ਅਸਬਾਬ ਢੋਈ ਇਕ ਜਲੂਸ ਦੀ ਸ਼ਕਲ ਵਿਚ ਵਿਭਾਗ ਦੇ ਨਵੇਂ ਮੁਕਾਮ ਵੱਲ ਚਾਲੇ ਪਾ ਰਹੇ ਸਾਂ।

# ਨਕਸਲੀਆਂ ਤੇ ਫੋਰਸਾਂ ਵਿਚਾਲੇ ਮੁਕਾਬਲੇ/ਹਿੰਸਾ ਜਾਰੀ

***ਲਾਲਗੜ੍ਹ 'ਚ ਨਕਸਲੀ ਹਮਲਾ, 4 ਜਵਾਨ ਹਲਾਕ *ਬਾਰੂਦੀ ਸੁਰੰਗ ਨਾਲ ਮਾਲ ਗੱਡੀ ਉਡਾਈ, *ਨਕਸਲੀ ਇਕ ਸਿੱਖਿਅਤ ਫੋਰਸ -ਰਮਨ**

**ਮਿਦਨਾਪੁਰ :** ਨਕਸਲੀਆਂ ਵਲੋਂ 5 ਰਾਜਾਂ 'ਚ ਬੰਦ ਦੇ ਸੱਦੇ ਦੇ ਦੂਜੇ ਦਿਨ ਬੀਤੀ 19 ਮਈ ਨੂੰ ਪੱਛਮੀ ਬੰਗਾਲ ਦੇ ਮਿਦਨਾਪੁਰ ਜ਼ਿਲ੍ਹੇ ਦੇ ਲਾਲਗੜ੍ਹ 'ਚ ਨਕਸਲੀਆਂ ਦੁਆਰਾ ਬਾਰੂਦੀ ਸੁਰੰਗ ਨਾਲ ਕੀਤੇ ਗਏ ਧਮਾਕੇ 'ਚ ਸੀ ਆਰ ਪੀ ਐਫ ਦੇ 4 ਜਵਾਨ ਮਾਰੇ ਗਏ ਅਤੇ 2 ਹੋਰ ਜ਼ਖ਼ਮੀ ਹੋ ਗਏ।

ਜ਼ਿਕਰਯੋਗ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਨੇ ਨਕਸਲੀਆਂ ਨੂੰ ਹਿੰਸਾ ਦਾ ਰਸਤਾ ਛੱਡ ਕੇ ਗੱਲਬਾਤ ਲਈ ਅੱਗੇ ਆਉਣ ਦਾ ਸੱਦਾ ਦਿੱਤਾ ਸੀ, ਜਿਸ ਤੋਂ ਇਕ ਦਿਨ ਬਾਅਦ ਇਹ ਹਮਲਾ ਕੀਤਾ ਗਿਆ। ਲਾਲਗੜ੍ਹ ਥਾਣੇ ਅਧੀਨ ਪੈਂਦੇ ਰਾਮਗੜ੍ਹ 'ਚ ਸਵੇਰੇ 11.30 ਵਜੇ ਇਹ ਧਮਾਕਾ ਹੋਇਆ। ਸੀ ਆਰ ਪੀ ਐਫ ਦੇ ਜਵਾਨ ਨੇੜਲੇ ਪਿੰਡਾਂ 'ਚ ਗਸ਼ਤ ਕਰਨ ਲਈ ਗੋਲਟੋਲ ਬਾਜ਼ਾਰ 'ਚ ਸਥਿਤ ਆਪਣੇ ਕੈਂਪ 'ਚੋਂ ਨਿਕਲੇ ਸਨ। ਪੂਰਬੀ ਡਵੀਜ਼ਨ ਦੇ ਸੀ ਆਰ ਪੀ ਐਫ ਦੇ ਆਈ ਜੀ ਐਮ ਨਾਗੇਸ਼ਵਰ ਰਾਓ ਨੇ ਦੱਸਿਆ ਕਿ ਨਕਸਲੀਆਂ ਦੁਆਰਾ ਕੀਤੇ ਗਏ ਬਾਰੂਦੀ ਸੁਰੰਗ ਧਮਾਕੇ 'ਚ ਸੀ ਆਰ ਪੀ ਐਫ ਦੇ 4 ਜਵਾਨ ਮਾਰੇ ਗਏ, ਜਦਕਿ 2 ਹੋਰ ਜ਼ਖ਼ਮੀ ਹੋ ਗਏ। ਧਮਾਕੇ 'ਚ ਮਾਰੇ ਗਏ ਜਵਾਨਾਂ 'ਚ 3 ਸਿਪਾਹੀ ਅਤੇ ਉਸ ਜੀਪ ਦਾ ਡਰਾਈਵਰ ਸ਼ਾਮਲ ਹੈ, ਜਿਸ 'ਚ ਇਹ ਜਵਾਨ ਸਵਾਰ ਹੋ ਕੇ ਜਾ ਰਹੇ ਸਨ।

ਇਸ ਧਮਾਕੇ 'ਚ ਵਾਹਨ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਅਤੇ ਜ਼ਮੀਨ 'ਚ ਕਰੀਬ 5 ਫੁੱਟ ਡੂੰਘਾ ਟੋਇਆ ਪੈ ਗਿਆ। ਦੱਸਣਾ ਬਣਦਾ ਹੈ ਕਿ ਬੀਤੇ ਹਫਤੇ ਸੋਮਵਾਰ ਵਾਲੇ ਦਿਨ ਨਕਸਲੀਆਂ ਨੇ ਦਾਂਤੇਵਾੜਾ ਜ਼ਿਲ੍ਹੇ 'ਚ ਧਮਾਕੇ ਨਾਲ ਇਕ ਬੱਸ ਉਡਾ ਦਿੱਤੀ ਸੀ, ਜਿਸ ਵਿਚ 14 ਐਸ ਪੀ ਓਜ਼ ਸਮੇਤ 35 ਵਿਅਕਤੀ ਮਾਰੇ ਗਏ ਸਨ। ਨਕਸਲੀਆਂ ਨੇ ਬੀਨਪੁਰ ਪੁਲਿਸ ਥਾਣੇ ਦੇ ਅਧੀਨ ਆਉਣ ਵਾਲੇ ਬਸੰਤਪੁਰ ਪਿੰਡ 'ਚ ਅਜੀਤ ਮੋਦੋਲ ਨਾਮੀ ਇਕ ਮਾਰਕਸੀ ਕਾਰਕੁੰਨ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ।

ਇਸ ਤੋਂ ਇਲਾਵਾ ਬੀਤੀ 20 ਮਈ ਨੂੰ ਪੂਰਬੀ ਕੇਂਦਰੀ ਰੇਲਵੇ ਦੀ ਮੁਜ਼ੱਫਰਪੁਰ-ਮੋਤੀਹਾਰੀ ਰੇਲ ਲਾਈਨ 'ਤੇ ਚਿੰਤਾਵਨਪੁਰ ਪਿੰਡ ਨੇੜੇ ਮਾਓਵਾਦੀਆਂ ਵਲੋਂ ਬਾਰੂਦੀ ਸੁਰੰਗ ਵਿਚ ਕੀਤੇ ਧਮਾਕੇ ਕਾਰਨ ਡੀਜ਼ਲ ਲਿਜਾ ਰਹੀ ਮਾਲ ਗੱਡੀ ਦੇ 13 ਟੈਂਕਰ ਸੁਆਹ ਵਿਚ ਤਬਦੀਲ ਹੋ ਗਏ। ਏ.ਡੀ.ਆਰ.ਐਮ. ਐਮ. ਵਿਸ਼ਵਾਸ ਨੇ ਦਸਿਆ ਕਿ ਜਦੋਂ ਮਾਲ ਗੱਡੀ ਡੀਜ਼ਲ ਲੈ ਕੇ ਪਿਪਰਾ ਰੇਲਵੇ ਸਟੇਸ਼ਨ ਵਲ ਵਧ ਰਹੀ ਸੀ ਤਾਂ ਮਾਓਵਾਦੀਆਂ ਨੇ ਬਾਰੂਦੀ ਸੁਰੰਗ ਵਿਚ ਧਮਾਕਾ ਕਰ ਦਿਤਾ। ਇਹ ਡੀਜ਼ਲ ਆਸਾਮ ਤੋਂ ਉੱਤਰ ਪ੍ਰਦੇਸ਼ ਦੇ ਗੋਂਡਾ ਵਿਖੇ ਲਿਜਾਇਆ ਜਾ ਰਿਹਾ ਸੀ। ਰੇਲ ਗੱਡੀ ਦੇ 48 ਟੈਂਕਰਾਂ ਵਿਚੋਂ 13 ਨੂੰ ਅੱਗ ਲੱਗ ਗਈ ਜਦਕਿ ਬਾਕੀ 35 ਟੈਂਕਰ ਬਚਾਉਣ ਵਿਚ ਰੇਲ ਅਧਿਕਾਰੀ ਸਫਲ ਰਹੇ। ਧਮਾਕੇ ਕਾਰਨ 40 ਫੁੱਟ ਲੰਬੀ ਰੇਲ ਪਟੜੀ ਤਬਾਹ ਹੋ ਗਈ। ਅੱਗ ਬੁਝਾਉਣ ਲਈ ਮੋਤੀਹਾਰੀ ਅਤੇ ਬੇਤਈਆ ਤੋਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਬੁਲਾਈਆਂ ਗਈਆਂ।ਐਮ. ਵਿਸ਼ਵਾਸ ਨੇ ਦਸਿਆ ਕਿ ਹਰ ਟੈਂਕਰ ਵਿਚ 65 ਹਜ਼ਾਰ ਲੀਟਰ ਡੀਜ਼ਲ ਸੀ ਜਿਸ ਨਾਲ 8.45 ਲੱਖ ਲੀਟਰ ਡੀਜ਼ਲ ਸੜ ਗਿਆ। ਉਧਰ ਛੱਤੀਸਗੜ੍ਹ ਦੇ ਬਸਤਰ ਜ਼ਿਲ੍ਹੇ ਵਿਚ ਨਕਸਲੀਆਂ ਨੇ 16.5 ਟਨ ਅਮੋਨੀਅਮ ਨਾਈਟਰੇਟ ਨਾਲ ਲੱਦਿਆ ਟਰੱਕ ਅਗਵਾ ਕਰ ਲਿਆ ਜਿਸ ਦੀ ਵਰਤੋਂ ਧਮਾਕਾਖੇਜ਼ ਸਮੱਗਰੀ ਬਣਾਉਣ ਲਈ ਕੀਤੀ ਜਾਂਦੀ ਹੈ। ਪੁਲਿਸ ਨੇ ਭਾਰੀ ਮਾਤਰਾ ਵਿਚ ਰਸਾਇਣ ਨਾਲ ਲੱਦੇ ਇਸ ਟਰੱਕ ਦੀ ਭਾਲ ਸ਼ੁਰੂ ਕਰ ਦਿਤੀ ਹੈ। ਆਂਧਰਾ ਪ੍ਰਦੇਸ਼ ਦੇ ਵਿਸ਼ਾਖਾਪਟਨਮ ਤੋਂ ਛੱਤੀਸਗੜ੍ਹ ਦੀ ਰਾਜਧਾਨੀ ਜਾ ਰਹੇ ਇਸ ਟਰੱਕ ਨੂੰ ਨਕਸਲੀਆਂ ਨੇ ਇਕ ਦਿਨ ਪਹਿਲਾਂ ਅਗਵਾ ਕੀਤਾ ਸੀ। ਇਸ ਟਰੱਕ ਨਾਲ ਕੋਈ ਵੀ ਸੁਰੱਖਿਆ ਕਰਮੀ ਨਹੀਂ ਸੀ। ਬਸਤਰ ਦੇ ਐਸ.ਪੀ. ਨੇ ਦਸਿਆ ਕਿ ਇਹ ਟਰੱਕ ਛੇਤੀ ਪਹੁੰਚਣ ਲਈ ਕਿਸੇ ਅੰਦਰੂਨੀ ਰਸਤੇ ਤੋਂ ਵਿਸ਼ਾਖਾਪਟਨਮ ਤੋਂ ਰਾਏਪੁਰ ਆ ਰਿਹਾ ਸੀ।

ਬੀਤੀ 22 ਮਈ ਨੂੰ ਬਿਹਾਰ ਦੇ ਸ਼ਿਵਹਰ ਜ਼ਿਲ੍ਹੇ ਦੇ ਸ਼ਾਮਪੁਰ ਭੱਠਾ ਇਲਾਕੇ ਦੇ ਇੱਕ ਪਿੰਡ ਵਿਚ ਸ਼ੱਕੀ ਨਕਸਲੀਆਂ ਨੇ ਹਮਲਾ ਕਰਕੇ 5 ਵਿਅਕਤੀਆਂ ਦੀ ਹੱਤਿਆ ਕਰ ਦਿੱਤੀ। ਇਸ ਘਟਨਾ ਤੋਂ ਬਾਅਦ ਪੁਲਿਸ ਨੇ ਨਕਸਲੀਆਂ ਖਿਲਾਫ਼ 3 ਜ਼ਿਲ੍ਹਿਆਂ ਵਿਚ ਛਾਪੇ ਤੇਜ਼ ਕਰ ਦਿੱਤੇ ਹਨ।

ਸੂਬੇ ਦੇ ਪੁਲਿਸ ਮੁਖੀ ਨੀਲਮਣੀ ਨੇ ਸ਼ਨੀਵਾਰ ਨੂੰ ਦੱਸਿਆ ਕਿ ਘਟਨਾ ਸਥਾਨ ਮੋਤਿਹਾਰੀ ਜ਼ਿਲ੍ਹੇ ਦੇ ਸੀਮਾ ਖੇਤਰ 'ਚ ਪੈਂਦਾ ਹੈ। ਇਸ ਕਾਰਨ ਨਕਸਲੀਆਂ ਖਿਲਾਫ਼ ਤਿੰਨ ਜ਼ਿਲ੍ਹਿਆਂ ਵਿਚ ਛਾਪੇ ਤੇਜ਼ ਕੀਤੇ ਗਏ ਹਨ। ਪੁਲਿਸ ਮੁਖੀ ਨੇ ਦੱਸਿਆ ਕਿ ਇਕ ਹੱਥ ਲਿਖਿਆ ਪੱਤਰ ਵੀ ਬਰਾਮਦ ਕੀਤਾ ਗਿਆ ਹੈ, ਜਿਸ ਵਿਚ ਘਟਨਾ ਦੀ ਜ਼ਿੰਮੇਵਾਰੀ ਨਕਸਲੀਆਂ ਵਲੋਂ ਲਈ ਗਈ ਹੈ।

ਪਰਚੇ ਵਿਚ ਨਕਸਲੀ ਆਗੂ ਵੀਰੇਂਦਰ ਪ੍ਰਸਾਦ ਦੇ ਕਤਲ ਦਾ ਬਦਲਾ ਲੈਣ ਦੀ ਗੱਲ ਲਿਖੀ ਗਈ ਹੈ। ਪੁਲਿਸ ਸੂਤਰਾਂ ਅਨੁਸਾਰ ਰਾਤ ਕਰੀਬ 12 ਵਜੇ 150 ਦੀ ਗਿਣਤੀ ਵਿਚ ਨਕਸਲੀਆਂ ਨੇ ਰਾਮਬੰਨ ਬਾਜ਼ਾਰ ਇਲਾਕੇ ਵਿੱਚ ਇਹ ਹਮਲਾ ਕੀਤਾ ਅਤੇ ਅੰਨ੍ਹੇਵਾਹ ਗੋਲੀਆਂ ਚਲਾਉਣ ਲੱਗੇ। ਇਸ ਤੋਂ ਬਾਅਦ ਨਕਸਲੀਆਂ ਨੇ 5 ਵਿਅਕਤੀਆਂ ਦੀ ਹੱਤਿਆ ਕਰ ਦਿੱਤੀ। ਇਸ ਘਟਨਾ ਵਿਚ 2 ਵਿਅਕਤੀ ਜ਼ਖ਼ਮੀ ਵੀ ਹੋਏ ਹਨ, ਜਿਨ੍ਹਾਂ ਨੂੰ ਇਲਾਜ ਲਈ ਸਥਾਨਕ ਹਸਪਤਾਲ ਲਿਜਾਇਆ ਗਿਆ ਹੈ। ਨਕਸਲੀਆਂ ਨੇ ਇਸ ਦੌਰਾਨ 12 ਦੁਕਾਨਾਂ ਨੂੰ ਵੀ ਅੱਗ ਲਗਾ ਦਿੱਤੀ। ਨਕਸਲੀਆਂ ਨੂੰ ਸਭ ਤੋਂ ਵੱਡਾ ਦਹਿਸ਼ਤਗਰਦ ਕਰਾਰ ਦਿੰਦਿਆਂ ਛੱਤੀਸਗੜ੍ਹ ਦੇ ਮੁੱਖ ਮੰਤਰੀ ਰਮਨ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਸਬੰਧ ਦਹਿਸ਼ਤਗਰਦ ਜਥੇਬੰਦੀ ਲਸ਼ਕਰ ਏ ਤੋਇਬਾ ਨਾਲ ਹੋ ਸਕਦੇ ਹਨ। ਨਵੀਂ ਦਿੱਲੀ 'ਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਯੋਜਨਾ ਕਮਿਸ਼ਨ ਦੇ ਡਿਪਟੀ ਚੇਅਰਮੈਨ ਨਾਲ ਮੁਲਾਕਾਤ ਲਈ ਨਵੀਂ ਦਿੱਲੀ ਪੁੱਜੇ ਸ੍ਰੀ ਸਿੰਘ ਨੇ ਕਿਹਾ ਕਿ ਇਸ ਖਤਰੇ ਨਾਲ ਹਵਾਈ ਫੌਜ ਦੀ ਵਰਤੋਂ ਕੀਤੇ ਬਿਨਾਂ ਕੇਂਦਰ ਤੇ ਸੂਬਾ ਸਰਕਾਰ ਦੇ ਸਹਿਯੋਗ ਨਾਲ ਹੀ ਨਜਿੱਠਿਆ ਜਾਵੇ। ਨਕਸਲੀਆਂ ਬਾਰੇ ਪੁੱਛੇ ਜਾਣ 'ਤੇ ਸ੍ਰੀ ਸਿੰਘ ਨੇ ਕਿਹਾ ਕਿ ਇਹ ਸਭ ਤੋਂ ਵੱਡੇ ਦਹਿਸ਼ਤਗਰਦ ਹਨ, ਜੋ ਲੋਕਤੰਤਰ ਲਈ ਵੱਡਾ ਖ਼ਤਰਾ ਹਨ। ਉਨ੍ਹਾਂ ਕਿਹਾ ਕਿ ਇਹ ਲੋਕ ਬੰਦੂਕ ਦੀ ਨੋਕ 'ਤੇ ਸੱਤਾ ਹਥਿਆਉਣਾ ਚਾਹੁੰਦੇ ਹਨ। ਉਨ੍ਹਾਂ ਨਾਲ ਹੀ ਕਿਹਾ ਕਿ ਅੱਜਕੱਲ੍ਹ ਦੇ ਨਕਸਲੀ ਚੰਗੀ ਤਰ੍ਹਾਂ ਸਿਖਲਾਈ ਪ੍ਰਾਪਤ ਹਨ।

## ਦਾਂਤੇਵਾੜਾ ਕਤਲ ਕਾਂਡ ਨਾਲ ਜੁੜੇ 6 ਨਕਸਲੀ ਫੜੇ

**ਦਾਂਤੇਵਾੜਾ:** ਪੁਲਿਸ ਮੁਖੀ ਅਮਰੇਸ਼ ਮਿਸ਼ਰਾ ਅਨੁਸਾਰ 6 ਅਪ੍ਰੈਲ ਨੂੰ ਨਕਸਲੀ ਹਮਲੇ 'ਚ 76 ਸੀਆਰਪੀਐਫ ਜਵਾਨਾਂ ਦੀ ਮੌਤ ਦੇ ਮਾਮਲੇ 'ਚ ਸ਼ਾਮਲ ਇੱਕ ਆਪੇ ਬਣੇ ਕਮਾਂਡਰ ਸਮੇਤ 6 ਨਕਸਲੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਘਟਨਾ ਤੋਂ ਬਾਅਦ ਇਨ੍ਹਾਂ 6 ਨਕਸਲੀਆਂ ਨੇ ਆਪਣੇ ਆਗੂ ਰਮੰਨਾ ਅਤੇ ਪਾਪਾ ਰਾਓ ਦਾ ਵਿਸਥਾਰਤ ਵੇਰਵਾ ਦਿੱਤਾ। ਪੁਲਿਸ ਮੁਖੀ ਨੇ ਇਸ ਨੂੰ ਵੱਡੀ ਸਫਲਤਾ ਦੱਸਦਿਆਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਸੁਰੱਖਿਆ ਮੁਲਾਜ਼ਮਾਂ 'ਤੇ ਇਹ ਸਭ ਤੋਂ ਵੱਡਾ ਹਮਲਾ ਸੀ। ਗ੍ਰਿਫ਼ਤਾਰ ਨਕਸਲੀਆਂ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਸੀਆਰਪੀਐਫ ਦੇ ਜਵਾਨਾਂ 'ਤੇ ਲਗਾਤਾਰ ਨਜ਼ਰ ਰੱਖ ਰਹੇ ਸਨ।

# ਨਕਸਲਵਾਦ ਨਾਲ ਸਿੱਝਣ ਲਈ ਬਾਦਲ ਨੇ ਪੈਕੇਜ ਮੰਗਿਆ

**ਚੰਡੀਗੜ੍ਹ :** ਨਕਸਲਵਾਦ ਅਤੇ ਦਹਿਸ਼ਤਗਰਦ ਸਰਗਰਮੀਆਂ ਦੀ ਵਧ ਰਹੀ ਚੁਣੌਤੀ ਦੇ ਮੱਦੇਨਜ਼ਰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਦੇ ਨਿੱਜੀ ਦਖ਼ਲ ਦੀ ਮੰਗ ਕਰਦੇ ਹੋਏ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਬਣਾਈ ਰੱਖਣ ਲਈ 120 ਕਰੋੜ ਰੁਪਏ ਦੇ ਵਿਸ਼ੇਸ਼ ਪੈਕੇਜ ਨੂੰ ਤੁਰੰਤ ਜਾਰੀ ਕਰਨ ਲਈ ਆਖਿਆ ਹੈ ਤਾਂ ਜੋ ਰਾਜ ਵਿਚ ਨਕਸਲਵਾਦ ਅਤੇ ਵੱਖ-ਵੱਖ ਦਹਿਸ਼ਤਗਰਦ ਧੜਿਆਂ ਦੁਆਰਾ ਪੈਦਾ ਕੀਤੀ ਜਾਣ ਵਾਲੀ ਸੰਭਾਵਿਤ ਚੁਣੌਤੀ ਨਾਲ ਨਿਪਟਿਆ ਜਾ ਸਕੇ।

ਮੁੱਖ ਮੰਤਰੀ 20 ਮਈ ਨੂੰ ਸ਼ਾਮ ਵੇਲੇ ਪੀ ਚਿਦੰਬਰਮ ਨੂੰ ਉਨ੍ਹਾਂ ਦੇ ਦਫ਼ਤਰ ਨਵੀਂ ਦਿੱਲੀ ਵਿਖੇ ਮਿਲੇ ਅਤੇ ਉਨ੍ਹਾਂ ਨੂੰ ਰਾਜ ਵਿਚ ਕਾਨੂੰਨ ਵਿਵਸਥਾ ਦੀ ਸਥਿਤੀ ਬਾਰੇ ਜਾਣੂੰ ਕਰਵਾਇਆ। ਸ. ਬਾਦਲ ਨੇ ਕਿਹਾ ਕਿ ਭਾਵੇਂ ਪੰਜਾਬ ਨਕਸਲਵਾਦੀ ਹਿੰਸਾ ਨਾਲ ਪ੍ਰਭਾਵਤ ਨਹੀਂ ਹੈ ਪਰ ਨਕਸਲਵਾਦੀਆਂ ਦੀਆਂ ਕੁਝ ਜਥੇਬੰਦੀਆਂ ਆਪਣੇ-ਆਪ ਨੂੰ ਸਰਗਰਮੀ ਨਾਲ ਜਥੇਬੰਦ ਕਰਨ 'ਚ ਲੱਗੀਆਂ ਹੋਈਆਂ ਹਨ ਅਤੇ ਇਹ ਰਾਜ ਦੇ ਸਦਭਾਵਨਾ ਪੂਰਨ ਮਾਹੌਲ ਲਈ ਵੱਡੀ ਚੁਣੌਤੀ ਪੈਦਾ ਕਰ ਰਹੀਆਂ ਹਨ। ਸ. ਬਾਦਲ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਕਿਹਾ ਕਿ ਉਹ ਆਧੁਨਿਕੀਕਰਨ ਯੋਜਨਾ ਲਈ ਕੇਂਦਰੀ ਫੰਡਾਂ ਦੇ ਸਬੰਧ ਵਿਚ ਪੰਜਾਬ ਨੂੰ ਬੀ ਸ਼੍ਰੇਣੀ ਦੀ ਥਾਂ ਏ ਸ਼੍ਰੇਣੀ ਵਿਚ ਰੱਖਣ। ਉਨ੍ਹਾਂ ਕਿਹਾ ਕਿ ਪੰਜਾਬ ਆਧੁਨਿਕੀਕਰਨ ਯੋਜਨਾ ਦੇ ਸਬੰਧ ਵਿਚ ਕੇਂਦਰੀ ਫੰਡ ਪ੍ਰਾਪਤ ਕਰਨ ਲਈ ਇਸ ਵੇਲੇ ਬੀ ਸ਼੍ਰੇਣੀ ਵਿਚ ਹੈ।

ਰਾਜ ਵਿਚ ਦੋ ਇੰਡੀਅਨ ਰਿਜ਼ਰਵ ਬਟਾਲੀਅਨਾਂ ਖੜ੍ਹੀਆਂ ਕਰਨ ਦਾ ਇਕ ਹੋਰ ਮੁੱਦਾ ਉਠਾਉਂਦੇ ਹੋਏ ਸ੍ਰ. ਬਾਦਲ ਨੇ ਕਿਹਾ ਕਿ ਪੰਜਾਬ ਨੂੰ 7 ਇੰਡੀਅਨ ਰਿਜ਼ਰਵ ਬਟਾਲੀਅਨਾਂ ਖੜ੍ਹੀਆਂ ਕਰਨ ਦੀ ਪ੍ਰਵਾਨਗੀ ਮਿਲੀ ਹੋਈ ਹੈ। ਉਨ੍ਹਾਂ ਨੇ ਅੱਤਵਾਦ ਅਤੇ ਨਕਸਲਵਾਦ ਦੀਆਂ ਵਧ ਰਹੀਆਂ ਸਰਗਰਮੀਆਂ ਕਾਰਨ ਦੋ ਹੋਰ ਇੰਡੀਅਨ ਰਿਜ਼ਰਵ ਬਟਾਲੀਅਨਾਂ ਕੇਂਦਰੀ ਸਹਾਇਤਾ ਦੇ ਨਾਲ ਖੜ੍ਹੀਆਂ ਕਰਨ ਦੀ ਆਗਿਆ ਦੇਣ ਦੀ ਬੇਨਤੀ ਕੀਤੀ। ਮੁੱਖ ਮੰਤਰੀ ਨੇ ਪੰਜਾਬ ਪੁਲਿਸ ਦੇ ਰਾਜ ਖੁਫੀਆ ਵਿੰਗ ਦੀ ਸਮਰੱਥਾ ਉਸਾਰੀ ਲਈ 20 ਕਰੋੜ ਰੁਪਏ ਦੀ ਯਕਮੁਸ਼ਤ ਵਿੱਤੀ ਸਹਾਇਤਾ ਦੀ ਮੰਗ ਵੀ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਦੀ ਰਾਜ ਦੀ ਵਿਸ਼ੇਸ਼ ਬਰਾਂਚ ਖੁਫੀਆ ਵਿੰਗ ਨੂੰ ਮਜ਼ਬੂਤ ਕਰਨ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ। ਸ੍ਰੀ ਚਿਦੰਬਰਮ ਨੇ ਮੁੱਖ ਮੰਤਰੀ ਨੂੰ ਭਰੋਸਾ ਦਿਵਾਇਆ ਕਿ ਸਾਰੇ ਲਟਕਦੇ ਮੁੱਦੇ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਮੰਤਰਾਲੇ ਦੇ ਸਬੰਧਤ ਅਧਿਕਾਰੀਆਂ ਦੀ ਮੀਟਿੰਗ ਛੇਤੀ ਹੀ ਸੱਦੀ ਜਾਵੇਗੀ।

# ਭਾਰਤੀ ਹਾਕੀ ਫੈਡਰੇਸ਼ਨ ਨੂੰ ਭੰਗ ਕਰਨ ਦਾ ਫ਼ੈਸਲਾ ਰੱਦ



ਗਿੱਲ ਹਾਕੀ ਇੰਡੀਆ ਨਾਲ ਸਹਿਯੋਗ ਲਈ ਤਿਆਰ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਬੀਤੀ 21 ਮਈ ਨੂੰ ਭਾਰਤੀ ਹਾਕੀ ਫੈਡਰੇਸ਼ਨ (ਆਈ ਐਚ ਐਫ) ਦੀ ਮਾਨਤਾ ਰੱਦ ਕਰਨ ਸਬੰਧੀ ਕੇਂਦਰ ਸਰਕਾਰ ਦੇ ਸਾਲ 2008 ਦੇ ਫ਼ੈਸਲੇ ਨੂੰ ਖਾਰਜ ਕਰ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਆਈ ਐਚ ਐਫ ਦੇ ਉਸ ਸਮੇਂ ਦੇ ਜਨਰਲ ਸਕੱਤਰ ਕੇ ਜੋਤੀ ਕੁਮਾਰਨ ਉਦੋਂ ਸਟਿੰਗ ਅਪਰੇਸ਼ਨ ਦੌਰਾਨ ਇਕ ਖਿਡਾਰੀ ਦੀ ਚੋਣ ਲਈ ਰਿਸ਼ਵਤ ਲੈਂਦੇ ਫੜੇ ਗਏ ਸਨ, ਜਿਸ ਤੋਂ ਬਾਅਦ ਕੇਂਦਰ ਸਰਕਾਰ ਨੇ ਭਾਰਤੀ ਹਾਕੀ ਫੈਡਰੇਸ਼ਨ ਨੂੰ ਭੰਗ ਕਰਨ ਦਾ ਫ਼ੈਸਲਾ ਲਿਆ ਸੀ। ਜਸਟਿਸ ਐਚ ਮੁਰਲੀਧਰ ਨੇ ਭਾਰਤੀ ਹਾਕੀ ਫੈਡਰੇਸ਼ਨ ਦੀ ਮਾਨਤਾ ਰੱਦ ਕਰਨ ਵਾਲੇ ਕੇਂਦਰ ਦੇ ਫ਼ੈਸਲੇ ਅਤੇ ਹਾਕੀ ਫੈਡਰੇਸ਼ਨ ਦੀ ਮੈਂਬਰਸ਼ਿਪ ਸਮਾਪਤ ਕਰਨ ਦੇ ਭਾਰਤੀ ਓਲੰਪਿਕ ਐਸੋਸੀਏਸ਼ਨ (ਆਈ ਓ ਏ) ਦੇ ਫ਼ੈਸਲੇ ਨੂੰ ਖਾਰਜ ਕਰ ਦਿੱਤਾ ਹੈ।

ਦੱਸਣਾ ਬਣਦਾ ਹੈ ਕਿ ਇਕ ਨਿਊਜ਼ ਚੈਨਲ ਨੇ ਜਦੋਂ ਸਟਿੰਗ ਅਪਰੇਸ਼ਨ ਦਿਖਾਇਆ ਤਾਂ ਆਈ ਓ ਏ ਨੇ ਆਈ ਐਚ ਐਫ ਦੀ ਮੈਂਬਰਸ਼ਿਪ ਖ਼ਤਮ ਕਰ ਦਿੱਤੀ ਸੀ। ਅਦਾਲਤ ਨੇ ਆਈ ਐਚ ਐਫ ਦੇ ਉਸ ਸਮੇਂ ਦੇ ਪ੍ਰਧਾਨ ਕੇ ਪੀ ਐਸ ਗਿੱਲ ਦੀ ਅਰਜ਼ੀ 'ਤੇ ਇਹ ਆਦੇਸ਼ ਜਾਰੀ ਕੀਤਾ ਹੈ। ਇਸ ਦੇ ਨਾਲ ਹੀ ਅਦਾਲਤ ਨੇ ਖੇਡ ਅਤੇ ਯੁਵਾ ਕਲਿਆਣ ਮੰਤਰਾਲਾ ਤੇ ਭਾਰਤੀ ਓਲੰਪਿਕ ਐਸੋਸੀਏਸ਼ਨ ਦੋਵਾਂ ਨੂੰ ਮੁਕੱਦਮੇ 'ਤੇ ਹੋਏ ਖਰਚ ਲਈ 10-10 ਹਜ਼ਾਰ ਰੁਪਏ ਦੇਣ ਲਈ ਵੀ ਕਿਹਾ ਹੈ। ਇਸੇ ਦੌਰਾਨ ਭਾਰਤੀ ਹਾਕੀ ਫੈਡਰੇਸ਼ਨ (ਆਈ ਐਚ ਐਫ) ਦੇ ਪ੍ਰਧਾਨ ਕੇ ਪੀ ਐਸ ਗਿੱਲ ਨੇ ਫੈਡਰੇਸ਼ਨ ਨੂੰ ਭੰਗ ਕਰਨ ਦੇ ਆਈ ਓ ਏ ਅਤੇ ਸਰਕਾਰ ਦੇ ਫੈਸਲੇ ਨੂੰ ਰੱਦ ਕਰਨ ਵਾਲੇ ਦਿੱਲੀ ਹਾਈ ਕੋਰਟ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਨਿੱਜੀ ਹਿੱਤਾਂ ਦੇ ਚੱਲਦਿਆਂ ਕੁਝ ਵਿਅਕਤੀਆਂ ਨੇ ਆਈ ਐਚ ਐਫ ਨੂੰ ਭੰਗ ਕੀਤਾ ਸੀ। ਕਰੀਬ 15 ਸਾਲ ਤੱਕ ਹਾਕੀ ਦੇ ਆਲ੍ਹਾ ਹੁਕਮਰਾਨ ਰਹੇ ਕੇ ਪੀ ਐਸ ਗਿੱਲ ਨੇ ਕਿਹਾ ਕਿ ਆਖ਼ਰਕਾਰ ਇਸ ਮਾਮਲੇ 'ਚ ਨਿਆਂ ਦੀ ਜਿੱਤ ਹੋਈ ਹੈ। ਜੋਤੀ ਕੁਮਾਰਨ ਦੇ ਰਿਸ਼ਵਤ ਲੈਂਦਿਆਂ ਫੜੇ ਜਾਣ ਤੋਂ ਬਾਅਦ ਆਈ ਓ ਏ ਨੇ ਪਹਿਲਾਂ ਆਈ ਐਚ ਐਫ ਦੀ ਜਗ੍ਹਾ 5 ਮੈਂਬਰੀ ਕਮੇਟੀ ਬਣਾਈ ਅਤੇ ਉਸ ਤੋਂ ਬਾਅਦ ਹਾਕੀ ਇੰਡੀਆ ਦਾ ਗਠਨ ਕੀਤਾ। ਇਸ ਦੌਰਾਨ ਹਾਕੀ ਇੰਡੀਆ ਨੇ ਚੋਣ ਕਰਵਾਉਣ ਦਾ ਵਾਅਦਾ ਕੀਤਾ ਹੈ ਅਤੇ ਗਿੱਲ ਹਾਕੀ ਇੰਡੀਆ ਨਾਲ ਸਹਿਯੋਗ ਲਈ ਤਿਆਰ ਹੋ ਗਏ ਹਨ।

# ਇੰਗਲੈਂਡ 'ਚ ਪਹਿਲੀ ਸਿੱਖ ਬੀਬੀ ਡਿਪਟੀ ਮੇਅਰ ਬਣੀ

**ਸਲੋਹ :** ਇੰਗਲੈਂਡ ਵਿਚ ਸਭ ਤੋਂ ਸੰਘਣੀ ਸਿੱਖ ਅਬਾਦੀ ਵਾਲੇ ਸ਼ਹਿਰ ਸਲੋਹ ਵਿਚ ਪਹਿਲੀ ਸਿੱਖ ਮਹਿਲਾ ਬੀਬੀ ਸੁਖਜੀਤ ਕੌਰ ਧਾਲੀਵਾਲ ਨੇ ਲੇਬਰ ਪਾਰਟੀ ਵਲੋਂ ਬਿਨਾਂ ਮੁਕਾਬਲਾ ਡਿਪਟੀ ਮੇਅਰ ਬਣ ਕੇ ਨਵਾਂ ਇਤਿਹਾਸ ਸਿਰਜਿਆ ਹੈ ਜਦਕਿ ਸਭ ਤੋਂ ਛੋਟੀ ਉਮਰ ਦੀ ਸਿੱਖ ਬੀਬੀ ਪਵਿੱਤਰ ਕੌਰ ਮਾਨ ਕੌਂਸਲਰ ਚੁਣੀ ਗਈ ਹੈ। ਸਲੋਹ ਖੇਤਰ ਦੇ ਮੁੱਖ ਹਾਲ ਵਿਚ ਪਹਿਲੇ ਅੰਮ੍ਰਿਤਧਾਰੀ ਮੇਅਰ ਸ. ਜੋਗਿੰਦਰ ਸਿੰਘ ਬੱਲ ਦੀ ਪ੍ਰਧਾਨਗੀ ਹੇਠ ਕੌਂਸਲਰਾਂ ਦੀ ਸਾਂਝੀ ਮੀਟਿੰਗ ਹੋਈ। ਮੀਟਿੰਗ ਵਿਚ ਸਭ ਤੋਂ ਪਹਿਲਾਂ ਸਲੋਹ ਖੇਤਰ ਦੇ ਨਵੇਂ ਮੇਅਰ ਦੀ ਚੋਣ ਕੀਤੀ ਗਈ। ਸ. ਜਗਜੀਤ ਸਿੰਘ ਗਰੇਵਾਲ ਨੂੰ ਸਲੋਹ ਖੇਤਰ ਦਾ ਮੇਅਰ ਚੁਣਿਆ ਗਿਆ ਜਦਕਿ ਬੀਬੀ ਸੁਖਜੀਤ ਕੌਰ ਧਾਲੀਵਾਲ ਪਹਿਲੀ ਸਿੱਖ ਮਹਿਲਾ ਡਿਪਟੀ ਮੇਅਰ ਚੁਣੀ ਗਈ। ਜ਼ਿਕਰਯੋਗ ਹੈ ਕਿ ਦੋਵੇਂ ਵੱਕਾਰੀ ਅਹੁਦੇ ਲੇਬਰ ਪਾਰਟੀ ਨੇ ਬਿਨਾਂ ਕਿਸੇ ਮੁਕਾਬਲੇ ਤੋਂ ਜਿੱਤੇ ਹਨ ਅਤੇ ਇਸ ਸਮੇਂ ਬਾਰੋ ਵਿਚ ਲੇਬਰ ਪਾਰਟੀ ਦਾ ਮੁਕੰਮਲ ਕਬਜ਼ਾ ਹੈ। ਮੀਟਿੰਗ ਵਿਚ ਲੇਬਰ ਪਾਰਟੀ ਵਲੋਂ ਬੀਬੀ ਸੁਖਜੀਤ ਕੌਰ ਧਾਲੀਵਾਲ ਦਾ ਨਾਮ ਕੌਂਸਲਰ ਜੋਗਿੰਦਰ ਸਿੰਘ ਬੱਲ ਨੇ ਪੇਸ਼ ਕੀਤਾ। ਇਸ ਦੀ ਤਈਦ ਕੌਂਸਲਰ ਆਰ. ਜਰਿਆਤ ਸਾਬਕਾ ਮੇਅਰ ਨੇ ਕੀਤੀ। ਉਨ੍ਹਾਂ ਦੇ ਮੁਕਾਬਲੇ ਟੋਰੀ ਤੇ ਲਿਬਰਲ ਪਾਰਟੀ ਨੇ ਅਪਣਾ ਕੋਈ ਵੀ ਉਮੀਦਵਾਰ ਨਾ ਉਤਾਰਿਆ।

ਸਲੋਹ ਖੇਤਰ ਦੇ ਇਤਿਹਾਸ ਵਿਚ ਬੀਬੀ ਸੁਖਜੀਤ ਕੌਰ ਧਾਲੀਵਾਲ ਬਿਨਾਂ ਮੁਕਾਬਲਾ ਜਿੱਤਣ ਵਾਲੀ ਪਹਿਲੀ ਸਿੱਖ ਮਹਿਲਾ ਡਿਪਟੀ ਮੇਅਰ ਬਣ ਗਈ ਹੈ। ਬੀਬੀ ਧਾਲੀਵਾਲ ਦੇ ਪਤੀ ਸ. ਅਰਵਿੰਦ ਸਿੰਘ ਧਾਲੀਵਾਲ ਵੀ ਸਲੋਹ ਤੋਂ ਕੌਂਸਲਰ ਹਨ।

ਇਹ ਪਰਵਾਰ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸ. ਰਣਜੀਤ ਸਿੰਘ ਬ੍ਰਹਮਪੁਰੇ ਦਾ ਨਜ਼ਦੀਕੀ ਰਿਸ਼ਤੇਦਾਰ ਹੈ। ਭਾਵੇਂ ਬੀਤੇ ਦਿਨੀਂ ਸਮੁੱਚੇ ਇੰਗਲੈਂਡ ਵਿਚ ਆਏ ਚੋਣਾਂ ਦੇ ਨਤੀਜਿਆਂ ਵਿਚ ਲੇਬਰ ਪਾਰਟੀ ਨੂੰ ਕਾਫ਼ੀ ਨੁਕਸਾਨ ਉਠਾਉਣਾ ਪਿਆ ਹੈ ਪਰ ਏਸ਼ੀਆਈ ਭਾਈਚਾਰੇ ਵਾਲੀਆਂ ਸਾਰੀਆਂ ਸੀਟਾਂ ਲੇਬਰ ਪਾਰਟੀ ਦੇ ਹੱਕ ਵਿਚ ਹੀ ਗਈਆਂ ਹਨ। ਜ਼ਿਆਦਾਤਰ ਸਿੱਖਾਂ ਨੇ ਵੀ ਲੇਬਰ ਪਾਰਟੀ ਦੀ ਹੀ ਮਦਦ ਕੀਤੀ ਸੀ। ਸਲੋਹ ਬਾਰੋ ਵਿਚ ਲੇਬਰ ਪਾਰਟੀ ਨੇ ਅਪਣਾ ਕਬਜ਼ਾ ਬਰਕਰਾਰ ਰਖਦਿਆਂ ਮੁੜ ਤੋਂ ਸਲੋਹ ਖੇਤਰ ਦੇ ਦੋਵੇਂ ਮੁੱਖ ਅਹੁਦਿਆਂ 'ਤੇ ਪੰਜਾਬੀਆਂ ਨੇ ਕਬਜ਼ਾ ਕਰ ਕੇ ਨਵਾਂ ਰਿਕਾਰਡ ਸਥਾਪਤ ਕੀਤਾ ਹੈ।

## ਅਮਰੀਕਾ-ਭਾਰਤ ਗੱਲਬਾਤ ਪਹਿਲੀ ਜੂਨ ਤੋਂ

**ਵਾਸ਼ਿੰਗਟਨ:** ਅਮਰੀਕਾ ਅਤੇ ਭਾਰਤ ਆਪਣੀ ਪਹਿਲੀ ਰਣਨੀਤਕ ਗੱਲਬਾਤ ਇਕ ਜੂਨ ਤੋਂ ਸ਼ੁਰੂ ਕਰ ਰਹੇ ਹਨ ਜਿਸ ਵਿਚ ਊਰਜਾ ਅਤੇ ਅੱਤਵਾਦ ਵਰਗੇ ਗੰਭੀਰ ਵਿਸ਼ਵ ਅਤੇ ਖੇਤਰੀ ਮੁੱਦਿਆਂ 'ਤੇ ਦੋਵਾਂ ਦੇ ਨੇਤਾਵਾਂ ਵਲੋਂ ਡੂੰਘਾ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

ਬੀਤੀ 22 ਮਈ ਇਥੇ ਰੋਜ਼ਾਨਾ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਿਦੇਸ਼ ਵਿਭਾਗ ਦੇ ਬੁਲਾਰੇ ਪੀ.ਜੇ. ਕਰਾਊਲੀ ਨੇ ਦੱਸਿਆ ਕਿ ਇਕ ਤੋਂ ਚਾਰ ਜੂਨ ਤੱਕ ਹੋਣ ਵਾਲੀ ਗੱਲਬਾਤ ਲਈ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਭਾਰਤੀ ਵਿਦੇਸ਼ ਮੰਤਰੀ ਐਸ. ਐਮ. ਕ੍ਰਿਸ਼ਨਾ ਦੀ ਮੇਜ਼ਬਾਨੀ ਲਈ ਉਤਸਕ ਹੈ। ਹਿਲੇਰੀ ਤੇ ਕ੍ਰਿਸ਼ਨਾ ਖੇਤੀਬਾੜੀ, ਵਪਾਰ ਅਤੇ ਅੱਤਵਾਦ ਦਾ ਮੁਕਾਬਲਾ ਕਰਨ ਸਮੇਤ ਅਹਿਮ ਮੁੱਦਿਆਂ 'ਤੇ ਵਿਚਾਰ ਵਟਾਂਦਰੇ ਦੀ ਸਾਂਝੀ ਪ੍ਰਧਾਨਗੀ ਕਰਨਗੇ।

# ਉਤਰੀ ਕੋਰੀਆ ਨੂੰ ਮਿਲਿਆ 44 ਸਾਲ ਬਾਅਦ ਦਾਖਲਾ

**ਸਿਓਲ:** ਉੱਤਰੀ ਕੋਰੀਆ ਨੂੰ ਵਿਸ਼ਵ ਫੁੱਟਬਾਲ ਕੱਪ ਵਿਚ ਫਿਰ ਤੋਂ ਥਾਂ ਬਣਾਉਣ ਲਈ 44 ਸਾਲ ਦੀ ਲੰਬੀ ਉਡੀਕ ਕਰਨੀ ਪਈ। ਹੁਣ ਟੀਮ ਦੀਆਂ ਨਜ਼ਰਾਂ 1966 ਦਾ ਪ੍ਰਦਰਸ਼ਨ ਦੁਹਰਾਉਣ 'ਤੇ ਹਨ ਜਦੋਂ ਟੀਮ ਕੁਆਰਟਰ ਫਾਈਨਲ ਵਿਚ ਪੁੱਜਣ ਤਕ ਸਫਲ ਰਹੀ ਸੀ। ਉੱਤਰੀ ਕੋਰੀਆ ਲਈ ਹਾਲਾਂਕਿ 1966 ਦੇ ਪ੍ਰਦਰਸ਼ਨ ਨੂੰ ਦੁਹਰਾਉਣਾ ਆਸਾਨ ਨਹੀਂ ਕਿਉਂਕਿ ਉਸ ਨੂੰ ਬਰਾਜ਼ੀਲ, ਪੁਰਤਗਾਲ, ਆਈਵਰੀ ਕੋਸਟ ਦੇ ਗਰੁੱਪ ਵਿਚ ਰੱਖਿਆ ਗਿਆ ਹੈ।

ਉੱਤਰੀ ਕੋਰੀਆ ਨੇ ਏਸ਼ੀਆਈ ਖੇਤਰ ਕੁਆਲੀਫਾਇੰਗ ਦੌਰ ਵਿਚ ਨਪਿਆ-ਤੁਲਿਆ ਪ੍ਰਦਰਸ਼ਨ ਕਰਕੇ ਦੱਖਣੀ ਅਫਰੀਕਾ ਵਿਚ ਹੋਣ ਵਾਲੇ ਵਿਸ਼ਵ ਕੱਪ ਫਾਈਨਲ ਲਈ ਮਹਾਂਦੀਪ ਦੇ ਚਾਰ ਸਥਾਨਾਂ ਲਈ ਜਗ੍ਹਾ ਬਣਾਈ ਹੈ। ਉਸ ਨੇ ਕੁਆਲੀਫਾਈਰਜ਼ ਵਿਚ ਕੇਵਲ ਅੱਠ ਗੋਲ ਕੀਤੇ ਪਰ ਇਸ ਦੇ ਬਾਵਜੂਦ ਉਹ ਅੱਗੇ ਵਧਣ ਵਿਚ ਸਫਲ ਰਿਹਾ। ਕੋਚ ਕਿਮ ਯਾਨ ਯੁੰਗ ਨੇ ਅਨੁਸ਼ਾਸਨ ਤੇ ਟੀਮ ਵਰਕ 'ਤੇ ਆਧਾਰਤ ਵਿਹਾਰਕ ਤੇ ਰਚਨਾਤਮਕ ਸ਼ੈਲੀ ਅਪਨਾਈ ਜੋ ਚੱਲ ਨਿਕਲੀ। ਟੀਮ ਦੇ ਸਹਾਇਕ ਕੋਚ ਜੋਨ ਤੋਂਗ ਸੋਪ ਨੇ ਕਿਹਾ, ''ਸਾਡਾ ਰਸਤਾ ਬਹੁਤ ਮੁਸ਼ਕਲ ਹੈ ਪਰ ਅਸੀਂ ਦੂਜੇ ਗੇੜ ਵਿਚ ਪੁੱਜਣ ਲਈ ਆਪਣੇ ਵੱਲੋਂ ਕੋਈ ਕਸਰ ਨਹੀਂ ਛੱਡਾਂਗੇ।

ਉੱਤਰੀ ਕੋਰੀਆ ਦੀ ਟੀਮ ਬਾਰੇ ਕੋਈ ਹੋਰ ਟੀਮ ਵਧੇਰੇ ਜਾਣਕਾਰੀ ਨਹੀਂ ਰੱਖਦੀ। ਇਸ ਲਈ ਉਸ ਨੂੰ ਹਲਕੇ 'ਚ ਲੈਣਾ ਵੱਡੀ ਭੁੱਲ ਹੋਵੇਗੀ। ਉੱਤਰੀ ਕੋਰੀਆ ਦੇ ਖਿਡਾਰੀ ਭਾਵੇਂ ਵਧੇਰੇ ਕਰਕੇ ਘਰੇਲੂ ਫੁੱਟਬਾਲ ਖੇਡਦੇ ਹਨ ਪਰ ਖਿਡਾਰੀ ਵਿਸ਼ਵ ਕੱਪ ਵਿਚ ਆਪਣੀ ਹਾਜ਼ਰੀ ਲਵਾਉਣ ਲਈ ਉਤਾਵਲੇ ਹਨ।

ਇਨ੍ਹਾਂ ਖਿਡਾਰੀਆਂ ਵਿਚੋਂ ਜੋਂਗ ਤਾਈ ਇਕ ਹੈ। ਉਹ ਮਜ਼ਬੂਤ ਸਰੀਰ ਵਾਲਾ ਤੇਜ਼-ਤਰਾਰ ਸਟਰਾਈਕਰ ਹੈ। ਉਸ ਦੇ ਨਾਲ ਹਾਂਗ ਯੋਂਗ ਜੋਜੀ ਹੈ ਜਿਸ ਨੇ ਕੁਆਲੀਫਾਇੰਗ ਗੇੜ ਵਿਚ ਚਾਰ ਗੋਲ ਕੀਤੇ ਹਨ। ਉੱਤਰੀ ਕੋਰੀਆ ਦਾ ਪਹਿਲਾ ਮੈਚ 15 ਜੂਨ ਨੂੰ ਹੈ ਜੋ ਜੋਹਾਨਸਬਰਗ ਵਿਚ ਬਰਾਜ਼ੀਲ ਨਾਲ ਹੋਵੇਗਾ।

## ਅਪਰੇਸ਼ਨ ਗਰੀਨ ਹੰਟ ਵਿਰੋਧੀ ਫਰੰਟ ਬਣਾਇਆ

# ਪੰਜਾਬ 'ਚ ਦਸਤਖ਼ਤੀ ਮੁਹਿੰਮ ਚਲਾਉਣ ਤੇ ਕਨਵੈਨਸ਼ਨਾਂ ਕਰਨ ਦਾ ਐਲਾਨ

**ਜਗਰਾਉਂ:** ਕੇਂਦਰ ਸਰਕਾਰ ਵੱਲੋਂ ਲੋਕ ਲਹਿਰਾਂ ਨੂੰ ਕੁਚਲਣ ਲਈ ਚਲਾਏ ਜਾ ਰਹੇ ਅਪਰੇਸ਼ਨ ਗਰੀਨ ਹੰਟ ਦੇ ਸਬੰਧ ਵਿਚ ਵੱਖ-ਵੱਖ ਜਥੇਬੰਦੀਆਂ ਦੀ ਇਥੇ ਹੋਈ ਮੀਟਿੰਗ ਵਿਚ ਪੰਜਾਬ ਭਰ ਦੇ ਬੁੱਧੀਜੀਵੀਆਂ, ਲੇਖਕਾਂ, ਵਕੀਲਾਂ, ਨਾਟਕਕਾਰਾਂ ਤੇ ਰੰਗਕਰਮੀਆਂ ਨੇ ਵੀ ਹਿੱਸਾ ਲਿਆ। ਮੀਟਿੰਗ ਦੀ ਪ੍ਰਧਾਨਗੀ ਰੰਗਕਰਮੀ ਪ੍ਰੋਫੈਸਰ ਅਜਮੇਰ ਸਿੰਘ ਔਲਖ ਨੇ ਕੀਤੀ। ਦੇਸ਼ ਦੇ ਨੌਂ ਸੂਬਿਆਂ ਵਿਚ ਕੇਂਦਰ ਸਰਕਾਰ ਵੱਲੋਂ ਆਦਿਵਾਸੀਆਂ ਖਿਲਾਫ ਚਲਾਏ ਜਾ ਰਹੇ ਅਪਰੇਸ਼ਨ ਗਰੀਨ ਹੰਟ ਖਿਲਾਫ਼ ਨਾਟਕਕਾਰ ਗੁਰਸ਼ਰਨ ਸਿੰਘ ਦੀ ਅਗਵਾਈ ਵਿਚ 21 ਮੈਂਬਰੀ 'ਅਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ' ਬਣਾਇਆ ਗਿਆ ਹੈ।

ਮੰਚ ਦੇ ਤਰਜਮਾਨ ਤੇ ਕੋ-ਕਨਵੀਨਰ ਪ੍ਰੋਫੈਸਰ ਪਰਮਿੰਦਰ ਸਿੰਘ ਨੇ ਦੱਸਿਆ ਕਿ ਮੀਟਿੰਗ ਵਿਚ ਫਰੰਟ ਦੇ ਆਧਾਰ, ਉਦੇਸ਼, ਮੰਗਾਂ ਅਤੇ ਅਗਲੀ ਵਿਉਂਤਬੰਦੀ ਬਾਰੇ ਵਿਸਥਾਰ ਵਿਚ ਵਿਚਾਰ ਚਰਚਾ ਕੀਤੀ ਗਈ। ਇਸ ਆਧਾਰ ਵਿਚ ਸਪੱਸ਼ਟ ਕੀਤਾ ਗਿਆ ਕਿ ਮਨਮੋਹਨ-ਚਿਦੰਬਰਮ ਸਰਕਾਰ ਵੱਲੋਂ ਕਾਰਪੋਰੇਟ ਸੈਕਟਰ ਦਾ ਆਦਿਵਾਸੀ ਲੋਕਾਂ ਦੇ ਜਲ, ਜੰਗਲ ਅਤੇ ਜ਼ਮੀਨ 'ਤੇ ਕਬਜ਼ਾ ਕਰਾਉਣ ਲਈ ਸਦੀਆਂ ਤੋਂ ਜੰਗਲਾਂ ਵਿਚ ਵਸੇ ਲੋਕਾਂ ਨੂੰ ਉਜਾੜਨ ਲਈ ਇਹ ਅਪਰੇਸ਼ਨ ਸ਼ੁਰੂ ਕਰਕੇ ਅੰਨਾ ਕਤਲੇਆਮ ਅਤੇ ਉਜਾੜਾ ਮਚਾਇਆ ਜਾ ਰਿਹਾ ਹੈ। ਇਸ ਦਾ ਮਕਸਦ ਅਰਬਾਂ-ਖਰਬਾਂ ਦਾ ਖਣਿਜ ਅਤੇ ਧਾਤਾਂ ਦੇਸੀ ਵਿਦੇਸ਼ੀ ਲੁਟੇਰਿਆਂ ਨੂੰ ਕੌਡੀਆਂ ਦੇ ਭਾਅ ਲੁਟਾਉਣਾ ਹੈ। ਮੀਟਿੰਗ ਦੌਰਾਨ ਆਦਿਵਾਸੀਆਂ ਖਿਲਾਫ ਸ਼ੁਰੂ ਕੀਤੀ ਗਈ ਇਸ ਕਾਰਵਾਈ ਨੂੰ ਤੁਰੰਤ ਬੰਦ ਕਰਨ, ਨੀਮ ਫੌਜੀ ਬਲ ਵਾਪਸ ਬੁਲਾਉਣ, ਸਲਵਾ ਜੁਡਮ ਵਰਗੀਆਂ ਲੋਕ ਵਿਰੋਧੀ ਜਥੇਬੰਦੀਆਂ ਭੰਗ ਕਰਨ, ਵਿਸ਼ੇਸ਼ ਆਰਥਿਕ ਜ਼ੋਨ ਬਣਾਉਣ ਦੀ ਨੀਤੀ ਰੱਦ ਕਰਨ, ਵਿਕਾਸ ਪ੍ਰਾਜੈਕਟ ਅਤੇ ਖਾਣਾਂ ਦੀ ਖੁਦਾਈ ਦੇ ਨਾਂ 'ਤੇ ਆਦਿਵਾਸੀਆਂ ਦਾ ਉਜਾੜਾ ਬੰਦ ਕਰਨ, ਆਰਮਡ ਫੋਰਸਜ਼ ਸਪੈਸ਼ਲ ਪਾਵਰ ਐਕਟ ਅਤੇ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ ਵਰਗੇ ਸਾਰੇ ਕਾਲੇ ਕਾਨੂੰਨ ਰੱਦ ਕਰਨ ਦੀ ਮੰਗ ਕੀਤੀ।

ਇਸ ਦੇ ਨਾਲ ਹੀ ਝੂਠੇ ਪੁਲਿਸ ਮੁਕਾਬਲੇ ਬੰਦ ਕਰਨ, ਝੂਠੇ ਪੁਲਿਸ ਕੇਸਾਂ ਵਿਚ ਫਸਾਏ ਲੋਕਾਂ ਨੂੰ ਰਿਹਾਅ ਕਰਨ, ਸੀ.ਪੀ.ਆਈ. (ਮਾਓਵਾਦੀ) ਉਤੇ ਲਾਈ ਪਾਬੰਦੀ ਹਟਾਉਣ ਅਤੇ ਹੋਰ ਮੰਗਾਂ ਬਾਰੇ ਮਤੇ ਪਾਸ ਕੀਤੇ ਗਏ। ਮੀਟਿੰਗ ਨੇ ਝੂਠੇ ਕੇਸਾਂ ਵਿਚ ਫਸਾਏ ਤੇ ਤਸ਼ੱਦਦ ਦਾ ਸ਼ਿਕਾਰ ਬਣਾਏ ਜਾ ਰਹੇ ਵਰਕਰਾਂ ਦਿਲਬਾਗ ਸਿੰਘ ਜ਼ੀਰਾ, ਸੰਜੀਵ ਮਿੰਟੂ ਧੂਰੀ, ਕਰਮ ਸੇਖਾ ਨਵਾਂਸ਼ਹਿਰ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ। ਮੀਟਿੰਗ ਵਿਚ ਇਸ ਗੰਭੀਰ ਮੁੱਦੇ 'ਤੇ ਲੋਕ ਰਾਇ ਲਾਮਬੰਦ ਕਰਨ ਲਈ ਪੰਜਾਬ ਭਰ ਦੇ ਬੁੱਧੀਜੀਵੀਆਂ ਨਾਲ ਸੰਪਰਕ ਬਣਾਉਣ, ਦਸਤਖ਼ਤੀ ਮੁਹਿੰਮ ਮਹੀਨੇ ਭਰ ਲਈ ਵਿੱਢਣ, ਪੰਜਾਬ ਭਰ ਵਿਚ ਦਰਜਨ ਦੇ ਕਰੀਬ ਥਾਂਵਾਂ ਚੰਡੀਗੜ੍ਹ, ਲੁਧਿਆਣਾ, ਸਮਰਾਲਾ, ਬਰਨਾਲਾ, ਬਠਿੰਡਾ, ਮੋਗਾ, ਅੰਮ੍ਰਿਤਸਰ ਆਦਿ ਵਿਖੇ ਕਨਵੈਨਸ਼ਨਾਂ ਕਰਨ, ਫਰੰਟ ਦੀ ਆਪਣੀ ਵੈਬਸਾਈਟ ਤਿਆਰ ਕਰਨ ਦਾ ਫੈਸਲਾ ਕੀਤਾ ਗਿਆ। ਇਸ ਸਮੇਂ ਪ੍ਰੋ. ਏ.ਕੇ. ਮਲੇਰੀ ਤੇ ਯਸ਼ਪਾਲ ਨੂੰ ਕੋ-ਕਨਵੀਨਰ ਨਿਯੁਕਤ ਕੀਤਾ ਗਿਆ। ਮੀਟਿੰਗ ਵਿਚ ਪ੍ਰੋ. ਹਮਦਰਦਵੀਰ ਨੌਸ਼ਹਿਰਵੀ, ਅਤਰਜੀਤ, ਪ੍ਰੋ. ਬਲਦੀਪ, ਐਡਵੋਕੇਟ ਅਮਰਜੀਤ ਬਾਈ, ਸ਼ਸ਼ੀ ਵਾਤਸਾਯਨ, ਨਰਭਿੰਦਰ, ਪ੍ਰਿਤਪਾਲ ਸਿੰਘ, ਐਨ.ਕੇ. ਜੀਤ ਅਤੇ ਹੋਰ ਹਾਜ਼ਰ ਸਨ।




**ਗਰੀਨਹੰਟ ਖ਼ਿਲਾਫ਼ ਕਿਤਾਬ**

**ਲੋਕਾਂ ਖ਼ਿਲਾਫ਼ ਜੰਗ ਵਿਰੋਧੀ ਮੰਚ, ਪੰਜਾਬ ਵੱਲੋਂ ਛਪਵਾਈ ਕਿਤਾਬ ਦਾ ਟਾਈਟਲ। ਇਸ ਵਿਚ ਅਰੁੰਧਾਤੀ ਰਾਏ, ਪ੍ਰੋ. ਸਰੋਜ ਗਿਰੀ, ਰਾਧਾ ਡਿਸੂਜਾ, ਹਿਮਾਂਸ਼ੂ ਕੁਮਾਰ, ਮਨਮੋਹਨ ਬਾਵਾ, ਗੌਤਮ ਨਵਲਖਾ, ਟਰੈਵਰ ਸੈਲਵਮ, ਸੁਮੰਤ ਬੈਨਰਜੀ, ਪੀ.ਕੇ. ਵਿਜੇਅਨ ਦੇ ਲੇਖ ਅਤੇ ਪ੍ਰੋ. ਬਾਵਾ ਸਿੰਘ ਤੇ ਗੁਰਸੇਵਕ ਸਿੰਘ ਦੀਆਂ ਕਵਿਤਾਵਾਂ ਹਨ।**




### ਪੋਸਟਰ ਦੇ ਪੁਆੜੇ

**ਮਾਓਵਾਦੀਆਂ ਵੱਲੋਂ ਪੰਜਾਬ ਵਿਚ ਮਈ ਦਿਵਸ ਮੌਕੇ ਅਪਰੇਸ਼ਨ ਗਰੀਨ ਹੰਟ ਖ਼ਿਲਾਫ਼ ਜਾਰੀ ਪੋਸਟਰ ਦੀ ਤਸਵੀਰ। ਇਹ ਪੋਸਟਰ ਲਾਉਂਦਿਆਂ ਜ਼ੀਰਾ (ਜ਼ਿਲ੍ਹਾ ਫ਼ਿਰੋਜ਼ਪੁਰ) ਵਿਚ ਦਿਲਬਾਗ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਸ ਉਤੇ ਬੇਤਹਾਸ਼ਾ ਤਸ਼ੱਦਦ ਢਾਹਿਆ ਪਰ ਉਹ ਲਗਾਤਾਰ ਕਹਿੰਦਾ ਰਿਹਾ ਕਿ ਉਸ ਨੂੰ ਮਾਓਵਾਦੀਆਂ ਦੀਆਂ ਨੀਤੀਆਂ ਵਿਚ ਵਜ਼ਨ ਲਗਦਾ ਹੈ, ਇਸ ਲਈ ਉਨ੍ਹਾਂ ਦੀ ਹਮਾਇਤ ਕਰ ਰਿਹਾ ਹੈ। ਇਸ ਤੋਂ ਪੁਲਿਸ ਉਸ ਕੋਲੋਂ ਕੁਝ ਵੀ ਪਤਾ ਨਹੀਂ ਕਰ ਸਕੀ। ਜ਼ੀਰਾ, ਫ਼ਿਰੋਜ਼ਪੁਰ, ਬਠਿੰਡਾ, ਬਰਨਾਲਾ ਤੇ ਹੋਰ ਥਾਈਂ ਪੋਸਟਰ ਲੱਗਣ ਪਿੱਛੋਂ ਸਰਕਾਰ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਇਸ ਤੋਂ ਬਾਅਦ ਮਜ਼ਦੂਰ ਆਗੂ ਸੰਜੀਵ ਕੁਮਾਰ ਮਿੰਟੂ ਨੂੰ ਫੜ ਲਿਆ ਗਿਆ। ਉਸ ਨੂੰ ਸੰਗਰੂਰ ਨੇੜੇ ਬਹਾਦਰਪੁਰ ਦੇ ਬਦਨਾਮ ਤਸੀਹਾ ਕੇਂਦਰ ਵਿਚ ਰੱਖਿਆ ਹੋਇਆ ਹੈ ਅਤੇ ਉਸ ਉਤੇ ਵੀ ਤਸ਼ੱਦਦ ਢਾਹਿਆ ਜਾ ਰਿਹਾ ਹੈ।**

## ਤੁਹਾਡੀ ਰਾਏ

# ਸਮਾਜ ਸੇਵਾ ਜਾਂ ਗੱਦਾਰੀ-ਇਕ ਕੌੜਾ ਸੱਚ

ਨਿਊ ਯਾਰਕ ਤੋਂ ਛਪਦੇ ਇਕ ਪੰਜਾਬੀ ਅਖਬਾਰ 'ਅੰਬੇਡਕਰ ਲਹਿਰ' ਵਿਚ ਪਿਛਲੇ ਦਿਨੀਂ ਛਪੇ ਇਕ ਲੇਖ 'ਅਖ਼ਬਾਰਾਂ ਨਾਲ ਬਲਾਤਕਾਰ ਦੇ ਆਦੀ ਲੋਕ' ਪੜ੍ਹਦਿਆਂ ਬਹੁਤ ਸਾਰੀਆਂ ਗੱਲਾਂ ਦਿਮਾਗ ਵਿਚ ਘੁੰਮ ਰਹੀਆਂ ਸਨ। ਇਸ ਲੇਖ ਵਿਚ ਕੇਵਲ ਕ੍ਰਿਸ਼ਨ ਸਰੋਆ ਉਰਫ ਅਖੌਤੀ ਸੋਨੂੰ ਅੰਬੇਡਕਰ ਨੇ ਜ਼ਿਕਰ ਕੀਤਾ ਹੈ ਕਿ ਭਾਰਤੀ ਲੋਕਤੰਤਰ ਦੇ ਚਾਰ ਥੰਮਾਂ ਵਿਚੋਂ ਇਕ ਥੰਮ੍ਹ ਮੀਡੀਆ ਹੈ। ਪਹਿਲਾਂ ਤਾਂ ਮੈਂ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ ਸਿਰਫ ਭਾਰਤੀ ਲੋਕਤੰਤਰ ਦੇ ਨਹੀਂ ਬਲਕਿ ਵਿਸ਼ਵ ਭਰ ਵਿਚ ਮੀਡੀਆ ਵਾਲਾ ਥੰਮ ਬਹੁਤ ਹੀ ਵਧੀਆ ਤਰੀਕੇ ਨਾਲ ਕੰਮ ਕਰਦਾ ਹੈ ਪਰ ਜੇ ਇਹ ਥੰਮ ਸਿਆਣੇ ਵਿਅਕਤੀਆਂ ਦੇ ਹੱਥ ਹੋਵੇ ਤਾਂ। ਜੇ ਇਹ ਕਿਸੇ ਤਜਰਬਾਹੀਣ, ਅਕਲ ਦੇ ਅੰਨ੍ਹੇ ਜਾਂ ਅਨਪੜ੍ਹ ਵਿਅਕਤੀ ਦੇ ਹੱਥਾਂ ਵਿਚ ਚਲਾ ਜਾਵੇ ਤਾਂ ਇਹ ਥੰਮ ਡਿੱਗਣ ਨੂੰ ਕੁਝ ਪਲ ਹੀ ਲੱਗਦੇ ਹਨ।

ਇਸ ਲੇਖ ਵਿਚ ਭਾਰਤ ਸਰਕਾਰ ਦੇ ਸਾਬਕਾ ਮੰਤਰੀ ਸ੍ਰੀ ਰਾਮ ਵਿਲਾਸ ਪਾਸਵਾਨ ਬਾਰੇ ਜ਼ਿਕਰ ਕੀਤਾ ਗਿਆ ਹੈ। ਕੇਵਲ ਕ੍ਰਿਸ਼ਨ ਕੁਝ ਸਾਲ ਪਹਿਲਾਂ ਸਾਹਿਬ ਸ੍ਰੀ ਕਾਂਸ਼ੀ ਰਾਮ ਨੂੰ ਬਿਮਾਰੀ ਦੀ ਹਾਲਤ ਵਿਚ ਭਾਰਤ ਦੇਖਣ ਗਿਆ ਸੀ। ਸ਼ਾਇਦ ਇਸ ਨੇ ਇਸ ਲੇਖ ਵਿਚ ਜ਼ਿਕਰ ਵੀ ਕੀਤਾ ਹੈ ਕਿ ਮੈਨੂੰ ਮੇਰੇ ਕੁਝ ਵੀਰਾਂ ਨੇ ਹਰ ਤਰ੍ਹਾਂ ਦੀ ਵਿੱਤੀ ਸਹਾਇਤਾ ਨਾਲ ਭਾਰਤ ਭੇਜਿਆ ਸੀ। ਜ਼ਿਕਰ ਅਧੀਨ ਇਸ ਮੀਟਿੰਗ ਵਿਚ ਮੈਂ ਵੀ ਉਨ੍ਹਾਂ ਵੀਰਾਂ ਦੇ ਨਾਲ ਹੀ ਇਸ ਕੇਵਲ ਕ੍ਰਿਸ਼ਨ ਦੇ ਘਰ ਬੈਠਾ ਸੀ। ਕੇਵਲ ਕ੍ਰਿਸ਼ਨ ਉਰਫ ਅੱਜ ਦਾ ਸੋਨੂੰ ਇਹ ਗੱਲ ਕਰ ਰਿਹਾ ਸੀ ਕਿ ਜੇ ਸਾਹਿਬ ਸ੍ਰੀ ਕਾਂਸ਼ੀ ਰਾਮ ਨੂੰ ਕੁਝ ਹੋ ਜਾਂਦਾ ਹੈ ਤਾਂ ਮੇਰੀ ਗੱਲ ਰਾਮ ਵਿਲਾਸ ਪਾਸਵਾਨ ਨਾਲ ਚੱਲਦੀ ਹੈ ਕਿ ਆਪਾਂ ਪਾਸਵਾਨ ਨੂੰ ਬਹੁਜਨ ਸਮਾਜ ਪਾਰਟੀ ਦਾ ਪ੍ਰਧਾਨ ਬਣਾ ਦੇਈਏ। ਇਹ ਗੱਲ ਸੁਣ ਕੇ ਮੈਨੂੰ ਕੇਵਲ ਕ੍ਰਿਸ਼ਨ 'ਤੇ ਹਾਸਾ ਵੀ ਆ ਰਿਹਾ ਸੀ ਤੇ ਬਹੁਤ ਸਾਰਾ ਗੁੱਸਾ ਵੀ ਤੇ ਤਰਸ ਵੀ। ਮੈਂ ਵਾਰ-ਵਾਰ ਇਹ ਸੋਚਣ 'ਤੇ ਮਜ਼ਬੂਰ ਹੋ ਰਿਹਾ ਸੀ ਕਿ ਇਹ ਲੋਕ ਕੀ ਸੋਚਦੇ ਹਨ ਕਿ ਬੀ.ਐਸ.ਪੀ. ਦਾ ਪ੍ਰਧਾਨ ਬਦਲਣਾ ਇੰਨਾ ਸੌਖਾ ਹੈ ਕਿ ਉਹ ਕੇਵਲ ਕ੍ਰਿਸ਼ਨ ਦੇ ਕਹੇ 'ਤੇ ਬਦਲਿਆ ਜਾਏਗਾ ਜੋ ਕਿ ਬੀ.ਐਸ.ਪੀ. ਦਾ ਸ਼ਾਇਦ ਕਦੇ ਮੁੱਢਲਾ ਮੈਂਬਰ ਵੀ ਨਹੀਂ ਹੈ। ਲੇਕਿਨ ਮੈਨੂੰ ਅੱਜ ਇਹ ਸਮਝ ਨਹੀਂ ਸੀ ਆ ਰਹੀ ਕਿ ਇਹ ਕੇਵਲ ਕ੍ਰਿਸ਼ਨ ਕਿਹੜੀ ਗੱਲ ਤੋਂ ਰਾਮ ਵਿਲਾਸ ਪਾਸਵਾਨ ਦਾ ਵਿਰੋਧ ਕਰ ਰਿਹਾ ਹੈ।

ਇਸੇ ਲੇਖ ਵਿਚ ਕੇਵਲ ਕ੍ਰਿਸ਼ਨ ਨੇ ਬਾਮਸੇਫ ਬਾਰੇ ਕੁਝ ਇਤਰਾਜ਼ਯੋਗ ਗੱਲਾਂ ਕੀਤੀਆਂ ਹਨ। ਸ਼ਾਇਦ ਕਿਸੇ ਨੂੰ ਵੀ ਅਜੇ ਤੱਕ ਬਾਮਸੇਫ ਦੀ ਸ਼ਕਤੀ ਦਾ ਅੰਦਾਜ਼ਾ ਨਹੀਂ ਹੈ। ਆਰ.ਐਸ.ਐਸ. (ਰਾਸ਼ਟਰੀ ਸਵੈਮ ਸੇਵਕ ਸੰਘ) ਭਾਰਤ ਨੂੰ ਇਕ ਹਿੰਦੂ ਸਾਮਰਾਜ ਵਜੋਂ ਸਥਾਪਤ ਕਰਨਾ ਚਾਹੁੰਦੀ ਹੈ, ਉਸ ਤੋਂ ਉਲਟ ਬਾਮਸੇਫ ਭਾਰਤ ਨੂੰ ਇਕ ਬਹੁਜਨ ਸਮਾਜ ਦਾ ਸਾਮਰਾਜ ਸਥਾਪਤ ਕਰਨ ਲਈ ਵਚਨਬੱਧ ਹੈ। ਇਸ ਗੱਲ ਦਾ ਅੰਦਾਜ਼ਾ ਬਾਮਸੇਫ ਦੀ ਸਾਲਾਨਾ ਕਾਨਫਰੰਸ ਤੋਂ ਲਾਇਆ ਜਾ ਸਕਦਾ ਹੈ। ਅੱਜ ਬਾਮਸੇਫ ਦੇ ਮਾਧਿਅਮ ਰਾਹੀਂ ਜੱਜ, ਪ੍ਰੋਫੈਸਰ, ਵਕੀਲ, ਡਾਕਟਰ, ਇੰਜੀਨੀਅਰ, ਆਈ.ਏ.ਐਸ. ਅਫਸਰ ਅਤੇ ਹੋਰ ਬੜੇ-ਬੜੇ ਉਚ ਅਹੁਦਿਆਂ 'ਤੇ ਬਿਰਾਜਮਾਨ ਲੋਕ ਮਹਾਨ ਰਹਿਬਰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਮਿਸ਼ਨ ਲੋਕਾਂ ਤੱਕ ਪਹੁੰਚਾਉਣ ਲਈ ਇਕੱਠੇ ਹੋ ਗਏ ਹਨ। ਇਹੋ ਜਿਹੀਆਂ ਸੰਸਥਾਵਾਂ ਦੇ ਫੈਸਲਿਆਂ 'ਤੇ ਕਿੰਤੂ-ਪ੍ਰੰਤੂ ਕਰਨਾ ਸਿਰਫ ਅਨਪੜ੍ਹ ਅਤੇ ਮੂਰਖ ਬੰਦਿਆਂ ਦਾ ਕੰਮ ਹੀ ਹੋ ਸਕਦਾ ਹੈ ਜੋ ਇਹ ਸਭ ਕੁਝ ਸਿਰਫ ਈਰਖਾ ਕਰਕੇ ਹੀ ਕਰ ਰਹੇ ਹਨ।

ਇਕ ਗੱਲ ਮੇਰੇ ਮਨ ਵਿਚ ਵਾਰ-ਵਾਰ ਕਾਫੀ ਸਮੇਂ ਤੋਂ ਆ ਰਹੀ ਹੈ ਕਿ ਸ਼ਾਇਦ ਇਸੇ ਕਰਕੇ ਕੇਵਲ ਕ੍ਰਿਸ਼ਨ ਨੇ ਵਾਰ-ਵਾਰ ਲੋਕਾਂ ਨੂੰ ਕਿਹਾ ਕਿ ਅੱਜ ਤੋਂ ਮੈਨੂੰ ਸੋਨੂੰ ਅੰਬੇਡਕਰ ਕਿਹਾ ਜਾਵੇ। ਪਰ ਮੈਂ ਸਭਨਾਂ ਨੂੰ ਬੇਨਤੀ ਅਤੇ ਪੁਰਜ਼ੋਰ ਅਪੀਲ ਕਰਦਾ ਹਾਂ ਕਿ ਲੋਕਾਂ ਨੂੰ ਗੁਮਰਾਹ ਕਰਨ ਵਾਲੇ ਇਹੋ ਜਿਹੇ ਵਿਅਕਤੀ ਨੂੰ ਕਦੀ ਵੀ ਸੋਨੂੰ ਅੰਬੇਡਕਰ ਕਹਿ ਕੇ ਨਹੀਂ ਬੁਲਾਇਆ ਜਾਣਾ ਚਾਹੀਦਾ ਕਿਉਂਕਿ ਅੰਬੇਡਕਰ ਸ਼ਬਦ ਬਾਬਾ ਸਾਹਿਬ ਡਾ. ਭੀਮ ਰਾਓ ਜੀ ਦੇ ਨਾਂ ਨਾਲ ਜੁੜਨ ਕਰਕੇ ਸਾਡੇ ਲਈ ਬਹੁਤ ਹੀ ਪਵਿੱਤਰ ਅਤੇ ਮਹਾਨ ਸ਼ਬਦ ਹੈ ਜੋ ਕਿ ਸਾਨੂੰ ਇਸ ਤਰ੍ਹਾਂ ਦੀ ਘਟੀਆ ਸੋਚ ਵਾਲੇ ਕਿਸੇ ਬੰਦੇ ਨਾਲ ਨਹੀਂ ਜੋੜਨਾ ਚਾਹੀਦਾ।

ਜੋ ਵੀ ਵਿਅਕਤੀ ਸਮਾਜ ਸੇਵਕ ਦੇ ਤੌਰ 'ਤੇ ਸਮਾਜ ਵਿਚ ਵਿਚਰਦਾ ਹੈ ਉਸ ਦੀ ਮਾਨਸਿਕਤਾ (ਉਹ ਵਿਦੇਸ਼ ਵਿਚ ਹੋਏ ਜਾਂ ਭਾਰਤ ਵਿਚ) ਕਦੀ ਨਹੀਂ ਬਦਲਦੀ। ਕੇਵਲ ਕ੍ਰਿਸ਼ਨ ਤਕਰੀਬਨ ਤਿੰਨ ਚਾਰ ਸਾਲ ਪਹਿਲਾਂ ਭਾਰਤ ਗਿਆ ਸੀ, ਉਦੋਂ ਦਾ ਹੀ ਇਹ ਆਪਣੀਆਂ ਗੰਨਮੈਨਾਂ ਨਾਲ ਤਸਵੀਰਾਂ ਅਖਬਾਰਾਂ ਵਿਚ ਛਾਪ ਰਿਹਾ ਹੈ। ਮੈਨੂੰ ਇਹ ਜਾਣ ਕੇ ਕਾਫੀ ਦੁੱਖ ਹੋਇਆ, ਕਿਸੇ ਵੀ ਵਿਅਕਤੀ ਨੂੰ ਅੰਗ-ਰੱਖਿਅਕ ਉਸ ਦੀ ਰਾਖੀ ਕਰਨ ਵਾਸਤੇ ਮਿਲਦਾ ਹੈ ਨਾ ਕਿ ਹਰੇਕ ਸ਼ਾਮ ਇਕੱਠੇ ਬੈਠ ਕੇ ਸ਼ਰਾਬਾਂ ਪੀ ਕੇ ਆਪਸ ਵਿਚ ਲੜ ਝਗੜ ਕੇ ਹੱਲਾ-ਗੁੱਲਾ ਕਰਨ ਵਾਸਤੇ ਹੁੰਦਾ ਹੈ। ਇਹ ਲੋਕ ਇਹ ਨਹੀਂ ਸਮਝਦੇ ਕਿ ਭਾਰਤ ਜਾ ਕੇ ਅੰਗ-ਰੱਖਿਅਕ ਨਾਲ ਰੱਖ ਕੇ ਤੇ ਜਾਂ ਫਿਰ ਦੋ-ਚਾਰ ਹਫਤੇ ਭਾਰਤ ਜਾ ਕੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀਆਂ ਲੱਤਾਂ-ਬਾਹਾਂ ਘੁੱਟ ਕੇ ਅਤੇ ਮਾਲਿਸ਼ਾਂ ਕਰਕੇ ਕੋਈ ਕੌਮ ਦਾ ਲੀਡਰ ਨਹੀਂ ਬਣ ਜਾਂਦਾ। ਲੀਡਰ ਬਣਨ ਲਈ ਬਹੁਤ ਸਾਰੀ ਸੂਝ-ਬੂਝ, ਦਿਮਾਗ, ਅਕਲ ਚਾਹੀਦੀ ਹੈ।

ਜੋ ਕੇਵਲ ਕ੍ਰਿਸ਼ਨ ਨੇ ਲਿਖਿਆ ਹੈ ਕਿ ਮੈਂ ਦਲਿਤ ਸਮਾਜ ਦਾ ਕੂਕਰ ਹਾਂ (ਵਾਚਡੌਗ ਹਾਂ)। ਕੂਕਰ ਦਾ ਮਤਲਬ ਹੈ ਕੁੱਤਾ। ਕੁੱਤਾ ਇਕ ਐਸਾ ਵਫਾਦਾਰ ਜਾਨਵਰ ਹੈ ਜੋ ਕਿ ਆਪਣੇ ਮਾਲਕ ਅਤੇ ਉਸ ਦੇ ਪਰਿਵਾਰ ਪ੍ਰਤੀ ਸਾਰੀ ਜ਼ਿੰਦਗੀ ਬਹੁਤ ਹੀ ਵਫਾਦਾਰੀ ਨਾਲ ਰਹਿੰਦਾ ਹੈ। ਕੁੱਤੇ ਦਾ ਮਾਲਕ ਉਸਨੂੰ ਭਾਵੇਂ ਜਿੰਨਾ ਵੀ ਮਰਜ਼ੀ ਮਾਰ ਕੁੱਟ ਲਵੇ, ਭਾਵੇਂ ਉਸਨੂੰ ਜਿੰਨੇ ਵੀ ਮਰਜ਼ੀ ਤਸੀਹੇ ਦੇਵੇ ਕੁੱਤਾ ਫਿਰ ਵੀ ਕੁਝ ਦੇਰ ਬਾਅਦ ਪੂਛ ਹਿਲਾਉਂਦਾ ਉਸ ਮਾਲਕ ਕੋਲ ਹੀ ਆਉਂਦਾ ਹੈ। ਕੇਵਲ ਜਿਹੇ ਲੋਕ ਤਾਂ ਸਮਾਜ ਦੇ ਕੂਕਰ ਅਖਵਾਉਣ ਦੇ ਹੱਕਦਾਰ ਹੀ ਨਹੀਂ ਜੋ ਕਿ ਇਕ ਛੋਟੀ ਜਿਹੀ ਗੱਲ ਨੂੰ ਸਿਰਫ ਈਰਖਾ ਕਰਕੇ ਮੀਡੀਆ ਵਿਚ ਲੈ ਆਉਂਦੇ ਹਨ। ਇਹੋ ਹੀ ਇਨ੍ਹਾਂ ਲੋਕਾਂ ਦੀ ਸਮਾਜ ਸੇਵਾ ਹੈ ਅਤੇ ਆਪਣੇ ਸਮਾਜ ਪ੍ਰਤੀ ਈਮਾਨਦਾਰੀ ਦੀ ਤਸਵੀਰ।

ਕੇਵਲ ਕ੍ਰਿਸ਼ਨ ਨੇ ਜੋ ਰਵਿਦਾਸੀਆਂ ਕੌਮ ਦੀ ਸੁਪਰੀਮ ਕੌਂਸਲ ਦੇ ਮੈਂਬਰ ਹੋਣ ਦਾ ਜ਼ਿਕਰ ਕੀਤਾ ਹੈ ਉਹ ਵੀ ਸ਼ਾਇਦ ਇਹ ਭੁੱਲ ਗਿਆ ਹੈ ਕਿ ਕੇਵਲ ਕ੍ਰਿਸ਼ਨ ਨੂੰ ਸੁਪਰੀਮ ਕੌਂਸਲ ਦਾ ਮੈਂਬਰ ਵੀ ਇਸ ਬਾਮਸੇਫ ਨੇ ਹੀ ਬਣਾਇਆ ਹੈ। ਸ਼ਾਇਦ ਕੇਵਲ ਕ੍ਰਿਸ਼ਨ ਇਹ ਗੱਲ ਭੁੱਲ ਗਿਆ ਹੈ ਕਿ ਕਿਸ ਤਰ੍ਹਾਂ ਸੈਕਰਾਮੈਂਟੋ ਦੇ ਗੁਰੂ ਘਰ ਵਿਚ ਜਦੋਂ ਸੁਪਰੀਮ ਕੌਂਸਲ ਦੀ ਸਥਾਪਨਾ ਹੋਈ ਸੀ ਤਾਂ ਕਿਸ ਤਰ੍ਹਾਂ ਉਹ ਬਾਮਸੇਫ ਦੇ ਮੈਂਬਰਾਂ ਅੱਗੇ ਆਪਣਾ ਨਾਂ ਲਿਖ ਕੇ ਵਾਰ-ਵਾਰ ਲਿਆ ਰਿਹਾ ਸੀ ਕਿ ਮੈਨੂੰ ਸੁਪਰੀਮ ਕੌਂਸਲ ਦਾ ਮੈਂਬਰ ਬਣਾਓ।

ਅਖੀਰ ਵਿਚ ਮੈਂ ਬਾਮਸੇਫ ਇੰਟਰਨੈਸ਼ਨਲ ਸੰਸਥਾ ਦਾ ਤਹਿ ਦਿਲੋਂ ਧੰਨਵਾਦੀ ਹਾਂ ਕਿ ਉਨ੍ਹਾਂ ਇਸ ਸਾਲ ਸੈਕਰਾਮੈਂਟੋ ਵਿਖੇ ਸ੍ਰੀ ਗੁਰੂ ਰਵਿਦਾਸ ਸਭਾ ਵਲੋਂ ਕਰਵਾਏ ਗਏ ਨਗਰ ਕੀਰਤਨ ਮੌਕੇ ਸ੍ਰੀ ਮੱਖਣ ਲੁਹਾਰ, ਪ੍ਰੋਮਟਰ ਅਤੇ ਡਾਇਰੈਕਟਰ ਜੱਸੀ ਬੰਗਾ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ। ਸਮੂਹ ਬਹੁਜਨ ਸਮਾਜ ਬਾਮਸੇਫ ਸੰਸਥਾ ਦੇ ਮੋਢੇ ਨਾਲ ਮੋਢਾ ਜੋੜ ਕੇ ਖੜਾ ਹੈ ਅਤੇ ਹਰ ਵਕਤ ਇਸਦੀ ਸੋਚ ਨਾਲ ਚੱਲਣ ਦਾ ਸੰਕਲਪ ਕਰਦਾ ਹੈ।

*-ਪਲਵਿੰਦਰ ਮਾਹੀ*
*ਯੂਬਾ ਸਿਟੀ (ਕੈਲੀਫੋਰਨੀਆ)*
*ਫੋਨ:530-237-7084*

### ਮੇਜਰ ਕੁਲਾਰ ਦਾ ਕਾਲਮ

ਜਦੋਂ ਦਾ ਪੰਜਾਬ ਟਾਈਮਜ਼ ਪੜ੍ਹਨ ਨੂੰ ਮਿਲਿਆ ਹੈ, ਇਕ ਤੋਂ ਵੱਧ ਇਕ ਸੁਚੱਜੇ ਜਾਣਕਾਰੀ ਤੇ ਰੌਚਕਤਾ ਭਰਪੂਰ ਜ਼ਿੰਦਗੀ ਦੇ ਹਰ ਪਹਿਲੂ ਨਾਲ ਸਬੰਧਤ ਲੇਖ ਪੜ੍ਹਨ ਨੂੰ ਮਿਲ ਰਹੇ ਹਨ। ਇਸ ਹਰਮਨ ਪਿਆਰੇ ਅਖਬਾਰ ਲਈ ਅਦਾਰਾ ਪੰਜਾਬ ਟਾਈਮਜ਼ ਵਧਾਈ ਦਾ ਪਾਤਰ ਹੈ। ਹਰ ਹਫਤੇ ਅਸੀਂ ਇਸ ਬਹੁਤ ਹੀ ਮਿਆਰੀ ਪਰਚੇ ਦਾ ਬੜੀ ਬੇਸਬਰੀ ਨਾਲ ਇੰਤਜ਼ਾਰ ਕਰਦੇ ਹਾਂ।

ਉਂਜ ਤਾਂ ਤਰਲੋਚਨ ਸਿੰਘ ਦੁਪਾਲਪੁਰ ਦਾ 'ਲਿਖਤੁਮ', ਅਸ਼ੋਕ ਭੌਰੇ ਦਾ 'ਗੱਲੀਂਬਾਤੀਂ' ਅਤੇ ਬਲਜੀਤ ਬਾਸੀ ਦਾ 'ਇੰਨੀ ਕੁ ਬਾਤ' ਕਾਲਮ ਵੀ ਕਿਸੇ ਗੱਲੋਂ ਘੱਟ ਨਹੀਂ ਪਰ ਮੇਜਰ ਕੁਲਾਰ ਦਾ 'ਮੂੰਹ ਆਈ ਬਾਤ' ਕਾਲਮ ਅਧੀਨ ਦੋ ਹਫਤੇ ਪਹਿਲਾਂ ਛਪਿਆ ਲੇਖ 'ਮਾਂ ਸੱਚ ਹੀ ਤਾਂ ਕਹਿੰਦੀ ਸੀ' ਧੁਰ ਅੰਦਰ ਗਹਿਰਾਈ ਤੱਕ ਮਨ ਨੂੰ ਛੋਹ ਗਿਆ। ਵੈਸੇ ਤਾਂ ਅੱਜ ਦੇ ਸਮੇਂ ਦੌਰਾਨ ਧੀਆਂ ਅਤੇ ਪੁੱਤਰਾਂ ਵਿਚਾਲੇ ਫਰਕ ਚਿਤਵਣਾ ਬੇਅਰਥ ਹੀ ਹੈ ਪਰ ਫਿਰ ਵੀ ਸਾਡੇ ਪੁਰਾਣੇ ਸੰਸਕਾਰਾਂ ਕਰਕੇ ਕੋਈ ਵਿਰਲਾ ਹੀ ਪੁੱਤਰ ਦੀ ਚਾਹਤ ਤੋਂ ਮੁਨਕਰ ਹੋਇਆ ਹੋਵੇਗਾ। ਪੁੱਤ ਤੇ ਭਰਾ ਦੀ ਅਣਹੋਂਦ ਵਿਚ ਇਕ ਪਰਿਵਾਰ ਦੇ ਨਾਨਕਿਆਂ ਤੇ ਦਾਦਕਿਆਂ ਦੀ ਦਾਸਤਾਨ ਦਾ ਜ਼ਿਕਰ ਜਿਸ ਤਰ੍ਹਾਂ ਮੇਜਰ ਕੁਲਾਰ ਨੇ ਇਸ ਲੇਖ ਵਿਚ ਕੀਤਾ ਹੈ, ਉਹ ਬਹੁਤ ਹੀ ਮਨ ਨੂੰ ਧੂਹ ਪਾਉਣ ਵਾਲਾ ਹੈ। ਮਾਂ-ਧੀ ਦੇ ਅੰਤਲੇ ਸਮੇਂ ਦੀ ਵੇਦਨਾ ਦੇ ਜ਼ਿਕਰ ਨੇ ਤਾਂ ਮੈਨੂੰ ਵੀ ਜਜ਼ਬਾਤ ਦੇ ਵਹਿਣ ਵਿਚ ਬੇਕਾਬੂ ਕਰ ਕੇ ਬਹੁਤ ਰੁਆਇਆ ਹੈ। ਉਮੀਦ ਹੈ ਭਵਿੱਖ ਵਿਚ ਵੀ ਸਾਨੂੰ ਅਜਿਹੇ ਲੇਖ ਪੰਜਾਬ ਟਾਈਮਜ਼ ਵਿਚ ਪੜ੍ਹਨ ਨੂੰ ਮਿਲਦੇ ਰਹਿਣਗੇ।

*ਮੋਹਣ ਸਿੰਘ ਕਾਰਟਰੇਟ, ਨਿਊ ਜਰਸੀ।*
*ਫੋਨ: 732-804-8182*

# ਮੁਨਾਫੇ ਦੀ ਦੌੜ ਕਰਕੇ ਖਾਣੇ 'ਚ ਵਧ ਰਿਹਾ ਜ਼ਹਿਰੀਲਾ ਮਾਦਾ

**ਹਰਜਿੰਦਰ ਦੁਸਾਂਝ***

ਚੇਤੇ ਦੀ ਚੰਗੇਰ ਨੂੰ ਫਰੋਲਦਿਆਂ, ਚੇਤਾ ਆਉਂਦਾ, ਪਹਿਲੇ ਪਹਿਰ ਪੰਜਾਬ ਦੇ ਪਿੰਡਾਂ 'ਚ ਦੇਖੇ ਉਨ੍ਹਾਂ ਨਾਟਕਾਂ ਦਾ ਜਿਹੜੇ ਖੱਬੀਆਂ ਧਿਰਾਂ ਦੀਆਂ ਨਾਟਕ ਟੋਲੀਆਂ ਵਲੋਂ ਖੇਡੇ ਜਾਂਦੇ ਸਨ। ਕਿਸੇ ਇਕ ਨਾਟਕ ਵਿਚ ਇਕ ਮੁਨਾਫੇਖੋਰ ਬਾਣੀਏ ਨੂੰ ਪੀਸੇ ਹੋਏ ਮਸਾਲੇ ਵਿਚ ਘੋੜਿਆਂ ਦੀ ਲਿੱਦ ਮਿਲਾਉਂਦੇ ਦਿਖਾਇਆ ਜਾਂਦਾ ਸੀ। ਕਹਾਣੀ ਸੱਚ ਦੇ ਕਿੰਨਾ ਕੁ ਨੇੜੇ ਹੈ ਸ਼ਾਇਦ ਨਾਟ ਕਰਮੀਆਂ ਨੂੰ ਵੀ ਨਾ ਪਤਾ ਹੋਵੇ, ਪਰ ਇਹ ਗੱਲ ਸੋਲਾਂ ਆਨੇ ਸੱਚ ਹੈ ਕਿ ਅਸੀਂ ਵਿਕਸਤ ਦੇਸ਼ਾਂ ਵਿਚ ਰਹਿਣ ਵਾਲੇ ਲੋਕ ਤਾਜ਼ੇ ਅਤੇ ਸਿਹਤਮੰਦ ਖਾਣੇ ਦੇ ਲੇਬਲ ਲੱਗੇ ਖਾਣੇ ਨਾਲ ਜੋ ਕੂੜ ਕਬਾੜ ਖਾ ਰਹੇ ਹਾਂ ਉਹ ਘੋੜਿਆਂ ਦੀ ਲਿੱਦ ਨਾਲੋਂ ਜ਼ਿਆਦਾ ਨੁਕਸਾਨਦੇਹ ਹੈ।

ਦਸ-ਬਾਰਾਂ ਸਾਲ ਪਹਿਲਾਂ ਅਮਰੀਕਾ ਦੇ ਸਿਹਤ ਵਿਗਿਆਨੀਆਂ ਦੀਆਂ ਰਿਪੋਰਟਾਂ ਆਈਆਂ ਸਨ ਕਿ ਮੁਟਿਆਰ ਹੋ ਰਹੀਆਂ ਬੱਚੀਆਂ ਨੂੰ ਡੇਅਰੀ ਅਤੇ ਪੋਲਟਰੀ ਤੋਂ ਤਿਆਰ ਹੁੰਦਾ ਖਾਣਾ ਬੜੇ ਸੰਜਮ ਨਾਲ ਦੇਣਾ ਚਾਹੀਦਾ ਹੈ ਕਿਉਂਕਿ ਮੁਰਗੀਆਂ ਤੋਂ ਮੁਰਗੇ ਦੇ ਮਿਲਾਪ ਬਿਨਾਂ ਅੰਡੇ ਲੈਣ ਲਈ ਉਨ੍ਹਾਂ ਨੂੰ ਨਕਲੀ ਹਾਰਮੋਨ ਦਿੱਤੇ ਜਾਂਦੇ ਹਨ। ਇਸੇ ਤਰ੍ਹਾਂ ਗਾਵਾਂ ਨੂੰ ਬਿਨਾਂ ਸੂਆ ਲਏ ਦੁੱਧ ਲੈਣ ਲਈ ਵੀ ਨਕਲੀ ਹਾਰਮੋਨ ਦਿੱਤੇ ਜਾਂਦੇ ਹਨ। ਸੋ ਦੁੱਧ ਅਤੇ ਅੰਡੇ ਦੀ ਵਧੇਰੇ ਵਰਤੋਂ ਕਰਨ ਨਾਲ ਮੁਟਿਆਰ ਹੋ ਰਹੀਆਂ ਬੱਚੀਆਂ ਦੀ ਸਿਹਤ ਉਤੇ ਕਾਫੀ ਮਾੜਾ ਅਸਰ ਪੈਂਦਾ ਹੈ। ਵਿਗਿਆਨੀਆਂ ਮੁਤਾਬਿਕ ਇਸ ਨਾਲ ਬੱਚੀਆਂ 'ਚ ਉਨ੍ਹਾਂ ਦੀ ਉਮਰ ਤੋਂ ਪਹਿਲਾਂ ਹੀ ਸਰੀਰਕ ਤਬਦੀਲੀ ਆ ਜਾਂਦੀ ਹੈ। ਇਸ ਤਬਦੀਲੀ ਲਈ ਅਜੇ ਉਨ੍ਹਾਂ 'ਚ ਮਾਨਸਿਕ ਵਿਕਾਸ ਨਹੀਂ ਹੋਇਆ ਹੁੰਦਾ। ਮਾਨਸਿਕ ਵਿਕਾਸ ਤੋਂ ਪਹਿਲਾਂ ਹੀ ਸਰੀਰਕ ਤਬਦੀਲੀ ਦੇ ਹੋ ਜਾਣ ਨਾਲ ਜਿੱਥੇ ਕਈ ਤਰ੍ਹਾਂ ਦੀਆਂ ਸਮਾਜਿਕ ਬੁਰਾਈਆਂ ਪੈਦਾ ਹੁੰਦੀਆਂ ਹਨ ਉਥੇ ਇਹ ਅੱਸਰ ਉਮਰ ਦੀਆਂ ਬੱਚੀਆਂ ਦੀ ਸਿਹਤ ਲਈ ਵੀ ਠੀਕ ਨਹੀਂ। ਇਸੇ ਤਰ੍ਹਾਂ ਵੱਛਿਆਂ ਅਤੇ ਮੁਰਗਿਆਂ ਨੂੰ ਕਈ ਤਰ੍ਹਾਂ ਦੇ ਨਕਲੀ ਹਾਰਮੋਨ ਅਤੇ ਮਾਦਕ ਦਵਾਈਆਂ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਛੇਤੀ ਤੋਂ ਛੇਤੀ ਵੱਡੇ ਹੋ ਜਾਣ ਅਤੇ ਉਨ੍ਹਾਂ ਦਾ ਸਰੀਰ ਭਾਰਾ ਹੋ ਜਾਵੇ ਤਾਂ ਜੋ ਜਲਦੀ ਜ਼ਿਆਦਾ ਮਾਸ ਲਿਆ ਜਾ ਸਕੇ। ਅਜਿਹਾ ਮੀਟ ਖਾਣ ਨਾਲ ਗੱਭਰੂ ਹੋ ਰਹੇ ਮੁੰਡਿਆਂ ਉਤੇ ਵੀ ਮਾੜਾ ਅਸਰ ਪੈਂਦਾ ਹੈ ਪਰ ਮੁੰਡਿਆਂ ਨਾਲੋਂ ਕੁੜੀਆਂ ਉਤੇ ਇਸ ਦਾ ਜ਼ਿਆਦਾ ਪ੍ਰਭਾਵ ਪੈਂਦਾ ਹੈ। ਅਜਿਹੀਆਂ ਰਿਪੋਰਟਾਂ ਆਉਣ ਦੇ ਬਾਵਜੂਦ ਅਜੇ ਤੱਕ ਡੇਅਰੀ ਅਤੇ ਪੋਲਟਰੀ 'ਚ ਅਜਿਹੇ ਨਕਲੀ ਹਾਰਮੋਨ ਵਰਤਣ ਲਈ ਕੋਈ ਕਾਇਦਾ-ਕਾਨੂੰਨ ਨਹੀਂ ਬਣਿਆ। ਇਥੋਂ ਤੱਕ ਕਿ ਆਰਗੈਨਿਕ ਫੂਡ 'ਚ ਵੀ ਗਾਹੇ-ਬਗਾਹੇ ਰਸਾਇਣ ਵਰਤ ਹੋ ਰਹੇ ਹਨ।

ਮਨੁੱਖ ਵਲੋਂ ਸਮਾਜ ਸਿਰਜੇ ਜਾਣ ਦੀ ਪ੍ਰਕ੍ਰਿਆ ਦਾ ਸਭ ਤੋਂ ਵੱਡਾ ਕਾਰਨ ਸੌਖਿਆਂ ਅਤੇ ਸਭ ਲਈ ਖਾਣਾ ਲੱਭਣ ਨੂੰ ਮੰਨਿਆ ਜਾਂਦਾ ਹੈ ਪਰ ਪਦਾਰਥਵਾਦੀ ਦੌੜ ਨੇ ਮਨੁੱਖ ਨੂੰ ਏਨਾ ਲਾਲਚੀ ਬਣਾ ਦਿੱਤਾ ਕਿ ਖਾਣਾ ਤਿਆਰ ਕਰਨ ਵਾਲੇ ਅਦਾਰਿਆਂ ਨੇ ਵੱਧ ਤੋਂ ਵੱਧ ਮੁਨਾਫਾ ਕਮਾਉਣ ਲਈ ਖਾਣੇ ਨੂੰ ਵੀ ਜ਼ਹਿਰ ਬਣਾ ਦਿੱਤਾ। ਘਟੀਆ ਖਾਣਾ ਖਾਣ ਅਤੇ ਖਾਣੇ ਤੋਂ ਪੈਦਾ ਹੋਣ ਵਾਲੇ ਰੋਗਾਂ ਨਾਲ ਸਭ ਤੋਂ ਵਧ ਮੌਤਾਂ ਵਿਕਸਤ ਦੇਸ਼ਾਂ ਵਿਚ ਹੁੰਦੀਆਂ ਹਨ। ਅਮਰੀਕਾ 'ਚ ਤਿੰਨ ਕੁ ਸਾਲ ਪਹਿਲਾਂ ਸੈਂਕੜੇ ਲੋਕ ਗਾਂ ਦਾ ਘਟੀਆ ਮੀਟ ਖਾ ਕੇ ਬਿਮਾਰ ਹੋਏ ਤੇ ਦਰਜਨਾਂ ਜਾਨ ਗੁਆ ਬੈਠੇ। ਫਿਰ ਵਾਇਰਸ ਵਾਲੇ ਟਮਾਟਰ ਆਏ ਅਤੇ ਫਿਰ ਪਾਲਕ ਖਾ ਕੇ ਲੋਕ ਮਰੇ। ਪਿਛੇ ਜਿਹੇ ਜ਼ਹਿਰੀਲੀ ਮੂੰਗਫਲੀ ਅਤੇ ਇਸ ਤੋਂ ਤਿਆਰ ਖਾਣਾ ਖਾ ਕੇ ਲੋਕ ਮਰੇ। ਮੀਟ ਛੱਡ ਕੇ ਲੋਕ, ਪਾਲਕ, ਟਮਾਟਰ ਤੇ ਮੂੰਗਫਲੀ ਵਗੈਰਾ ਨੂੰ ਸਿਹਤਮੰਦ ਖਾਣਾ ਸਮਝ ਕੇ ਖਾ ਰਹੇ ਹਨ। ਜੇਕਰ ਇਨ੍ਹਾਂ ਚੀਜ਼ਾਂ 'ਚ ਵੀ ਜ਼ਹਿਰ ਮਿਲੇ ਹੋਣ ਦਾ ਖਦਸ਼ਾ ਹੈ ਤਾਂ ਮਨੁੱਖ ਹੋਰ ਕੀ ਖਾ ਸਕਦਾ ਹੈ।

ਜ਼ਹਿਰੀਲਾ ਖਾਣਾ ਪੈਦਾ ਹੋਣ ਪਿੱਛੇ ਸਭ ਤੋਂ ਵੱਡਾ ਕਾਰਨ ਕੀਟਨਾਸ਼ਕ ਤੇ ਨਦੀਨਨਾਸ਼ਕ ਦਵਾਈਆਂ ਨੂੰ ਮੰਨਿਆ ਜਾ ਰਿਹਾ ਹੈ। ਇਸ ਤੋਂ ਬਿਨਾਂ ਸਬਜ਼ੀਆਂ ਅਤੇ ਫਲਾਂ ਨੂੰ ਜਲਦੀ ਤਿਆਰ ਕਰਨ, ਛੇਤੀ ਪਕਾਉਣ ਅਤੇ ਚੰਗੀ ਦਿੱਖ ਦੇਣ ਲਈ ਵੀ ਕਈ ਪ੍ਰਕਾਰ ਦੇ ਰਸਾਇਣ ਵਰਤੇ ਜਾ ਰਹੇ ਹਨ ਜਿਨ੍ਹਾਂ ਦਾ ਸਿੱਧਾ ਅਸਰ ਇਨ੍ਹਾਂ ਦੇ ਖਾਣ ਉਤੇ ਪੈਂਦਾ ਹੈ। ਭਾਵੇਂ ਸਰਕਾਰ ਨੇ ਅਜਿਹੇ ਕਈ ਰਸਾਇਣ ਵਰਤਣ ਉਤੇ ਪਾਬੰਦੀ ਲਾ ਦਿੱਤੀ ਹੈ ਪਰ ਇਸ ਬਾਰੇ ਹੋਰ ਢੁਕਵੇਂ ਕਦਮ ਚੁੱਕਣ ਦੀ ਲੋੜ ਹੈ। ਜ਼ਹਿਰੀਲੇ ਖਾਣੇ ਦਾ ਦੂਜਾ ਵੱਡਾ ਕਾਰਨ ਹੈ ਹਾਈਜ਼ੀਨ ਤੇ ਹਾਈਬ੍ਰਿਡ ਫਸਲਾਂ ਪੈਦਾ ਕਰਨਾ। ਅਜਿਹੀ ਦੋਗਲੀਆਂ ਨਸਲਾਂ ਤਿਆਰ ਕਰਨ ਲਈ ਪਤਾ ਨਹੀਂ ਕਿੰਨੇ ਰਸਾਇਣਕ ਪਦਾਰਥ ਵਰਤੇ ਜਾਂਦੇ ਹਨ। ਇਨ੍ਹਾਂ ਦਾ ਕਾਫੀ ਹਿੱਸਾ ਮਨੁੱਖ ਖਾਣੇ ਨਾਲ ਖਾ ਰਿਹਾ ਹੈ। ਅਜਿਹੀਆਂ ਫਸਲਾਂ ਨੂੰ ਰੋਗ ਵੀ ਜ਼ਿਆਦਾ ਲਗਦੇ ਹਨ ਤੇ ਕੀਟਨਾਸ਼ਕ ਵੀ ਜ਼ਿਆਦਾ ਵਰਤਣੇ ਪੈਂਦੇ ਹਨ। ਅਜਿਹੀਆਂ ਫਸਲਾਂ ਤੋਂ ਜ਼ਿਆਦਾ ਝਾੜ ਲੈਣ ਲਈ ਅਤੇ ਉਨ੍ਹਾਂ ਨੂੰ ਫਸਲੀ ਬਿਮਾਰੀਆਂ ਦੇ ਟਾਕਰੇ ਲਈ ਮਜ਼ਬੂਤ ਕਰਨ ਲਈ ਵਿਗਿਆਨੀ ਵੱਖੋ-ਵੱਖਰੇ ਦਰਖਤਾਂ ਅਤੇ ਪੌਦਿਆਂ ਦੇ ਜ਼ੀਨ ਲੱਭ ਕੇ ਉਨ੍ਹਾਂ ਨੂੰ ਫਸਲਾਂ ਅਤੇ ਫਲਾਂ ਦੇ ਬੂਟਿਆਂ ਨਾਲ ਮਿਲਾ ਕੇ ਦੋਗਲੀਆਂ ਨਸਲਾਂ ਪੈਦਾ ਕਰ ਲੈਂਦੇ ਹਨ। ਕਈ ਵਾਰ ਦੂਸਰੇ ਪੌਦਿਆਂ 'ਚੋਂ ਲਏ ਜ਼ੀਨਜ਼ ਵੀ ਖਾਣੇ ਨੂੰ ਜ਼ਹਿਰੀਲਾ ਬਣਾ ਦਿੰਦੇ ਹਨ। ਮੱਕੀ ਦੁਨੀਆਂ ਦੀ ਸਭ ਤੋਂ ਵੱਡੀ ਫਸਲ ਹੈ ਪਰ ਉਸ ਦਾ ਇਕ ਤਿਹਾਈ ਹਿੱਸਾ ਮਸਾਂ ਖਾਧਾ ਜਾ ਸਕਦਾ ਹੈ ਬਾਕੀ ਦੋਗਲੀਆਂ ਨਸਲਾਂ ਦੀਆਂ ਛੱਲੀਆਂ ਤੋਂ ਕੁਝ ਹੋਰ ਤਿਆਰ ਕੀਤਾ ਜਾ ਰਿਹਾ ਹੈ ਪਰ ਖਾਣਾ ਨਹੀਂ ਕਿਉਂਕਿ ਆਪਣੇ ਦੋਗਲੇ ਜੀਨਜ਼ ਕਾਰਨ ਉਹ ਜ਼ਹਿਰੀਲੀਆਂ ਹਨ। ਇਹ ਵੱਖਰੀ ਗੱਲ ਹੈ ਕਿ ਉਸ ਤੋਂ ਤਿਆਰ ਪਦਾਰਥ ਸਟਾਰਚ ਵਗੈਰ ਖਾਣੇ 'ਚ ਵਰਤ ਹੋ ਰਹੇ ਹਨ। ਪਿਛੇ ਜਿਹੇ ਭਾਰਤ ਨੇ ਬੀਟੀ ਬੈਂਗਣ ਉਤੇ ਪਾਬੰਦੀ ਲਾਈ ਹੈ ਕਿਉਂਕਿ ਉਹ ਦੋਗਲੀ ਨਸਲ ਦੇ ਬੈਂਗਣ ਖਾਣ ਦੇ ਕਾਬਲ ਹੀ ਨਹੀਂ।

ਖਾਣੇ ਨੂੰ ਸਟੋਰ ਕਰਨ ਲਈ ਵਰਤੀਆਂ ਜਾਂਦੀਆਂ ਗੈਸਾਂ ਵੀ ਖਾਣੇ ਨੂੰ ਜ਼ਹਿਰੀਲਾ ਕਰਦੀਆਂ ਹਨ ਪਰ ਖਾਣਾ ਤਿਆਰ ਕਰਨ ਵਾਲੀਆਂ ਕੰਪਨੀਆਂ ਸਾਰਾ ਜ਼ੋਰ ਕੁਦਰਤੀ ਪੈਦਾ ਹੋਣ ਵਾਲੇ ਜ਼ਰਮਾਂ ਅਤੇ ਵੱਖੋ ਵੱਖਰੇ ਰੋਗਾਂ ਦੀ ਰੋਕਥਾਮ ਲਈ ਵਰਤੀਆਂ ਜਾਂਦੀਆਂ ਦਵਾਈਆਂ ਦੇ ਰੀਐਕਸ਼ਨ ਉਤੇ ਦੇ ਰਹੀਆਂ ਹਨ। ਅੰਕੜੇ ਦਸਦੇ ਹਨ ਕਿ ਦਵਾਈਆਂ ਦੇ ਰੀਐਕਸ਼ਨ ਅਤੇ ਫਸਲਾਂ 'ਚ ਪੈਦਾ ਹੁੰਦੇ ਕੁਦਰਤੀ ਜ਼ਰਮਾਂ ਵਲੋਂ ਖਾਣਾ ਗੰਧਲਾ ਕਰਨ ਦੇ ਬਹੁਤ ਥੋੜ੍ਹੇ ਮਾਮਲੇ ਹਨ। ਅੱਜ ਦੁਹਾਈ ਦਿੱਤੀ ਜਾ ਰਹੀ ਹੈ ਕਿ ਪ੍ਰਾਸੈਸ ਕੀਤਾ ਖਾਣਾ ਨਾ ਖਾਓ ਸਗੋਂ ਕੁਦਰਤੀ (ਰਾਅ ਫੂਡ) ਖਾਓ ਪਰ ਅਸੀਂ ਤਾਂ (ਰਾਅ ਫੂਡ) ਕੁਦਰਤੀ ਖਾਣਾ ਵੀ ਗੰਧਲਾ ਕਰ ਲਿਆ ਹੈ।

ਹੈਰਾਨੀ ਤੇ ਦੁਖ ਦੀ ਗੱਲ ਹੈ ਕਿ ਖਾਣੇ ਨਾਲ ਪੈਦਾ ਹੋਣ ਵਾਲੇ ਰੋਗਾਂ ਨਾਲ ਸਭ ਤੋਂ ਵੱਧ ਲੋਕ ਵਿਕਸਤ ਦੇਸ਼ਾਂ ਵਿਚ ਮਰਦੇ ਹਨ। ਖਾਣਾ ਖਾ ਕੇ ਬਿਮਾਰ ਹੋਣ ਵਾਲੇ ਦੁਨੀਆਂ ਦੇ ਕੁਲ ਮਰੀਜ਼ਾਂ ਵਿਚੋਂ 30 ਫੀਸਦੀ ਇਕੱਲੇ ਸਾਡੇ ਆਪਣੇ ਦੇਸ਼ ਅਮਰੀਕਾ ਦੇ ਮਰੀਜ਼ ਹਨ। ਅਮਰੀਕਾ ਦੇ ਸਰਕਾਰੀ ਅੰਕੜਿਆਂ ਮੁਤਾਬਿਕ 1977 'ਚ ਖਾਣਾ ਖਾ ਕੇ ਬਿਮਾਰ ਹੋਣ ਵਾਲੇ ਲੋਕਾਂ ਦੀ ਸਿਹਤਯਾਬੀ ਉਤੇ ਪੈਂਤੀ ਬਿਲੀਅਨ ਡਾਲਰ ਖਰਚ ਹੋਏ ਸਨ। 1991 'ਚ ਇਹ ਰਾਸ਼ੀ ਵੱਧ ਕੇ ਪੰਜ ਸੌ ਬਿਲੀਅਨ ਹੋ ਗਈ।




ਖਾਣਾ ਖਾ ਕੇ ਬਿਮਾਰ ਹੋਣ ਵਾਲੇ ਲੋਕਾਂ ਦੀ ਗਿਣਤੀ ਵੀ ਸਭ ਤੋਂ ਵੱਧ ਅਮਰੀਕਾ 'ਚ ਹੈ। ਅਮਰੀਕਾ 'ਚ 76 ਮਿਲੀਅਨ ਅਜਿਹੇ ਮਰੀਜ਼ ਹਨ ਜਿਹੜੇ ਗੰਧਲਾ ਤੇ ਕਸਿਆਇਆ ਖਾਣਾ ਖਾ ਕੇ ਬਿਮਾਰ ਹੋਏ। ਦੋ ਮਿਲੀਅਨ ਅਜਿਹੇ ਰੋਗੀ ਇੰਗਲੈਂਡ ਵਿਚ ਹਨ। ਕਰੀਬ ਡੇਢ ਮਿਲੀਅਨ ਖਾਣੇ ਨਾਲ ਰੋਗੀ ਬਣਨ ਵਾਲੇ ਫਰਾਂਸ ਵਿਚ ਹਨ। ਤੱਥ ਦੱਸਦੇ ਹਨ ਕਿ ਵਿਕਸਤ ਦੇਸ਼ਾਂ ਵਿਚ ਜਿਹੜੀ ਅੰਨ੍ਹੀ ਪਦਾਰਥਵਾਦੀ ਦੌੜ ਲੱਗੀ ਹੋਈ ਹੈ ਉਸ ਨਾਲ ਮਨੁੱਖ ਲਾਲਚ ਵੱਸ ਕਈ ਵਾਰ ਸਭ ਅਚਾਰ-ਵਿਹਾਰ ਭੁੱਲ ਕੇ ਕਾਨੂੰਨ ਵੀ ਛਿੱਕੇ ਟੰਗ ਦਿੰਦਾ ਹੈ। ਦੁੱਖ ਉਦੋਂ ਹੁੰਦਾ ਜਦੋਂ ਸਮਾਜਿਕ ਤਾਣੇ-ਬਾਣੇ ਨੂੰ ਚਲਾਉਣ ਵਾਲੇ ਵੀ ਇਸੇ ਵਹਿਣ 'ਚ ਵਹਿ ਜਾਂਦੇ ਹਨ। ਪਿਛਲੇ ਦਿਨੀਂ ਹੀ ਖਾਣਾ ਉਦਯੋਗ ਵਿਚ ਇਕ ਅਹਿਮ ਘਟਨਾ ਵਾਪਰੀ। ਗੁਆਂਢੀ ਦੇਸ਼ ਮੈਕਸੀਕੋ ਨੇ ਅਮਰੀਕਾ ਤੋਂ ਗਾਂ ਦਾ ਮੀਟ ਮੰਗਵਾਉਣ ਉਤੇ ਪਾਬੰਦੀ ਲਾ ਦਿੱਤੀ। ਮੈਕਸੀਕੋ ਸਰਕਾਰ ਦਾ ਕਹਿਣਾ ਸੀ ਕਿ ਠੀਕ ਹੈ ਕਿ ਅਸੀਂ ਆਪਣੇ ਲੋਕਾਂ ਦੀ ਲੋੜ ਮੁਤਾਬਿਕ (ਬੀਫ) ਗਾਂ ਦਾ ਮੀਟ ਤਿਆਰ ਨਹੀਂ ਕਰ ਸਕਦੇ ਪਰ ਇਸ ਦਾ ਇਹ ਮਤਲਬ ਵੀ ਨਹੀਂ ਕਿ ਉਹ ਆਪਣੇ ਲੋਕਾਂ ਨੂੰ ਗੰਧਲਾ ਮੀਟ ਖਵਾਉਣ। ਉਨ੍ਹਾਂ ਨੇ ਅਮਰੀਕਾ ਤੋਂ ਗਏ ਮੀਟ ਵਿਚੋਂ ਕਾਪਰ ਅਤੇ ਆਇਰਨ ਸਰਕਾਰ ਵਲੋਂ ਮਿਥੀ ਮਿਕਦਾਰ ਨਾਲੋਂ ਵਧੇਰੇ ਪਾਇਆ। ਹੈਰਾਨੀ ਹੈ ਕਿ ਮੈਕਸੀਕੋ ਇਕ ਵਿਕਾਸਸ਼ੀਲ ਦੇਸ਼ ਹੈ ਅਤੇ ਅਸੀਂ ਵਿਕਸਤ ਦੇਸ਼ਾਂ ਦੇ ਮੋਹਰੀ। ਮੈਕਸੀਕੋ ਨੇ ਤਾਂ ਇਕ ਸਟੈਂਡਰਡ ਬਣਾਇਆ ਹੋਇਆ ਕਿ ਮੀਟ 'ਚ ਕਿਹੜੀ ਧਾਤ ਕਿੰਨੀ ਮਿਕਦਾਰ 'ਚ ਹੋ ਸਕਦੀ ਹੈ ਪਰ ਸਾਡੇ ਅਮਰੀਕਾ 'ਚ ਅਜਿਹਾ ਕੋਈ ਮਾਨਦੰਡ ਨਹੀਂ। ਇਹ ਤਾਂ ਕਿਹਾ ਜਾਂਦਾ ਹੈ ਕਿ ਮੱਛੀ 'ਚ ਵਧੇਰੇ ਪਾਰਾ ਨਹੀਂ ਹੋਣਾ ਚਾਹੀਦਾ। ਫਾਰਮ 'ਤੇ ਤਿਆਰ ਹੁੰਦੀ ਮੱਛੀ (ਖਾਸ ਕਰ ਸੈਮਨ) ਨੂੰ ਨਕਲੀ ਰੰਗ ਦੇਣ ਬਾਰੇ ਤਾਂ ਪੈਕਟ ਤੇ ਲਿਖਣਾ ਪਵੇਗਾ ਪਰ ਪਾਰਾ ਕਿੰਨਾ ਹੋ ਸਕਦਾ ਹੈ, ਨਕਲੀ ਰੰਗ ਕਿੰਨਾ ਵਰਤ ਹੋ ਸਕਦੈ, ਇਸ ਬਾਰੇ ਕੋਈ ਕਾਨੂੰਨ ਨਹੀਂ।

ਪਿਛਲੇ ਦਿਨੀਂ ਨਿਊ ਯਾਰਕ ਸਟੇਟ ਦੀ ਮੁਟਿਆਰ ਕਾਂਗਰਸ ਮੈਂਬਰ ਕ੍ਰਿਸਟੀਨ ਗਿਲਬਰੈਂਡ ਨੇ ਕਾਂਗਰਸ 'ਚ ਇਕ ਬਿਲ ਪੇਸ਼ ਕੀਤਾ ਅਤੇ ਕਿਹਾ ਕਿ ਮੀਟ ਲਈ ਕੋਈ ਮਾਨਦੰਡ ਹੋਵੇ ਕਿ ਇਸ 'ਚ ਕਿਹੜੀ ਧਾਤ ਕਿੰਨੀ ਹੋ ਸਕਦੀ ਹੈ। 'ਕੈਪੀਟਲ ਹਿੱਲ' 'ਚ ਇਸ ਬਿਲ ਦੀ ਕਾਫੀ ਚਰਚਾ ਹੋ ਰਹੀ ਹੈ। ਖਾਣਾ ਉਦਯੋਗ ਦੀ ਲਾਬੀ ਇਸ ਆਹਰੇ ਲੱਗੀ ਹੋਈ ਹੈ ਕਿ ਇਹ ਬਿੱਲ ਪਾਸ ਨਾ ਹੋਵੇ। ਉਹ ਅੰਕੜੇ ਪੇਸ਼ ਕਰ ਰਹੇ ਹਨ ਕਿ ਖਾਣਾ ਖਾ ਕੇ ਬਿਮਾਰ ਅਤੇ ਮਰਨ ਵਾਲਿਆਂ ਦੀ ਗਿਣਤੀ ਆਏ ਸਾਲ ਘੱਟ ਰਹੀ ਹੈ ਤੇ ਇਸ ਬਿੱਲ ਦੀ ਕੋਈ ਬਹੁਤੀ ਲੋੜ ਨਹੀਂ, ਜੇਕਰ ਪਿਛਲੇ ਦੋ




ਸਾਲਾਂ 'ਚ ਖਾਣਾ ਖਾ ਕੇ ਬਿਮਾਰ ਹੋਣ ਵਾਲਿਆਂ ਦੀ ਗਿਣਤੀ ਘਟੀ ਹੈ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਖਾਣੇ ਨੂੰ ਸੁਧ ਰੱਖਣ ਲਈ ਕੋਈ ਕਾਨੂੰਨ ਹੀ ਨਾ ਨਵਿਆਇਆ ਜਾਵੇ। ਪਿਛਲੇ ਸਾਲ ਅਮਰੀਕਾ 'ਚ ਖਾਣਾ ਖਾ ਕੇ ਬਿਮਾਰ ਹੋਣ ਦੀਆਂ ਤਿੰਨ ਲੱਖ ਪੱਚੀ ਹਜ਼ਾਰ ਸ਼ਿਕਾਇਤਾਂ ਆਈਆਂ। ਇਨ੍ਹਾਂ 'ਚੋਂ ਪੰਜ ਹਜ਼ਾਰ ਲੋਕ ਜਾਨ ਗੁਆ ਬੈਠੇ। ਕੈਂਸਰ, ਨਿਊਰੋ-ਮਸਕੂਲਰ ਅਤੇ ਕਈ ਹੋਰ ਨਾਮੁਰਾਦ ਬਿਮਾਰੀਆਂ ਦੇ ਵਧਣ ਪਿਛੇ ਇਕ ਵੱਡਾ ਕਾਰਨ ਸਾਡਾ ਬਦਲਿਆ ਹੋਇਆ ਖਾਣਾ ਹੈ।

ਅਮਰੀਕਨ ਪੰਜਾਬੀ ਭਾਈਚਾਰਾ ਅਜਿਹੇ ਮਸਲਿਆਂ ਬਾਰੇ ਅਜੇ ਬਹੁਤ ਸੁਚੇਤ ਨਹੀਂ। ਆਰਥਿਕ ਖੇਤਰ 'ਚ ਅਸੀਂ ਬੜੀਆਂ ਮੱਲਾਂ ਮਾਰੀਆਂ ਪਰ ਰਾਜਸੀ ਤੌਰ ਉਤੇ ਅਸੀਂ ਅਜੇ ਕਾਫੀ ਅਵੇਸਲੇ ਹਾਂ। ਇਹ ਵੀ ਕੁਝ ਤਸੱਲੀ ਦੇਣ ਵਾਲੀ ਗੱਲ ਹੈ ਕਿ ਅਸੀਂ ਬਹੁਤੇ ਪੰਜਾਬੀ ਘਰ ਦਾ ਖਾਣਾ ਹੀ ਖਾ ਕੇ ਖੁਸ਼ ਹੁੰਦੇ ਹਾਂ। ਨਵੀਂ ਪੀੜ੍ਹੀ ਜੋ ਕਿ ਬਾਹਰ ਦਾ ਖਾਣਾ ਖਾਣ ਵੱਲ ਭੱਜਦੀ ਹੈ, ਨੂੰ ਇਸ ਬਾਰੇ ਸੁਚੇਤ ਕਰਨ ਦੀ ਲੋੜ ਹੈ। ਪੰਜਾਬੀ ਭਾਈਚਾਰੇ ਨੂੰ ਚਾਹੀਦਾ ਹੈ ਕਿ ਜਦੋਂ ਕੋਈ ਕਾਂਗਰਸਮੈਨ, ਸੈਨੇਟਰ ਜਾਂ ਉਨ੍ਹਾਂ ਦੇ ਰਾਜ ਦਾ ਪ੍ਰਤੀਨਿਧ ਕਿਸੇ ਰੇਡੀਓ ਜਾਂ ਟੀ.ਵੀ. ਉਤੇ ਟਾਕ ਸ਼ੋਅ ਕਰਦਾ ਹੈ ਜਾਂ ਟਾਊਨ ਮੀਟਿੰਗ ਕਰਦਾ ਹੈ ਤਾਂ ਉਸ 'ਚ ਸ਼ਿੱਦਤ ਨਾਲ ਸ਼ਾਮਿਲ ਹੋ ਕੇ ਅਜਿਹੇ ਮਸਲਿਆਂ ਉਤੇ ਆਪਣੀ ਰਾਏ ਦੇਣ। ਇਹ ਸਾਡਾ ਹੱਕ ਵੀ ਹੈ ਤੇ ਫਰਜ਼ ਵੀ।

***ਫੋਨ:530-301-1753**

# ਜਦੋਂ ਚਾਰ ਲਾਂਵਾਂ ਵਾਲਾ...

***(ਸਫਾ 14 ਦੀ ਬਾਕੀ)***

ਜਿਸ ਦਾ ਨਾਂ ਜੱਸਾ ਰੱਖਿਆ ਗਿਆ।

ਰੋਜ਼ ਦੀ ਲੜਾਈ, ਜਿੰਦੂ ਦਾ ਰੋਜ਼ ਸ਼ਰਾਬ ਪੀਣਾ ਤੇ ਰਾਣੀ ਨੂੰ ਕੁੱਟਣਾ ਆਮ ਹੋ ਗਿਆ ਸੀ। ਰਾਣੀ ਨੇ ਬਹੁਤ ਸਮਾਂ ਤਾਂ ਜਿੰਦੂ ਦੀ ਕਰਤੂਤ ਮਾਪਿਆਂ ਤੋਂ ਲਕੋਈ ਰੱਖੀ, ਅੰਤ ਦੁਖੀ ਹੋਈ ਨੇ ਮਾਪਿਆਂ ਨੂੰ ਉਹ ਸਭ ਕੁਝ ਦੱਸ ਦਿੱਤਾ ਜੋ ਕੁਝ ਰਾਣੀ ਅਮਰੀਕਾ ਆ ਕੇ ਝੱਲ ਰਹੀ ਸੀ। ਰਾਣੀ ਦੇ ਮਾਪਿਆਂ ਨੇ ਜਿੰਦੂ ਨੂੰ ਬਹੁਤ ਸਮਝਾਇਆ। ਉਨ੍ਹਾਂ ਕਿਹਾ ਕਿ ਤੂੰ ਅਮਰੀਕਾ ਛੱਡ ਕੇ ਰਾਣੀ ਤੇ ਜੱਸੇ ਨੂੰ ਲੈ ਕੇ ਇੰਡੀਆ ਆ ਜਾ। ਸਾਡੀ ਜ਼ਮੀਨ ਸ਼ਹਿਰ ਵਿਚ ਆਉਣ ਕਰਕੇ ਸਾਨੂੰ ਇਕ ਏਕੜ ਦੇ ਬਹੁਤ ਪੈਸੇ ਮਿਲਦੇ ਹਨ। ਅਸੀਂ ਇਕ ਏਕੜ ਵੇਚ ਕੇ ਜਿਹੋ ਜਿਹਾ ਕੰਮ ਆਖੇਂਗਾ ਤੈਨੂੰ ਖੋਲ੍ਹ ਦੇਵਾਂਗੇ, ਬਸ ਸਾਡੀ ਰਾਣੀ ਨੂੰ ਖੁਸ਼ ਰੱਖ। ਬਹੁਤ ਸਮਝਾਉਣ 'ਤੇ ਵੀ ਜਿੰਦੂ ਦੇ ਸਿਰ 'ਤੇ ਜੂੰ ਨਾ ਸਰਕੀ।

ਅੰਤ ਇਕ ਦਿਨ ਰਾਣੀ ਨੇ ਜਿੰਦੂ ਨੂੰ ਪੁੱਛ ਲਿਆ ਕਿ ਕੀ ਉਹ ਮੈਨੂੰ ਚਾਹੁੰਦਾ ਹੈ ਜਾਂ ਸੇਤੀਆ ਨੂੰ। ਜੇ ਮੈਨੂੰ ਚਾਹੁੰਦਾ ਹੈ ਤਾਂ ਅੱਜ ਤੋਂ ਬਾਅਦ ਸੇਤੀਆ ਨੂੰ ਮਿਲਣਾ ਬੰਦ ਕਰ ਦੇਵੇ। ਜਿੰਦੂ ਨੇ ਸੇਤੀਆ ਨੂੰ ਪਹਿਲ ਦਿੱਤੀ। ਜਿੰਦੂ ਪੱਕਾ ਹੀ ਸੇਤੀਆ ਕੋਲ ਚਲਾ ਗਿਆ। ਜਿੰਦੂ ਨੇ ਮੁੜ ਕੇ ਰਾਣੀ ਦਾ ਪਤਾ ਵੀ ਨਹੀਂ ਲਿਆ।

ਹੁਣ ਰਾਣੀ ਤੇ ਜੱਸਾ ਦੋਵੇਂ ਇਕੱਲੇ ਹੀ ਰਹਿ ਗਏ। ਇਕ ਪੰਜਾਬੀ ਰੈਸਟੋਰੈਂਟ ਵਿਚ ਰਾਣੀ ਕੰਮ ਕਰਨ ਲੱਗੀ। ਰਾਣੀ ਕੰਮ ਵੀ ਕਰਦੀ ਤੇ ਜੱਸੇ ਨੂੰ ਵੀ ਸੰਭਾਲਦੀ। ਰਾਣੀ ਨੇ ਆਪਣੇ ਪੰਜਾਬੀ ਮਾਲਕ ਦੀ ਸਹਾਇਤਾ ਨਾਲ ਰਿਫਿਊਜ਼ੀ ਕੇਸ ਕੀਤਾ ਜੋ ਦਸ ਸਾਲ ਬਾਅਦ ਪਾਸ ਹੋ ਗਿਆ। ਇਨ੍ਹਾਂ ਦਸ ਸਾਲਾਂ ਵਿਚ ਜਿੰਦੂ ਨੇ ਇਕ ਵਾਰ ਵੀ ਰਾਣੀ ਤੇ ਜੱਸੇ ਦਾ ਪਤਾ ਨਹੀਂ ਲਿਆ। ਰਾਣੀ ਮਾਪਿਆਂ ਵਲੋਂ ਲੱਭੇ ਅਮਰੀਕਾ ਵਾਲੇ ਵਰ ਤੋਂ ਤੰਗ ਆ ਕੇ ਉਨ੍ਹਾਂ ਨੂੰ ਕੋਸਦੀ ਰਹਿੰਦੀ, ਕਦੇ ਰੱਬ ਨੂੰ ਦੋਸ਼ੀ ਠਹਿਰਾਉਂਦੀ ਫਿਰ ਸਬਰ ਦਾ ਹਉਕਾ ਭਰ ਕੇ ਸਭ ਕੁਝ ਪਰਮਾਤਮਾ 'ਤੇ ਛੱਡ ਦਿੰਦੀ ਕਿ ਜੋ ਕਰਦਾ ਹੈ ਚੰਗਾ ਹੀ ਕਰਦਾ ਹੈ।

ਸਮਾਂ ਬੀਤਦਾ ਗਿਆ। ਰਾਣੀ ਨੇ ਮਾਪਿਆਂ ਵਲੋਂ ਭੇਜੀ ਮਦਦ ਨਾਲ ਇਕ ਬੰਦ ਪਿਆ ਪੀਜ਼ਾ ਹੱਟ ਲੈ ਲਿਆ। ਕਿਸਮਤ ਨੇ ਸਾਥ ਦਿੱਤਾ ਪੀਜ਼ਾ ਹੱਟ ਵਧੀਆ ਕਮਾਈ ਕਰਨ ਲੱਗ ਪਿਆ। ਰਾਣੀ ਨੇ ਆਪ ਬਹੁਤ ਸਖਤ ਮਿਹਨਤ ਕੀਤੀ। ਇਕ ਘਰ ਖਰੀਦ ਲਿਆ। ਰਾਣੀ ਦੇ ਇਸ ਇਕੱਲੇਪਨ ਦੀ ਜ਼ਿੰਦਗੀ ਵਿਚ ਕਈ ਮਰਦਾਂ ਨੇ ਆਉਣ ਦੀ ਕੋਸ਼ਿਸ਼ ਕੀਤੀ ਪਰ ਰਾਣੀ ਅਡੋਲ ਰਹੀ। ਉਸ ਨੂੰ ਮਰਦ ਜਾਤੀ ਤੋਂ ਨਫਰਤ ਹੋ ਗਈ ਸੀ।

ਹੁਣ ਜੱਸਾ ਵੀਹ ਸਾਲ ਦਾ ਹੋ ਗਿਆ। ਜੱਸਾ ਆਪਣੀ ਮਾਂ ਨਾਲ ਹਰ ਇਕ ਕੰਮ ਵਿਚ ਮਦਦ ਕਰਾਉਂਦਾ। ਉਸ ਨੇ ਕਦੇ ਆਪਣੇ ਬਾਪ ਨੂੰ ਮਿਲਣ ਲਈ ਨਹੀਂ ਕਿਹਾ। ਜੱਸੇ ਨੂੰ ਮਾਂ ਦੀ ਸਿਖਿਆ ਨੇ ਪੂਰਾ ਸਮਝਦਾਰ ਤੇ ਸਿਆਣਾ ਬਣਾਇਆ ਹੋਇਆ ਸੀ। ਉਧਰ ਜਿੰਦੂ ਨੂੰ ਸੇਤੀਆ ਤੇ ਉਸ ਦੇ ਬੱਚੇ ਛੱਡ ਕੇ ਜਾ ਚੁੱਕੇ ਸਨ। ਜਿੰਦੂ ਕੋਲ ਨਾ ਸੇਤੀਆ ਰਹੀ ਨਾ ਹੀ ਰਾਣੀ, ਨਾ ਹੀ ਅਮਰੀਕਾ ਦੀ ਇਮੀਗਰੇਸ਼ਨ ਹਾਸਲ ਕਰ ਸਕਿਆ। ਜਿੰਦੂ ਨੂੰ ਕਈ ਬਿਮਾਰੀਆਂ ਨੇ ਘੇਰਾ ਪਾ ਲਿਆ। ਜਿੰਦ ਰੋਜ਼ ਦਿਨ ਘਟਦੀ ਜਾਂਦੀ ਸੀ। ਹੁਣ ਉਸ ਨੂੰ ਰਾਣੀ ਤੇ ਜੱਸਾ ਬਹੁਤ ਯਾਦ ਆਉਂਦੇ ਸਨ। ਜਿੰਦੂ ਨੇ ਰਾਣੀ ਦਾ ਟੈਲੀਫੋਨ ਲੱਭ ਕੇ ਗੱਲ ਕਰਨੀ ਚਾਹੀ ਪਰ ਰਾਣੀ ਨੇ ਸਾਫ ਜਵਾਬ ਦੇ ਦਿੱਤਾ।

ਜਿੰਦੂ ਨੇ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਰਾਹੀਂ ਰਾਣੀ ਨੂੰ ਮਿਲਣ ਲਈ ਮਨਾ ਲਿਆ। ਜਿੰਦੂ ਨੇ ਰਾਣੀ ਤੋਂ ਮੁਆਫੀ ਮੰਗੀ, ਬੜੇ ਤਰਲੇ-ਮਿੰਨਤਾਂ ਕੀਤੀਆਂ ਪਰ ਰਾਣੀ ਦੇ ਮਰਦ ਖਿਲਾਫ ਹੋਏ ਕਠੋਰ ਦਿਲ ਨੂੰ ਉਹ ਮੋਮ ਨਾ ਬਣਾ ਸਕਿਆ। ਜਿੰਦੂ ਨੇ ਬਹੁਤ ਆਖਿਆ ਕਿ ਮੈਨੂੰ ਹੁਣ ਆਪਣੇ ਕੋਲ ਰੱਖ ਲੈ। ਰਾਣੀ ਨੇ ਪੁਛਿਆ ਕਿ ਕੀ ਤੂੰ ਮੇਰੇ ਪੰਝੀ ਸਾਲ ਵਾਪਸ ਕਰ ਸਕਦਾ ਏਂ? ਕੀ ਤੂੰ ਮੇਰੇ ਸਾਲ ਸਾਲ ਵਰਗੇ ਇਕ ਇਕ ਦਿਨ ਦਾ ਹਿਸਾਬ ਦੇ ਸਕਦਾ ਏਂ? ਤਾਂ ਮੇਰੇ ਕੋਲ ਆ ਜਾ, ਨਹੀਂ ਉਹ ਸਾਹਮਣੇ ਦਰਵਾਜ਼ਾ ਦੇਖ ਲੈ। ਯਾਦ ਕਰ ਉਹ ਦਿਨ ਜਿਸ ਦਿਨ ਮੈਨੂੰ ਤੇ ਜੱਸੇ ਨੂੰ ਛੱਡ ਕੇ ਸੇਤੀਆ ਕੋਲ ਚਲਾ ਗਿਆ ਸੀ। ਜਿੰਦੂ ਕੋਲ ਰਾਣੀ ਦੇ ਸਵਾਲਾਂ ਦਾ ਕੋਈ ਜਵਾਬ ਨਹੀਂ ਸੀ।

ਜਿੰਦੂ ਹੁਣ ਇਕੱਲਾ ਰਹਿ ਗਿਆ, ਨਾ ਰਾਣੀ ਨੇ ਝੱਲਿਆ ਨਾ ਸੇਤੀਆ ਲੱਭੀ ਤੇ ਨਾ ਹੀ ਗਰੀਨ ਕਾਰਡ ਜੇਬ ਵਿਚ ਪਿਆ। ਅਮਰੀਕਾ ਵਿਚ ਤੀਹ ਸਾਲ ਰਹਿਣ ਦੇ ਬਾਵਜੂਦ ਸਭ ਪੱਖੋਂ ਖਾਲੀ ਹੈ। ਜਿਸ ਦਿਨ ਦਾ ਰਾਣੀ ਦੇ ਘਰੋਂ ਗਿਆ ਹੈ, ਰਾਣੀ ਨੇ ਮੁੜ ਕੇ ਉਸ ਦਾ ਚਿਹਰਾ ਨਹੀਂ ਵੇਖਿਆ। ਉਹ ਜਿਊਂਦਾ ਹੈ ਜਾਂ ਮਰ ਗਿਆ ਰੱਬ ਹੀ ਜਾਣੇ। ਜਿੰਦੂ ਨੂੰ ਪੇਪਰ ਦੀ ਇਸ ਮਾਰ ਨੇ ਤਬਾਹ ਕਰਕੇ ਰੱਖ ਦਿੱਤਾ ਪਰ ਰਾਣੀ ਇਹ ਸਭ ਜਿੰਦੂ ਦੀ ਮਰਜ਼ੀ ਦੀ ਖੇਡ ਸਮਝਦੀ ਹੈ। ਰਾਣੀ ਮੁਤਾਬਕ ਉਹ ਰੋਟੀ ਤਾਂ ਇੰਡੀਆ ਜਾ ਕੇ ਵੀ ਖਾ ਸਕਦੇ ਸਨ ਜੇ ਜਿੰਦੂ ਸਾਥ ਦਿੰਦਾ।

ਰਾਣੀ ਆਪਣੇ ਪੁੱਤਰ ਜੱਸੇ ਨਾਲ ਇਸ ਦੁੱਖਾਂ ਭਰੀ ਜ਼ਿੰਦਗੀ ਦੇ ਦੁੱਖ ਸਾਂਝੇ ਕਰਕੇ ਬੁਢਾਪੇ ਦੇ ਦਿਨ ਵਧੀਆ ਬਿਤਾਉਣੇ ਚਾਹੁੰਦੀ ਹੈ। ਆਪਣੇ ਜੱਸੇ ਨੂੰ ਸਮਝਾਉਂਦੀ ਹੈ ਕਿ ਪੁੱਤ ਵਿਆਹ ਜਿਥੇ ਕਹੇਂਗਾ ਉਥੇ ਕਰ ਦੇਵਾਂਗੀ, ਪਰ ਗੁਰੂ ਗ੍ਰੰਥ ਸਾਹਿਬ ਅੱਗੇ ਲਈਆਂ ਚਾਰ ਲਾਂਵਾਂ ਨੂੰ ਚਾਰ ਗੇੜੇ ਸਮਝ ਕੇ ਆਪਣੀ ਜੀਵਨ ਸਾਥਣ ਨੂੰ ਅੱਧਵਾਟੇ ਨਾ ਛੱਡ ਜਾਈਂ। ਚਾਰ ਲਾਂਵਾਂ ਦਾ ਫਰਜ਼ ਆਖਰੀ ਸਾਹ ਤੱਕ ਨਿਭਾਈਂ। ਆਪਣੇ ਪਿਓ ਵਾਂਗ ਕਿਸੇ ਦੀ ਜਵਾਨੀ ਨੂੰ ਕੰਡਿਆਂ 'ਤੇ ਛੱਡ ਕੇ ਨਾ ਚਲਾ ਜਾਈਂ। ਜੱਸਾ ਆਪਣੀ ਮਾਂ ਦੇ ਇਸ ਵਾਅਦੇ ਨੂੰ ਨਿਭਾਉਣ ਦੀ ਹਾਮੀ ਭਰਦਾ ਹੈ। ਰਾਣੀ ਜੱਸੇ ਨੂੰ ਘੁੱਟ ਕੇ ਬੁੱਕਲ ਵਿਚ ਲੈ ਲੈਂਦੀ ਹੈ।

# ਜੇ ਭੂੰਡਾਂ ਦੇ ਖੱਖਰ ਕੋਲ ਜਾਣ ਜਾਣ ਕੇ ਬਹਿਣਾ...ਪੰਗਾ ਪੈਣਾ ਈ ਪੈਣਾ

ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ
ਫੋਨ:510-277-2592

*ਕਈ ਵਾਰ ਗੋਲ ਗੰਢਾਂ ਦੇ ਹੋ ਜਾਂਦੀਆਂ ਨੇ, ਕਈ ਵਾਰ ਆ ਜਾਂਦੀਆਂ ਨੇ ਤੇ ਕਈ ਵਾਰ ਇਹ ਹੱਥਾਂ ਨਾਲ ਦੇ ਕੇ ਜਦੋਂ ਮੂੰਹ ਨਾਲ ਖੋਲ੍ਹਣੀਆਂ ਪੈਂਦੀਆਂ ਹਨ ਤੇ ਨਾ ਖੁੱਲ੍ਹਣ ਤਾਂ ਦੰਦ ਵੀ ਫਿਟਕਾਰ ਪਾ ਕੇ ਕਹਿੰਦੇ ਨੇ 'ਮੈਨੂੰ ਪੁੱਛ ਕੇ ਦਿੱਤੀਆਂ ਸਨ?' ਬਹੁਤ ਸਾਰੇ ਲੋਕਾਂ ਦੀ ਜ਼ਿੰਦਗੀ ਨਾ ਚਾਹੁੰਦਿਆਂ ਹੋਇਆ ਵੀ ਗੋਲ ਗੰਢ ਵਰਗੀ ਇਸ ਕਰਕੇ ਹੋ ਜਾਂਦੀ ਹੈ ਕਿ ਵਕਤ ਚੁਪੇੜਾਂ ਮਾਰ ਕੇ ਪੁੱਛਦੈ 'ਲਾਹੌਰ ਚੰਗਾ ਸੀ ਕਿ ਪਿਸ਼ੌਰ?' ਕਹਿੰਦੇ ਭਾਵੇਂ ਇਹ ਨੇ ਕਿ ਇਸਤਰੀ ਨਾਲ ਪਿਆਰ 'ਚ 'ਬਾਤ ਤੇ ਹੁੰਗਾਰਾ' ਬਣਨ ਤੋਂ ਪਹਿਲਾਂ ਉਹਦਾ ਸਤਿਕਾਰ ਤੇ ਸਨਮਾਨ ਵਿਸ਼ਵਾਸ ਵਿਚ ਬਦਲਣਾ ਪਊ ਪਰ ਦੁੱਲੇ ਵਾਂਗ ਜਿਨ੍ਹਾਂ ਨੂੰ ਹੋਣੀਆਂ ਰਾਹ 'ਚ ਟੋਕਰਾ ਚੁਕਾਉਣ ਲਈ ਟੱਕਰਦੀਆਂ ਰਹੀਆਂ, ਉਨ੍ਹਾਂ ਨੂੰ ਹੀ ਅਹਿਸਾਸ ਹੋਇਆ ਕਿ ਵਿਆਹ ਹਮ-ਉਮਰ ਤੇ ਜਦ-ਗੋਤ 'ਚ ਕਰਵਾਉਣ ਦੇ ਕੀ ਮਾਅਨੇ ਹੁੰਦੇ ਹਨ? ਜਿਨ੍ਹਾਂ ਬੁੱਢਿਆਂ ਨੇ 'ਕਬੂਲ-ਕਬੂਲ-ਕਬੂਲ' ਤਾਂ ਕਈਆਂ ਨੂੰ ਕਈ ਵਾਰ ਕਿਹਾ ਪਰ ਬੁਢਾਪੇ ਦਾ ਜਵਾਨੀ ਨਾਲ ਝਗੜਾ ਹੋ ਜਾਣ ਕਰਕੇ 'ਕਬੂਲ' ਇਕ ਨੇ ਵੀ ਨਹੀਂ ਕੀਤਾ। ਤੇ ਇਹ ਫਿਰ ਪੁਲ ਟੁੱਟੇ ਦਰਿਆ ਦੇ ਇਕ ਕਿਨਾਰੇ 'ਤੇ ਬੇਸ਼ਰਮੀ ਤੇ ਬੇਹਯਾਈ ਦੇ ਅੱਥਰੂਆਂ ਨਾਲ ਲਿਬੜਿਆ ਮੂੰਹ ਛਿੱਟੇ ਮਾਰ ਕੇ ਧੋਂਦੇ ਰਹੇ। ਧਰਮ ਨੇ ਇਨ੍ਹਾਂ ਦੀਆਂ ਕਮਜ਼ੋਰੀਆਂ, ਬੇਲੱਜੀਆਂ ਨੂੰ ਪਰਦੇ 'ਚ ਲੁਕਾਉਣ ਲਈ ਕਾਲੇ ਬਸਤਰ ਜ਼ਰੂਰ ਦਿੱਤੇ। ਚੰਦ ਨੂੰ ਗ੍ਰਹਿਣ ਲੱਗਣ ਦੇ ਵਿਗਿਆਨਕ ਕਾਰਨ ਨੇ ਪਰ ਕਈ ਮਾਂਵਾਂ ਦੇ ਚੰਦ ਉਨ੍ਹਾਂ ਨੇ ਧੁਆਂਖ ਸੁੱਟੇ ਜਿਨ੍ਹਾਂ ਨੇ ਜੋਬਨ, ਜਵਾਨੀ ਤੇ ਹੁਸਨ ਪੈਸੇ ਵਾਲਿਆਂ ਕੋਲ ਲਾਲਚ ਵਿਚ ਗਿਰਵੀ ਰੱਖ ਕੇ ਚਤੁਰਾਈ ਦੀ ਬੀਨ ਨਾਲ ਸੁੱਤੇ ਸੱਪਾਂ ਨੂੰ ਵੀ ਮੇਲ੍ਹਣ ਲਗਾ ਦਿੱਤਾ ਸੀ। ਜਿਨ੍ਹਾਂ ਨੇ ਪੈਸੇ ਪਿੱਛੇ ਦੌੜ ਲਗਾਉਣ ਲਈ ਹੀ ਮੌਜੇ ਖੋਲ੍ਹ ਕੇ ਹੱਥ 'ਚ ਫੜ ਲਏ ਉਨ੍ਹਾਂ ਦਾ ਇਖਲਾਕੀ ਤੇ ਰੂਹਾਨੀ ਵਿਕਾਸ ਧਾਂਹਾਂ ਮਾਰ ਮਾਰ ਕੇ ਪਿੱਟਦਾ ਰਿਹਾ। ਇਨ੍ਹਾਂ ਲੋਕਾਂ ਨੇ ਮਹਿੰਗੇ ਕੱਪੜੇ ਪਹਿਨਣ ਦਾ ਭਰਮ ਤਾਂ ਪਾਲਿਆ ਪਰ ਆਪ ਟਕੇ ਟਕੇ ਨੂੰ ਵਿਕ ਗਏ। ਕਈ ਮਾਂਵਾਂ ਨੇ ਪੁੱਤਰਾਂ ਦੇ ਨਾਂ ਤਾਂ ਸ਼ਕਲ-ਸੂਰਤ ਦੇਖ ਕੇ ਰੱਖੇ ਸਨ। ਮਸਲਨ ਸੋਹਣ ਸਿੰਘ, ਸੋਹਣ ਲਾਲ ਜਾਂ ਚੰਦ ਦੇਵ ਕਪਲਨਾ 'ਚ ਖੂਬਸੂਰਤ ਚਿਹਰੇ ਹੀ ਹੋ ਸਕਦੇ ਹਨ ਪਰ ਮੰਨਦੇ ਹਾਂ ਕਿ ਸੋਨੇ ਨੂੰ ਜੰਗਾਲ ਤਾਂ ਨਹੀਂ ਲਗਦਾ, ਤੇਜਾਬ ਜ਼ਰੂਰ ਖਾ ਜਾਂਦਾ ਹੈ...।*

ਹੀਰ-ਰਾਂਝੇ ਦੀਆਂ ਕਬਰਾਂ ਅੱਗੇ ਕਵੀ ਭਾਵੇਂ ਲੱਖ ਮੱਥਾ ਟੇਕੀ ਜਾਣ ਪਰ ਦੁਨੀਆਂ ਦੀ ਬਹੁਗਿਣਤੀ ਹੁਣ ਤੱਕ ਆਸ਼ਕਾਂ ਨੂੰ ਭੰਡਦੀ ਹੀ ਆਈ ਹੈ। ਵੱਖਰੀ ਗੱਲ ਹੈ ਕਿ ਸਾਹਿਬਾਂ ਕਰਕੇ ਬੀਬੋ ਮਾਸੀ ਤੇ ਹੀਰ ਕਰਕੇ ਲੰਗੜੇ ਕੈਦੋਂ ਜਿਹੇ ਕਿਰਦਾਰ ਵੀ ਬੜੇ ਪ੍ਰਸਿੱਧ ਹੋਏ ਹਨ ਪਰ ਊਂ ਭੂਆ-ਭਤੀਜੀ ਨੇ ਸਿਆਲਾਂ ਦੇ ਚੌਧਰੀਆਂ ਦਾ ਕਿਸੇ ਵੇਲੇ ਫੱਕਾ ਨਹੀਂ ਛੱਡਿਆ ਸੀ। ਇਸ ਵਿਸ਼ੇ 'ਤੇ ਬਹਿਸ ਨਹੀਂ ਕੀਤੀ ਜਾ ਸਕਦੀ ਕਿ ਜਦੋਂ ਤੀਕਰ ਮਾਸ਼ੂਕ ਦਾ ਨਾਂ ਆਸ਼ਕ ਤੋਂ ਪਹਿਲਾਂ ਲਿਆ ਜਾਂਦਾ ਸੀ ਤਾਂ ਪਿਆਰ ਪਵਿੱਤਰ ਸੀ ਤੇ ਮਿਰਜ਼ੇ ਦਾ ਨਾਂ ਸਾਹਿਬਾਂ ਤੋਂ ਪਹਿਲਾਂ ਲੈਣ ਪਿੱਛੇ ਸਚਾਈ ਕੀ ਸੀ? ਪਰ ਫਿਰ ਵੀ ਇਨ੍ਹਾਂ ਪ੍ਰੀਤ-ਕਥਾਵਾਂ ਪ੍ਰੇਮ-ਕਿੱਸਿਆਂ ਦੀਆਂ ਬਾਤਾਂ ਪੈਂਦੀਆਂ ਆਈਆਂ ਹਨ, ਪੈ ਰਹੀਆਂ ਹਨ ਤੇ ਭਵਿੱਖ ਵਿਚ ਇਨ੍ਹਾਂ ਪ੍ਰਤੀ ਹੁੰਗਾਰਾ ਮੱਠਾ ਹੋਣ ਦੇ ਆਸਾਰ ਵੀ ਨਹੀਂ। ਬਹੁਤ ਸਾਰੇ ਲੋਕ ਇਸ ਧਾਰਨਾ ਦੇ ਹੱਕ 'ਚ ਤਾਂ 'ਗੂਠਾ ਨਹੀਂ ਪੰਜਾ' ਲਾਉਣ ਨੂੰ ਤਿਆਰ ਹੁੰਦੇ ਨੇ ਕਿ ਵੇਲ ਤੇ ਜਨਾਨੀ ਜਿਹੜਾ ਨੇੜੇ ਹੋਵੇ ਉਹਦਾ ਹੀ ਸਹਾਰਾ ਲੈ ਲੈਂਦੀਆਂ ਨੇ, ਤੇ ਇਸ ਗੱਲ ਤੇ ਵੀ ਯਕੀਨ ਕਰੋ ਕਿ ਵੇਲਾਂ ਕਈ ਵਾਰ ਏਨੀਆਂ ਭਾਰੀਆਂ ਵੀ ਹੋ ਜਾਂਦੀਆਂ ਹਨ ਕਿ ਜੀਹਦੇ ਤੇ ਚੜ੍ਹਦੀਆਂ ਨੇ ਸਹਾਰਾ ਤਾਂ ਕੀ ਢਾਅ ਹੀ ਲੈਂਦੀਆਂ ਨੇ।

ਭਾਵੇਂ ਜਿਸ ਦੁਖਦ ਵਾਰਤਾ ਦਾ ਕੱਚਾ ਨਹੀਂ ਸੱਚਾ ਚਿੱਠਾ ਸੁਣਾਉਣ ਲੱਗਾ ਹਾਂ ਉਹ ਕਿਸੇ ਧਰਮ ਜਾਂ ਮਜ਼ੂਬ ਦੀ ਢਿੱਲੀ ਚੂਲ ਵਿਚ ਫਾਹ ਲਏ ਪਰ ਕਿਆਸ ਕਰਕੇ ਵੇਖੋ ਜੇ ਕਿਸੇ ਦਾ ਸਿਰ ਤਾਂ ਫਾਂਸੀ ਵਾਲੇ ਰੱਸੇ ਦੀ ਗੰਢ 'ਚ ਫਸਾ ਦਿੱਤਾ ਗਿਆ ਹੋਵੇ ਤੇ ਵਰ੍ਹਿਆ ਤੀਕਰ ਕੋਈ ਜੱਲਾਦ ਰੱਸੇ ਤੇ ਗਰਦਨ ਨੂੰ ਖਿੱਚ ਪਾਉਣ ਵਾਲਾ ਬਟਨ ਨਾ ਦੱਬੇ ਤੇ ਇਹ ਸਜ਼ਾ ਵੀ ਬਿਨਾਂ ਕਸੂਰ ਮਿਲੀ ਹੋਵੇ ਤਾਂ ਰੱਬ ਦਾ ਇਸ ਤੋਂ ਵੱਡਾ ਹੋਰ ਨਰਕ ਕੁੰਡ ਕਿਹੜਾ ਹੋਵੇਗਾ?

ਕਹਿਣ ਨੂੰ ਕਹੀ ਜਾਂਦੇ ਨੇ 'ਪ੍ਰਦੇਸ ਗਿਉਂ ਪ੍ਰਦੇਸੀ ਹੋਇਓਂ...' ਜਾਂ 'ਮਾਂ ਕੌਲ੍ਹਿਆਂ ਗਲ ਲੱਗ ਰੋਵੇ ਪੁੱਤ ਪ੍ਰਦੇਸੀ ਨੂੰ।' ਜੀਵਨ ਯਥਾਰਥ ਦੀ ਸੱਚਾਈ ਵੇਖੀ ਹੈ ਕਿ ਵੱਡੇ ਮੁਲਕਾਂ ਨੂੰ ਗਏ ਪੁੱਤਰਾਂ ਦੀਆਂ ਮਾਂਵਾਂ ਤਾਂ ਉਡੀਕ ਵਿਚ ਕੱਫਣ ਲੜ ਲੱਗ ਗਈਆਂ ਪਰ ਜਿਸ ਮਾਂ ਦਾ ਇਕੱਲਾ ਪੁੱਤ ਵਣਵਾਸ ਕੱਟਣ ਵਾਂਗ ਬਾਰਾਂ ਸਾਲਾਂ ਬਾਅਦ ਵੀ ਕਿਸੇ ਅਰਬ ਮੁਲਕ ਤੋਂ ਘਰ ਨਾ ਮੁੜਿਆ ਹੋਵੇ, ਵਿਧਵਾ ਮਾਂ ਅਣਵਿਆਹੇ ਪੁੱਤ ਦੀਆਂ ਘੋੜੀਆਂ ਗਾਉਣ ਤੇ ਪਾਣੀ ਵਾਰ ਕੇ ਪੀਣ ਤੋਂ ਵੀ ਵਿਰਵੀਂ ਚਲੀ ਜਾਵੇ ਤਾਂ ਲਗਦਾ ਨਹੀਂ ਅਨਰਥ ਨੂੰ ਹੋਰ ਕੀ ਅਰਥ ਦਿੱਤੇ ਜਾ ਸਕਦੇ ਹਨ? ਜਿਸ ਚੌਵੀ ਵਰ੍ਹਿਆਂ ਦੇ ਗੁੰਦਵੇਂ ਸਰੀਰ ਵਾਲੇ ਪੁੱਤ ਨੂੰ ਮਾਂ ਨੇ ਤੇਲ ਚੋਅ ਕੇ ਬਰੂਹਾਂ ਲੰਘਾਇਆ, ਖੱਟੀਆਂ ਕਰਨ ਭੇਜਿਆ ਸੀ, ਉਸ ਮਾਂ ਨੂੰ ਨਹੀਂ ਪਤਾ ਸੀ ਕਿ ਪੁੱਤ ਬਕਸੇ 'ਚ ਬੰਦ ਹੋ ਕੇ ਲਾਸ਼ ਬਣ ਕੇ ਆਵੇਗਾ ਤੇ ਘਰ 'ਚੋਂ ਉਹਨੂੰ ਬੈਂਡ-ਵਾਜੇ ਵਾਲੇ ਸਿਹਰੇ ਬੰਨ੍ਹ ਕੇ ਡੋਲੀ ਲੈਣ ਲਈ ਨਹੀਂ ਤੁਰਨਗੇ ਸਗੋਂ ਚਾਰ ਜਣੇ ਉਹਦੀ ਅਰਥੀ ਨੂੰ ਮੋਢਿਆਂ 'ਤੇ ਚੁੱਕ ਕੇ ਕਬਰਾਂ ਵਲ ਲੈ ਜਾਣਗੇ।

ਜਦੋਂ ਸੋਹਣ ਲਾਲ ਦੀ ਮ੍ਰਿਤਕ ਦੇਹ ਘਰ ਪੁੱਜੀ ਸੀ ਤਾਂ ਪੂਰੇ ਪਿੰਡ ਵਾਲਿਆਂ ਨੂੰ ਇਸ ਗੱਲ ਦਾ ਵੀ ਸਭ ਤੋਂ ਵੱਡਾ ਦੁੱਖ ਸੀ ਕਿ ਚਲੋ ਮਾਂ ਧੰਤੀ ਤਾਂ ਪੁੱਤਰ ਦੇ ਵਿਯੋਗ ਵਿਚ ਉਡੀਕ ਕਰਦਿਆਂ ਮਾਮੂਲੀ ਜਿਹੀ ਬਿਮਾਰੀ ਨਾਲ ਕਦੋਂ ਦੀ ਸੰਸਾਰ ਨੂੰ ਅਲਵਿਦਾ ਕਹਿ ਗਈ ਸੀ ਤੇ ਅੱਜ ਉਸ ਦਾ ਰੋਣ-ਧੋਣ ਕਰਨ ਵਾਲਿਆਂ ਵਿਚ ਆਂਢੀ-ਗੁਆਂਢੀ ਜਾਂ ਦੂਰ ਨੇੜਲੇ ਰਿਸ਼ਤੇਦਾਰ ਹੀ ਬਚੇ ਸਨ। ਕੋਠੇ ਜਿੱਡੇ ਜੁਆਨ ਦੀ ਕੁੰਦਨ ਵਰਗੀ ਦੇਹੀ ਭਾਵੇਂ ਲਾਸ਼ ਬਣ ਕੇ ਇਕ ਮਹੀਨੇ ਤੋਂ ਬਕਸੇ ਵਿਚ ਬੰਦ ਹੋਈ ਪਈ ਸੀ ਪਰ ਉਸ ਦੇ ਚਿਹਰੇ ਦੀ ਲਾਲੀ 'ਤੇ ਰੌਣਕ ਉਵੇਂ ਸੀ ਜਿਵੇਂ ਜੁਆਨੀ ਤੇ ਜੋਬਨ 'ਕੱਠੇ ਹੋ ਕੇ ਲੁੱਕਣ ਮੀਚੀ ਖੇਡਦੇ ਹਨ ਤੇ ਇਉਂ ਲਗਦੀ ਸੀ ਕਿ ਧੰਤੀ ਦਾ ਇਹ ਸੋਹਣਾ ਪੁੱਤ ਸੋਹਣ ਲਾਲ ਹੁਣ ਉਠ ਕੇ ਬੈਠੇਗਾ ਤੇ ਪੁੱਛੇਗਾ 'ਮੇਰੀ ਮਾਂ ਕਿਥੇ ਹੈ?' ਪਰ ਦੁੱਖ ਇਹ ਸੀ ਕਿ ਇਉਂ ਹੋਣ ਵਾਲਾ ਨਹੀਂ ਸੀ। ਭਾਵੇਂ ਪੌੜੀਆਂ ਤੋਂ ਡਿੱਗ ਕੇ ਮੌਤ ਹੋਣ ਦਾ ਜਾਅਲੀ ਸਰਟੀਫਿਕੇਟ ਹੋਣੀ ਦੇ ਨਕਲੀ ਹਸਤਾਖਰਾਂ ਨਾਲ ਲਾਸ਼ ਲੜ ਨੱਥੀ ਕਰ ਦਿੱਤਾ ਗਿਆ ਸੀ ਪਰ 'ਮਜ਼ਬੂਤ ਸ਼ਤੀਰਾਂ ਵਾਲੀਆਂ ਛੱਤਾਂ ਡਿੱਗ ਕਿਵੇਂ ਪੈਂਦੀਆਂ ਹਨ?' ਇਹੋ ਭੇਦ ਇਸ ਮੌਤ ਦਾ ਰਾਜ ਸੀ।' ਵਾਹ ਸ਼ੇਰਾ ਕਹਿਣ ਵਾਲੀਆਂ ਬੀਬੀਆਂ ਤੇ ਸੱਥਰ 'ਤੇ ਬੈਠੀ ਬਜ਼ੁਰਗਾਂ ਦੀ ਢਾਣੀ ਇਸ ਜੱਗੋਂ ਤੇਰਵੀਂ ਘਟਨਾ 'ਤੇ ਰਸਮੀ 'ਹਾਅ ਦਾ ਨਾਅਰਾ' ਮਾਰ ਕੇ ਉਠ ਜਾਂਦੀ ਸੀ ਤੇ ਮੌਤ ਦੇ ਕਾਰਨਾਂ ਦੀ ਡੂੰਘਾਈ 'ਚ ਜਾਣ ਦਾ ਕਿਸੇ ਨੂੰ ਵੀ ਚੇਤਾ ਨਹੀਂ ਸੀ ਆ ਰਿਹਾ। ਖੈਰ! ਲਾਂਬੂ ਦੀਆਂ ਲਾਟਾਂ ਵੀ ਹਟਕੋਰੇ ਭਰਦੀਆਂ ਮੱਧਮ ਹੋ ਗਈਆਂ ਤੇ ਆਖਰੀ ਰਸਮਾਂ ਤੇ ਅੰਤਿਮ ਅਰਦਾਸਾਂ ਵੀ ਨਿਬੜ ਗਈਆਂ ਪਰ ਭੇਦ ਸ਼ੈਤਾਨ ਦੇ ਜੁਬਾੜੇ ਹੇਠ ਹਾਲ-ਪਾਰਿਆ ਪਾਉਂਦਾ ਵੀ ਦੱਸ ਰਿਹਾ ਸੀ।

ਅਸਲ ਵਿਚ ਸੋਹਣ ਲਾਲ ਨਾ ਮੇਰਾ ਪੇਂਡੂ ਸੀ ਨਾ ਹਮਜਮਾਤੀ, ਨਾ ਸਰੀਕੇ 'ਚੋਂ ਨਾ ਰਿਸ਼ਤੇਦਾਰੀ 'ਚੋਂ ਪਰ ਉਹਦੀ ਰਹੱਸਮਈ ਮੌਤ ਦੇ ਮਹੱਤਵਪੂਰਨੇ ਦੁਖਦਾਈ ਕਾਰਨਾਂ ਨੂੰ ਜਾਨਣ ਕਰਕੇ ਮੈਂ ਅੱਠ-ਨੌਂ ਸਾਲ ਉਹਦੇ ਲਈ ਹਉਕੇ ਲੈਂਦਾ ਰਿਹਾ। ਜਿਸ ਤੰਦੂਆਂ ਜਾਲ ਵਿਚ ਉਹ ਫਸ ਗਿਆ ਸੀ ਸ਼ਾਇਦ ਮੌਤ ਤੋਂ ਉਰੇ ਉਹਦਾ ਅੰਤ ਵੀ ਨਹੀਂ ਲਗਦਾ ਸੀ। ਅੱਠ-ਨੌਂ ਵਰ੍ਹੇ ਉਹਦੀ ਜਾਣ-ਪਛਾਣ ਵਾਲਿਆਂ ਤੋਂ ਕਨਸੋਆਂ ਲੈਂਦਾ ਰਿਹਾ ਕਿ ਉਹ ਠੀਕ ਹੈ? ਘਰੇ ਚਲੇ ਗਿਆ ਹੈ ਕਿ ਨਹੀਂ? 'ਦੁੱਲਿਆਂ ਵੇ ਟੋਕਰਾ ਚੁਕਾਈ ਆਣ ਕੇ... ਵਾਲੀ ਰਾਹ 'ਚ ਬੈਠੀ ਹੋਣੀ ਰਾਹ ਬਦਲ ਗਈ ਹੈ ਕਿ ਨਹੀਂ?' ਪਰ ਗੁਪਤ ਏਜੰਸੀਆਂ ਦੀਆਂ ਰਿਪੋਰਟਾਂ ਵੀ ਬੜੀ ਦੇਰ ਪਹਿਲਾਂ ਮਿਲਣੋਂ ਹਟ ਗਈਆਂ ਸਨ।

ਕਰੀਬ ਇਕ ਦਹਾਕਾ ਪਹਿਲਾਂ ਜਦੋਂ ਮੈਂ ਸੋਹਣ ਲਾਲ ਦੇ ਕੰਮ-ਕਾਜ਼ੀ ਅਰਬ ਮੁਲਕ ਵਿਚ ਗਿਆ ਸਾਂ ਤਾਂ ਉਦੋਂ ਇਸ ਮੁੱਛ-ਫੁੱਟ ਗੱਭਰੂ ਨਾਲ ਹਟਕੋਰਿਆਂ ਭਰੀ ਮੁਲਾਕਾਤ ਹੋਈ ਸੀ। ਉਹਨੂੰ ਮੈਂ ਬਿਲਕੁਲ ਨਹੀਂ ਜਾਣਦਾ ਸੀ ਪਰ ਇਸ ਮੁਲਕ ਵਿਚ 'ਅਜੀਤ' ਅਖ਼ਬਾਰ ਪ੍ਰਿੰਟ ਐਡੀਸ਼ਨ ਵਿਚ ਬੇਹੱਦ ਪੜ੍ਹੀ ਜਾਣ ਕਰਕੇ ਉਹ ਮੇਰਾ ਵਾਕਿਫ਼ ਜ਼ਰੂਰ ਸੀ। ਮੇਰੇ ਕੁਝ ਮਿੱਤਰਾਂ-ਦੋਸਤਾਂ ਤੇ ਪਾਠਕਾਂ ਨੇ ਇਸ ਅਰਬ ਮੁਲਕ ਦੇ ਇਕ ਰੈਸਟੋਰੈਂਟ ਵਿਚ ਮਿਲਣੀ ਦਾ ਬੰਦੋਬਸਤ ਕੀਤਾ ਤਾਂ ਸੋਹਣ ਲਾਲ ਬਿਨ ਬੁਲਾਏ ਮਹਿਮਾਨ ਵਜੋਂ ਕੁਝ ਪਲਾਂ ਲਈ ਸ਼ਾਮਲ ਹੋ ਗਿਆ। ਉਹ ਘਬਰਾਇਆ ਵੀ ਹੋਇਆ ਸੀ ਤੇ ਕਾਹਲੀ 'ਚ ਵੀ ਸੀ, ਲਗਦਾ ਸੀ ਬਾਹਰ ਉਹਦਾ ਕੋਈ ਇੰਤਜ਼ਾਰ ਕਰ ਰਿਹਾ ਸੀ। ਉਹ ਉਥੇ ਹਾਜ਼ਰ ਵੀਹ-ਪੰਝੀ ਲੋਕਾਂ ਮੂਹਰੇ ਚੁੱਪ ਰਹਿਣ ਲਈ ਹੱਥ ਜੋੜਦਿਆਂ ਮੇਰੇ ਨਾਲ ਸੰਬੋਧਤ ਹੋਇਆ:

'ਭਾਜੀ ਮੇਰੀ ਅਰਜ ਕਬੂਲ ਕਰੋ।'

'ਦੱਸੋ?'

'ਮੈਨੂੰ ਮੇਰਾ ਪਾਸਪੋਰਟ ਲੈ ਕੇ ਦਿਓ।'

'ਕਿਉਂ? ਅੰਬੈਸੀ ਵਾਲੇ ਦਿੰਦੇ ਨਹੀਂ। ਇਥੇ ਕਿਹੜਾ ਤੂੰ ਰਾਜਸੀ ਸ਼ਰਨ ਲਈ ਹੋਣੀ ਐ?'

'ਜਿਸ ਨਾਮੁਰਾਦ ਅੰਬੈਸੀ ਨੇ ਮੇਰਾ ਪਾਸਪੋਰਟ ਜਬਤ ਕੀਤਾ ਹੋਇਆ ਹੈ ਉਹ ਕੋਈ ਤੁਹਾਡੇ ਵਰਗਾ ਸੱਜਣ ਹੀ ਲੈ ਕੇ ਦੇ ਸਕਦਾ ਹੈ ਤੇ ਜਾਂ ਫਿਰ ਮੇਰਾ ਵਾਹਿਗੁਰੂ ਮੌਲਾ ਬਣ ਕੇ ਇਨ੍ਹਾਂ 'ਤੇ ਰਹਿਮ ਕਰ ਦੇਵੇ।' ਤੇ ਉਹ ਆਪਣੀ ਗੱਲ ਪੂਰੀ ਕਰਨ ਤੋਂ ਪਹਿਲਾਂ ਹੀ ਭੁੱਬੀਂ ਰੋ ਪਿਆ। ਇਸ ਮਿਲਣੀ ਦਾ ਸਾਰਾ ਸੁਆਦ ਕਿਰਕਿਰਾ ਹੋ ਗਿਆ ਜਿਵੇਂ ਬਰਾਤ ਵਿਚ ਅਚਾਨਕ ਲਾੜਾ ਬਿਮਾਰ ਹੋ ਗਿਆ ਹੋਵੇ।

...ਤੇ ਫਿਰ ਸੋਹਣ ਲਾਲ ਦੀ ਜੁਬਾਨ ਤਾਲੂਏ ਨੂੰ ਜਾ ਲੱਗੀ, ਗਲਾ ਖੁਸ਼ਕ ਹੋ ਗਿਆ ਜਿਵੇਂ ਸੁੱਕੇ ਤੇ ਵਿਰਾਨ ਖੂਹ ਦੀਆਂ ਟਿੰਡਾਂ ਨੂੰ ਕਿਸੇ ਨੇ ਗੇੜਾ ਦੇ ਦਿੱਤਾ ਹੋਵੇ। ਮੈਥੋਂ ਮੇਰਾ ਟੈਲੀਫੂਨ ਨੰਬਰ ਲੈ ਕੇ ਅਗਲੇ ਦਿਨ ਦਸ ਵਜੇ ਮਿਲਣ ਦਾ ਵਾਅਦਾ ਕਰਕੇ ਉਦਾਸ ਚਿਹਰੇ, ਕੰਬਦੀਆਂ ਲੱਤਾਂ ਨਾਲ ਉਹ ਕਬਰਾਂ ਵਰਗੀ ਚੁੱਪ ਲੈ ਕੇ ਉਥੋਂ ਚਲੇ ਗਿਆ।

ਅਗਲੀ ਸਵੇਰੇ ਉਹ ਮਿੱਥੇ ਠਿਕਾਣੇ 'ਤੇ ਮਿਥੇ ਸਮੇਂ ਤੋਂ ਦਸ ਮਿੰਟ ਪਹਿਲਾਂ ਹੀ ਪਹੁੰਚ ਗਿਆ ਸੀ। ਇਹ ਸਾਡੀ ਦੋਹਾਂ ਦੀ ਇਕਾਂਤ 'ਚ ਗੁਪਤ ਮੁਲਾਕਾਤ ਸੀ। ਇਹ ਮੇਲ ਭਾਵੇਂ ਅੱਧੇ ਕੁ ਘੰਟੇ ਦਾ ਸੀ ਪਰ ਜਿਹੜੀ ਦਿਮਾਗ 'ਚ ਹੋਏ ਕੈਂਸਰ ਦੇ ਫੋੜੇ ਵਰਗੀ ਉਹਦੀ ਅਤਿ ਸਿਰੇ ਦੀ ਦਰਦ ਭਰੀ ਗਾਥਾ ਸੀ ਉਹ ਪੱਥਰ ਦਿਲ ਨੂੰ ਵੀ ਮੋਮ ਕਰ ਦੇਣ ਵਾਲੀ ਸੀ ਤੇ ਪੈਰਾਂ ਹੇਠੋਂ ਜ਼ਮੀਨ ਖਿਸਕਾਉਣ ਵਾਲੀ। ਕਿਉਂਕਿ ਇਸ ਗਾਥਾ ਦਾ ਇਕੋ ਪਾਤਰ ਉਹਨੂੰ ਪਲ ਪਲ ਮੌਤ ਵਲ ਧੂਹ ਰਿਹਾ ਸੀ। ਸੁਣ ਕੇ ਮੈਨੂੰ ਵੀ ਲਗਦਾ ਸੀ ਕਿ ਝੂਠ ਤੇ ਪਖੰਡ ਦੇ ਨਕਲੀ ਬੁਰਕੇ ਹੇਠ ਇਹ ਲੋਕ ਕਿਹੜੇ ਉਚੇ ਇਖਲਾਕ ਤੇ ਸਮਾਜਿਕ ਕਦਰਾਂ-ਕੀਮਤਾਂ ਦੀਆਂ ਮੂੰਹ ਜੋੜ ਜੋੜ ਬਾਤਾਂ ਪਾਉਂਦੇ ਹਨ। ਦਿਲ 'ਤੇ ਹੱਥ ਰੱਖ ਕੇ ਦੇਖਿਓ ਕਾਲਜੇ ਨੂੰ ਧੂਹ ਪਾਉਣ ਵਾਲੀ ਇਹ ਪ੍ਰੀਤ ਕਹਾਣੀ ਜਿਵੇਂ ਸ਼ੁਰੂ ਤੋਂ ਅਖੀਰ ਤੱਕ ਫੋੜੇ ਤੋਂ ਨਾਸੂਰ ਬਣੇ ਦਰਦ ਦਾ ਇੱਕੋ ਜਿਹਾ ਭਾਰ ਸੀ। ਜਦੋਂ ਸੋਹਣ ਲਾਲ ਨੇ ਅੱਖਾਂ ਥਾਣੀਂ ਇਸ ਅਸਹਿ ਦਰਦ ਦੀਆਂ ਚੀਸਾਂ ਅੱਥਰੂਆਂ ਜ਼ਰੀਏ ਸੁਣਾਈਆਂ...।

ਮੈਂ ਤੇਰਾਂ ਵਰ੍ਹਿਆਂ ਦਾ ਸੀ ਜਦੋਂ ਸ਼ਹਿਰ ਨੂੰ ਰੋਟੀ ਵਾਲਾ ਡੱਬਾ ਸਾਈਕਲ ਨਾਲ ਟੰਗ ਕੇ ਕਾਰਖਾਨੇ 'ਚ ਕੰਮ ਕਰਨ ਜਾਂਦਾ ਬਾਪੂ ਇਕ ਸ਼ਰਾਬੀ ਟਰੱਕ ਡਰਾਈਵਰ ਨੇ ਦੁਰਘਟਨਾ 'ਚ ਮਾਰ ਮੁਕਾਇਆ। ਕੋਈ ਦਾਨੀ ਬਾਬਾ ਤੇ ਚਾਚਾ ਤਾਇਆ ਵੀ ਨਹੀਂ ਸੀ। ਮੇਰੀ ਵੱਡੀ ਮਾਸੀ ਪਹਿਲਾਂ ਹੀ ਵਿਧਵਾ ਹੋ ਚੁੱਕੀ ਸੀ। ਮਾਮਾ ਸਾਡਾ ਕੋਈ ਹੈ ਨਹੀਂ ਸੀ ਤੇ ਮੇਰੀ ਮਾਂ ਨੇ ਜ਼ਿੰਦਗੀ ਮੇਰੇ ਆਸਰੇ ਹੀ ਕੱਟਣ ਦਾ ਫੈਸਲਾ ਲੈ ਲਿਆ ਸੀ। ਨਾਨਾ ਮੇਰਾ ਫੌਜ 'ਚੋਂ ਸੇਵਾ ਮੁਕਤ ਸੂਬੇਦਾਰ ਸੀ। ਘਰ ਦੇ ਹਾਲਾਤ ਨੇ ਮਾਂ ਦੀ ਜਵਾਨੀ, ਬੁਢਾਪੇ 'ਚ ਤਕਸੀਮ ਕਰ ਦਿੱਤੀ। 9 ਜਮਾਤਾਂ ਪੜ੍ਹ ਕੇ ਮੈਂ ਕੰਮ ਧੰਦੇ ਵਲ ਧਿਆਨ ਦੇਣ ਲੱਗਾ ਤੇ ਸ਼ਹਿਰ ਦੇ ਇਕ ਰੈਸਟੋਰੈਂਟ 'ਚ ਵੇਟਰ ਤੋਂ ਕੁੱਕ ਬਣ ਗਿਆ।

ਦਿੱਲੀ ਦੇ ਇਕ ਏਜੰਟ ਦੇ ਇਸ਼ਤਿਹਾਰ ਨੇ ਮੇਰੇ ਚਾਅ ਬਦਲ ਦਿੱਤੇ ਕਿ ਇਕ ਅਰਬ ਮੁਲਕ ਦੀ ਨਿੱਜੀ ਕੰਪਨੀ ਨੂੰ ਖਾਣਾ ਤਿਆਰ ਕਰਨ ਵਾਲਾ ਚਾਹੀਦੈ। ਦਿੱਲੀ ਜਾ ਪਹੁੰਚਾ, ਇੰਟਰਵਿਊ ਹੋਈ ਤੇ ਮੇਰੀ ਚੋਣ ਹੋ ਗਈ। ਕੁੱਲ ਸੱਠ ਹਜ਼ਾਰ ਰੁਪਏ ਖਰਚ ਸੀ। ਪੰਝੀ ਹਜ਼ਾਰ ਮੇਰੇ ਨਾਨੇ ਨੇ ਦਿੱਤਾ ਤੇ ਬਾਕੀ ਮੇਰੀ ਮਾਂ ਨੇ ਕੁਝ ਪਿੰਡ ਦੀ ਸਹਿਕਾਰੀ ਬੈਂਕ ਤੋਂ ਕਰਜ਼ਾ ਤੇ ਬਾਕੀ ਜਾਣ-ਪਛਾਣ ਵਾਲਿਆਂ ਤੋਂ ਉਧਾਰ ਸੁਧਾਰ ਫੜ ਕੇ ਘਰ ਦੇ ਭਾਗ ਤੇ ਮੱਥੇ ਦੀਆਂ ਰੇਖਾਵਾਂ ਬਦਲਣ ਲਈ ਜਹਾਜ਼ੇ ਚੜ੍ਹਾ ਦਿੱਤਾ।

ਕੰਮ ਕੋਈ ਬਹੁਤਾ ਨਹੀਂ ਸੀ ਛੋਟੀ ਜਿਹੀ ਕੰਪਨੀ ਸੀ ਸੱਤਰ-ਪਝੱਤਰ ਸਾਲ ਦੇ ਬੁੱਢੇ ਰਬਾਬ ਦੀ। ਹਾਲੇ ਮਹੀਨਾ ਕੁ ਹੀ ਹੋਇਆ ਸੀ ਕਿ ਉਹ ਬੁੱਢਾ ਰਬਾਬ ਕਹਿਣ ਲੱਗਾ ਮੇਰੀ ਬੇਗਮ ਦੋ ਕੁ ਦਿਨ ਤੋਂ ਢਿੱਲੀ ਹੈ ਤੇ ਨਾਲ ਘਰ 'ਚ ਕੁਝ ਬੂਟੇ ਲਗਾਉਣੇ ਹਨ, ਕਾਰਪੈਟ ਬਦਲਨੀ ਹੈ, ਤੂੰ ਹਫਤਾ ਕੁ ਘਰੇ ਕੰਮ ਕਰਨਾ ਹੈ, ਨਾਲੇ ਬੇਗਮ ਦੀ ਰੋਟੀ ਬਣਾ ਦਿਆ ਕਰੀਂ। ਅਤਿ ਦੀ ਗਰਮੀ 'ਚ ਏਨੇ ਸੁਖਾਲੇ ਕੰਮ ਤੋਂ ਮੈਂ ਬਾਹਲਾ ਖੁਸ਼ ਸੀ।

ਉਹ ਰਬਾਬ ਮੈਨੂੰ ਦੋ ਕੁ ਕਨਾਲਾਂ ਦੇ ਬੰਗਲੇ 'ਚ ਘਰੇ ਛੱਡ ਆਇਆ। ਘਰ 'ਚ ਇਕੋ ਜੁਆਨ ਲੜਕੀ ਸੀ। ਉਹਨੇ ਮੈਨੂੰ ਸਾਰੇ ਕੰਮ ਸਮਝਾ ਦਿੱਤੇ ਤੇ ਖਾਣੇ 'ਚ ਮੱਛੀ ਪੱਲਾ ਤਿਆਰ ਕਰਨਾ ਵੀ ਦੱਸ ਦਿੱਤਾ। ਜਿਸ ਲੜਕੀ ਨੂੰ ਮੈਂ ਰਬਾਬ ਦੀ ਧੀ ਸਮਝਦਾ ਸੀ, ਜਦੋਂ ਤਿੰਨ ਦਿਨ ਤੱਕ ਘਰ 'ਚ ਕੋਈ ਹੋਰ ਆਇਆ ਹੀ ਨਹੀਂ ਤਦ ਮੈਨੂੰ ਪਤਾ ਲੱਗਾ ਕਿ ਇਹ ਮਧਰੇ ਕੱਦ ਦੀ ਮਿਸਰੋ (ਮਿਸਰ ਤੋਂ) ਹੀ ਉਸੇ ਦੀ ਬੇਗਮ ਹੈ।

ਮੈਂ ਬੂਟੇ ਵੀ ਲਗਾ ਦਿੱਤੇ ਤੇ ਕਾਰਪੈਟ ਵੀ ਬਦਲ ਦਿੱਤਾ ਤੇ ਇਕ ਦਿਨ ਜਦੋਂ ਰਬਾਬ ਘਰੇ ਆਇਆ ਤਾਂ ਉਹ ਕਹਿਣ ਲੱਗੀ ਇਹ ਲੜਕਾ ਖਾਣਾ ਬਹੁਤ ਵਧੀਆ ਬਣਾਉਂਦਾ ਹੈ, ਇਹਨੂੰ ਇਥੇ ਹੀ ਪੱਕੇ ਤੌਰ 'ਤੇ ਰਹਿਣ ਦਿਓ। ਤੇ ਏਨੇ ਸੁਖਾਲੇ ਕੰਮ ਤੇ ਸੁਖਾਲੀ ਜ਼ਿੰਦਗੀ ਤੋਂ ਮੈਂ ਵੀ ਬੇਹੱਦ ਖੁਸ਼ ਸਾਂ। ਇਕ ਦਿਨ ਜਦੋਂ ਮੈਂ ਖਾਣਾ ਪਰੋਸ ਕੇ ਮੇਜ਼ 'ਤੇ ਰੱਖਿਆ ਤਾਂ ਉਹ ਪੁੱਛਣ ਲੱਗੀ 'ਕਿੰਨੇ ਭੈਣ ਭਰਾ ਹੋ?' ਬੱਸ ਇਕ ਮੈਂ ਤੇ ਇਕ ਮੇਰੀ ਮਾਂ। ਤੇ ਬਾਪ ਦੀ ਮੌਤ ਤੇ ਘਰ ਦੇ ਹਾਲਾਤ ਬਾਰੇ ਸਾਰਾ ਕੁਝ ਉਹਨੂੰ ਦੱਸ ਦਿੱਤਾ।

ਉਹ ਖਾਣਾ ਖਾਣ ਤੋਂ ਪਹਿਲਾਂ ਹੀ ਉਠੀ ਅੰਦਰੋਂ ਇਕ ਲਿਫਾਫੇ ਵਿਚ ਕਿੰਨੇ ਸਾਰੇ ਨੋਟ ਪਾ ਲਿਆਈ ਤੇ ਕਹਿਣ ਲੱਗੀ 'ਸਵੇਰੇ ਇਹ ਪੈਸੇ ਆਪਣੀ ਮਾਂ ਨੂੰ ਭੇਜ ਦੇਵੀਂ" ਸਾਰਾ ਕਰਜ਼ਾ ਲੱਥ ਜਾਵੇਗਾ। ਮੇਰੇ ਲੱਖ ਵਾਰ ਨਾਂਹ ਕਰਦਿਆਂ ਵੀ ਉਹਨੇ ਪੈਸੇ ਵਾਪਿਸ ਨਾ ਲਏ। ਉਹ ਮੈਨੂੰ ਕਿਸੇ ਦੇਵੀ ਤੋਂ ਘੱਟ ਨਹੀਂ ਲਗਦੀ ਸੀ। ਪਰ ਇਸ ਤੋਂ ਬਾਅਦ ਉਹਦਾ ਰਵੱਈਆ ਤੇ ਪਹਿਰਾਵਾ ਵੀ ਬਦਲਦਾ ਗਿਆ। ਉਹ ਆਪਣੇ ਖਾਵੰਦ ਨੂੰ ਬੁਰਾ ਭਲਾ ਆਖਦੀ 'ਇਸ ਬੁੱਢੇ ਦੀਆਂ ਨੌਂ ਬੀਵੀਆਂ ਨੇ ਕਈ ਮੈਥੋਂ ਵੀ ਘੱਟ ਉਮਰ ਦੀਆਂ ਸੁਨੱਖੀਆਂ।'

ਇਸ ਤੋਂ ਵੀ ਸੁਨੱਖੀਆਂ ਹੋਣਗੀਆਂ? ਕਈ ਵਾਰ ਮਨ 'ਚ ਸੋਚਦਾ ਸਾਂ ਕਿ ਜਦੋਂ ਇਹ ਦੁੱਧ ਜਾਂ ਪਾਣੀ ਵੀ ਪੀਂਦੀ ਹੈ ਤਾਂ ਗਲੇ ਦੀਆਂ ਨਾੜੀਆਂ 'ਚੋਂ ਇਹ ਦੋਵੇਂ ਚੀਜ਼ਾਂ ਹੇਠਾਂ ਉਤਰਦੀਆਂ ਦਿਸ ਪੈਂਦੀਆਂ ਸਨ। ਅਸਲ ਵਿਚ ਬੁੱਢਾ ਰਬਾਬ ਇਸ ਔਰਤ ਕੋਲ ਸਾਲ 'ਚ ਇਕ ਅੱਧੀ ਵਾਰ ਹੀ ਆਉਂਦਾ ਸੀ ਪਰ ਆਲੀਸ਼ਾਨ ਬੰਗਲਾ ਤੇ ਪੈਸੇ ਦੀ ਘਾਟ ਨਹੀਂ ਸੀ। ਬੁਰਕਾ ਪਾ ਕੇ ਬਾਹਰ ਨਿਕਲਣ ਵਾਲੀ ਇਸ ਔਰਤ ਨੇ ਫਿਰ ਪਹਿਨਣ ਵਾਲੇ ਕੱਪੜਿਆਂ ਦੀ ਤਨ ਦੁਆਲਿਓਂ ਗਿਣਤੀ ਘਟਾਉਣੀ ਸ਼ੁਰੂ ਕਰ ਦਿੱਤੀ। ਪਰ ਮੈਂ ਆਪਣੀਆਂ ਨਜ਼ਰਾਂ ਹੇਠਾਂ ਝੁਕਾਅ ਲੈਂਦਾ। ਕਿਉਂਕਿ ਹਾਲਾਤ ਏਦਾਂ ਦੇ ਬਣ ਗਏ ਸਨ ਕਿ ਸ਼ਾਇਦ ਇਕ ਪਤਨੀ ਵੀ ਘਰ 'ਚ ਆਪਣੇ ਪਤੀ ਤੋਂ ਕੁਝ ਸ਼ਰਮਾਉਂਦੀ ਹੋਵੇ। ਉਹਦੀਆਂ ਨੀਲੀਆਂ ਅੱਖਾਂ ਬਹੁਤ ਕੁਝ ਕਹਿਣ ਦੀ ਕੋਸ਼ਿਸ਼ ਕਰਦੀਆਂ ਪਰ ਮੈਂ ਮਿਲਾਉਣ ਦੀ ਥਾਂ ਨੀਂਵੀਂ ਪਾ ਲੈਂਦਾ।

ਇਕ ਦਿਨ ਪੁੱਛਣ ਲੱਗੀ 'ਵਿਆਹ ਕਦੋਂ ਕਰਵਾਉਣੈਂ?'

'ਹਾਲੇ ਤਾਂ ਮਾਂ ਦੇ ਚਾਅ ਪੂਰੇ ਕਰਾਂਗਾ।'

'ਬੜਾ ਸੁਨੱਖਾ ਏਂ ਤੂੰ।'

ਤੇ ਇਕ ਦਿਨ ਤਾਂ ਹੱਦ ਈ ਹੋ ਗਈ। ਉਹਨੂੰ ਮੈਂ ਹਾਲੇ ਖਾਣਾ-ਪਰੋਸ ਕੇ ਆਇਆ ਹੀ ਸਾਂ ਕਿ ਉਹ ਮੇਰੇ ਗੇਟ ਨਾਲ ਦੇ ਬਾਹਰਲੇ ਕਮਰੇ ਦਾ ਬੂਹਾ ਖੜਕਾਉਣ ਲੱਗ ਪਈ। ਉਹਨੂੰ ਅਰਧ ਨਗਨ ਬਸਤਰਾਂ 'ਚ ਦੇਖ ਕੇ ਮੈਂ ਕੰਬ ਗਿਆ। ਤੂੰ ਅੱਜ ਮੇਰੇ ਕਮਰੇ 'ਚ ਸੌਵੇਂਗਾ। ਦੋ ਮਹੀਨਿਆਂ ਤੋਂ ਤੂੰ ਮੇਰੀ ਬੋਲੀ ਨਹੀਂ ਸਮਝ ਸਕਿਆ?'

'ਨਹੀਂ ਮੈਂ ਅਜਿਹਾ ਨਹੀਂ ਕਰ ਸਕਦਾ।'

'ਕਿਉਂ?''

'ਤੈਨੂੰ ਵੀ ਪਤੈ ਕਿ ਅਜਿਹਾ ਕਰਨਾ ਇਥੋਂ ਦੇ ਕਾਨੂੰਨ ਮੁਤਾਬਿਕ ਮਹਾਂ ਪਾਪ ਹੈ ਤੇ ਸਜ਼ਾ 'ਚ ਸਿਰ ਕਲਮ ਕਰ ਦਿੱਤਾ ਜਾਂਦੈ।'

'ਤੂੰ ਸਿਰ ਬਚਾ ਲਵੇਂਗਾ? ਜੇ ਮੈਂ ਹੁਣ ਵੀ ਆਖ ਦਿਆਂ ਕਿ ਇਕ ਨੌਕਰ ਨੇ ਮੈਨੂੰ ਇਕੱਲੀ ਵੇਖ ਕੇ ਜ਼ਬਰਦਸਤੀ ਕੀਤੀ ਹੈ ਤਾਂ ਫਿਰ ਜੇ ਸਿਰ ਕਲਮ ਨਾ ਵੀ ਹੋਇਆ ਤਾਂ ਬਾਹਾਂ ਤਾਂ ਕਲਮ ਕਰਵਾ ਹੀ ਦਿਆਂਗੀ। ਮੁਹੱਬਤ ਦੀ ਭਾਸ਼ਾ ਸਮਝ, ਅੰਦਰ ਚੱਲ ਘਰ ਨੋਟਾਂ ਨਾਲ ਭਰ ਦਿਆਂਗੀ, ਮੇਰੀ ਜਵਾਨੀ ਬੁੱਢੇ ਰਬਾਬ ਦੇ ਨਹੀਂ ਤੇਰੇ ਹਾਣ ਦੀ ਐ... ਗੱਲ ਮੰਨ ਵਰਨਾ ਸਵੇਰ ਦਾ ਸੂਰਜ ਤੇਰੇ ਲਈ ਆਫ਼ਤ ਬਣ ਕੇ ਆਵੇਗਾ।' ਤੇ ਘੁੱਗੀ ਸ਼ਿਕਾਰੀਆਂ ਦੇ ਧੱਕੇ ਚੜ੍ਹ ਹੀ ਗਈ। ਉਸ ਦਿਨ ਸੋਹਣ ਲਾਲ ਨੂੰ ਪਤਾ ਲੱਗਾ ਸੀ ਕਿ ਸੱਪ ਦੇ ਮੂੰਹ 'ਚ ਕੋਹੜ ਕਿਰਲੀ ਕੀਹਨੂੰ ਆਖਦੇ ਨੇ। ਵੀਜ਼ਾ ਵਧਾਉਣ ਦੇ ਚੱਕਰ ਵਿਚ ਉਸ ਔਰਤ ਨੇ ਉਹਦਾ ਪਾਸਪੋਰਟ ਲਿਆ ਸੀ ਪਰ ਇਹ ਉਹਦੀ ਬੇਈਮਾਨੀ ਤੇ ਕਾਮ ਤ੍ਰਿਸ਼ਨਾ ਦੇ ਬੁਰਕੇ 'ਚ ਗੁਆਚ ਗਿਆ ਸੀ।

ਇਹ ਔਰਤ ਮੈਨੂੰ ਬਲੈਕ-ਮੇਲ ਕਰ ਰਹੀ ਹੈ, ਘਰ 'ਚੋਂ ਬਾਹਰ ਪੈਰ ਪੁੱਟਣ ਦਾ ਹੁਕਮ ਨਹੀਂ, ਮਾਂ ਨੂੰ ਫੋਨ ਤੱਕ ਨਹੀਂ ਕਰਨ ਦਿੰਦੀ। ਇਹੋ ਆਖਦੀ ਹੈ ਤੂੰ ਜਾ ਨਹੀਂ ਸਕਦਾ, ਤੂੰ ਏਥੇ ਰਹੇਗਾ ਜਾਂ ਮੈਂ ਤੇਰੇ ਨਾਲ ਜਾਵਾਂਗੀ। ਮੈਨੂੰ ਪੈਸੇ ਨਹੀਂ ਚਾਹੀਦੇ ਮਾਂ ਚਾਹੀਦੀ ਐ... ਰੱਬ ਦੇ ਵਾਸਤੇ ਮੇਰੀ ਮਦਦ ਕਰੋ ਮੈਂ ਲਾਸ਼ ਲੈ ਕੇ ਘੁੰਮ ਰਿਹਾ ਹਾਂ ਤੇ ਇਸ ਔਰਤ ਨੇ ਮੇਰਾ ਖੂਨ ਪੀ ਲਿਆ ਹੈ। ਤੇ ਉਹ ਧਾਹਾਂ ਮਾਰਦਾ ਉਥੋਂ ਵਾਪਿਸ ਚਲੇ ਗਿਆ ਸਿਰਫ ਆਪਣੇ ਘਰ ਦਾ ਥਹੁ ਪਤਾ ਦਸ ਕੇ।

ਤੇ ਕਾਗਜ਼ਾਂ 'ਚ ਕਹਿੰਦੇ ਨੇ ਉਥੇ ਕੋਈ ਜੁਰਮ ਨਹੀਂ ਤੇ ਬੁੱਢਿਆਂ ਦਾ ਜਵਾਨ ਕੁੜੀਆਂ ਨਾਲ ਵਿਆਹ ਕਰਾਉਣਾ ਪੁੰਨ ਹੈ? ਤੇ ਜਾਂ ਫਿਰ ਅਜਿਹੇ ਬੇਵੱਸ ਜਵਾਨਾਂ ਨੂੰ ਬੂਹੇ ਭੇੜ ਕੇ ਅੰਦਰ ਕੁੰਡੀ ਮਾਰ ਲੈਣਾ ਜੁਰਮ ਨਹੀਂ? ਮੈਨੂੰ ਵੀ ਉਦੋਂ ਹੀ ਪਤਾ ਲੱਗਾ ਸੀ ਕਿ 'ਕੌਣ ਸਾਹਿਬ ਨੂੰ ਆਖੇ ਇੰਜ ਨਹੀਂ ਇੰਜ ਕਰ।' ਦੇ ਅਰਥ ਅਸਲ 'ਚ ਕੀ ਹੁੰਦੇ ਹਨ? ਪਰ ਅਫਸੋਸ ਕਿ ਇਹ ਏਨੀ ਗੁੰਝਲਦਾਰ ਸਮੱਸਿਆ ਸੀ ਕਿ ਅਭਿਮਨਿਊਂ ਵਾਂਗ ਹਰ ਕੋਈ ਚੱਕਰਵਿਊ 'ਚ ਫਸ ਸਕਦਾ ਸੀ ਕਿਉਂ ਕਿ ਸਾਰੀ ਦੁਰਘਟਨਾ ਦੁਆਲੇ ਧਰਮ ਦੇ ਬੁਰਕੇ ਦੀ ਵੀ ਇਕ ਵਾੜ ਸੀ।

ਸੱਤ ਸਾਲ ਮੈਂ ਉਸ ਨੌਜਵਾਨ ਨਾਲ ਆਪਣੇ ਹੋਰ ਪੇਂਡੂ ਜਾਂ ਜਾਣ-ਪਛਾਣ ਵਾਲੇ ਮੁੰਡਿਆਂ ਰਾਹੀਂ ਸੰਪਰਕ ਰੱਖਿਆ ਪਰ ਉਹ ਰਸਤਾ ਲੱਭ ਹੀ ਨਹੀਂ ਸਕਿਆ ਕਿ ਉਹਨੂੰ ਜਵਾਨ ਤੇ ਬੁਢਾਪੇ ਦੇ ਝੂਠੇ ਪੁਲਿਸ ਮੁਕਾਬਲੇ ਵਾਂਗ ਸੁਰੱਖਿਅਤ ਬਾਹਰ ਕੱਢ ਲਿਆ ਜਾਵੇ। ਤੇ ਕੁਝ ਦੇਰ ਪਹਿਲਾਂ ਜਦੋਂ ਸੋਹਣ ਲਾਲ ਨੂੰ ਪਤਾ ਲੱਗਾ ਕਿ ਮਿਸਰੋ ਗਰਭਵਤੀ ਹੋ ਗਈ ਹੈ ਤੇ ਉਹਨੇ ਆਖਰੀ ਭੁੱਬ ਤਾਂ ਮਾਰੀ ਪਰ ਅੰਦਰ ਹੀ ਲੁਕ ਗਈ। ਉਹ ਆਖਦਾ ਰਿਹਾ ਸੁਰਾਂ 'ਚ ਸਿਰ ਕਲਮ ਨਹੀਂ ਕਰਵਾਵਾਂਗਾ।

ਤੇ ਫਿਰ ਸੋਹਣ ਲਾਲ ਦੀ ਮੌਤ ਦੀ ਵਸੀਅਤ ਪੌੜੀਆਂ ਤੋਂ ਡਿੱਗ ਕੇ ਮਰਨ ਨਾਲ ਤਸਦੀਕ ਹੋ ਹੀ ਗਈ। ਮੰਨਦੇ ਹੋ ਧਰਮ ਨੇ ਹੀ ਦੱਸਿਆ ਕਿ ਗੁੜ 'ਚ ਜ਼ਹਿਰ ਲਪੇਟ ਕੇ ਦੇਣ ਨਾਲ ਇਹ ਮਿੱਠੀ ਹੀ ਲੱਗਦੀ ਹੈ। ਸੋਹਣ ਲਾਲ ਦੀ ਲਾਸ਼ ਦੁਆਲੇ ਵੈਣ ਪਾਉਣ ਵਾਲੇ, ਧਾਹਾਂ ਮਾਰਨ ਵਾਲੇ ਨਹੀਂ ਜਾਣਦੇ ਸਨ ਕਿ ਚੁਬਾਰਾ ਨੀਂਹਾਂ ਬਹਿ ਜਾਣ ਕਾਰਨ ਢਹਿ ਗਿਆ ਹੈ।

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਤਪਦੀ ਸੋਨ ਚਿੜੀ

ਇੰਦਰ ਦੇਵਤਿਆਂ ਸੁਣ ਫਰਿਆਦ ਸਾਡੀ, ਪਿੱਟਦੀ ਸੱਪ ਦੇ ਮੂਹਰੇ ਲਕੀਰ ਵੇਖੀ।
ਜਿਥੇ ਪੱਕਦੇ ਸਨ ਪੂੜੇ ਤੇ ਮਾਹਲ ਕਿਧਰੇ, ਬਿਨਾਂ ਦੁੱਧ ਤੋਂ ਰਿੱਝਦੀ ਖੀਰ ਵੇਖੀ।
ਗਾਵਾਂ ਮੱਝਾਂ ਹਵਾਂਕਦੀਆਂ ਤਾਂ ਵੇਖੀਆਂ ਸਨ, ਹੁਣ ਬੰਦੇ ਦੀ ਬਦਲੀ ਤਸਵੀਰ ਵੇਖੀ।
ਮੇਰੇ ਪੰਜਾਬ 'ਚ ਮੇਘਾਲਿਆ ਵਰ ਛੇਤੀ, ਪੰਜਾਂ ਪਾਣੀਆਂ ਦੀ ਧਰਤ ਦਿਲਗੀਰ ਵੇਖੀ।
ਕਿੱਡਾ ਰੱਬ ਹੈ ਸਖਤ ਮਜ਼ਾਜ ਹੋਇਆ, ਅਸੀਂ ਪਲਟਦੀ ਅੱਖਾਂ ਤਕਦੀਰ ਵੇਖੀ।
ਵਾਂਗ ਜੁਗਨੂੰਆਂ ਜਗਣ ਤੇ ਬੁਝਣ ਲਾਟੂ, ਐਸੀ ਜੰਨਤ ਨਹੀਂ ਕਿਸੇ ਅਮੀਰ ਵੇਖੀ।
ਬੰਦੇ ਧਰਮੀਆਂ ਦੇ ਹੱਥ ਨਹੀਂ ਮੁਲਕ ਮੇਰਾ, ਕਿੰਨੀ ਫੇਰ ਵੀ ਸਬਰ ਦੀ ਧੀਰ ਵੇਖੀ।
ਪੰਛੀ ਆਲ੍ਹਣਿਆਂ 'ਚ ਬਹਿ ਬਹਿ ਰੋਵਦੇਂ ਨੇ, ਟੋਭੇ ਛੱਪੜਾਂ ਦੀ ਸੁੱਕਦੀ ਸੀਰ ਵੇਖੀ।
ਬਿਨਾਂ ਅੱਗ ਦੇ ਭੁੱਜਦੇ ਨੇ ਲੋਕ ਤੱਕੇ, ਕੈਸੀ ਸਮੇਂ ਦੀ ਬਦਲੀ ਤਾਸੀਰ ਵੇਖੀ।
ਤੇ ਜਿਥੇ ਹਾੜ੍ਹ ਵਿਚ ਰਹੇ ਕਸ਼ਮੀਰ ਠੰਢਾ, ਉਥੇ ਗਰਮੀ ਦੀ ਅਸੀਂ ਅਖੀਰ ਵੇਖੀ।

# ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ

**ਸਫਰਨਾਮਾ**

**ਮਝੈਲ ਸਿੰਘ ਸਰਾਂ**

ਹਿੰਦੋਸਤਾਨ ਆਜ਼ਾਦ ਤਾਂ ਹੋ ਗਿਆ ਤੇ ਨਾਲ ਹੀ ਪੰਜਾਬ ਦੀਆਂ ਵੀ ਦੋ ਲੀਰਾਂ ਹੋ ਗਈਆਂ। ਇਕ ਲੀਰ ਹਿੱਸੇ ਆਈ ਆਜ਼ਾਦ ਹਿੰਦੋਸਤਾਨ ਦੇ ਤੇ ਦੂਜੀ ਮਿਲ ਗਈ ਸੱਜਰੇ ਬਣੇ ਪਾਕਿਸਤਾਨ ਨੂੰ। ਇਸ ਪਾਟੋ-ਧਾੜ ਵਿਚ ਹੋਰ ਵੀ ਬਹੁਤ ਕੁਝ ਅਣ-ਕਿਆਸਿਆ ਵਾਪਰ ਗਿਆ। ਆਜ਼ਾਦੀ ਦੀ ਕੀਮਤ ਪੰਜਾਬ ਦੇ ਲੋਕਾਂ ਨੂੰ ਕੁਝ ਜ਼ਿਆਦਾ ਹੀ ਤਾਰਨੀ ਪਈ, ਸਦੀਆਂ ਪੁਰਾਣੀਆਂ ਸਾਂਝਾਂ ਨੂੰ ਇਕੋ ਹੀ ਜਨੂੰਨੀ ਫਲੂਹੇ ਨੇ ਝੁਲਸ ਕੇ ਰੱਖ ਦਿੱਤਾ। ਵਸਦੇ-ਰਸਦੇ ਘਰਾਂ ਤੇ ਕਾਰੋਬਾਰਾਂ ਨੂੰ ਛੱਡ ਕੇ ਇੱਜ਼ਤਾਂ ਤੇ ਜਾਨਾਂ ਬਚਾਉਂਦੇ ਇੱਧਰ-ਊਧਰ ਨੂੰ ਕਾਫਲੇ ਬਣਾ ਕੇ ਨੱਠ ਤੁਰੇ। ਸਭ ਕੁਝ ਲੁਟਾਉਣ ਬਾਅਦ ਇਕ ਨਵੇਂ ਤਖੱਲਸ ''ਪਨਾਹਗੀਰ'' ਨਾਲ ਜਾਣੇ ਜਾਣ ਲੱਗ ਪਏ ਆਜ਼ਾਦ ਹਿੰਦੋਸਤਾਨ ਵਿਚ। ਘੱਟ ਦੂਜੇ ਪਾਸੇ ਜਾਣ ਵਾਲਿਆਂ ਨਾਲ ਵੀ ਨਹੀਂ ਹੋਈ ਉਨ੍ਹਾਂ ਨੂੰ ਨਵਾਂ ਨਾਂ 'ਮੁਹਾਜ਼ਿਰ' ਦਿੱਤਾ ਗਿਆ, ਨਵੇਂ ਬਣੇ ਪਾਕਿ-ਪਵਿੱਤਰ ਮੁਲਕ ਵਿਚ। ਉਧਰੋਂ ਉੱਜੜ ਕੇ ਆਏ ਸਿੱਖਾਂ ਨੇ ਭਾਵੇਂ ਆਪਣੇ ਆਪ ਨੂੰ ਛੇਤੀ ਹੀ ਪੈਰਾਂ ਸਿਰ ਕਰ ਲਿਆ ਪਰ ਪਿਛਲੀਆਂ ਯਾਦਾਂ ਉਨ੍ਹਾਂ ਦੇ ਚੇਤਿਆਂ 'ਚ ਧੁਰ ਤੱਕ ਖੁੱਭੀਆਂ ਪਈਆਂ ਸਨ। ਵੱਡਾ ਝੋਰਾ ਲੱਗਿਆ ਉਨ੍ਹਾਂ ਪਵਿੱਤਰ ਗੁਰ ਅਸਥਾਨਾਂ ਤੋਂ ਵਿਛੋੜੇ ਦਾ, ਜਿੱਥੋਂ ਮਨ ਦੀ ਹਰ ਮੁਰਾਦ ਪਾਉਣ ਲਈ ਨਤਮਸਤਕ ਹੁੰਦੇ ਸਨ। ਉਨ੍ਹਾਂ ਹੀ ਗੁਰ-ਅਸਥਾਨਾਂ ਦਾ ਵਿਯੋਗ ਚੜ੍ਹਦੇ ਪਾਸੇ ਵਾਲੇ ਪੰਜਾਬ 'ਚ ਵਸਦੇ ਸਿੱਖਾਂ ਨੂੰ ਬੜਾ ਗਹਿਰਾ ਲੱਗਾ, ਜਦੋਂ ਅਟਾਰੀ ਤੇ ਵਾਹਗੇ ਵਿਚਕਾਰ ਲੀਕ ਖਿੱਚ ਕੇ ਉਧਰ ਜਾਣੋਂ ਵਰਜ ਦਿੱਤਾ। ਗੁਰਧਾਮਾਂ ਲਈ ਹਰ ਸਿੱਖ ਵਿਲਕ ਉਠਿਆ ਪਰ ਕਰ ਕੁਝ ਸਕਦਾ ਨਹੀਂ ਸੀ ਕਿਉਂਕਿ ਜਿਨ੍ਹਾਂ ਨਾਲ ਆੜੀ ਲਾਈ ਉਹ ਬਾਅਦ 'ਚ ਬੇਇਤਬਾਰੇ ਤੇ ਫਰੇਬੀ ਨਿਕਲੇ। ਫਿਰ ਬਚਿਆ ਸਿਰਫ ਇਕੋ ਇਕ ਰਸਤਾ ਫਰਿਆਦ ਦਾ, ਕਿਹਦੇ ਅੱਗੇ? ਕੇਵਲ ਤੇ ਕੇਵਲ ਅਕਾਲਪੁਰਖ ਅੱਗੇ ਉਦੋਂ ਤੋਂ ਲੈ ਕੇ ਅੱਜ ਤੱਕ ਜਦੋਂ ਵੀ ਸਿੱਖ ਅਰਦਾਸ ਕਰਦਾ ਹੈ ਇਹੋ ਜੋਦੜੀ ਕਰਦਾ 'ਗੁਰਦੁਆਰਾ ਨਨਕਾਣਾ ਸਾਹਿਬ ਤੇ ਹੋਰ ਗੁਰਧਾਮਾਂ ਗੁਰਦੁਆਰਿਆਂ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ, ਉਨ੍ਹਾਂ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਤੇ ਸੇਵਾ ਸੰਭਾਲ ਖਾਲਸਾ ਜੀ ਨੂੰ ਬਖਸ਼ਣੇ ਜੀ।'

ਜਿਵੇਂ ਹਰ ਸਿੱਖ ਦੀ ਮਨਸ਼ਾ ਬਾਬੇ ਨਾਨਕ ਦੇ ਜਨਮ ਅਸਥਾਨ ਅਤੇ ਪਾਕਿਸਤਾਨ ਵਿਚ ਰਹਿ ਗਏ ਹੋਰ ਗੁਰਧਾਮਾਂ ਦੇ ਦਰਸ਼ਨਾਂ ਦੀ ਹੈ, ਮੇਰੇ ਵਿਚ ਵੀ ਹੋਣੀ ਕੁਦਰਤੀ ਹੀ ਸੀ। ਪਰ ਇਹਦੇ ਲਈ ਪਿੰਡ ਰਹਿੰਦਿਆਂ ਬਹੁਤਾ ਤਰੱਦਦ ਵੀ ਨਹੀਂ ਸੀ ਕੀਤਾ ਕਿਉਂਕਿ ਪਾਕਿਸਤਾਨ ਦਾ ਵੀਜ਼ਾ ਲਿਆਉਣ ਲਈ ਕਿਸੇ ਨੀਲੀ ਪੱਗ ਵਾਲੇ ਜਥੇਦਾਰ ਦੀ ਤੀਮਾਰਦਾਰੀ ਕਰਨੀ ਪੈਣੀ ਸੀ ਜਿਹੜੀ ਮੇਰੇ ਵਰਗੇ ਦੇਸੀ ਜਿਹੇ ਸੁਭਾਅ ਵਾਲੇ ਦੇ ਫਿੱਟ ਨਹੀਂ ਸੀ। ਫਿਰ ਸਮੇਂ ਨੇ ਛੇ ਕੁ ਸਾਲ ਪਹਿਲਾਂ ਮੈਨੂੰ ਡਾਲਰਾਂ ਵਾਲੇ ਮੁਲਕ ਵਿਚ ਲੈ ਆਂਦਾ।

ਪਿਛਲੇ ਸਾਲ ਤੋਂ ਹੀ ਮੇਰੇ ਵੱਡੇ ਭਾਈ ਸਾਹਿਬ ਜਿਹੜੇ ਇੰਗਲੈਂਡ ਵਿਚ ਰਹਿੰਦੇ ਆ ਮੈਨੂੰ ਪਿੰਡ ਜਾਣ ਨੂੰ ਕਹਿ ਰਹੇ ਸਨ, ਪਰ ਮੈਂ ਹੀ ਘੇਸਲ ਜਿਹੀ ਮਾਰੀ ਜਾਂਦਾ ਸੀ। ਜੁਲਾਈ 2009 ਦੇ ਮਹੀਨੇ ਉਨ੍ਹਾਂ ਨੇ ਪਿਆਰ ਭਰੀ ਝਿੜਕ ਮਾਰ ਕੇ ਕਿਹਾ ਕਿ ਮੈਂ ਅਕਤੂਬਰ ਦੇ ਦੂਜੇ ਹਫਤੇ ਤੋਂ ਛੁੱਟੀਆਂ ਲੈ ਲਈਆਂ ਹਨ ਤੇ ਉਸੇ ਹਫਤੇ ਇੰਗਲੈਂਡ ਤੋਂ ਅੰਮ੍ਰਿਤਸਰ ਦੀਆਂ ਦੋ ਟਿਕਟਾਂ (ਇਕ ਤੇਰੀ ਤੇ ਦੂਜੀ ਆਪਣੀ) ਵੀ ਲੈ ਲਈਆਂ ਹਨ। ਤੂੰ 11-12 ਅਕਤੂਬਰ ਤੱਕ ਇੰਗਲੈਂਡ ਪਹੁੰਚ ਜਾਹ। ਮੇਰੀ ਇੰਗਲੈਂਡ ਤੇ ਪਿੰਡ ਜਾਣ ਦੀ ਜਿਹੜੀ ਕੱਚ-ਪਿੱਲ ਸੀ ਉਹਨੂੰ ਪੂਰਾ ਫੁੱਲ-ਸਟਾਪ ਲੱਗ ਗਿਆ। ਨਾਲੇ ਮੈਨੂੰ ਪਿੰਡ ਜਾਣ ਦਾ ਵੀ ਚਾਅ ਜਿਹਾ ਚੜ੍ਹਨ ਲੱਗ ਪਿਆ। ਛੇਆਂ ਸਾਲਾਂ ਬਾਅਦ ਪਹਿਲੀ ਵਾਰੀ ਤਾਂ ਜਾਣਾ ਸੀ। ਜਾਣ ਤੋਂ ਮਹੀਨਾ ਕੁ ਪਹਿਲਾਂ ਮੈਂ ਜਦੋਂ ਉਨ੍ਹਾਂ (ਭਰਾ) ਨੂੰ ਆਪਣੀ ਮਨਸ਼ਾ ਪਾਕਿਸਤਾਨ ਜਾਣ ਦੀ ਦੱਸੀ ਤਾਂ ਉਨ੍ਹਾਂ ਨੇ ਵੀ ਝੱਟ ਹਾਮੀ ਭਰ ਦਿੱਤੀ ਤੇ ਨਾਲ ਹੀ ਮੈਨੂੰ ਕਹਿ ਦਿੱਤਾ ਕਿ ਐਥੋਂ ਕਿਸੇ ਨੂੰ ਪੁੱਛ ਕੇ ਪਾਕਿਸਤਾਨ ਦਾ ਵੀਜ਼ਾ ਲੈ ਲਈਂ। ਹੁਣ ਮੈਨੂੰ ਜਾਣਾ ਹੋਰ ਵੀ ਵਧੀਆ ਲੱਗਣ ਲੱਗ ਪਿਆ। ਅਗਲੇ ਹੀ ਦਿਨ ਇੰਟਰਨੈਟ ਤੋਂ ਪਾਕਿਸਤਾਨ ਕੌਂਸਲੇਟ ਦੇ ਫਾਰਮ ਪ੍ਰਿੰਟ ਕਰਕੇ ਪਾਸਪੋਰਟ ਨਾਲ ਲਾਸ ਏਂਜਲਸ ਨੂੰ ਭੇਜ ਦਿੱਤਾ ਤੇ 10 ਕੁ ਦਿਨਾਂ ਬਾਅਦ ਵੀਜ਼ਾ ਵੀ ਲੱਗ ਕੇ ਆ ਗਿਆ। ਇਸ ਤਰ੍ਹਾਂ ਵਿਛੜੇ ਗੁਰਧਾਮਾਂ ਦੇ ਦਰਸ਼ਨਾਂ ਲਈ ਪਹਿਲਾ ਪੈਰ ਪੁੱਟਿਆ ਗਿਆ।

ਜਦੋਂ ਇਥੋਂ ਇੰਗਲੈਂਡ ਨੂੰ ਜਾਣ ਤੋਂ ਪਹਿਲਾਂ ਆਪਣੇ ਭਰਾ ਤੋਂ ਉਨ੍ਹਾਂ ਦੇ ਵੀਜ਼ੇ ਬਾਰੇ ਪੁੱਛਿਆ ਤਾਂ ਥੋੜ੍ਹੀ ਨਿਰਾਸ਼ਾ ਹੋਈ ਕਿਉਂਕਿ ਲੰਡਨ ਸਥਿਤ ਪਾਕਿਸਤਾਨੀ ਕੌਂਸਲੇਟ ਤੋਂ ਉਨ੍ਹਾਂ ਨੂੰ ਅਜੇ ਵੀਜ਼ਾ ਨਹੀਂ ਸੀ ਲੱਗਾ ਬਾਵਜੂਦ ਇਸਦੇ ਕਿ ਉਹ ਦੋ ਵਾਰ ਅੰਬੈਸੀ ਦੇ ਦਫਤਰ ਵੀ ਜਾ ਚੁੱਕੇ ਸਨ। ਅਸਲ ਵਿਚ ਉਨ੍ਹਾਂ ਦਿਨਾਂ ਵਿਚ ਹਿੰਦ-ਪਾਕਿ ਸਰਹੱਦ ਤੇ ਇਕ-ਦੂਜੇ ਵਲ ਰਾਕਟ ਸੁੱਟੇ ਜਾਣ ਕਰਕੇ ਵਿਦੇਸ਼ੀਆਂ ਲਈ ਵੀਜ਼ਾ ਕੁਝ ਸਖਤ ਕਰ ਦਿੱਤਾ ਗਿਆ ਸੀ। ਇਹ ਗੱਲ ਵੀਜ਼ਾ ਅਫਸਰ ਨੇ ਮੇਰੇ ਭਰਾ ਨੂੰ ਦੱਸੀ ਤੇ ਕਿਹਾ ਕਿ ਅਸੀਂ ਤੈਨੂੰ ਆਪ ਹੀ ਟੈਲੀਫੋਨ ਤੇ ਦੱਸਾਂਗੇ ਤਾਂ ਆ ਕੇ ਵੀਜ਼ਾ ਲੈ ਜਾਣਾ। ਉਦਾਂ ਆਪ ਅੰਬੈਸੀ ਟੈਲੀਫੋਨ ਨਾ ਕਰੀਂ। ਇਹ ਇਕ ਤਰ੍ਹਾਂ ਨਾਲ ਵੀਜ਼ੇ ਲਈ ਲੁਕਵੀਂ ਨਾਂਹ ਹੀ ਸੀ।

ਮੈਂ ਤਾਂ 12 ਅਕਤੂਬਰ ਨੂੰ ਇੰਗਲੈਂਡ ਪਹੁੰਚ ਗਿਆ ਜਿਥੋਂ ਅੱਗੇ 14 ਅਕਤੂਬਰ ਦੀਆਂ ਅੰਮ੍ਰਿਤਸਰ ਦੀਆਂ ਸੀਟਾਂ ਬੁੱਕ ਸਨ। ਮੇਰੇ ਭਰਾ ਨੇ ਮੈਨੂੰ ਦੱਸਿਆ ਕਿ ਕੱਲ੍ਹ ਦੁਬਾਰਾ ਕਿਸੇ ਜਾਣਕਾਰ ਨੇ ਮੇਰਾ ਪਾਸਪੋਰਟ ਲਿਆ ਹੈ, ਸ਼ਾਇਦ ਉਸ ਦੀ ਅੰਬੈਸੀ ਵਿਚ ਕਾਫੀ ਵਾਕਫੀਅਤ ਹੋਵੇਗੀ। ਉਸਨੇ ਕਿਹਾ ਕਿ ਮੈਂ ਕੋਸ਼ਿਸ਼ ਕਰ ਲੈਨਾਂ ਜੇ ਵੀਜ਼ਾ ਲੱਗ ਗਿਆ ਤਾਂ ਵੀ ਨਹੀਂ ਤਾਂ ਪਾਸਪੋਰਟ 12 ਅਕਤੂਬਰ ਤੱਕ ਤੁਹਾਨੂੰ ਮਿਲ ਜਾਊਗਾ। ਗੱਲ ਸੱਚੀ ਹੋਈ ਰਾਤ ਨੂੰ 8 ਕੁ ਵਜੇ ਸਾਡਾ ਜਾਣਕਾਰ ਵੀਜ਼ਾ ਲਗਵਾ ਕੇ ਪਾਸਪੋਰਟ ਲੈ ਆਇਆ। ਆਪਣੇ ਭਰਾ ਦਾ ਵੀਜ਼ਾ ਲੱਗਣ ਦੀ ਮੈਨੂੰ ਜ਼ਿਆਦਾ ਹੀ ਖੁਸ਼ੀ ਹੋਈ ਕਿਉਂਕਿ ਉਨ੍ਹਾਂ ਤੋਂ ਬਗੈਰ ਤਾਂ ਮੈਂ ਵੀ ਪਾਕਿਸਤਾਨ ਨਹੀਂ ਸੀ ਜਾਣਾ। ਉਨ੍ਹਾਂ ਦਾ ਵੀਜ਼ਾ ਲੱਗਣ ਉਪਰੰਤ ਲੱਗਾ ਕਿ ਹੁਣ ਕੋਈ ਅੜਚਣ ਨਹੀਂ ਪਰ 14 ਅਕਤੂਬਰ ਨੂੰ ਸਵੇਰੇ ਜਦੋਂ ਪੰਜਾਬੀ ਚੈਨਲ 'ਤੇ ਖਬਰਾਂ ਦੇਖੀਆਂ ਤਾਂ ਮੁੱਖ ਖਬਰ ਇਹੋ ਸੀ ਕਿ ਪਾਕਿਸਤਾਨ ਵਿਚ ਪਿਸ਼ਾਵਰ, ਰਾਵਲਪਿੰਡੀ ਤੇ ਦੋ ਕੁ ਹੋਰ ਸ਼ਹਿਰਾਂ ਵਿਚ ਪਬਲਿਕ ਥਾਂਵਾਂ 'ਤੇ ਬੰਬ ਫਟਣ ਨਾਲ 35 ਮੌਤਾਂ ਹੋ ਗਈਆਂ ਹਨ ਤੇ ਨਾਲ ਹੀ ਇਹ ਖਬਰ ਸੀ ਕਿ ਉਨ੍ਹਾਂ ਦਿਨਾਂ ਵਿਚ ਇੰਡੀਆ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰੂ ਰਾਮਦਾਸ ਜੀ ਦੇ ਗੁਰਪੁਰਬ ਤੇ ਜਿਹੜਾ ਜਥਾ ਪਾਕਿਸਤਾਨ ਗੁਰਧਾਮਾਂ ਦੀ ਯਾਤਰਾ 'ਤੇ ਭੇਜਿਆ ਸੀ, ਉਸਨੂੰ ਵਿਚਕਾਰੋਂ ਹੀ ਇੰਡੀਆ ਵਾਪਸ ਭੇਜ ਦਿੱਤਾ ਗਿਆ ਹੈ। ਸ਼ਾਇਦ ਸੁਰੱਖਿਆ ਕਾਰਨਾਂ ਅਜਿਹਾ ਕੀਤਾ ਗਿਆ ਹੋਣਾ। ਨਾਲ ਹੀ ਖਬਰ ਵਿਚ ਦੱਸਿਆ ਗਿਆ ਕਿ ਪਾਕਿਸਤਾਨ ਸਰਕਾਰ ਵਲੋਂ 2 ਨਵੰਬਰ ਨੂੰ ਆ ਰਹੇ ਗੁਰੂ ਨਾਨਕ ਜੀ ਦੇ ਗੁਰਪੁਰਬ ਉਤੇ ਸ਼ਾਇਦ ਕਿਸੇ ਵੀ ਜਥੇ ਨੂੰ ਵੀਜ਼ਾ ਨਾ ਦਿਤਾ ਜਾਵੇ ਤੇ ਇਸਦਾ ਥੋੜ੍ਹਾ ਜਿਹਾ ਸਬੂਤ ਉਸੇ ਦਿਨ ਇੰਗਲੈਂਡ ਵਿਚ ਮਿਲ ਗਿਆ ਜਦੋਂ ਸਾਡੇ ਰਿਸ਼ਤੇਦਾਰ ਨੇ ਦੱਸਿਆ ਕਿ ਬਰਮਿੰਘਮ ਤੋਂ ਜੋ 150 ਸਿੱਖ ਸ਼ਰਧਾਲੂਆਂ ਦਾ ਜਥਾ ਜਾਣਾ ਸੀ ਉਸ ਦੇ ਵੀਜ਼ੇ ਰੋਕ ਲਏ ਗਏ ਹਨ। ਅਸੀਂ ਤਾਂ ਉਸੇ ਸ਼ਾਮ ਨੂੰ ਹੀ ਇੰਗਲੈਂਡ ਤੋਂ ਚਾਲੇ ਪਾ ਲਏ ਤੇ 15 ਅਕਤੂਬਰ ਨੂੰ ਦੁਪਹਿਰ ਦੇ ਦੋ ਕੁ ਵਜੇ ਗੁਰੂ ਰਾਮਦਾਸ ਜੀ ਦੇ ਵਸਾਏ ਸਿਫਤੀ ਦੇ ਘਰ ਸ੍ਰੀ ਅੰਮ੍ਰਿਤਸਰ ਦੇ ਰਾਜਾਸਾਂਸੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਤਰ ਗਏ ਤੇ ਪੈਰਾਂ ਨੂੰ ਜ਼ਮੀਨ ਦੇ ਸਪਰਸ਼ ਨੇ ਅਨੁਭਵ ਕਰਵਾ ਦਿੱਤਾ ਕਿ ਛੇ ਸਾਲ ਸੱਤ ਸਮੁੰਦਰੋਂ ਪਾਰ ਉਪਰ ਵਾਲੇ ਦੀ ਖਲਾਰੀ ਚੋਗ ਚੁਗ ਕੇ ਮੁੜ ਜੰਮਣ ਭੋਂ 'ਤੇ ਪਹੁੰਚ ਗਏ ਹਾਂ।

ਪਾਕਿਸਤਾਨ ਜਾਣ ਦਾ ਸਾਡਾ ਪ੍ਰੋਗਰਾਮ 21 ਅਕਤੂਬਰ ਦਾ ਸੀ ਕਿਉਂਕਿ ਅਸੀਂ ਕਿਸੇ ਜਥੇ ਨਾਲ ਤਾਂ ਜਾਣਾ ਨਹੀਂ ਸੀ ਤੇ ਗੁਰਪੁਰਬ 'ਤੇ ਪਹੁੰਚਣ ਵਾਲੇ ਜਥਿਆਂ ਤੋਂ ਪਹਿਲਾਂ ਹੀ ਦਰਸ਼ਨ ਕਰਕੇ ਵਾਪਿਸ ਮੁੜਨਾ ਸੀ। ਅਸਲ ਵਿਚ ਅਸੀਂ ਕਿਸੇ ਨਾਲ ਬੱਝ ਕੇ ਜਾਣਾ ਨਹੀਂ ਸੀ ਚਾਹੁੰਦੇ। ਉਸ ਦਾ ਕਾਰਨ ਇਕ ਇਹ ਵੀ ਸੀ ਕਿ ਅਸੀਂ ਆਪਣੀ ਯਾਤਰਾ ਦੌਰਾਨ ਗੁਰਧਾਮਾਂ ਦੇ ਦਰਸ਼ਨਾਂ ਦੇ ਨਾਲ ਨਾਲ ਪਾਕਿਸਤਾਨ ਵੀ ਦੇਖਣਾ ਚਾਹੁੰਦੇ ਸੀ। ਉਥੋਂ ਦੇ ਲੋਕਾਂ ਨਾਲ ਜਿੰਨਾ ਕੁ ਹੋ ਸਕਦਾ ਸੀ ਰਾਬਤਾ ਬਣਾਉਣਾ ਸੀ। ਉਥੇ ਸਿੱਖਾਂ ਨੂੰ ਕਿਸ ਨਜ਼ਰੀਏ ਨਾਲ ਦੇਖਦੇ ਆ, ਸਾਡੇ ਉਥੋਂ ਦੇ ਗੁਰਧਾਮਾਂ ਬਾਰੇ ਕਿਹੋ ਜਿਹੇ ਵਿਚਾਰ ਰੱਖਦੇ ਆ, ਉਥੋਂ ਦੇ ਪਿੰਡ ਕਿੱਦਾਂ ਦੇ ਲੱਗਦੇ ਆ, ਲੋਕਾਂ ਦਾ ਰਹਿਣ ਸਹਿਣ ਕਿੱਦਾਂ ਦਾ ਹੈ? ਐਹੋ ਜਿਹੀਆਂ ਕਈ ਗੱਲਾਂ ਸਨ ਜਿਸ ਕਰਕੇ ਸਾਡੀ ਉਕਸੁਕਤਾ ਕੁਝ ਹੋਰ ਵੀ ਵੱਧ ਗਈ ਸੀ ਪਰ 19 ਅਕਤੂਬਰ ਨੂੰ ਪਿੰਡ ਜਦੋਂ ਖਬਰਾਂ ਸੁਣੀਆਂ ਤਾਂ ਪਤਾ ਲੱਗਾ ਕਿ ਲਾਹੌਰ ਵਿਚ ਵੀ ਤਿੰਨ ਥਾਂਵਾਂ 'ਤੇ ਬੰਬ ਫਟ ਗਏ ਤੇ 8 ਲੋਕ ਮਾਰੇ ਗਏ। ਇਹੋ ਜਿਹੀਆਂ ਖਬਰਾਂ ਅਸਲ ਵਿਚ ਸਾਡੇ ਉਧਰ ਜਾਣ ਵਿਚ ਰੁਕਾਵਟਾਂ ਬਣਨ ਲੱਗੀਆਂ ਕਿਉਂਕਿ ਸਾਰੇ ਹੀ ਸਾਨੂੰ ਕਹਿਣ ਲੱਗ ਪਏ ਕਿ ਇਹੋ ਜਿਹੇ ਮਾਹੌਲ ਵਿਚ ਨਾ ਜਾਓ ਤਾਂ ਚੰਗਾ। ਮੇਰਾ ਭਰਾ ਵੀ ਕਹਿਣ ਲੱਗਾ ਕਿ ਉਹਦਾ ਵਿਚਾਰ ਇਨ੍ਹਾਂ ਹਾਲਤਾਂ ਵਿਚ ਅੱਧੋ-ਅੱਧ ਹੋ ਗਿਆ ਹੈ। ਮੇਰੇ ਚੁੱਪ ਰਹਿਣ 'ਤੇ ਕਹਿਣ ਲੱਗੇ ਕਿ ਆਪਾਂ ਚਲੇ ਜਾਨੇ ਆਂ ਜੇ ਬਾਰਡਰ 'ਤੇ ਪਾਕਿਸਤਾਨ ਸਰਕਾਰ ਵਲੋਂ ਕੋਈ ਅੜਚਣ ਨਾ ਪਈ ਤਾਂ ਚਲੇ ਜਾਵਾਂਗੇ। ਜੇ ਸੁਰੱਖਿਆ ਕਾਰਨਾਂ ਕਰਕੇ ਐਂਟਰੀ ਨਾ ਦਿੱਤੀ ਤਾਂ ਮੁੜ ਆਵਾਂਗੇ! ਅਸਲ ਵਿਚ ਇਹ ਸਭ ਦੱਸਣ ਦਾ ਮੇਰਾ ਮਕਸਦ ਇਹੀ ਹੈ ਕਿ ਖੁੱਲ੍ਹੇ ਦਰਸ਼ਨ-ਦੀਦਾਰੇ ਕਰਨ ਦੇ ਰਾਹ ਵਿਚ ਕਿੰਨੀਆਂ ਰੁਕਾਵਟਾਂ ਆਉਂਦੀਆਂ ਹਨ।

ਅਸੀਂ ਮਿੱਥੇ ਮੁਤਾਬਿਕ 21 ਅਕਤੂਬਰ ਨੂੰ ਬਾਰਡਰ 'ਤੇ ਜਾਣਾ ਸੀ। ਪਿੰਡੋਂ ਇਕ ਦਿਨ ਪਹਿਲਾਂ ਜਲੰਧਰ ਰਹਿੰਦੇ ਆਪਣੇ ਰਿਸ਼ਤੇਦਾਰਾਂ ਦੇ ਵੱਲ ਚਲੇ ਗਏ ਕਿਉਂਕਿ ਉਦਾਂ ਵੀ ਬਾਹਰੋਂ ਜਾ ਕੇ ਮਿਲਣ ਤਾਂ ਜਾਣਾ ਹੀ ਸੀ। ਰਿਸ਼ਤਾ ਹੀ ਇੱਦਾਂ ਦਾ ਹੈ ਮਤਲਬ ਕਿ ਮੇਰੇ ਸਹੁਰਿਆਂ ਦਾ ਘਰ ਆ। ਰਾਤ ਨੂੰ ਵੀ ਮੇਰੇ ਰਿਸ਼ਤੇਦਾਰ ਜੋ ਕਿ ਖਾਲਸਾ ਕਾਲਜ ਜਲੰਧਰ ਵਿਚ ਪ੍ਰੋਫੈਸਰ ਹਨ, ਪਾਕਿਸਤਾਨ ਦੀ ਹਾਲਤ ਦਾ ਜ਼ਿਕਰ ਕਰਦਿਆਂ ਸਾਡੇ ਉਧਰ ਵਲ ਜਾਣ 'ਤੇ ਥੋੜ੍ਹੀ ਜਿਹੀ ਫਿਕਰਮੰਦੀ ਜ਼ਾਹਿਰ ਕਰਨ ਲੱਗੇ, ਪਰ ਸਾਨੂੰ ਰੋਕਿਆ ਵੀ ਨਾ। ਫਿਰ 21 ਅਕਤੂਬਰ ਨੂੰ ਸਵੇਰੇ ਅਸੀਂ ਟੈਕਸੀ ਲੈ ਕੇ ਜਲੰਧਰੋਂ ਸਿੱਧਾ ਦਰਬਾਰ ਸਾਹਿਬ ਪੁੱਜ ਗਏ।

ਦਰਸ਼ਨੀ ਡਿਉੜੀ ਦੀਆਂ ਪੌੜੀਆਂ ਉਤਰਦਿਆਂ ਪਵਿੱਤਰ ਸਰੋਵਰ ਵਿਚ ਦਰਬਾਰ ਸਾਹਿਬ ਸੱਚਖੰਡ ਦੇ ਦਰਸ਼ਨ ਕਰਦਿਆਂ ਸੁੱਤੇ ਸਿੱਧ ਹੀ ਹੱਥ ਜੁੜ ਗਏ। ਆਖਰੀ ਪੌੜੀ ਉਤਰਨ ਤੇ ਪਰਿਕਰਮਾ ਵਿਚ ਹੀ ਦਰਬਾਰ ਸਾਹਿਬ ਵਲ ਥੋੜ੍ਹੀ ਜਿਹੀ ਟਿਕ-ਟਿਕੀ ਲਗਾ ਕੇ ਦੇਖਣ ਉਪਰੰਤ ਆਪਣੇ ਆਪ ਹੀ ਮੱਥਾ ਟੇਕਿਆ ਗਿਆ ਤੇ ਮਨ ਨੇ ਇਕ ਖਾਮੋਸ਼ ਅਰਦਾਸ ਵੀ ਕਰ ਦਿੱਤੀ ਕਿ ਹੇ ਸੱਚੇ ਪਾਤਸ਼ਾਹ ਮੇਰੇ ਵਿਚ ਲੱਖਾਂ ਬੁਰਿਆਈਆਂ ਹੋਣ ਦੇ ਬਾਵਜੂਦ ਕਿਸੇ ਹੋਰ ਦੀ ਸਰਦਲ 'ਤੇ ਸਿਰ ਝੁਕਾਉਣ ਤੋਂ ਆਪ ਹੀ ਬਚਾ ਲਿਆ ਕਰੀਂ। ਸਰੋਵਰ ਦੀ ਪਰਿਕਰਮਾ ਤੇ ਪਵਿੱਤਰ ਜਲ ਵਿਚ ਇਸ਼ਨਾਨ ਕਰਕੇ ਸੱਚਖੰਡ ਅੰਦਰ ਮੱਥਾ ਟੇਕਿਆ ਤੇ ਬਾਹਰ ਆ ਕੇ ਸ੍ਰੀ ਅਕਾਲ ਤਖਤ ਦੇ ਵੀ ਦਰਸ਼ਨ ਕੀਤੇ। ਇੰਨੇ ਨੂੰ ਟਾਈਮ ਵੀ ਹੋ ਗਿਆ ਸੀ। ਅਸਲ ਵਿਚ ਸਾਡੀ ਨੂੰਹ ਮਤਲਬ ਮੇਰੇ ਇੰਗਲੈਂਡ ਵਾਲੇ ਭਰਾ ਦੀ ਨੂੰਹ ਜੋ ਕਿ ਇੰਗਲੈਂਡ ਦੀ ਹੀ ਜੰਮਪਲ ਹੈ, ਵੀ ਸਾਡੇ ਨਾਲ ਸੀ। ਉਸ ਦਾ ਵਿਆਹ ਥੋੜ੍ਹਾ ਚਿਰ ਪਹਿਲਾਂ ਹੋਇਆ ਸੀ। ਉਹ ਵੀ ਸਾਡੇ ਨਾਲ ਹੀ ਪਹਿਲੀ ਵਾਰੀ ਇੰਡੀਆ ਆਈ ਸੀ ਕਿਉਂਕਿ ਮੇਰਾ ਭਰਾ ਚਾਹੁੰਦਾ ਸੀ ਕਿ ਉਹਨੂੰ ਆਪਣਾ ਪਿੰਡ ਜ਼ਰੂਰ ਦਿਖਾ ਦਿਆਂ ਤੇ ਉਹ ਵੀ ਖੁਸ਼ ਸੀ ਕਿ ਮੈਂ ਦੇਖਾਂ, ਪਿੰਡਾਂ ਦਾ ਮਾਹੌਲ ਕਿੱਦਾਂ ਦਾ ਹੈ। ਪਰ ਉਹਦੇ ਕੋਲ ਛੁੱਟੀ ਹੀ ਕੁਲ 5 ਦਿਨਾਂ ਦੀ ਸੀ ਅਸੀਂ ਇੰਨੇ ਕੁ ਦਿਨਾਂ ਵਿਚ ਉਸਨੂੰ ਦਿਖਾ ਦਿੱਤਾ ਪਾਥੀਆਂ ਕਿੱਦਾਂ ਪੱਥ ਹੁੰਦੀਆਂ, ਗਾਈਆਂ ਦਾ ਦੁੱਧ ਕਿੱਦਾਂ ਚੋਈਦਾ, ਪਿੰਡਾਂ ਵਿਚ ਗੋਹੇ ਦੇ ਢੇਰ ਵੀ ਦਿਖਾਲ ਦਿੱਤੇ, ਚੁੱਲ੍ਹਾ, ਭੱਠੀ, ਦੁੱਧ ਤੱਤਾ ਕਰਨ ਵਾਲੀ ਭੜੋਲੀ ਜੋ ਅਜੇ ਤੱਕ ਸਾਡੇ ਘਰ ਵਿਚ ਚਾਲੂ ਹੈ, ਦਿਖਾ ਦਿੱਤੇ। ਉਦਾਂ ਹੁਣ ਪਿੰਡ ਬਹੁਤ ਬਦਲ ਗਏ ਆ। ਸਾਡੀ ਇਸ ਨੂੰਹ ਦੀ ਵਾਪਸੀ ਦੀ ਫਲਾਈਟ ਅੰਮ੍ਰਿਤਸਰ ਤੋਂ ਹੀ ਦੁਪਹਿਰੇ ਇਕ ਵਜੇ ਸੀ ਇਸ ਲਈ ਦਰਬਾਰ ਸਾਹਿਬ ਅਸੀਂ ਬੈਠੇ ਨਹੀਂ ਤੇ ਉਸਨੂੰ ਏਅਰਪੋਰਟ ਛੱਡਣ ਚੱਲ ਪਏ, 12 ਕੁ ਵਜੇ ਦੁਪਹਿਰੇ ਉਹਨੂੰ ਛੱਡ ਕੇ ਅਸੀਂ ਅਗੇ ਆਪਣੀ ਅਸਲ ਮੰਜ਼ਿਲ ਅਟਾਰੀ ਬਾਰਡਰ ਵਲ ਨੂੰ ਚਾਲੇ ਪਾ ਦਿੱਤੇ।



ਅੰਮ੍ਰਿਤਸਰ ਤੋਂ ਅਟਾਰੀ ਬਾਰਡਰ ਸੜਕ ਰਸਤੇ 35 ਕੁ ਕਿਲੋਮੀਟਰ ਹੈ। ਟੈਕਸੀ ਵਾਲੇ ਨੇ ਤਕਰੀਬਨ 1 ਵਜੇ ਉਥੇ ਪੁਚਾ ਦਿੱਤਾ। ਅੱਗੇ ਸੜਕ 'ਤੇ ਲੋਹੇ ਦਾ ਗੇਟ ਹੈ। ਉਸ ਦੇ ਅੰਦਰ ਨੀਲੇ ਕੱਪੜਿਆਂ ਵਾਲੇ ਵੱਡੀ ਗਿਣਤੀ ਵਿਚ ਕੁਲੀ ਫਿਰਦੇ ਦਿਸੇ। ਇਸ ਗੇਟ ਤੋਂ ਅੱਗੇ ਕੋਈ ਪ੍ਰਾਈਵੇਟ ਗੱਡੀ ਨਹੀਂ ਜਾਣ ਦਿੰਦੇ। ਕਿਉਂਕਿ ਸਾਡਾ ਪਾਕਿਸਤਾਨ ਜਾਣ ਦਾ ਪਹਿਲਾ ਤਜਰਬਾ ਸੀ ਕਿ ਕਿਥੇ ਕੀ-ਕੀ ਚੈਕ ਹੋਣਾ ਸਾਨੂੰ ਪਤਾ ਨਹੀਂ ਸੀ। ਉਦਾਂ ਸਾਡੇ ਨਾਲ ਸਾਡੇ ਵੱਡੇ ਜੀਜਾ ਜੀ ਸਨ ਜੋ ਅਮਰੀਕਾ ਵਿਚ ਬਹੁਤ ਚਿਰ ਤੋਂ ਰਹਿੰਦੇ ਹਨ। ਉਹ ਕੁਝ ਸਾਲ ਪਹਿਲਾਂ ਬਾਰਡਰ ਰਾਹੀਂ ਪਾਕਿਸਤਾਨ ਜਾ ਵੀ ਚੁੱਕੇ ਸੀ ਪਰ ਉਨ੍ਹਾਂ ਨੂੰ ਬਹੁਤਾ ਪਤਾ ਨਹੀਂ ਸੀ। ਉਸ ਗੇਟ ਦੇ ਅੰਦਰ ਵਾਰ ਇਕ ਚੈਕਪੋਸਟ ਜਿਹੀ ਸੀ ਤੇ ਉਹਦੇ ਮੋਹਰੇ ਇਕ ਟੈਂਟ ਵੀ ਸੀ। ਜਦੋਂ ਅਸੀਂ ਅੰਦਰ ਨੂੰ ਤੁਰੇ, ਅਸੀਂ ਉਨ੍ਹਾਂ ਨੂੰ ਪੁੱਛਣਾ ਹੀ ਸੀ ਕਿ ਕੀ ਪ੍ਰੋਸੀਜ਼ਰ ਹੈ। ਪਰ ਸਾਡੇ ਪਹੁੰਚਣ ਤੋਂ ਪਹਿਲਾਂ ਹੀ ਇਕ ਖਾਕੀ ਕੱਪੜਿਆਂ ਵਾਲਾ ਸਾਡੇ ਵਲ ਨੂੰ ਤੇਜ਼ ਤੁਰਦਾ ਆਇਆ ਤੇ ਕਹਿੰਦਾ ਤੁਸੀਂ ਕਿਥੇ ਨੂੰ ਤੁਰੇਓ ਆਂ, ਅਸੀਂ ਕਿਹਾ, 'ਪਾਕਿਸਤਾਨ ਨੂੰ'। ਫਿਰ ਕਹਿੰਦਾ ਆਏ ਕਿੱਥੋਂ ਆਂ? ਤਾਂ ਅਸੀਂ ਕਿਹਾ ''ਆਪਣੇ ਪਿੰਡੋਂ'' ਤੇ ਜ਼ਿਲ੍ਹੇ ਦਾ ਨਾਂ ਵੀ ਦੱਸ ਦਿੱਤਾ। ਔਹਰਾ ਜਿਹਾ ਦੇਖਦਾ ਕਹਿੰਦਾ ਕਿ ਪਾਸਪੋਰਟ 'ਤੇ ਵੀਜ਼ੇ ਲੱਗਿਓ ਆ, ਸਾਡੇ 'ਹਾਂ' ਕਹਿਣ ਤੇ ਉਹਨੇ ਸਿਰ ਨਾਲ ਹੀ ਅਗੇ ਜਾਣ ਲਈ ਇਸ਼ਾਰਾ ਕਰ ਦਿੱਤਾ। ਸ਼ਾਇਦ ਉਹਨੂੰ ਸਾਡੇ ਰੇਤੂਆਂ ਵਾਲੇ ਅਟੈਚੀਆਂ ਤੋਂ ਅੰਦਾਜ਼ਾ ਹੋ ਗਿਆ ਹੋਣਾ ਕਿ ਕਿਤੇ ਸਮੁੰਦਰ ਪਾਰੋਂ ਢੂਹਾ ਕੁਟਾਉਂਦੇ ਆਏ ਆ। ਅਸਲ ਵਿਚ ਉਹਦਾ ਕਸੂਰ ਵੀ ਨਹੀਂ ਸੀ ਸ਼ਾਇਦ ਉਹ ਕਸਟਮ ਦੀ ਚੈਕਪੋਸਟ ਸੀ ਕਿਉਂਕਿ ਸਾਰੇ ਟਰੱਕਾਂ ਵਾਲੇ ਜਿਨ੍ਹਾਂ ਨੇ ਇੰਡੀਆ ਤੋਂ ਪਾਕਿਸਤਾਨ ਭੇਜਣ ਲਈ ਮਾਲ ਲਿਆਂਦਾ ਹੁੰਦਾ, ਉਹ ਉਥੇ ਕਾਗਜ਼ ਦਿਖਾਉਂਦੇ ਨੇ ਤੇ ਟਰੱਕਾਂ ਵਾਲਿਆਂ ਨਾਲ ਖਾਕੀ ਵਰਦੀ ਵਾਲੇ ਕਿੱਦਾਂ ਪੇਸ਼ ਆਉਂਦੇ ਆ ਉਹ ਕਿਸੇ ਤੋਂ ਗੁੱਝਾ ਥੋੜ੍ਹਾ?

ਥੋੜ੍ਹਾ ਜਿਹਾ ਤੁਰਨ ਤੋਂ ਬਾਅਦ ਅੱਗੇ ਇਮੀਗਰੇਸ਼ਨ ਦਾ ਦਫਤਰ ਆ ਗਿਆ। ਅੰਦਰ ਲੰਘ ਕੇ ਦੇਖਿਆ ਦੋ ਖਿੜਕੀਆਂ ਤੇ ਬਾਬੂ ਆਪਣੇ-ਆਪਣੇ ਕੰਪਿਊਟਰ 'ਤੇ ਕੰਮ ਕਰ ਰਹੇ ਸਨ ਤੇ 15-20 ਕੁ ਪਾਕਿਸਤਾਨੀ ਬੈਠੇ ਸਨ ਜਿਨ੍ਹਾਂ ਵਿਚੋਂ ਇਕ ਗਰੁੱਪ ਤਾਂ ਗਾਉਣ ਵਾਲਿਆਂ ਦਾ ਲੱਗਦਾ ਸੀ ਕਿਉਂਕਿ ਉਨ੍ਹਾਂ ਦੇ ਕੱਪੜਿਆਂ ਤੋਂ ਹੀ ਅੰਦਾਜ਼ਾ ਲੱਗਦਾ ਸੀ। ਬਾਕੀ ਇੰਡੀਆ ਤੋਂ ਹੋ ਕੇ ਵਾਪਸ ਜਾਣ ਵਾਲਿਆਂ ਵਿਚ ਮਰਦ ਤੇ ਬੀਬੀਆਂ ਦੋਵੇਂ ਤਰ੍ਹਾਂ ਦੇ ਸਨ। ਉਨ੍ਹਾਂ ਕੋਲ ਜਿਹੜਾ ਸਾਮਾਨ ਸੀ ਉਹ ਵੀ ਜ਼ਿਆਦਾ ਪੰਡਾਂ ਵਾਂਗ ਬੰਨ੍ਹਿਆ ਹੋਇਆ ਸੀ ਜਾਂ ਗਲ 'ਚ ਪਾਉਣ ਵਾਲੇ ਬੜੇ ਬੜੇ ਬੈਗਾਂ ਵਿਚ ਸੀ। ਇਕ ਉਨ੍ਹਾਂ ਵਿਚ ਲਾਹੌਰ ਦੇ ਸਰਦਾਰ ਜੀ ਵੀ ਸਨ। ਉਸਨੇ ਮੇਰੇ ਕੋਲੋਂ ਫਾਰਮ ਭਰਾਉਣ ਲਈ ਕੁਝ ਪੁੱਛਿਆ ਸੀ ਤਾਂ ਉਹਨੇ ਦੱਸਿਆ ਕਿ ਉਹਦੀ ਲਾਹੌਰ ਵਿਚ ਦੁਕਾਨ ਹੈ।

ਅਸੀਂ ਵੀ ਆਪਣਾ ਆਪਣਾ ਫਾਰਮ ਭਰ ਕੇ ਖਿੜਕੀ ਮੋਹਰੇ ਚਲੇ ਗਏ ਤਾਂ ਮੈਨੂੰ ਪਹਿਲੀ ਵਾਰ ਹੈਰਾਨੀ ਹੋਈ ਕਿ ਇਮੀਗ੍ਰੇਸ਼ਨ ਵਾਲੇ ਬਾਬੂ ਨੇ ਮੇਰਾ ਫਾਰਮ ਤੇ ਪਾਸਪੋਰਟ ਚੈਕ ਕਰਕੇ ਮੋਹਰ ਲਗਾਉਣ ਉਪਰੰਤ ਪਾਸਪੋਰਟ ਫੜਾਉਣ ਸਮੇਂ ਕਿਹਾ ''ਲਓ ਸਰ ਜੀ'' ਜਦੋਂ ਕਿ ਉਸੇ ਬਾਬੂ ਨੇ ਪਾਕਿਸਤਾਨ ਵਾਲੇ ਸਰਦਾਰ ਜੀ ਦਾ ਪਹਿਲਾ ਫਾਰਮ ਕੁਝ ਠੀਕ ਨਾ ਭਰਿਆ ਹੋਣ ਕਰਕੇ ਬੜੀ ਰੁੱਖੀ ਜ਼ੁਬਾਨ 'ਚ ਝਿੜਕਾ ਮਾਰਿਆ ਸੀ। ਫਿਰ ਮੈਨੂੰ ਉਸ ਦੇ 'ਸਰ' ਕਹਿਣ ਤੋਂ ਇੰਜ ਲੱਗਾ ਜਿਵੇਂ ਇਹ ਮੈਨੂੰ ਨਹੀਂ ਅਮਰੀਕੀ ਪਾਸਪੋਰਟ ਨੂੰ ਕਿਹਾ ਹੋਵੇ। ਇਮੀਗਰੇਸ਼ਨ ਤੋਂ ਬਾਅਦ ਕਸਟਮ ਵਾਲਿਆਂ ਦਾ ਦਫਤਰ ਸੀ, ਉਨ੍ਹਾਂ ਨੇ ਸਾਡੇ ਅਟੈਚੀ ਸਕੈਨ ਕਰਕੇ ਅੱਗੇ ਭੇਜ ਦਿੱਤਾ। ਉਥੋਂ ਤੁਰ ਕੇ ਅਗਾਂਹ ਬੀ.ਐਸ.ਐਫ. ਵਾਲਿਆਂ ਦਾ ਦਫਤਰ ਹੈ ਜਿਥੇ ਉਹ ਪਾਕਿਸਤਾਨ ਜਾਣ ਵਾਲੇ ਹਰੇਕ ਬੰਦੇ ਦਾ ਨਾਂ ਪਤਾ, ਕਿਸ ਦੇਸ਼ ਦਾ ਨਾਗਰਿਕ ਹੈ, ਪਾਸਪੋਰਟ ਨੰਬਰ ਇਕ ਰਜਿਸਟਰ 'ਤੇ ਤਾਰੀਖਵਾਰ ਦਰਜ ਕਰਕੇ ਅੱਗੇ ਬਾਰਡਰ ਵਲ ਨੂੰ ਭੇਜਦੇ ਹਨ। ਸਾਹਮਣੇ ਬਾਰਡਰ 'ਤੇ ਗੇਟ ਦਿਖਾਈ ਦਿੰਦਾ ਹੈ ਜਿਸਦੇ ਇੱਧਰ ਵਾਲੇ ਪਾਸੇ ਅਸ਼ੋਕ ਚੱਕਰ ਵਾਲਾ ਭਾਰਤ ਸਰਕਾਰ ਦਾ ਚਿੰਨ੍ਹ ਹੈ ਨਾਲ ''ਸਤਯ-ਮੇਵ-ਜਯਤੇ'' ਹਿੰਦੀ ਵਿਚ ਲਿਖਿਆ ਹੋਇਆ ਹੈ। ਗੇਟ ਦੇ ਇੱਧਰ ਵਾਲੇ ਪਾਸੇ ਤਿਰੰਗਾ ਝੰਡਾ ਲਹਿਰਾ ਰਿਹਾ ਹੈ, ਕੋਲ ਹੀ ਬੀ.ਐਸ.ਐਫ. ਦਾ ਜੁਆਨ ਸਟੇਨ ਗੰਨ ਲੈ ਕੇ ਖੜ੍ਹਾ। ਖੱਬੇ ਪਾਸੇ ਉਹ ਥਾਂ ਹੈ ਜਿੱਥੇ ਪੌੜੀਆਂ ਬਣੀਆਂ ਹੋਈਆਂ ਹਨ ਜਿਨ੍ਹਾਂ 'ਤੇ ਬੈਠ ਕੇ ਲੋਕੀਂ ਸ਼ਾਮ ਨੂੰ ਝੰਡੇ ਉਤਾਰਨ ਵਾਲੀ ਬੀ.ਐਸ.ਐਫ. ਤੇ ਪਾਕਿਸਤਾਨੀ ਰੇਂਜਰ ਦੀ ਸਾਂਝੀ ਪਰੇਡ ਦੇਖਦੇ ਹਨ। ਇਸ ਪਰੇਡ ਵਿਚ ਜਵਾਨ ਪੈਰ ਸਿਰ ਤੱਕ ਉਚੇ ਚੁੱਕ ਕੇ ਜ਼ੋਰ-ਜ਼ੋਰ ਦੀ ਸਲੂਟ ਮਾਰਦੇ ਹਨ ਜਿਵੇਂ ਸਲੂਟ ਨਹੀਂ ਇਕ ਦੂਜੇ ਵੱਲ ਤੋਪਾਂ ਦਾਗ ਰਹੇ ਹੋਣ ਜਾਂ ਇਕ ਦੂਜੇ ਨੂੰ ਦਬਕੇ ਮਾਰ ਰਹੇ ਹੋਣ। ਬੀ.ਐਸ.ਐਫ. ਅਤੇ ਪਾਕਿਸਤਾਨੀ ਰੇਂਜਰ ਦੇ ਜੁਆਨ ਇਕ ਦੂਜੇ ਵਲ ਨੂੰ ਘੂਰ-ਘੂਰ ਕੇ ਦੇਖਦੇ ਹਨ। ਅਸਲ ਵਿਚ 7 ਕੁ ਸਾਲ ਪਹਿਲਾਂ ਇਹ ਪਰੇਡ ਮੈਂ ਅੱਖੀਂ ਦੇਖੀ ਸੀ ਪਰ ਜਿੰਨਾ ਵਧੀਆ ਟੈਲੀਵਿਜ਼ਨ 'ਤੇ ਦੇਖਣ ਨੂੰ ਲੱਗਾ ਅੱਖੀਂ ਦੇਖ ਕੇ ਨਹੀਂ ਸੀ ਲੱਗਿਆ। ਕਾਰਨ ਇਹ ਹੈ ਕਿ ਸਾਡੇ ਵਾਲੇ ਪਾਸੇ ਦੇਖਣ ਵਾਲਿਆਂ ਤੇ ਦੇਸ਼ ਭਗਤੀ ਦਾ ਜਨੂਨ ਕੁਝ ਬਹੁਤਾ ਹੀ ਸਿਰ ਚੜ੍ਹਿਆ ਹੁੰਦਾ ਹੈ। ਉਹ ਉਚੀ-ਉਚੀ ਉਠ ਕੇ ਮੁੱਕੇ ਉਪਰ ਨੂੰ ਉਲਾਰ ਕੇ ''ਭਾਰਤ ਮਾਤਾ ਦੀ ਜੈ'' ਦੇ ਨਾਅਰੇ ਪਾਕਿਸਤਾਨ ਵਾਲੇ ਪਾਸੇ ਨੂੰ ਮੂੰਹ ਕਰਕੇ ਕਿਲ੍ਹ-ਕਿਲ੍ਹ ਕੇ ਇੱਦਾਂ ਮਾਰਦੇ ਹਨ ਜਿੱਦਾਂ ਸਕੱਡ ਮਿਜ਼ਾਈਲ ਉਧਰ ਸੁੱਟਣੀ ਹੁੰਦੀ ਆ।



*(ਬਾਕੀ ਅਗਲੇ ਅੰਕ 'ਚ)*

# ਬਹੁਪਰਤੀ ਤੇ ਸੰਘਣੇ ਅਰਥਾਂ ਵਾਲਾ ਕਵੀ ਹੈ ਗੁਰਦੀਪ

**ਪੰਜਾਬੀ ਸ਼ਾਇਰ**



*ਆਪਣੇ ਨਵੇਂ ਛਪੇ ਕਾਵਿ ਸੰਗ੍ਰਿਹ ਨਾਲ ਸ਼ਾਇਰ ਗੁਰਦੀਪ*

**ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਦੇ ਪਹਿਲੇ ਦਹਾਕੇ ਦੌਰਾਨ ਪੰਜਾਬ ਦੇ ਨੌਜਵਾਨਾਂ ਅਤੇ ਚਿੰਤਕਾਂ ਵਿਚ ਅਜੇ ਆਦਰਸ਼ਵਾਦ ਦੀ ਭਾਵਨਾ ਪੂਰੇ ਜਲੌਅ ਵਿਚ ਸੀ। ਸਮਾਜਵਾਦ ਦੇ ਸੁਪਨੇ ਸਨ। ਫੈਜ਼ ਅਹਿਮਦ ਫੈਜ਼ ਅਤੇ ਪਾਬਲੋ ਨਰੂਦਾ ਵਰਗੇ ਮਹਾਨ ਸ਼ਾਇਰ ਉਹਦੇ ਆਦਰਸ਼ ਸਨ। ਗੁਰਦੀਪ ਹੋਰੀਂ ਵੀ ਉਨ੍ਹਾਂ ਜ਼ਮਾਨਿਆਂ ਦੀ ਹੀ ਪੈਦਾਇਸ਼ ਹਨ। ਉਹ ਰਣਬੀਰ ਕਾਲਜ ਕਪੂਰਥਲਾ ਵਿਚ ਐਸ. ਐਸ. ਮੀਸ਼ਾ ਅਤੇ ਹਰਭਜਨ ਸਿੰਘ ਹੁੰਦਲ ਵਰਗੇ ਉਘੇ ਸ਼ਾਇਰਾਂ ਦੇ ਸਮਕਾਲੀ ਹਨ ਪਰ ਉਨ੍ਹਾਂ ਨੇ ਜ਼ਿੰਦਗੀ ਦੇ ਸੁਹੱਪਣ ਦੀ ਇਬਾਦਤ ਲਈ ਮੀਸ਼ਾ ਤੋਂ ਉਲਟ ਆਪਣਾ ਸਟੀਕ ਕਾਵਿ ਮੁਹਾਵਰਾ ਸਿਰਜਿਆ ਅਤੇ ਪਿਛਲੀ ਅੱਧੀ ਕੁ ਸਦੀ ਤੋਂ ਦੇਹਰਾਦੂਨ ਤੇ ਹਰਦੁਆਰ ਦੇ ਵਿਚਾਲੇ ਇਕ ਛੋਟੇ ਜਿਹੇ ਪਿੰਡ ਜੰਗਲੀ ਪਿੰਡ ਵਿਚ ਬੈਠੇ ਆਪਣੀ ਉਸੇ ਪ੍ਰਤੀਬੱਧਤਾ 'ਤੇ ਪਹਿਰਾ ਦਈ ਜਾ ਰਹੇ ਹਨ। -ਸੰਪਾਦਕ**

**ਗੁਰਬਚਨ ਸਿੰਘ ਭੁੱਲਰ**

ਗੁਰਦੀਪ ਲੰਮੇ ਸਮੇਂ ਤੋਂ ਕਵਿਤਾ ਲਿਖਦਾ ਆ ਰਿਹਾ ਹੈ ਤੇ ਪ੍ਰਸ਼ੰਸਾ ਵੀ ਖੱਟਦਾ ਆ ਰਿਹਾ ਹੈ। ਖ਼ਾਸ ਕਰਕੇ ਉਸ ਘੇਰੇ ਵਿਚ ਜਿੱਥੇ ਉਹਦੀ ਕਵਿਤਾ ਨੇ ਆਪਣੀ ਡੂੰਘੀ ਪਛਾਣ ਕਰਵਾਈ ਹੋਈ ਹੈ ਪਰ ਇਸ ਪਛਾਣ ਦਾ ਘੇਰਾ ਓਨਾ ਮੋਕਲਾ ਨਹੀਂ, ਜਿੰਨੇ ਦੀ ਇਹ ਕਵਿਤਾ ਹੱਕਦਾਰ ਹੈ। ਇਸ ਦੇ ਕਾਰਨ ਦਾ ਪਤਾ ਪਹਿਲਾਂ ਗੁਰਦੀਪ ਨਾਲ ਅਤੇ ਫੇਰ ਉਹਦੀ ਕਵਿਤਾ ਨਾਲ ਜਾਣ-ਪਛਾਣ ਹੋਣ ਮਗਰੋਂ ਲਗਿਆ। ਉਹ ਫ਼ਕੀਰ ਕਿਸਮ ਦਾ ਬੰਦਾ ਹੈ, ਜਿਸਨੇ ਆਪਣੇ ਕਵਿਤਾ ਦੇ ਪੱਲੇ ਵੀ ਫ਼ਕੀਰੀ ਪਾਈ ਹੋਈ ਹੈ। ਨਾ ਉਹਨੇ ਕਦੀ ਕਿਤੇ ਚੱਜ ਨਾਲ ਛਪਣ ਦੀ ਪ੍ਰਵਾਹ ਕੀਤੀ ਹੈ, ਨਾ ਪੁਸਤਕ ਨੂੰ ਪਾਠਕ ਤੱਕ ਪੁੱਜਦੀ ਕਰਨ ਦੀ।

ਗੁਰਦੀਪ ਦੀਆਂ ਇੱਕਾ-ਦੁੱਕਾ ਰਚਨਾਵਾਂ ਪੱਤਰਾਂ ਵਿਚ ਛਪੀਆਂ ਹੋਈਆਂ ਨਜ਼ਰ ਪਈਆਂ ਸਨ ਪਰ ਉਸ ਨਾਲ ਅਤੇ ਇਸ ਦੀ ਕਵਿਤਾ ਨਾਲ ਪਛਾਣ ਸਾਹਿਤਕਾਰਾਂ ਅਤੇ ਸਾਹਿਤ-ਪ੍ਰੇਮੀਆਂ ਦੀ ਛੋਟੀ ਜਿਹੀ ਮਹਿਫ਼ਲ ਵਿਚ ਬਣੀ। ਉਸਨੇ ਗ਼ਜ਼ਲ ਸ਼ੁਰੂ ਕੀਤੀ, ਜਿਸ ਦੇ ਇਕ ਸ਼ਿਅਰ 'ਚ ਦਾਅਵਾ ਸੀ:

ਦਿਲ ਦੀ ਵੀਰਾਨੀ ਦਾ ਜੋ ਬਣਨਾ, ਬਣੇ,
ਮਹਿਫ਼ਲਾਂ ਵਿਚ ਰੌਣਕਾਂ ਲਾਵਾਂਗਾ ਮੈਂ।

ਉਂਜ ਉਹਨੂੰ ਦਿਲ ਦੀ ਵੀਰਾਨੀ ਵਿਚੋਂ ਪੈਦਾ ਹੋਏ ਆਪਣੇ ਗ਼ਮ ਦੇ ਟਕਸਾਲੀ ਰੂਪ ਦਾ ਮਾਣ ਹੈ, ਕਿਉਂਕਿ ਸੁਣਾਉਣ ਵਾਲਾ ਹਰ ਕੋਈ ਇਸੇ ਗ਼ਮ ਦੀ ਹੀ ਦਾਸਤਾਂ ਸੁਣਾਉਂਦਾ ਹੈ:

ਉਹ ਲੋਕ ਇਸ ਤੋਂ ਵਧ ਕੀ ਮਹਿਫ਼ਲ 'ਚ ਕਰਨਗੇ,
ਸਾਡੇ ਹੀ ਗ਼ਮ ਦੀ ਦਾਸਤਾਂ ਸਾਨੂੰ ਸੁਣਾਉਣਗੇ।

ਕਿਸੇ ਵੀ ਕਲਾ ਦੀ ਜਨਮ-ਭੂਮੀ ਕਲਕਾਰ ਦੇ ਸੀਨੇ ਵਿਚ ਬਲਦੀ ਹੋਈ ਅੱਗ ਹੁੰਦੀ ਹੈ। ਗੁਰਦੀਪ ਨੇ ਆਪਣੀ ਹਿੱਕ ਨੂੰ ਹੀ ਅਗਨ-ਕੁੰਡ ਨਹੀਂ ਬਣਾਇਆ ਹੋਇਆ, ਉਹ ਬਿਜਲੀਆਂ ਨੂੰ ਵੀ ਗਲਵੱਕੜੀ ਪਾਉਂਦਾ ਹੈ:

ਆ ਚੜ੍ਹ ਆ ਕਾਲੇ ਬੱਦਲਾ,
ਆ ਮੇਰੇ ਗਲ ਲੱਗ।
ਤੇਰੇ ਸੀਨੇ ਬਿਜਲੀਆਂ,
ਮੇਰੇ ਸੀਨੇ ਅੱਗ।

ਇਹ ਇਸ ਕਰਕੇ ਹੈ ਕਿ ਉਹ ਜ਼ਿੰਦਗੀ ਦੇ ਅਰਥ ਸਮਝਦਾ ਹੈ। ਜ਼ਿੰਦਗੀ ਉਹਦੇ ਲਈ ਦਿਨਾਂ ਤੇ ਰਾਤਾਂ ਦਾ ਚੱਕਰ ਪੂਰਾ ਕਰਦਿਆਂ ਆਦਿ ਦੇ ਕੰਢੇ ਤੋਂ ਅੰਤ ਦੇ ਕੰਢੇ ਤੱਕ ਪੁੱਜਣ ਦਾ ਨਾਂ ਨਹੀਂ:

ਦੋ ਬੇੜੀਆਂ ਖੜੀਆਂ ਨੇ।
ਤੂੰ ਕੰਢੇ ਢੂੰਡ ਲਏ,
ਮੈਂ ਲਹਿਰਾਂ ਫੜੀਆਂ ਨੇ।

ਜੇ 'ਉਸ' ਵਲੋਂ ਆਪਣੀ ਬੇੜੀ ਵਿਚ ਥਾਂ ਨਾ ਵੀ ਦਿੱਤੀ ਜਾਂਦੀ, ਦੂਜੀ ਬੇੜੀ ਵੀ ਖਾਲੀ ਖੜ੍ਹੀ ਸੀ। ਪਰ ਕਵੀ ਲਹਿਰਾਂ ਨੂੰ ਬੇੜੀ ਬਣਾਉਂਦਾ ਹੈ, ਕਿਉਂਕਿ ਉਹ ਜਾਣਦਾ ਹੈ ਕਿ ਬੇੜੀਆਂ ਦਾ ਸਹਾਰਾ ਲੈਣ ਵਾਲਿਆਂ ਨੂੰ ਪਰਲੇ ਪਾਰ ਕੋਈ ਉਡੀਕਵਾਨ ਨਸੀਬ ਨਹੀਂ ਹੁੰਦਾ। ਇਥੇ ਤਾਂ ਚੀਰੇ ਹੋਏ ਪੱਟ ਨਾਲ ਵੀ ਤਰਨਾ ਹੀ ਪੈਂਦਾ ਹੈ;

ਪਰਲੇ ਪਾਰ ਉਨ੍ਹਾਂ ਨੂੰ ਉਡੀਕੇਗਾ ਭਲਾ ਕਿਹੜਾ,
ਜੋ ਆਸ਼ਕ ਬੇੜੀਆਂ 'ਤੇ ਝਨਾਂ ਨੂੰ ਪਾਰ ਕਰਦੇ ਨੇ।

ਤੇ ਪੁਲ ਤਾਂ ਉਂਜ ਹੀ ਅਰਥਹੀਣ ਹੁੰਦੇ ਹਨ, ਕਿਉਂਕਿ ਕਹਿਰ ਦੇ ਪਾਣੀਆਂ ਨੇ ਸਦਾ ਉਨ੍ਹਾਂ ਦੇ ਉਤੋਂ ਦੀ ਹੀ ਵਗਣਾ ਹੁੰਦਾ ਹੈ:

ਬਣਾ ਕੇ ਪੁਲ ਵਹਿਣ ਉਤੇ
ਭਰਮ ਪਾਉਣਾ ਸੀ ਕਿਉਂ ਸਾਨੂੰ,
ਕਹਿਰ ਦੇ ਪਾਣੀਆਂ ਨੇ ਜੇ
ਪੁਲਾਂ ਉਤੋਂ ਵੀ ਵਹਿਣਾ ਸੀ।

ਗੁਰਦੀਪ ਦਾ ਇਸ਼ਕ ਵਿਚ-ਵਿਚਾਲਾ ਨਹੀਂ ਜਾਣਦਾ। ਇਹ ਇਸ਼ਕ ਆਰ ਦਾ ਹੈ ਜਾਂ ਪਾਰ ਦਾ। ਇਸ ਵਿਚ ਜਾਂ ਤਾਂ ਗ਼ਮ ਨਾਲ ਸਿਆਣ ਫਿੱਕੀ ਪੈ ਜਾਂਦੀ ਹੈ ਜਾਂ ਖ਼ੁਸ਼ੀ ਨਾਲ ਦੂਰ ਦਾ ਰਿਸ਼ਤਾ ਬਣ ਜਾਂਦਾ ਹੈ। ਇਨਕਾਰ ਨੇ ਤਾਂ ਭੈਭੀਤ ਕਰਨਾ ਹੀ ਹੋਇਆ, ਇਕਰਾਰ ਵੀ ਬੇਚੈਨ ਕਰਦਾ ਹੈ। ਸਿਤਮਗਰ ਨੂੰ ਸਿਤਮਾਂ ਦੀ ਗਿਣਤੀ ਚੇਤੇ ਨਹੀਂ ਰਹਿੰਦੀ ਤੇ ਗ਼ਮ ਝੱਲਣ ਵਾਲਾ ਗ਼ਮਾਂ ਦੀ ਗਿਣਤੀ ਭੁੱਲ ਜਾਂਦਾ ਹੈ। ਜ਼ੁਲਮਾਂ ਦੀ ਕਹਾਣੀ ਏਨੀ ਲੰਮੀ ਹੋ ਜਾਂਦੀ ਹੈ ਕਿ ਕਲਮ ਵੀ ਸਾਥ ਦਿੰਦੀ ਥੱਕ ਜਾਂਦੀ ਹੈ:

ਉਨ੍ਹਾਂ ਦੀ ਗ਼ਮ ਦੇ ਨਾਲ ਹੈ
ਫਿੱਕੀ ਜਿਹੀ ਸਿਆਣ,
ਸਾਡਾ ਖ਼ੁਸ਼ੀ ਦੇ ਨਾਲ
ਇਕ ਰਿਸ਼ਤਾ ਹੈ ਦੂਰ ਦਾ।...

---

ਕੁਛ ਅਜਬ ਤਣਾਅ ਅੰਦਰ
ਦਿਨ ਮੇਰੇ ਗੁਜ਼ਰਦੇ ਨੇ,
ਇਕਰਾਰ ਦੀ ਬੇਚੈਨੀ ਇਨਕਾਰ
ਦਾ ਡਰ ਯਾਰੋ।...
ਤੈਨੂੰ ਚੇਤੇ ਰਹੇ ਨਾ ਸਿਤਮ ਐਤਕੀਂ,
ਮੇਰੀ ਗਿਣਤੀ 'ਚ ਆਏ
ਨਾ ਗ਼ਮ ਐਤਕੀਂ...।
ਗੱਲ ਜ਼ਖ਼ਮਾਂ ਦੀ ਕਹਿਣੀ ਹੈ ਮੁਸ਼ਕਲ ਬੜੀ,
ਸਾਥ ਦਿੰਦੀ ਨਹੀਂ ਕੁਛ ਕਲਮ ਐਤਕੀਂ।

ਗੁਰਦੀਪ ਦੀ ਕਵਿਤਾ ਦਾ ਮੀਰੀ ਗੁਣ ਸ਼ਿਅਰਾਂ ਦੇ ਅਰਥਾਂ ਦਾ ਬਹੁਪਰਤੀ ਅਤੇ ਸੰਘਣੇ ਹੋਣਾ ਹੈ। ਮੁਨਸਿਫ ਦਾ ਚਿੱਤਰ ਵਾਹੁੰਦਿਆਂ ਜਦੋਂ ਨੁਹਾਰ ਕਾਤਿਲ ਦੀ ਉਘੜ ਆਉਂਦੀ ਹੈ, ਇਸ ਤੋਂ ਵਧੀਕ ਸੁਚੱਜਾ ਵਰਨਣ ਅਜੋਕੀ ਸਮਾਜਕ ਸਥਿਤੀ ਦਾ ਕੀ ਹੋ ਸਕਦਾ ਹੈ? ਬਾਗ ਵਿਚੋਂ ਰੰਗ ਲੈ ਜਾਣ ਵਾਲੇ ਅਤੇ ਫੁੱਲਾਂ ਦੀ ਥਾਂ ਬੁਲਬੁਲਾਂ ਦੇ ਪਰ ਪਰੋ ਜਾਣ ਵਾਲੇ ਲੋਕਾਂ ਦੀ ਨਿਸ਼ਾਨਦੇਹੀ ਰੰਗ, ਮਹਿਕ ਅਤੇ ਕੋਮਲਤਾ ਦੇ ਪ੍ਰਤੀਕ ਫੁੱਲਾਂ ਅਤੇ ਇਸ ਸਭ ਕੁਝ ਦੇ ਗੀਤ ਗਾਉਣ ਵਾਲੀਆਂ ਬੁਲਬੁਲਾਂ ਦੀ ਹੋਣੀ ਦੀ ਬਾਤ ਪਾਉਂਦੀ ਹੈ। ਜਦੋਂ ਕਵੀ 'ਸ਼ਹਿਰ' ਦੀ ਅਤੇ 'ਨਦੀ' ਦੀ ਗੱਲ ਕਰਦਾ ਹੈ, ਇਨ੍ਹਾਂ ਦੋਵਾਂ ਸ਼ਬਦਾਂ ਵਿਚ ਤਾਂ ਸਮਾਜ ਅਤੇ ਇਸ਼ਕ ਦਾ ਪੂਰਾ ਇਤਿਹਾਸ ਸਮੋਇਆ ਪਿਆ ਹੈ ਤੇ ਇਸ ਇਤਿਹਾਸ ਦੀ ਗੱਲ ਕਰਨ ਬਦਲੇ ਸ਼ਹਿਰ ਨੇ ਤਾਂ ਜ਼ੰਜੀਰ ਹੀ ਦੇਣੀ ਹੈ, ਪਰ ਇਸ ਜ਼ੰਜੀਰ ਨੂੰ 'ਛਣਕਦੀ' ਦਾ ਵਿਸ਼ੇਸ਼ਣ ਦੇ ਕੇ ਕਵੀ ਆਪਣਾ ਅਜੇ-ਅਭੈ ਪ੍ਰਤੀਕ੍ਰਮ ਭਲੀ ਭਾਂਤ ਉਜਾਗਰ ਕਰ ਦਿੰਦਾ ਹੈ:

ਮੈਂ ਵਹਿਸ਼ਤ ਵਿਚ ਨਕਸ਼ਾ ਖਿੱਚ ਕੇ
ਧਰ ਦਿੱਤਾ ਕਾਤਿਲ ਦਾ,
ਲੋਕੀਂ ਪੁਛਦੇ ਮੈਥੋਂ ਸੀ
ਮੁਨਸਿਫ਼ ਕਿਸ ਤਰ੍ਹਾਂ ਦਾ ਹੈ।...

---

ਕੁਝ ਲੋਕ ਚੁਣ ਕੇ ਬਾਗ਼ ਤੋਂ
ਰੰਗਾਂ ਨੂੰ ਲੈ ਗਏ,
ਫੁੱਲਾਂ ਦੀ ਥਾਂ 'ਤੇ ਬੁਲਬੁਲਾਂ ਦੇ
ਪਰ ਪਰੋ ਗਏ।...
ਜ਼ਹਿਰ ਪੀ ਕੇ ਆ ਰਹੀ ਹੈ ਸ਼ਹਿਰ ਤੋਂ,
ਇਸ ਨਦੀ ਵਿਚ ਜ਼ਿੰਦਗੀ ਬਾਕੀ ਨਹੀਂ।...
ਮੈਂ ਸ਼ਹਿਰ ਤੇਰੇ 'ਚੋਂ ਲੈ ਜਾਣਾ ਹੈ ਕੀ,
ਛਣਕਦੀ ਜ਼ੰਜੀਰ ਲੈ ਜਾਵਾਂਗਾ ਮੈਂ!

ਉਹ ਪਰੰਪਰਾਗਤ ਰੂਪ, ਸੁਭਾਅ ਅਤੇ ਲੱਛਣ ਤੋਂ ਪਾਰ ਜਾ ਕੇ, ਸਾਧਾਰਣ ਅੱਖ ਨੂੰ ਦਿਸਦੇ ਅਤੇ ਸਾਧਾਰਣ ਸਮਝ ਨੂੰ ਅਨੁਭਵ ਹੁੰਦੇ ਦੀ ਥਾਂ, ਸਭ ਕੁਝ ਨੂੰ ਇਕ ਨਵੇਂ ਕੋਣ ਤੋਂ ਦੇਖਦਾ ਹੈ। ਵਕਤ, ਜਿਸਨੂੰ ਠਹਿਰਨ-ਜਾਚ ਨਾ ਜਾਣਨ ਵਾਲਾ ਮੰਨਿਆ ਜਾਂਦਾ ਹੈ, ਦਮ ਲੈਣ ਲਈ ਥਾਂ ਦਾ ਇੱਛਕ ਹੈ ਅਤੇ ਸੂਰਜ, ਜੋ ਲਟਲਟ ਬਲ ਕੇ ਧੁੱਪਾਂ ਦਾ ਦਾਤਾ ਤੇ ਛਾਂਵਾਂ ਦਾ ਸਿਰਜਕ ਬਣਿਆ ਹੋਇਆ ਹੈ, ਜ਼ੁਲਫਾਂ ਦੀ ਛਾਂ ਦਾ ਅਭਿਲਾਸ਼ੀ ਹੈ। ਇਸੇ ਲਈ ਕਵੀ ਦੀ ਕਾਮਨਾ ਹੈ:

ਵਕਤ ਨੂੰ ਦਮ ਲੈਣ ਵਾਲੀ ਥਾਂ ਮਿਲੇ!
ਸੂਰਜ ਨੂੰ ਜ਼ੁਲਫਾਂ ਤੇਰੀਆਂ ਦੀ ਛਾਂ ਮਿਲੇ!

ਉਸਦੀ ਕਵਿਤਾ ਦੀ ਗੱਲ ਜਿਸ ਸ਼ਿਅਰ ਨਾਲ ਸ਼ੁਰੂ ਹੋਈ ਸੀ, ਉਹਦੇ ਪਹਿਲੇ ਸ਼ਬਦ ਹੀ 'ਦਿਲ ਦੀ ਵੀਰਾਨੀ' ਸਨ। ਉਸਦੀ ਕਵਿਤਾ ਦਾ ਪਾਠ ਕਰਦਿਆਂ ਇਸ ਵੀਰਾਨੀ ਬਾਰੇ ਅਦਿਸਦੇ ਤੱਕ ਫੈਲੀ ਹੋਈ ਹੋਣ ਦਾ ਅਹਿਸਾਸ ਹੁੰਦਾ ਹੈ। ਵੀਰਾਨੀ ਦੀ ਆਸ ਤੋਂ ਵਧੀਕ ਸੰਪੂਰਨਤਾ ਕੀ ਹੋਵੇਗੀ ਕਿ ਵਿਅਕਤੀ ਨੂੰ ਅਜਿਹਾ ਵੀ ਕੋਈ ਨਾ ਦਿੱਸੇ, ਜਿਸ ਨੂੰ ਉਹ ਆਪਣੇ ਤੁਰਨ ਦੀ ਸੂਚਨਾ ਦੇ ਸਕੇ:

ਤੁਰੇ ਵੀਰਾਨਖਾਨੇ ਤੋਂ
ਤੇ ਦਿਲ ਵਿਚ ਇਕ ਹਸਰਤ ਸੀ,
ਕੋਈ ਹੁੰਦਾ ਕਿ ਜੀਹਨੂੰ
ਆਖ ਜਾਂਦੇ ਕਿ ਅਸੀਂ ਚੱਲੇ।

ਪਰ ਵੀਰਾਨੀ ਦੀ ਇਸ ਸੰਪੂਰਨਤਾ ਨੂੰ ਕਵੀ ਨਾ ਤਾਂ ਪ੍ਰਵਾਨ ਕਰਦਾ ਹੈ ਅਤੇ ਨਾ ਉਸ ਅੱਗੇ ਬੇਵਸ ਹੁੰਦਾ ਹੈ, ਸਗੋਂ ਉਹ ਆਪਣਾ ਕਵੀ ਵਾਲਾ ਧਰਮ ਪਾਲਦਾ ਹੈ:

ਹੈਰਾਨੀ ਨਾਲ ਮੈਨੂੰ
ਸੁੰਞ ਵੇਂਹਦੀ ਹੈ ਉਜਾੜਾਂ ਦੀ,
ਮੈਂ ਮਾਰੂਥਲ 'ਚ ਵੀ ਵਸਦੇ
ਘਰਾਂ ਦੇ ਗੀਤ ਗਾਉਂਦਾ ਹਾਂ।

ਵਰਤਮਾਨ ਸੰਸਾਰ ਸ਼ੋਰ ਦਾ ਸੰਸਾਰ ਹੈ, ਵਰਤਮਾਨ ਕਲਾ ਸ਼ੋਰ ਦੀ ਕਲਾ ਹੈ, ਵਰਤਮਾਨ ਮਹਿਫ਼ਲ ਸ਼ੋਰ ਦੀ ਮਹਿਫ਼ਲ ਹੈ ਅਤੇ ਇਸ ਸ਼ੋਰ ਦੇ ਪ੍ਰੇਸ਼ਾਨ ਕੀਤੇ ਮਨੁੱਖ ਨੂੰ ਨਗਮੇ ਦੀ ਲੋੜ ਹੈ:

ਹੁੰਦੇ ਹੁੰਦੇ ਸ਼ੋਰ ਨੇ
ਮਹਿਫ਼ਲ 'ਤੇ ਕਬਜ਼ਾ ਕਰ ਲਿਆ
ਮੈਂ ਇਕੱਲਾਂ ਵਿਚ ਬਹਿ ਕੇ
ਨਗਮਿਆਂ ਨੂੰ ਖਤ ਲਿਖੇ।

ਵੀਰਾਨੀ ਵਿਚ ਵਸਦੇ ਘਰਾਂ ਦੇ ਗੀਤ ਗਾਉਣ ਵਾਲੀ ਅਤੇ ਸ਼ੋਰ ਵਿਚ ਨਗਮਿਆਂ ਨੂੰ ਖਤ ਲਿਖਣ ਵਾਲੀ ਇਸ ਕਵਿਤਾ ਨੂੰ ਜੀ-ਆਇਆਂ!

#

## ਗੁਰਦੀਪ ਦੀਆਂ ਚਾਰ ਗਜ਼ਲਾਂ

(1)

ਜ਼ਿੰਦਗੀ ਸੀ ਖ਼੍ਵਾਬ ਸੀ ਜਾਂ ਇਕ ਖਿਆਲ ਸੀ।
ਉਹ ਜੋ ਵੀ ਸੀ ਸਾਡੇ ਦਮਾਂ ਦੇ ਨਾਲ ਨਾਲ ਸੀ।

ਆਇਆ ਲਬਾਂ ਤੇ ਜੋ ਮੇਰੇ ਸ਼ਿਕਵਾ ਨਹੀਂ ਸੀ ਉਹ
ਅੱਖਾਂ 'ਚ ਜੋ ਤੂੰ ਦੇਖਿਆ ਦਿਲ ਦਾ ਉਬਾਲ ਸੀ।

ਸਿਰ 'ਤੇ ਹੁਮਾ ਦੀ ਛਾਂ ਪਈ ਜਾਂਦੇ ਫਕੀਰ ਦੇ
ਬਾਰੀ 'ਚ ਝੁਕ ਕੇ ਦੇਖਦੀ ਫੁੱਲਾਂ ਦੀ ਡਾਲ ਸੀ।

ਉਸ ਪਿੱਛੋਂ ਕੀ ਕੀ ਗੁਜ਼ਰਿਆ ਕੋਈ ਪਤਾ ਨਹੀਂ
ਉਸ ਨਾਲ ਅੱਖਾਂ ਮਿਲਣ ਤੱਕ ਮੈਨੂੰ ਸੰਭਾਲ ਸੀ।

ਤਨਹਾਈਆਂ ਦੇ ਸ਼ਹਿਰ ਦਾ ਮਾਲਕ ਰਿਹਾ ਹਾਂ ਮੈਂ
ਕੋਈ ਮੇਰਾ ਸ਼ਰੀਕ ਸੀ ਤੇ ਨਾ ਭਿਆਲ ਸੀ।

ਮਰਜ਼ੀ ਖਿਲਾਫ ਭੀੜ ਵਿਚ ਸ਼ਾਮਲ ਤਮਾਮ ਲੋਕ
ਤੇਰੇ ਸ਼ਹਿਰ ਵਿਚ ਰੌਣਕਾਂ ਦਾ ਅਜਬ ਹਾਲ ਸੀ।

ਸ਼ਿਕਵੇ ਸ਼ਿਕਾਇਤਾਂ ਦੇ ਲਈ ਹਾਲਾਤ ਸੀ ਬੁਰੇ
ਦਰਦਾਂ ਦੀ ਫਸਲ ਵਾਸਤੇ ਇਹ ਖ਼ੂਬ ਸਾਲ ਸੀ।

(2)

ਕਿਉਂ ਜ਼ਖ਼ਮੀ ਹੈ ਇਸ ਦਰਜਾ ਰੰਗਾਂ ਦਾ ਜਿਗਰ ਯਾਰੋ।
ਕਿਉਂ ਪੀੜ-ਗ੍ਰਸਿਆ ਏ ਫੁੱਲਾਂ ਦਾ ਨਗਰ ਯਾਰੋ।

ਪਹਿਚਾਣ ਦੇ ਨੇੜੇ ਹੈ ਜਾਂ ਨੇੜੇ ਤਗਾਫੁਲ (ਲਾਪ੍ਰਵਾਹੀ) ਦੇ
ਇਹ ਖਲਸ਼ ਜਿਹੀ ਦਿਲ ਦੀ ਇਹ ਦਰਦੇ ਜਿਗਰ ਯਾਰੋ।

ਕੀ ਬਣਿਆ ਤਮੰਨਾ ਦਾ ਕੋਈ ਤੇ ਪਤਾ ਦੇਵੋ।
ਉਸ ਜਾਨ ਦੀ ਬਸਤੀ ਤੋਂ ਆਈ ਨਾ ਖਬਰ ਯਾਰੋ।

ਕੁਛ ਅਜਬ ਤਣਾਅ ਅੰਦਰ ਦਿਨ ਮੇਰੇ ਗੁਜ਼ਰਦੇ ਨੇ,
ਇਕਰਾਰ ਦੀ ਬੇਚੈਨੀ ਇਨਕਾਰ ਦਾ ਡਰ ਯਾਰੋ।

ਕੁਛ ਦਾਦ ਤਲਬ ਨਜ਼ਰਾਂ ਕੁਛ ਖੌਫਜ਼ਦਾ ਚਿਹਰੇ,
ਇਸ ਬਜ਼ਮ ਦਾ ਏਹੀ ਹੈ ਅੰਦਾਜ਼ੇ-ਨਜ਼ਰ ਯਾਰੋ।

ਜੇ ਟੋਟ-ਗ੍ਰਸਿਆਂ ਤੋਂ ਕੁਝ ਆਖ ਨਹੀਂ ਹੋਣਾ,
ਆਪਾਂ ਹੀ ਖੁਲਾ ਲਈਏ ਮੁਸਕਾਨ ਦਾ ਦਰ ਯਾਰੋ।

ਕੀ ਅਦਲ ਕਰੇ ਏਥੇ ਕਾਨੂੰਨ ਦੀ ਕੀ ਚੱਲੇ,
ਦੋਸ਼ੀ ਹੈ ਸ਼ਹਿਰ ਸਾਰਾ ਬੇਦੋਸ਼ ਬਸ਼ਰ ਯਾਰੋ।

(3)

ਮਾਰੂਥਲ ਦੇ ਸਿਰ 'ਤੇ ਕੋਈ ਛਾਂ ਕਰੋ।
ਦਰਦ ਦੀ ਬਖਸ਼ਿਸ਼ ਦਾ ਤਾਜ਼ਾ ਨਾਂ ਕਰੋ।

ਸਿਰ ਲਵੋ ਇਲਜ਼ਾਮ ਜਿਹੜਾ ਹੱਕ ਹੈ,
ਬਹਿ ਕੇ ਨਾ ਮਜਬੂਰੀਆਂ ਗਿਣਿਆਂ ਕਰੋ।

ਜਿਸ ਦੇ ਬੁੱਲ੍ਹਾਂ 'ਤੇ ਪਏ ਨੇ ਅੱਥਰੂ,
ਇਸ ਉਦਾਸੀ ਦਾ ਕੋਈ ਦਰਮਾਂ ਕਰੋ।

ਬਣ ਗਈ ਹੈ ਸਿਤਮ ਦੀ ਦਹਿਸ਼ਤ ਵੰਗਾਰ,
ਯਾਰ ਦੇ ਕੂਚੇ ਦੀ ਪਰਿਕਰਮਾ ਕਰੋ।

ਕਸਮ ਹੈ ਮੈਨੂੰ ਸ਼ਿਕਾਇਤ ਜੇ ਕਰਾਂ,
ਦਰਦਮੰਦੋ ਉਚੀਆਂ ਨਜ਼ਰਾਂ ਕਰੋ।

ਫੇਰ ਅਹਿਸਾਸਾਂ 'ਤੇ ਸ਼ਬਨਮ ਉਤਰੇ,
ਆ ਕੇ ਹਰੀਆਂ ਸੁੱਕੀਆਂ ਯਾਦਾਂ ਕਰੋ।

ਧੁਖ ਲਿਆ ਦਿਲ ਨੇ ਬਹੁਤ ਚਿਰ ਧੁਖ ਲਿਆ,
ਦਰਦ ਪਾ ਕੇ ਉਚੀਆਂ ਲਾਟਾਂ ਕਰੋ।

(4)

ਧੜਕਣਾਂ ਵਿਚ ਨਗਮਗੀ ਬਾਕੀ ਨਹੀਂ।
ਮਹਿਫ਼ਲਾਂ ਵਿਚ ਦਿਲਲਗੀ ਬਾਕੀ ਨਹੀਂ।

ਬਦਲਿਆ ਰਿਸ਼ਤਾ ਨਜ਼ਰ ਤੇ ਚੰਦ ਦਾ,
ਸੁਪਨਿਆਂ ਵਿਚ ਚਾਂਦਨੀ ਬਾਕੀ ਨਹੀਂ।

ਕਿਸਦੀ ਹਿੰਮਤ ਹੈ ਨਜ਼ਰ ਨੂੰ ਕਹਿਣ ਦੀ,
ਰੰਗ ਅੰਦਰ ਪੁਖਤਗੀ ਬਾਕੀ ਨਹੀਂ।

ਜ਼ਹਿਰ ਪੀ ਕੇ ਆ ਰਹੀ ਹੈ ਸ਼ਹਿਰ ਤੋਂ,
ਇਸ ਨਦੀ ਵਿਚ ਜ਼ਿੰਦਗੀ ਬਾਕੀ ਨਹੀਂ।

ਅਰਸ਼ 'ਤੇ ਟੰਗੀ ਸ਼ਹਿਰ ਦੀ ਰੁੱਤ ਵਿਚ,
ਛੋਹ ਕੋਈ ਧਰਤ ਦੀ ਬਾਕੀ ਨਹੀਂ।

ਰੋਜ਼ ਉਚਾ ਹੋ ਰਹੇ ਮੀਨਾਰ ਦੇ,
ਵਹਿਣ ਵਿਚ ਕੋਈ ਕਮੀ ਬਾਕੀ ਨਹੀਂ।

# ਐਪੀਕਿਊਰਸ ਤੇ ਜੀਨੋ ਯੂਨਾਨੀ ਫਲਸਫੇ ਦੇ ਢਲਦੇ ਸੂਰਜ

**ਪ੍ਰੇਮ ਪਾਲੀ**

ਸਿਕੰਦਰ ਦੀ ਬੇਵਕਤ ਮੌਤ ਨੇ ਯੂਨਾਨੀ ਸੱਭਿਅਤਾ ਅਤੇ ਯੂਨਾਨੀ ਸਭਿਆਚਾਰ ਦਾ ਪਾਸਾ ਹੀ ਪਲਟ ਦਿੱਤਾ। ਉਸਨੇ ਹਾਲੇ ਆਪਣੀ ਵਿਸ਼ਾਲ ਸਲਤਨਤ ਨੂੰ ਸਾਂਭਣ ਲਈ ਆਪਣੇ ਪਿੱਛੇ ਵਾਰਸ ਤਿਆਰ ਕਰਨ ਬਾਰੇ ਸੋਚਣਾ ਵੀ ਸ਼ੂਰੂ ਨਹੀਂ ਸੀ ਕੀਤਾ ਕਿ ਤੇਤੀ ਸਾਲ ਦੀ ਛੋਟੀ ਉਮਰ ਵਿਚ ਹੀ ਉਸ ਦਾ ਦਿਹਾਂਤ ਹੋ ਗਿਆ। ਉਹ ਜੋ ਸੋਚਦਾ ਸੀ ਕਿ ਉਹ ਸ਼ਰਾਬ ਨੂੰ ਪੀਂਦਾ ਹੈ, ਸ਼ਰਾਬ ਉਸ ਨੂੰ ਪੀ ਗਈ। ਉਸ ਦੀ ਮੌਤ ਇਕ ਹਾਦਸਾ ਸੀ, ਜਾਂ ਸਾਜ਼ਿਸ਼? ਇਸ ਸਵਾਲ ਦਾ ਉਤਰ ਖੋਜਕਾਰਾਂ ਲਈ ਤਾਂ ਮਹੱਤਵ ਰੱਖ ਸਕਦਾ ਹੈ, ਪਰ ਯੂਨਾਨ ਲਈ ਸਿਕੰਦਰ ਦਾ ਨਾ ਹੋਣਾ ਹੀ ਸਭ ਤੋਂ ਵੱਡੇ ਦੁਰਭਾਗ ਦੀ ਗੱਲ ਸੀ। ਕਿਉਂਕਿ ਇਸ ਪਿਛੋਂ ਯੂਨਾਨੀ ਸਭਿਅਤਾ ਦਾ ਸੂਰਜ ਢਲਣ ਲੱਗਾ ਅਤੇ ਰੋਮਨ ਸਾਮਰਾਜ ਦਾ ਸਰਘੀ ਤਾਰਾ ਦਿਖਾਈ ਦੇਣ ਲੱਗਾ।



ਅਸਲ ਵਿਚ ਸਿਕੰਦਰ ਦੇ ਮਰਨ ਦੀ ਹੀ ਦੇਰ ਸੀ ਕਿ ਉਸ ਵਲੋਂ ਭੈਅ ਦੀਆਂ ਨੀਹਾਂ ਤੇ ਉਸਾਰਿਆ ਸੰਸਾਰ ਏਕਤਾ ਦਾ ਅਡੰਬਰ ਇਕ ਦਮ ਢਹਿ ਢੇਰੀ ਹੋ ਗਿਆ। ਕਿਸੇ ਨੂੰ ਬਗਾਵਤ ਕਰਨ ਦੀ ਵੀ ਲੋੜ ਨਹੀਂ ਪਈ। ਥਾਂ-ਥਾਂ ਸੂਬਾਈ ਰਿਆਸਤਾਂ ਸੁਤੰਤਰ ਰੂਪ ਵਿਚ ਕੰਮ ਕਰਨ ਲੱਗੀਆਂ। ਕਾਫੀ, ਉਥਲ-ਪੁਥਲ ਤੋਂ ਬਾਅਦ ਉਸ ਦੀ ਸਮੁੱਚੀ ਸਲਤਨਤ ਨੂੰ ਉਸਦੇ ਹੀ ਤਿੰਨ ਵਿਸ਼ਵਾਸਪਾਤਰ ਦੋਸਤਾਂ ਨੇ ਤਿੰਨ ਹਿੱਸਿਆਂ ਵਿਚ ਵੰਡ ਲਿਆ।

ਦਰਿਆ ਸਿੰਧ ਤੋਂ ਲੈ ਕੇ ਪਰਸ਼ੀਆ ਦੇ ਇਕ ਵੱਡੇ ਭਾਗ ਤੱਕ ਸਲਿਊਕਸ ਨਾਮੀ ਜਰਨੈਲ ਨੇ ਸਾਂਭ ਲਿਆ। ਮਕਦੂਨੀਆਂ ਉਪਰ ਐਨਟਿਗਨਸ ਨੇ ਕਬਜ਼ਾ ਕਰ ਲਿਆ ਅਤੇ ਪਟੋਲਮੀ ਨੇ ਮਿਸਰ 'ਤੇ ਕਬਜ਼ਾ ਕਰਕੇ ਸਿਕੰਦਰੀਆ ਨੂੰ ਆਪਣੀ ਰਾਜਧਾਨੀ ਬਣਾ ਲਿਆ। ਫਿਰ 301 ਪੂਰਵ ਈਸਵੀ ਵਿਚ ਇਸਪਸ ਦੀ ਜੰਗ ਹੋਈ ਜਿਸ ਵਿਚ ਐਨਟਿਗਨਸ ਮਾਰਿਆ ਗਿਆ ਅਤੇ ਕਈ ਹੋਰ ਨਿੱਕੀਆਂ ਨਿੱਕੀਆਂ ਰਿਆਸਤਾਂ ਹੋਂਦ ਵਿਚ ਆ ਗਈਆਂ। 277 ਤੋਂ 241 ਤੱਕ ਗੋਲਾਂ ਦੇ ਹਮਲੇ ਹੁੰਦੇ ਰਹੇ ਜਿਨ੍ਹਾਂ ਨੇ ਸਲਤਨਤ ਨੂੰ ਲੁੱਟ ਲੁੱਟ ਕੇ ਨਕਾਰਾ ਕਰ ਦਿੱਤਾ। ਅੰਤ ਰੋਮਨਾਂ ਨੇ ਆਪਣਾ ਸਿੱਕਾ ਮੰਨਵਾਉਣ ਲਈ 264 ਈਸਵੀ ਪੂਰਵ ਵਿਚ ਜੰਗ ਦੇ ਝੰਡੇ ਗੱਡ ਦਿੱਤੇ ਅਤੇ ਕਾਰਥੇਗਨਾ ਨਾਲ ਲੰਮੀ ਜਦੋਜਹਿਦ ਤੋਂ ਬਾਅਦ 146 ਪੂਰਵ ਈਸਵੀ ਵਿਚ ਕਾਰਥੇਗ ਸਮੇਤ ਸਾਰੇ ਯੂਨਾਨ ਨੂੰ ਕਬਜ਼ੇ ਹੇਠ ਕਰ ਲਿਆ।

ਜਿਥੋਂ ਤੱਕ ਸਿਕੰਦਰ ਦੇ ਪਰਿਵਾਰ ਦਾ ਸੰਬੰਧ ਹੈ, ਕੁਝ ਹੀ ਸਾਲਾਂ ਵਿਚ ਇਸ ਪਰਿਵਾਰ ਦਾ ਨਾਮ ਨਿਸ਼ਾਨ ਹੀ ਖਤਮ ਕਰ ਦਿੱਤਾ ਗਿਆ। ਆਪਣੇ ਮਤਰੇਏ ਭਰਾ ਕਲਾਈਤੂ ਨੂੰ ਤਾਂ ਸਿਕੰਦਰ ਨੇ ਖੁਦ ਹੀ ਮਾਰ ਦਿੱਤਾ ਸੀ। ਸਿਕੰਦਰ ਦੀ ਮੌਤ ਤੋਂ ਕੁਝ ਸਮੇਂ ਬਾਅਦ ਹੀ ਉਸਦੀ ਪਤਨੀ ਰੈਕਸੋਨਾ ਨੇ ਪਰਸ਼ੀਆ ਦੇ ਰਾਜਾ ਡੇਰੀਅਸ ਦੀ ਲੜਕੀ, ਜਿਸ ਨਾਲ ਸਿਕੰਦਰ ਨੇ ਹੁਣੇ ਵਿਆਹ ਕਰਵਾਇਆ ਸੀ, ਨੂੰ ਕਤਲ ਕਰਵਾਉਣ ਦੀ ਫੁਰਤੀ ਕੀਤੀ। ਰੈਕਸੋਨਾ ਦੇ ਇਕ ਪੁੱਤਰ ਹੋਇਆ ਜਿਸ ਦਾ ਨਾਮ ਵੀ ਸਿਕੰਦਰ ਹੀ ਰੱਖਿਆ ਗਿਆ, ਪਰ ਕੁਝ ਹੀ ਸਾਲ ਪਿੱਛੋਂ 311 ਈਸਵੀ ਪੂਰਵ ਵਿਚ ਦੋਹਾਂ ਮਾਂ ਪੁੱਤਰਾਂ ਨੂੰ ਕਿਸੇ ਨੇ ਕਤਲ ਕਰ ਦਿੱਤਾ।

ਸਿਕੰਦਰ ਦਾ ਇਕ ਬੇਟਾ ਹੋਰ ਸੀ ਜਿਸ ਦਾ ਨਾਮ ਹਰਕੁਲੀਸ ਸੀ। ਉਸਨੂੰ ਵੀ ਕਿਸੇ ਨੇ ਮਾਰ ਦਿੱਤਾ। ਇਸੇ ਤਰ੍ਹਾਂ ਉਸਦੇ ਨੀਮ ਪਾਗਲ ਭਰਾ ਐਰੀਦਾਈਊ ਨੂੰ ਵੀ ਕਿਸੇ ਨੇ ਕਤਲ ਕਰ ਦਿੱਤਾ। ਪਲੂਟਾਰਕ ਅਨੁਸਾਰ, ਵਿਚੋਂ ਕੁਝ ਸਮੇਂ ਲਈ ਸਿਕੰਦਰ ਦੀ ਮਾਂ ਉਲਿੰਪੀਆ ਤਾਕਤ ਵਿਚ ਆਉਂਦੀ ਹੈ, ਜਿਹੜੀ ਆਪਣੇ ਮਹਾਨ ਪੁੱਤਰ ਨੂੰ ਜ਼ਹਿਰ ਦੇ ਕੇ ਮਾਰਨ ਦਾ ਦੋਸ਼ ਕਦੇ ਇਕ ਸਿਰ ਅਤੇ ਕਦੇ ਦੂਸਰੇ ਸਿਰ ਥੱਪਦੀ ਫਿਰਦੀ ਹੈ। ਪੁੱਤਰ ਦੇ ਵਿਜੋਗ ਵਿਚ ਉਹ ਨੀਮ ਪਾਗਲ ਹੋ ਚੁੱਕੀ ਹੈ ਅਤੇ ਇਸੇ ਪਾਗਲਪਣ ਦੇ ਦੌਰਿਆਂ ਵਿਚ ਉਹ ਕਈਆਂ ਨੂੰ ਮੌਤ ਦੇ ਘਾਟ ਉਤਾਰਦੀ ਹੈ। ਆਪਣੇ ਪੁੱਤਰ ਨੂੰ ਲੱਭਦੀ ਉਹ ਉਨ੍ਹਾਂ ਸਾਰੀਆਂ ਕਬਰਾਂ ਨੂੰ ਦੁਬਾਰਾ ਪੁਟਵਾ ਦਿੰਦੀ ਹੈ ਜਿਥੇ ਸਿਕੰਦਰ ਨੂੰ ਉਸਦੇ ਸਾਥੀਆਂ ਸਮੇਤ ਦਫਨਾਇਆ ਗਿਆ ਸੀ। ਪਰ ਇਸ ਨਾਲ ਵੀ ਉਸਦੇ ਪੱਲੇ ਕੁੱਝ ਨਹੀਂ ਪੈਂਦਾ। ਅੰਤ ਉਸ ਦੇ ਕਹਿਰ ਦਾ ਨਿਸ਼ਾਨਾ ਬਣੇ ਬੰਦਿਆਂ ਦਾ ਕੋਈ ਸਾਥੀ, ਉਲਿੰਪੀਆ ਨੂੰ ਵੀ ਕਤਲ ਕਰ ਦਿੰਦਾ ਹੈ ਅਤੇ ਇਸ ਨਾਲ ਸਿਕੰਦਰ ਦੇ ਸਮੁੱਚੇ ਪਰਿਵਾਰ ਦਾ ਸਫਾਇਆ ਹੋ ਜਾਂਦਾ ਹੈ।

ਬਹੁਤ ਥੋੜ੍ਹੇ ਲੋਕ ਸਨ ਜਿਹੜੇ ਉਸ ਸਮੇਂ ਵੀ ਸਿਕੰਦਰ ਦੀਆਂ ਨੀਤੀਆਂ ਨਾਲ ਸਹਿਮਤ ਸਨ। ਬਹੁਤੇ ਲੋਕ ਤਾਂ ਉਸ ਦੇ ਜ਼ਾਲਮਾਨਾ ਰਵਈਏ ਤੋਂ ਡਰਦੇ ਚੁੱਪ ਸਨ। ਉਸ ਦਾ ਸੁਭਾ ਸੀ ਵੀ ਬੜਾ ਬੇਤੁਕਾ ਅਤੇ ਅਨਿਸਚਿਤ ਕਿਸਮ ਦਾ। ਕੋਈ ਪਤਾ ਨਹੀਂ ਗੁੱਸੇ, ਦੁੱਖ ਜਾਂ ਮਨ ਦੀ ਕਿਸੇ ਹੋਰ ਮੌਜ ਵਿਚ ਉਸਨੇ ਕੀ ਕਰ ਬੈਠਣਾ ਹੈ। ਆਪਣੇ ਚਹੇਤੇ ਘੋੜੇ ਦੀ ਮੌਤ ਦਾ ਸੋਗ ਮਨਾਉਣ ਸਮੇਂ, ਉਸ ਨੇ ਜੋ ਕਮਲ ਕੁੱਟਿਆ, ਉਹ ਕਿਸੇ ਪਾਸੋਂ ਗੁੱਝਾ ਨਹੀਂ। ਕਹਿੰਦੇ ਹਨ ਕਿ ਜਦੋਂ ਉਸਦਾ ਘੋੜਾ ਬਿਮਾਰ ਹੋ ਕੇ ਮਰਿਆ ਤਾਂ ਸਭ ਤੋਂ ਪਹਿਲਾਂ ਉਸ ਨੇ ਉਸ ਹਕੀਮ ਨੂੰ ਕਰਾਸ ਤੇ ਟੰਗ ਕੇ ਮਰਵਾ ਦਿੱਤਾ, ਜਿਹੜਾ ਉਸ ਦਾ ਇਲਾਜ ਕਰ ਰਿਹਾ ਸੀ। ਫਿਰ ਉਸਨੇ ਹੁਕਮ ਦਿੱਤਾ ਕਿ ਪਰਸ਼ੀਆ ਦੇ ਸਾਰੇ ਹੀ ਘੋੜਿਆਂ ਤੋਂ ਲੈ ਕੇ ਟੱਟੂਆਂ ਤੱਕ ਨੂੰ ਸੋਗ ਵਜੋਂ ਮੂੰਨ ਦਿੱਤਾ ਜਾਵੇ। ਕੁਸਾਈਆਂ ਦੇ ਕੁੱਝ ਤਾਜ਼ਾ ਜਿੱਤੇ ਹੋਏ ਪਿੰਡਾਂ ਵਿਚ ਉਸਨੇ ਆਪਣੇ ਘੋੜੇ ਦੀ 'ਆਤਮਿਕ ਸ਼ਾਂਤੀ' ਲਈ ਕੁਰਬਾਨੀ ਦੇ ਰੂਪ ਵਿਚ, ਸਾਰੇ ਬਾਲਗ ਵਿਅਕਤੀਆਂ ਦੇ ਕਤਲੇਆਮ ਦਾ ਹੁਕਮ ਦੇ ਦਿੱਤਾ। ਹੈ ਨਾ ਪਾਗਲਪਣ ਦੀ ਹੱਦ? ਇਹੋ ਨਹੀਂ, ਸਗੋਂ ਉਸ ਦੇ ਕੈਂਪ ਵਿਚ ਲੰਮੇ ਸਮੇਂ ਤੱਕ ਸੰਗੀਤ ਤੇ ਪਾਬੰਦੀ ਲੱਗੀ ਰਹੀ ਅਤੇ ਘੋੜੇ ਦੇ ਮਕਬਰੇ ਲਈ ਉਸ ਨੇ ਇਕ ਬੜੀ ਭਾਰੀ ਰਕਮ ਰਾਖਵੀਂ ਕਰ ਦਿੱਤੀ। ਉਸਦੇ ਅਜਿਹੇ ਮੂਰਖਤਾਪੂਰਣ ਵਰਤਾਓ ਨੇ ਹੀ ਸਾਰੇ ਸੰਸਾਰ ਨੂੰ ਭੈਭੀਤ ਅਤੇ ਬੇਬਾਕ ਕਰ ਰੱਖਿਆ ਸੀ।

ਸਿਕੰਦਰ ਨੇ ਆਪਣੇ ਮਾਰ-ਧਾੜ ਵਾਲੇ ਅਤੇ ਤੇਜ਼ ਰਫਤਾਰ ਜੀਵਨ ਦੇ ਕੁੱਝ ਹੀ ਸਾਲਾਂ ਵਿਚ ਜੇਕਰ ਕੋਈ ਚੰਗਾ ਕੰਮ ਕੀਤਾ ਤਾਂ ਉਹ ਇਹ ਕਿ ਉਸ ਨੇ ਆਪਣੇ ਨਾਂ 'ਤੇ 17 ਦੇ ਕਰੀਬ ਨਵੇਂ ਸ਼ਹਿਰ ਵਸਾਏ, ਜਿਹੜੇ ਸਿਕੰਦਰੀਆ, ਸਿਕੰਦਰਾਬਾਦ ਆਦਿ ਨਾਵਾਂ ਨਾਲ ਅੱਜ ਵੀ ਮਸ਼ਹੂਰ ਹਨ।

ਕੰਧਾਰ ਸ਼ਹਿਰ ਵੀ ਅਜਿਹੇ ਹੀ ਕਿਸੇ ਸਿਕੰਦਰ ਨਾਮੀ ਸ਼ਹਿਰ ਦਾ ਵਿਗੜਿਆ ਰੂਪ ਹੈ। ਇਨ੍ਹਾਂ ਸ਼ਹਿਰਾਂ ਨੂੰ ਪੂਰੀ ਤਰ੍ਹਾਂ ਵਿਉਂਤਬਧ ਤਰੀਕੇ ਨਾਲ ਉਲੀਕਿਆ ਗਿਆ। ਸਿਕੰਦਰੀਆ ਜੋ ਮਿਸਰ ਦੀ ਰਾਜਧਾਨੀ ਸੀ ਅਤੇ ਜਿਥੇ ਸਿਕੰਦਰ ਦਾ ਦੋਸਤ ਪਟੋਲਮੀ ਰਾਜ ਕਰਦਾ ਸੀ, ਵਿਚ ਪਿੱਛੇ ਇਕ ਸਟੇਟ ਪੱਧਰ ਦਾ ਮਿਊਜ਼ੀਅਮ ਅਤੇ ਇਕ ਲਾਇਬਰੇਰੀ ਸਥਾਪਤ ਕੀਤੀ ਗਈ। ਅਜਿਹਾ ਹੀ ਇਕ ਮਿਊਜ਼ੀਅਮ ਅਤੇ ਇਕ ਲਾਇਬਰੇਰੀ ਪਰਗਾਮਮ ਸ਼ਹਿਰ ਵਿਚ ਆਟਾਲੂ ਨੇ ਸਥਾਪਤ ਕੀਤੇ।



ਸਿਕੰਦਰ ਮਹਾਨ

ਇਨ੍ਹਾਂ ਵਿਚ ਦੁਰਲੱਭ ਕਿਸਮ ਦਾ ਸਾਮਾਨ ਅਤੇ ਕਿਤਾਬਾਂ ਇਕੱਠੀਆਂ ਕੀਤੀਆਂ ਗਈਆਂ। ਇਥੇ ਕਿਤਾਬਾਂ ਦੀਆਂ ਹੋਰ ਕਾਪੀਆਂ ਤਿਆਰ ਕਰਨ ਦਾ ਕੰਮ ਵੀ ਹੁੰਦਾ ਸੀ ਅਤੇ ਦੂਰੋਂ ਨੇੜਿਓਂ ਫਿਲਾਸਫਰ ਭਾਸ਼ਣ ਦੇਣ ਵੀ ਆਇਆ ਕਰਦੇ ਸਨ। ਸਿਕੰਦਰੀਆ ਦੀ ਲਾਇਬ੍ਰੇਰੀ ਆਉਣ ਵਾਲੇ ਕਿੰਨੇ ਹੀ ਸਾਲ ਯੂਨਾਨੀ ਵਿਦਿਆ ਅਤੇ ਯੂਨਾਨੀ ਸਭਿਆਚਾਰ ਦੀ ਕੇਂਦਰ ਬਣੀ ਰਹੀ।

ਆਓ ਹੁਣ ਏਥਨ ਚਲੀਏ ਅਤੇ ਵੇਖੀਏ ਕਿ ਅਰਸਤੂ ਦੀ ਮੌਤ ਤੋਂ ਬਾਅਦ ਦੇ ਸਾਲਾਂ ਵਿਚ ਉਥੇ ਫਲਸਫੇ ਦੀ ਪੱਧਰ 'ਤੇ ਕੀ ਵਾਪਰਿਆ। ਅਸੀਂ ਇਹ ਵੀ ਜਾਣਨਾ ਚਾਹਾਂਗੇ ਕਿ ਅਰਸਤੂ ਦੀਆਂ ਲਿਖਤਾਂ ਦਾ ਕੀ ਬਣਿਆ ਅਤੇ ਕਿਹੜੇ ਕਿਹੜੇ ਹੋਰ ਮਹੱਤਵਪੂਰਨ ਫਿਲਾਸਫਰ ਹੋਏ।

ਸਿਆਸੀ ਪੱਧਰ 'ਤੇ ਜਿਵੇਂ ਸਿਕੰਦਰ ਦੀ ਸਲਤਨਤ ਖੇਰੂੰ ਖੇਰੂੰ ਹੋ ਗਈ, ਉਵੇਂ ਫਲਸਫੇ ਦੀ ਪੱਧਰ 'ਤੇ ਅਰਸਤੂ ਵਲੋਂ ਉਸਾਰਿਆ ਫਲਸਫੇ ਦਾ ਮਹਿਲ ਵੀ ਢਹਿ-ਢੇਰੀ ਹੋ ਗਿਆ। ਫਿਲਾਸਫਰ ਹੋਏ, ਪਰ ਉਹ ਫਲਸਫੇ ਦੇ ਢਲਦੇ ਸੂਰਜ ਦੀ ਕਹਾਣੀ ਦੇ ਪਾਤਰ ਹਨ। ਪਲੈਟੋ ਅਤੇ ਅਰਸਤੂ ਨੇ ਆਪਣੇ ਆਪਣੇ ਖੇਤਰਾਂ ਵਿਚ ਅਜਿਹਾ ਉਚ ਪਾਇ ਦਾ ਕੰਮ ਕੀਤਾ ਸੀ ਕਿ ਕੋਈ ਉਸ ਨੂੰ ਪਾਰ ਨਹੀਂ ਲੰਘ ਸਕਿਆ। ਕਿਤੇ ਕਿਤੇ ਕੋਈ ਝਲਕ ਰੋਸ਼ਨੀ ਦੀ ਜ਼ਰੂਰ ਪੈਂਦੀ ਹੈ ਪਰ ਇਹ ਰੋਸ਼ਨੀ ਸੁਨਹਿਰੀ ਨਹੀਂ। ਇਹ ਫਲਸਫੇ ਦਾ ਚਾਂਦੀ ਯੁੱਗ ਸੀ, ਸੋਨ ਯੁੱਗ ਖਤਮ ਹੋ ਚੁੱਕਾ ਸੀ।

ਏਥਨ ਵਿਚ ਹਾਲੇ ਵੀ ਬਾਹਰਲੇ ਵਿਦਿਆਰਥੀਆਂ ਦੀ ਗਹਿਮਾ-ਗਹਿਮੀ ਸੀ। ਅਰਸਤੂ ਦੀ ਮੌਤ ਤੋਂ ਬਾਅਦ ਏਥਨ ਵਿਚ ਵੱਖੋ ਵੱਖਰੇ ਮੱਤ ਪ੍ਰਚਲਤ ਹੋ ਰਹੇ ਸਨ ਜਿਨ੍ਹਾਂ ਵਿਚੋਂ ਐਪੀਕਿਊਰਸ ਦਾ ਮੱਤ ਅਤੇ ਜੀਨੋ ਦਾ ਮੱਤ ਮਹੱਤਵਪੂਰਨ ਹਨ।

ਵੱਖੋ ਵੱਖਰੇ ਸਕੂਲਾਂ ਨੂੰ ਕਾਇਮ ਰੱਖਣਾ ਅਤੇ ਫਿਲਾਸਫਰਾਂ ਨੂੰ ਸੋਚਣ ਅਤੇ ਲਿਖਣ ਦੀ ਆਜ਼ਾਦੀ ਦੇਣਾ ਏਥਨਵਾਸੀਆਂ ਦੀ ਮਜਬੂਰੀ ਬਣ ਚੁੱਕਿਆ ਸੀ। ਇਨ੍ਹਾਂ ਸਕੂਲਾਂ ਵਿਚ ਪੜ੍ਹਨ ਵਾਲੇ ਵਿਦਿਆਰਥੀ ਅਮੀਰਜ਼ਾਦੇ ਜਾਂ ਉਨ੍ਹਾਂ ਦੇ ਬੱਚੇ ਸਨ, ਜਿਨ੍ਹਾਂ ਨੂੰ ਖੁੱਲ੍ਹਾ ਖਰਚਾ ਮਿਲਦਾ ਸੀ। ਉਹ ਕਿਸੇ ਕਿਸਮ ਦੀ ਰੋਕ-ਟੋਕ ਨਹੀਂ ਸਨ ਸਹਿ ਸਕਦੇ। ਏਥਨ ਹੀ ਇਕੋ ਇਕ ਅਜਿਹੀ ਸ਼ਹਿਰੀ ਰਿਆਸਤ ਸੀ ਜਿਥੇ ਫਿਲਾਸਫਰ ਸੰਪੂਰਣ ਆਜ਼ਾਦੀ ਨਾਲ ਘੁੰਮ ਫਿਰ ਸਕਦੇ ਸਨ ਅਤੇ ਆਪਣੇ ਆਪਣੇ ਮੱਤ ਦਾ ਪ੍ਰਚਾਰ ਕਰ ਸਕਦੇ ਸਨ। ਇਸੇ ਕਾਰਨ ਸ਼ੁਰੂ ਤੋਂ ਹੀ ਫਿਲਾਸਫਰਾਂ ਲਈ ਏਥਨ ਖਿੱਚ ਦਾ ਕਾਰਨ ਬਣਿਆ ਹੋਇਆ ਸੀ। ਫਿਲਾਸਫਰਾਂ ਲਈ ਜੀਵਨ ਵਿਚ ਇਕ ਵਾਰ ਏਥਨ ਆਉਣਾ ਅਤੇ ਜੇ ਹੋ ਸਕੇ ਤਾਂ ਉਥੇ ਹੀ ਵਸ ਜਾਣਾ ਜ਼ਰੂਰੀ ਸਮਝਿਆ ਜਾਂਦਾ ਸੀ।

ਇਕ ਵਾਰ ਏਥਨ ਵਾਸੀਆਂ ਨੇ ਅਰਸਤੂ ਦੇ ਜਾਣ ਤੋਂ ਬਾਅਦ, ਇਨ੍ਹਾਂ ਸਕੂਲਾਂ ਨੂੰ ਬੰਦ ਕਰਨ ਬਾਰੇ ਵੀ ਸੋਚਿਆ। ਉਨ੍ਹਾਂ ਨੇ ਫੈਸਲਾ ਕੀਤਾ ਕਿ ਅਸੈਂਬਲੀ ਦੀ ਮਨਜ਼ੂਰੀ ਤੋਂ ਬਿਨਾਂ ਕੋਈ ਸਕੂਲ ਨਾ ਖੋਲ੍ਹਿਆ ਜਾਵੇ ਅਤੇ ਨਾ ਹੀ ਕਿਸੇ ਮੱਤ ਦਾ ਪ੍ਰਚਾਰ ਕੀਤਾ ਜਾਵੇ। ਨਤੀਜਾ ਇਹ ਹੋਇਆ ਕਿ ਏਥਨ ਵਿਚੋਂ ਬਾਹਰਲੇ ਵਿਦਿਆਰਥੀ ਹੌਲੀ ਹੌਲੀ ਆਪਣੀਆਂ ਆਪਣੀਆਂ ਰਿਆਸਤਾਂ ਨੂੰ ਪਰਤਣੇ ਸ਼ੁਰੂ ਹੋ ਗਏ। ਇਸ ਨਾਲ ਏਥਨ ਵਾਸੀਆਂ ਦਾ ਸਾਰਾ ਕਾਰੋਬਾਰ ਹੀ ਠੱਪ ਹੋ ਕੇ ਰਹਿ ਗਿਆ। ਬਾਹਰਲੇ ਵਿਦਿਆਰਥੀਆਂ ਤੋਂ ਹੋਣ ਵਾਲੀ ਆਮਦਨ ਬੰਦ ਹੋ ਗਈ। ਅੰਤ ਉਨ੍ਹਾਂ ਨੂੰ ਸਾਰੇ ਸਕੂਲਾਂ ਨੂੰ ਪਹਿਲਾਂ ਵਾਂਗ ਹੀ ਆਜ਼ਾਦੀ ਨਾਲ ਕੰਮ ਕਰਨ ਦੀ ਆਗਿਆ ਦੇਣੀ ਪਈ। ਇਸ ਪਿੱਛੋਂ ਘੱਟੋ ਘੱਟ ਏਥਨ ਵਾਸੀਆਂ ਨੇ ਇਨ੍ਹਾਂ ਸਕੂਲਾਂ ਵਿਚ ਕੋਈ ਵੀ ਦਖਲਅੰਦਾਜ਼ੀ ਕਰਨ ਦੀ ਕਦੇ ਜੁਅਰਤ ਨਹੀਂ ਕੀਤੀ।




ਜਿਥੋਂ ਤੀਕ ਪਲੈਟੋ ਦੀ ਅਕੈਡਮੀ ਦਾ ਸੰਬੰਧ ਹੈ, ਕਲਪਨਾਸ਼ੀਲ ਫਿਲਾਸਫਰਾਂ ਦੀ ਘਾਟ ਨੇ ਇਸ ਮਹਾਨ ਅਦਾਰੇ ਨੂੰ ਬੇਜਾਨ ਕਰਕੇ ਰੱਖ ਦਿੱਤਾ। ਸਸਿਊਸੀਪਲ, ਜੈਨੇਕਰੇਤੀਜ਼ ਕਰੇਤੀਜ਼ ਆਦਿ ਫਿਲਾਸਫਰਾਂ ਤੋਂ ਬਾਅਦ, ਅੰਤ ਆਰਕੇਸੀਲੋ ਜੋ 315 ਪੂਰਵ ਈਸਵੀ ਵਿਚ ਪੈਦਾ ਹੋਇਆ, ਅਕੈਡਮੀ ਦਾ ਨਿਰਦੇਸ਼ਕ ਬਣਿਆ। ਉਸ ਨਲ ਅਕੈਡਮੀ ਵਿਚ ਉਹ ਗੱਲਾਂ ਪੜ੍ਹਾਈਆਂ ਜਾਣ ਲੱਗੀਆਂ ਜਿਨ੍ਹਾਂ ਦੇ ਪਲੈਟੋ ਖੁਦ ਬੁਰੀ ਤਰ੍ਹਾਂ ਉਲਟ ਹੁੰਦਾ ਸੀ। ਉਹ ਸ਼ੰਕਾਵਾਦੀ ਮੱਤ ਦਾ ਪ੍ਰਚਾਰਕ ਸੀ। ਪਲੈਟੋ ਨੇ ਆਪਣੇ ਸਮੇਂ ਦੇ ਸ਼ੰਕਾਵਾਦੀ ਮੱਤ ਦੇ ਫਿਲਾਸਫਰ ਗੋਰਗੀਆ ਦੇ ਵਿਚਾਰਾਂ ਦਾ ਜ਼ੋਰਦਾਰ ਖੰਡਨ ਕੀਤਾ ਸੀ। ਪਰ ਹੁਣ ਉਸ ਦੀ ਆਪਣੀ ਅਕੈਡਮੀ ਵਿਚ ਉਹੀ ਮੱਤ ਪ੍ਰਚਾਰਿਆਂ ਜਾ ਰਿਹਾ ਸੀ। ਆਰਕੇਸੀਲੋ ਦੀ ਮੌਤ ਤੋਂ ਬਾਅਦ ਲਗਭਗ 75 ਸਾਲ ਤੱਕ ਅਕੈਡਮੀ ਨੇ ਕੋਈ ਗਿਣਨਯੋਗ ਫਿਲਾਸਫਰ ਪੈਦਾ ਨਹੀਂ ਕੀਤਾ। ਫਿਰ ਅਚਾਨਕ ਕਾਰਨੀਆਦੀਸ (213 ਤੋਂ 129 ਪੂਰਵ ਈਸਵੀ) ਦਾ ਨਾਮ ਸਾਹਮਣੇ ਆਉਂਦਾ ਹੈ ਪਰ ਉਸਦੇ ਵਿਚਾਰ ਪਲੈਟੋ ਤੋਂ ਐਨੇ ਪਾਸੇ ਚਲੇ ਗਏ ਕਿ ਉਸ ਨੂੰ ਅਕੈਡਮੀ ਦੇ ਨਿਰਦੇਸ਼ਕ ਦੀ ਥਾਂ ਨਵੀਂ ਅਕੈਡਮੀ ਦਾ ਮੋਢੀ ਕਿਹਾ ਜਾਣ ਲੱਗਾ। ਕਾਰਨੀਆਦੀਸ ਵੀ ਸ਼ੰਕਾਵਾਦੀ ਵਿਚਾਰਾਂ ਦਾ ਧਾਰਣੀ ਸੀ। ਉਸਨੇ ਆਪਣੀ ਸਾਰੀ ਉਮਰ ਆਪਣੇ ਸਮਕਾਲੀ ਫਿਲਾਸਫਰਾਂ ਦੇ ਵਿਚਾਰਾਂ ਦਾ ਖੰਡਨ ਕਰਨ ਵਿਚ ਲਾ ਦਿੱਤੀ। ਉਂਜ ਉਹ ਬੁਲਾਰਾ ਬਹੁਤ ਵਧੀਆ ਸੀ।

ਅਰਸਤੂ ਦੇ ਲਾਈਕਿਉਮ ਵਿਚ ਹਾਲਾਤ ਵਖਰੇ ਨਹੀਂ ਸਨ। ਜਿਵੇਂ ਪਲੈਟੋ ਦੀ ਅਕੈਡਮੀ ਗ਼ਲਤ ਹੱਥਾਂ ਵਿਚ ਜਾ ਕੇ ਆਪਣਾ ਮਹੱਤਵ ਗੁਆ ਬੈਠੀ ਸੀ, ਉਵੇਂ ਅਰਸਤੂ ਦੇ ਲਾਈਕਿਊਮ ਦਾ ਪ੍ਰਬੰਧ ਵੀ ਪਹਿਲਾਂ ਥੀਓਫਰੇਤੁਸ ਦੇ ਹੱਥਾਂ ਵਿਚ ਗਿਆ। ਉਸਨੇ ਆਪਣੇ ਗੁਰੂ ਅਰਸਤੂ ਦੀਆਂ ਕਿਰਤਾਂ ਦੀ ਸੰਭਾਲ ਦੇ ਨਾਲ ਨਾਲ ਗੁਰੂ ਵਾਂਗ ਹਰ ਵਿਸ਼ੇ 'ਤੇ ਖੋਜ ਕੀਤੀ, ਪਰ ਕੁਝ ਨਵਾਂ ਨਹੀਂ ਸਿਰਜ ਸਕਿਆ। ਆਪਣੇ ਪਿੱਛੋਂ ਉਸ ਨੇ ਅਰਸਤੂ ਦੀਆਂ ਕਿਤਾਬਾਂ ਨੂੰ ਆਪਣੇ ਇਕ ਸ਼ਿਸ਼ ਨੀਲੀਅਸ ਨੂੰ ਸੌਂਪ ਦਿੱਤਾ। ਨੀਲੀਅਸ ਦੇ ਮਰਨ ਪਿੱਛੋਂ ਇਹ ਪਰਗਾਮਮ ਦੀ ਰਿਆਸਤ ਪੂਰੀ ਤਰ੍ਹਾਂ ਸਥਾਪਤ ਹੋ ਚੁੱਕੀ ਸੀ।

ਨੀਲੀਅਸ ਦੇ ਵਾਰਸ ਡਰਦੇ ਸਨ ਕਿ ਪਰਗਾਮਮ ਦਾ ਰਾਜਾ ਆਪਣੀ ਸ਼ਾਹੀ ਲਾਇਬ੍ਰੇਰੀ ਲਈ ਅਰਸਤੂ ਦੀਆਂ ਪੁਸਤਕਾਂ ਨੂੰ ਕਿਤੇ ਖੋਹ ਨਾ ਲਵੇ। ਸੋ ਉਨ੍ਹਾਂ ਨੇ ਇਨ੍ਹਾਂ ਕਿਰਤਾਂ ਨੂੰ ਇਕ ਤਹਿਖਾਨੇ ਵਿਚ ਲੁਕੋ ਦਿੱਤਾ। ਡੇਢ ਸੌ ਸਾਲ ਇਹ ਕਿਰਤਾਂ ਉਥੇ ਹੀ ਪਈਆਂ ਰਹੀਆਂ। ਪਿੱਛੋਂ ਬੜੀ ਮੰਦੀ ਹਾਲਤ ਵਿਚ, ਉਨ੍ਹਾਂ ਦੇ ਪੁੱਤ-ਪੋਤਰਿਆਂ ਨੇ ਇਨ੍ਹਾਂ ਕਿਰਤਾਂ ਨੂੰ ਭਾਰੀ ਰਕਮਾਂ ਬਦਲੇ ਦੀਐਸ ਵਾਸੀ ਅਪੈਲੀਕੋਨ ਕੋਲ ਵੇਚ ਦਿੱਤਾ। ਅਪੈਲੀਕੋਨ ਉਸ ਸਮੇਂ ਦਾ ਇਕ ਵਪਾਰੀ ਸੀ ਜਿਸ ਨੂੰ ਪੁਰਾਣੇ ਖਰੜੇ ਇਕੱਠੇ ਕਰਨ ਦਾ ਸ਼ੌਕ ਸੀ। ਫਿਰ ਜਦੋਂ 86 ਪੂਰਵ ਈਸਵੀ ਨੂੰ ਰੋਮਨਾਂ ਨੇ ਏਥਨ ਨੂੰ ਪੂਰੀ ਤਰ੍ਹਾਂ ਆਪਣੇ ਅਧੀਨ ਕਰ ਲਿਆ ਤਾਂ ਅਰਸਤੂ ਦੀਆਂ ਇਨ੍ਹਾਂ ਕਿਰਤਾਂ ਨੂੰ ਸੂੱਲਾ ਨੇ ਆਪਣੇ ਕਬਜ਼ੇ ਵਿਚ ਲੈ ਲਿਆ। ਇਸ ਪਿੱਛੋਂ ਹੀ ਇਨ੍ਹਾਂ ਲਿਖਤਾਂ ਤੇ ਕੰਮ ਸ਼ੂਰੂ ਹੋਇਆ।

ਇਸ ਸਮੇਂ ਤੱਕ ਲਾਈਕਿਊਮ ਦੇ ਫਿਲਾਸਫਰਾਂ ਦਾ ਵਿਗਿਆਨ ਪ੍ਰਤੀ ਜੋਸ਼ ਬਿਲਕੁਲ ਖਤਮ ਹੋ ਚੁੱਕਾ ਸੀ, ਅਤੇ ਲਾਈਕਿਊਮ ਵਿਚ ਵੀ ਸਮਕਾਲੀ ਨੈਤਿਕਤਾ ਨੂੰ ਹੀ ਥਾਂ ਦਿੱਤੀ ਜਾਂਦੀ ਸੀ। ਥੀਓਫਰੇਤੁਸ ਤੋਂ ਬਾਅਦ ਲਾਈਕਿਊਮ ਦਾ ਮੁਖੀ ਸਤਰਾਤੋ ਬਣਿਆ ਜਿਸਨੇ ਉਸ ਵਾਂਗ ਹੀ ਵਿਗਿਆਨਕ ਖੋਜ ਜਾਰੀ ਰੱਖੀ ਪਰ ਉਸ ਤੋਂ ਬਾਅਦ ਚਹਿਲ ਕਦਮ ਫਿਲਾਸਫਰਾਂ ਦਾ ਵਿਗਿਆਨ ਪ੍ਰਤੀ ਜੋਸ਼ ਮੱਠਾ ਪੈਣ ਲੱਗਾ। ਉਂਜ ਵੀ ਜਿਨ੍ਹਾਂ ਫਿਲਾਸਫਰਾਂ ਨੇ ਅਰਸਤੂ ਦੇ ਖਰੜਿਆਂ ਨੂੰ ਹੀ ਢਾਈ-ਤਿੰਨ ਸੌ ਸਾਲ ਹਵਾ ਨਹੀਂ ਲੱਗਣ ਦਿੱਤੀ, ਉਨ੍ਹਾਂ ਪਾਸੋਂ ਹੋਰ ਆਸ ਵੀ ਕੀ ਰੱਖੀ ਜਾ ਸਕਦੀ ਸੀ।

ਅਰਸਤੂ ਤੋਂ ਬਾਅਦ ਜਿਹੜੇ ਹੋਰ ਮੱਤ ਏਥਨ ਵਿਚ ਪ੍ਰਚੱਲਤ ਹੋਏ ਉਨ੍ਹਾਂ ਵਿਚ ਸਭ ਤੋਂ ਪਹਿਲਾ ਅਤੇ ਮੱਹਤਵਪੂਰਨ ਮੱਤ ਐਪੀਕਿਊਰਸ ਦਾ ਸੀ। 323 ਪੂਰਵ ਈਸਵੀ ਵਿਚ ਜਦੋਂ ਅਰਸਤੂ ਦੀ ਮੌਤ ਹੋਈ ਤਾਂ ਉਸ ਸਮੇਂ ਐਪੀਕਿਊਰਸ ਵੀਹ ਸਾਲ ਦਾ ਸੀ। ਉਸਦਾ ਪਿਤਾ ਇਕ ਸਕੂਲ ਮਾਸਟਰ ਸੀ। ਰਹਿਣ ਵਾਲਾ ਭਾਵੇਂ ਉਹ ਏਥਨ ਦਾ ਹੀ ਸੀ ਪਰ ਉਹ ਸਮੋਸ ਦੇ ਜ਼ਜੀਰੇ 'ਤੇ ਜਾ ਵਸਿਆ ਸੀ। ਐਪਕਿਊਰਸ ਦਾ ਜਨਮ ਵੀ ਉਥੇ ਹੀ 341 ਜਾਂ 342 ਪੂਰਵ ਈਸਵੀ ਨੂੰ ਹੋਇਆ।

ਐਪੀਕਿਊਰਸ ਆਪਣੇ ਆਪ ਬਾਰੇ ਦੱਸਦਾ ਹੈ ਕਿ ਉਸਨੇ ਕਿਸੇ ਕੋਲੋਂ ਵਿਦਿਆ ਪ੍ਰਾਪਤ ਨਹੀਂ ਕੀਤੀ। ਉਹ ਜੋ ਕੁਝ ਵੀ ਸਿਖਿਆ, ਉਹ ਉਸਦੀ ਆਪਣੀ ਮਿਹਨਤ ਦਾ ਫਲ ਹੈ। ਪਰ ਪਰੰਪਰਾ ਤੋਂ ਪਤਾ ਚਲਦਾ ਹੈ ਕਿ ਡੈਮੋਕਰਾਈਟਸ ਅਤੇ ਪਲੈਟੋ ਦੇ ਫਲਸਫਿਆਂ ਬਾਰੇ ਉਸਨੇ ਕਈ ਫਿਲਾਸਫਰਾਂ ਪਾਸੋਂ ਵਿਦਿਆ ਪ੍ਰਾਪਤ ਕੀਤੀ। ਕੁਝ ਸਮੇਂ ਲਈ ਉਹ ਜੈਨੋਕਰੇਤੀਜ਼ ਦਾ ਸ਼ਿਸ਼ ਬਣਕੇ ਅਕੈਡਮੀ ਵਿਚ ਵੀ ਰਿਹਾ।

ਫਿਰ ਏਸ਼ੀਆ ਮਾਈਨਰ ਦੇ ਕਈ ਸਕੂਲਾਂ ਵਿਚ ਪੜ੍ਹਾਉਣ ਤੋਂ ਬਾਅਦ ਉਹ 306 ਪੂਰਵ ਈਸਵੀ ਨੂੰ ਏਥਨ ਆ ਗਿਆ। ਏਥਨ ਵਿਚ ਉਸਨੇ ਇਕ ਬਾਗ ਖਰੀਦਿਆ, ਜਿਸ ਵਿਚ ਉਸਨੇ ਅਕੈਡਮੀ ਅਤੇ ਲਾਈਕਿਊਮ ਦੇ ਮੁਕਾਬਲੇ ਤੇ ਆਪਣਾ ਵੱਖਰਾ ਸਕੂਲ ਖੋਲ੍ਹਿਆ। ਇਤਿਹਾਸ ਵਿਚ ਇਹੋ ਬਾਗ "ਐਪੀਕਿਊਰਸ ਦਾ ਬਾਗ" ਕਰਕੇ ਜਾਣਿਆ ਜਾਂਦਾ ਹੈ।

ਏਥਨ ਵਿਚ ਸ਼ਿਸ਼ਾਂ ਦੀ ਘਾਟ ਨਹੀਂ ਸੀ, ਸੋ ਉਸ ਦੁਆਲੇ ਵੀ ਸ਼ਿਸ਼ਾਂ ਦੀ ਭੀੜ ਜਮ੍ਹਾਂ ਹੋ ਗਈ। ਕਹਿੰਦੇ ਹਨ ਕਿ ਬਾਗ ਦੁਆਲੇ ਉਸਨੇ ਇਕ ਉਚੀ ਕੰਧ ਉਸਾਰ ਲਈ ਅਤੇ ਸਦਾ ਉਸ ਚਾਰਦੀਵਾਰੀ ਦੇ ਅੰਦਰ ਹੀ ਰਿਹਾ। ਉੱਚੀ ਕੰਧ ਦੁਆਰਾ ਵਲ੍ਹਿਆ ਇਹ ਬਾਗ ਉਸ ਲਈ ਖੁਸ਼ੀ ਅਤੇ ਅਨੰਦ ਦਾ ਚਿੰਨ੍ਹ ਬਣ ਗਿਆ। ਉਸਦੇ ਫਲਸਫੇ ਦਾ ਮੁੱਖ ਉਦੇਸ਼ ਵੀ ਇਹੋ ਸੀ। ਮਨੁੱਖ ਨੂੰ ਆਪਣੇ ਹੀ ਮਨ ਦੇ ਸ਼ਾਂਤ ਅਤੇ ਸਕੂਨ ਭਰੇ ਬਾਗ ਅੰਦਰ ਰਹਿ ਕੇ ਖੁਸ਼ੀ ਦੀ ਤਲਾਸ਼ ਕਰਨੀ ਚਾਹੀਦੀ ਹੈ। ਮਰਨ ਤੱਕ ਉਸਨੇ ਆਪਣੇ ਸ਼ਿਸ਼ਾਂ ਨੂੰ ਇਹੋ ਸਿੱਖਿਆ ਦਿੱਤੀ। ਉਸ ਦੀ ਮੌਤ 270 ਪੂਰਵ ਈਸਵੀ ਨੂੰ ਇਕ ਲੰਮੀ ਅਤੇ ਦੁਖਦਾਈ ਬੀਮਾਰੀ ਕਾਰਨ ਹੋਈ। ਕਹਿੰਦੇ ਹਨ ਕਿ ਇਸ ਬੀਮਾਰੀ ਨੂੰ ਉਸ ਨੇ ਉਸੇ ਸ਼ਾਂਤ ਅਤੇ ਧੀਰਜ ਮਨ ਨਾਲ ਜਰਿਆ, ਜਿਸਦਾ ਉਹ ਪ੍ਰਚਾਰ ਕਰਿਆ ਕਰਦਾ ਸੀ।

ਆਪਣੇ ਜੀਵਨ ਕਾਲ ਵਿਚ ਉਸਨੇ ਅਨੇਕਾਂ ਕਿਤਾਬਾਂ ਲਿਖੀਆਂ ਪਰ ਉਹ ਸਾਰੀਆਂ ਇਤਿਹਾਸ ਦੇ ਖਾਮੋਸ਼ ਹਨ੍ਹੇਰੇ ਦੀ ਭੇਂਟ ਚੜ੍ਹ ਗਈਆਂ। ਜੋ ਕੁੱਝ ਥੋੜ੍ਹਾ ਬਹੁਤ ਬਚਿਆ, ਉਹ ਮਹੱਤਵਪੂਰਨ

ਨਹੀਂ। ਏਥਨ ਵਿਚ ਉਸ ਦੇ ਅਣਗਿਣਤ ਸ਼ਿਸ਼ਾਂ ਨੇ ਉਸ ਦੇ ਮੱਤ ਨੂੰ ਜਿੰਦਾ ਰੱਖਿਆ। ਉਸਦੀ ਮੌਤ ਪਿੱਛੋਂ ਐਪੀਕਿਊਰਸ ਮੱਤ ਵਧੇਰੇ ਰੋਮ ਵਿਚ ਪ੍ਰਚੱਲਤ ਹੋਇਆ। ਰੋਮ ਵਿਚ ਉਸ ਦਾ ਸਭ ਤੋਂ ਮਹੱਤਵਪੂਰਨ ਸ਼ਿਸ਼ ਲੁਕਰੀਸ਼ੀਅਸ ਹੋਇਆ ਜਿਸ ਨੇ ਇਸ ਮੱਤ ਤੋਂ ਪ੍ਰਭਾਵਿਤ ਹੋ ਕੇ ਇਕ ਲੰਮੀ ਕਵਿਤਾ ਲਿਖੀ, ''ਵਸਤੂਆਂ ਦੇ ਖਾਸੇ ਬਾਰੇ।'' ਉਸ ਨੇ ਇਹ ਕਵਿਤਾ ਪਹਿਲੀ ਸਦੀ ਪੂਰਵ ਈਸਵੀ ਦੇ ਪਹਿਲੇ ਅੱਧ ਵਿਚ ਕਿਸੇ ਸਮੇਂ ਲਿਖੀ। ਲੁਕਰੀਸ਼ੀਅਸ ਨੂੰ ਵੀ ਸਰੀਰਕ ਬੀਮਾਰੀਆਂ ਨੇ ਇੰਨਾ ਸਤਾ ਰੱਖਿਆ ਸੀ ਕਿ ਚਾਲੀ ਸਾਲ ਦੀ ਉਮਰ ਵਿਚ ਹੀ ਇਨ੍ਹਾਂ ਬੀਮਾਰੀਆਂ ਤੋਂ ਤੰਗ ਆ ਕੇ ਉਸਨੇ ਆਤਮ ਹੱਤਿਆ ਕਰ ਲਈ। ਉਸ ਦੀ ਇਹ ਕਵਿਤਾ ਐਪੀਕਿਊਰਸ ਮੱਤ ਦਾ ਇਕ ਕਲਾਸਕੀ ਦਸਤਾਵੇਜ਼ ਹੈ।

ਏਥਨ ਵਿਚ ਪ੍ਰਚੱਲਤ ਹੋਣ ਵਾਲਾ ਦੂਸਰਾ ਸਟੋਆ ਮੱਤ ਸੀ, ਜਿਸਦਾ ਬਾਨੀ ਫਿਲਾਸਫਰ ਸਾਈਪ੍ਰਸ (ਕਿਪਰ) ਵਾਸੀ ਜ਼ੀਨੋ ਸੀ। ਜ਼ੀਨੋ ਇਕ ਵਪਾਰੀ ਸੀ, ਜਿਹੜਾ ਘੁੰਮਦਾ ਘੁੰਮਦਾ 320 ਪੂਰਵ ਈਸਵੀ ਨੂੰ ਏਥਨ ਆਇਆ। ਆਉਂਦਿਆਂ ਹੀ ਉਹ ਜੈਨੋਕਰੇਤੀਜ ਦਾ ਸ਼ਿਸ਼ ਬਣ ਗਿਆ। ਕੁੱਝ ਦੇਰ ਉਹ ਸ਼ੰਕਾਵਾਦੀ ਮੱਤ ਦੇ ਪ੍ਰਭਾਵ ਅਧੀਨ ਵੀ ਰਿਹਾ। ਵੀਹ ਸਾਲ ਦੇ ਅਧਿਐਨ ਬਾਅਦ ਉਸ ਨੇ ਆਪਣਾ ਮੱਤ ਪ੍ਰਚਾਰਨ ਦੀ ਸੋਚੀ ਅਤੇ ਥੰਮਾ ਦੀ ਕਤਾਰ ਵਾਲੀ ਰੰਗਦਾਰ ਸਟੋਆ ਨਾਮੀ ਇਮਾਰਤ ਵਿਚ ਆਪਣੇ ਸ਼ਿਸ਼ਾਂ ਨੂੰ ਪ੍ਰਵਚਨ ਦੇਣ ਲੱਗਾ। ਇਸੇ ਇਮਾਰਤ ਦੇ ਨਾਮ ਤੇ ਉਸਦੇ ਫਲਸਫੇ ਨੂੰ ਸਟੋਆ ਮੱਤ ਕਰਕੇ ਜਾਣਿਆ ਜਾਣ ਲੱਗਾ। ਥੋੜ੍ਹੇ ਸਮੇਂ ਵਿਚ ਹੀ ਏਥਨ ਅਤੇ ਏਥਨ ਤੋਂ ਬਾਹਰ ਸਟੋਆ ਮੱਤ ਨੂੰ ਮੰਨਣ ਵਾਲਿਆਂ ਦੀ ਗਿਣਤੀ ਵਧਣ ਲੱਗੀ। ਜ਼ੀਨੋ ਦੇ ਪੈਰੋਕਾਰਾਂ ਨੇ ਉਸ ਵੱਲੋਂ ਸ਼ੁਰੂ ਕੀਤਾ ਸਕੂਲ ਹੀ ਕਾਇਮ ਨਹੀਂ ਰੱਖਿਆ, ਸਗੋਂ ਉਸ ਦੇ ਮੱਤ ਨੂੰ ਹੋਰ ਵਧੇਰੇ ਪ੍ਰਫੁੱਲਤ ਵੀ ਕੀਤਾ।

ਜ਼ੀਨੋ ਦੇ ਪ੍ਰਭਾਵਸ਼ਾਲੀ ਵਿਅਕਤੀਤਵ ਸਦਕਾ ਦੂਰ-ਦੂਰ ਤੱਕ ਲੋਕ ਉਸ ਦੀ ਇੱਜ਼ਤ ਕਰਦੇ ਸਨ। ਉਸ ਦੀ ਮੌਤ ਕਦੋਂ ਹੋਈ, ਇਸ ਬਾਰੇ ਕੁੱਝ ਪਤਾ ਨਹੀਂ, ਪਰ ਕਿਹਾ ਜਾਂਦਾ ਹੈ ਕਿ ਇਕ ਵਾਰੀ ਉਹ ਸਰੀਰਕ ਤੌਰ 'ਤੇ ਅਜਿਹਾ ਘਾਇਲ ਹੋਇਆ ਕਿ ਉਸਨੂੰ ਆਪਣਾ ਅੰਤ ਨੇੜੇ ਆ ਗਿਆ ਜਾਪਿਆ। ਉਹ ਆਪਣੇ ਅੰਤ ਨੂੰ ਲਮਕਾਉਣਾ ਨਹੀਂ ਸੀ ਚਾਹੁੰਦਾ, ਸੋ ਉਸਨੇ ਆਤਮ-ਹੱਤਿਆ ਕਰ ਲਈ।

ਬੁਨਿਆਦੀ ਤੌਰ ਤੇ ਜ਼ੀਨੋ ਦਾ ਫਲਸਫਾ ਵੀ ਖੁਸ਼ੀ ਨੂੰ ਹੀ ਜੀਵਨ ਦਾ ਉਦੇਸ਼ ਮੰਨਦਾ ਹੈ, ਪਰ ਖੁਸ਼ੀ ਕੀ ਹੈ? ਅਤੇ ਇਸ ਨੂੰ ਹਾਸਲ ਕਰਨ ਦਾ ਢੰਗ ਕਿਹੜਾ ਹੈ? ਇਨ੍ਹਾਂ ਪ੍ਰਸ਼ਨਾਂ ਦਾ ਉਤਰ ਉਸਨੂੰ ਐਪੀਕਿਊਰਸ ਦੇ ਫਲਸਫੇ ਤੋਂ ਵੱਖਰੇ ਰੂਪ ਵਿਚ ਸਥਾਪਤ ਕਰਦਾ ਹੈ।

***ਇਕ ਵਾਰ ਏਥਨ ਵਾਸੀਆਂ ਨੇ ਅਰਸਤੂ ਦੇ ਜਾਣ ਤੋਂ ਬਾਅਦ, ਇਨ੍ਹਾਂ ਸਕੂਲਾਂ ਨੂੰ ਬੰਦ ਕਰਨ ਬਾਰੇ ਵੀ ਸੋਚਿਆ। ਉਨ੍ਹਾਂ ਨੇ ਫੈਸਲਾ ਕੀਤਾ ਕਿ ਅਸੈਂਬਲੀ ਦੀ ਮਨਜ਼ੂਰੀ ਤੋਂ ਬਿਨਾਂ ਕੋਈ ਸਕੂਲ ਨਾ ਖੋਲ੍ਹਿਆ ਜਾਵੇ ਅਤੇ ਨਾ ਹੀ ਕਿਸੇ ਮੱਤ ਦਾ ਪ੍ਰਚਾਰ ਕੀਤਾ ਜਾਵੇ। ਨਤੀਜਾ ਇਹ ਹੋਇਆ ਕਿ ਏਥਨ ਵਿਚੋਂ ਬਾਹਰਲੇ ਵਿਦਿਆਰਥੀ ਹੌਲੀ ਹੌਲੀ ਆਪਣੀਆਂ ਆਪਣੀਆਂ ਰਿਆਸਤਾਂ ਨੂੰ ਪਰਤਣੇ ਸ਼ੁਰੂ ਹੋ ਗਏ। ਇਸ ਨਾਲ ਏਥਨ ਵਾਸੀਆਂ ਦਾ ਸਾਰਾ ਕਾਰੋਬਾਰ ਹੀ ਠੱਪ ਹੋ ਕੇ ਰਹਿ ਗਿਆ। ਬਾਹਰਲੇ ਵਿਦਿਆਰਥੀਆਂ ਤੋਂ ਹੋਣ ਵਾਲੀ ਆਮਦਨ ਬੰਦ ਹੋ ਗਈ। ਅੰਤ ਉਨ੍ਹਾਂ ਨੂੰ ਸਾਰੇ ਸਕੂਲਾਂ ਨੂੰ ਪਹਿਲਾਂ ਵਾਂਗ ਹੀ ਆਜ਼ਾਦੀ ਨਾਲ ਕੰਮ ਕਰਨ ਦੀ ਆਗਿਆ ਦੇਣੀ ਪਈ। ਇਸ ਪਿੱਛੋਂ ਘੱਟੋ ਘੱਟ ਏਥਨ ਵਾਸੀਆਂ ਨੇ ਇਨ੍ਹਾਂ ਸਕੂਲਾਂ ਵਿਚ ਕੋਈ ਵੀ ਦਖਲਅੰਦਾਜ਼ੀ ਕਰਨ ਦੀ ਕਦੇ ਜੁਰਅਤ ਨਹੀਂ ਕੀਤੀ।***

ਜ਼ੀਨੋ ਨਿਸ਼ਚਿਤਤਾਵਾਦ ਵਿਚ ਵਿਸ਼ਵਾਸ ਰੱਖਦਾ ਸੀ। ਜੋ ਕੁੱਝ ਹੋਣਾ ਹੈ, ਉਹ ਹੋ ਕੇ ਰਹਿਣਾ ਹੈ, ਉਸਨੂੰ ਕੋਈ ਨਹੀਂ ਟਾਲ ਸਕਦਾ। ਕਹਿੰਦੇ ਹਨ ਕਿ ਜ਼ੀਨੋ ਇਕ ਵਾਰ ਆਪਣੇ ਗੁਲਾਮ ਨੂੰ, ਉਸ ਦੀ ਕਿਸੇ ਗਲਤੀ ਬਦਲੇ, ਕੁਟਾਪਾ ਚਾੜ੍ਹ ਰਿਹਾ ਸੀ ਤਾਂ ਗੁਲਾਮ ਨੇ ਕਿਹਾ, ''ਮਾਲਕ, ਇਹ ਗਲਤੀ ਤਾਂ ਮੈਥੋਂ ਹੋਣੀ ਸੀ, ਕਿਉਂਕਿ ਤੁਹਾਡੇ ਫਲਸਫੇ ਅਨੁਸਾਰ ਜੋ ਹੋਣਾ ਹੈ ਉਹ ਹੋ ਕੇ ਰਹਿਣਾ ਹੈ, ਫਿਰ ਇਹ ਕੁਟਾਪਾ ਕਿਸ ਗੱਲੋਂ?'' ਤਾਂ ਜ਼ੀਨੋ ਨੇ ਆਪਣੇ ਸ਼ਾਂਤ ਸੁਭਾ ਸਹਿਜ ਨਾਲ ਉਤਰ ਦਿੱਤਾ, ''ਫਲਸਫੇ ਅਨੁਸਾਰ ਮੈਂ ਤੈਨੂੰ ਕੁਟਾਪਾ ਵੀ ਚਾੜ੍ਹਨਾ ਸੀ।''

ਅਰਸਤੂ ਤੋਂ ਬਾਅਦ ਦੌਰ ਵਿਚ ਯੂਨਾਨੀ ਫਲਸਫੇ ਅੰਦਰ ਭਾਰਤੀ ਫਲਸਫੇ ਦੇ ਅੰਸ਼ ਜ਼ਾਹਿਰਾ ਰੂਪ ਵਿਚ ਦਿਖਾਈ ਦੇਣ ਲੱਗੇ ਸਨ। ਸਿਕੰਦਰ ਭਾਰਤ ਨੂੰ ਜਿੱਤਣਾ ਚਾਹੁੰਦਾ ਸੀ। ਉਹ ਤਾਂ ਹੋ ਨਹੀਂ ਸਕਿਆ, ਪਰ ਭਾਰਤੀ ਫਲਸਫੇ ਨੇ ਯੂਨਾਨੀ ਫਲਸਫੇ ਨੂੰ ਜ਼ਰੂਰ ਜਿੱਤ ਲਿਆ ਲਗਦਾ ਸੀ।

ਜ਼ੀਨੋ ਦੀ ਮੌਤ ਬਾਅਦ ਸਟੋਆ ਮੱਤ ਨੇ ਅਜਿਹਾ ਫੈਲਣਾ ਅਰੰਭਿਆ ਕਿ ਕੁਝ ਸਮੇਂ ਵਿਚ ਲਗਭਗ ਸਾਰੇ ਦੇ ਸਾਰੇ ਫਿਲਾਸਫਰ ਆਪਣੇ ਆਪ ਨੂੰ ਸਟੋਆ ਮੱਤ ਦੇ ਪੈਰੋਕਾਰ ਮੰਨਣ ਲੱਗ ਪਏ। ਦੂਸਰੀ ਸਦੀ ਪੂਰਵ ਈਸਵੀ ਤੱਕ ਇਹ ਮੱਤ ਸਾਰੇ ਯੂਨਾਨ ਵਿਚ ਹੀ ਨਹੀਂ ਸਗੋਂ ਯੂਨਾਨ ਤੋਂ ਲੈ ਕੇ ਬੇਬੀਲੋਨ ਤੱਕ ਫੈਲ ਗਿਆ। ਪਰਗਾਮਮ ਦੀ ਲਾਇਬ੍ਰੇਰੀ ਦੇ ਮੁਖੀ ਕਰੇਤੀਜ਼ ਨੇ ਜਦੋਂ 149 ਪੂਰਵ ਈਸਵੀ ਵਿਚ ਰੋਮ ਦਾ ਦੌਰਾ ਕੀਤਾ ਤਾਂ ਉਸਨੇ ਇਸ ਮੱਤ ਦੀ ਜਾਣ-ਪਛਾਣ ਰੋਮ ਦੇ ਬੁੱਧੀਜੀਵੀਆਂ ਨਾਲ ਵੀ ਕਰਵਾ ਦਿੱਤੀ।

ਇਥੇ ਇਕ ਹੋਰ ਘਟਨਾ ਦਾ ਜ਼ਿਕਰ ਬੇਲੋੜਾ ਨਹੀਂ ਹੋਵੇਗਾ। ਹੋਇਆ ਇਹ ਕਿ ਏਥਨ ਵਾਸੀਆਂ ਨੇ 155 ਪੂਰਵ ਈਸਵੀ ਵਿਚ ਸ਼ਹਿਰੀ ਰਿਆਸਤ ਔਰੋਪਸ 'ਤੇ ਹਮਲਾ ਕਰਕੇ ਉਸਨੂੰ ਜਿੱਤ ਲਿਆ ਅਤੇ ਖੂਬ ਲੁੱਟਮਾਰ ਕੀਤੀ। ਔਰੋਪਸ ਨੇ ਰੋਮਨ ਸੈਨੇਟ ਕੋਲ ਸ਼ਿਕਾਇਤ ਕੀਤੀ ਤਾਂ ਰੋਮਨ ਵਿਚੋਲਿਆਂ ਨੇ ਏਥਨ ਨੂੰ ਭਾਰੀ ਜੁਰਮਾਨਾ ਕਰ ਦਿੱਤਾ। ਇਸ ਜੁਰਮਾਨੇ ਨੂੰ ਮੁਆਫ ਕਰਵਾਉਣ ਲਈ ਏਥਨ ਵਾਸੀਆਂ ਨੇ ਲਾਈਕਿਊਮ ਦੇ ਉਸ ਸਮੇਂ ਦੇ ਮੁਖੀ ਕਰਾਈਤੋਲੋ, ਅਕੈਡਮੀ ਦੇ ਮੁਖੀ ਕਾਰਨੀਆਦੀਸ ਅਤੇ ਇਨ੍ਹਾਂ ਦੇ ਨਾਲ ਸਟੋਆ ਸਕੂਲ ਦੇ ਮੁਖੀ ਡਾਇਓਜਿਨੀਜ਼ ਨੂੰ ਸਫੀਰ ਬਣਾ ਕੇ ਰੋਮ ਭੇਜਿਆ। ਜ਼ਾਹਿਰ ਹੈ ਕਿ ਸਿਆਸੀ ਪੱਧਰ ਤੇ ਫਿਲਾਸਫਰਾਂ ਦੀ ਜ਼ਰੂਰ ਪੁੱਛ-ਪ੍ਰਤੀਤ ਸੀ। ਜਦੋਂ ਫੈਸਲੇ ਰੋਮਨ ਸੈਨੇਟ ਦੇ ਵਿਚਾਰ ਅਧੀਨ ਸੀ ਤਾਂ ਇਨ੍ਹਾਂ ਤਿੰਨਾਂ ਫਿਲਾਸਫਰਾਂ ਦੀ ਜ਼ਰੂਰ ਪੁੱਛ-ਪ੍ਰਤੀਤ ਸੀ। ਇਨ੍ਹਾਂ ਤਿੰਨਾਂ ਫਿਲਾਸਫਰਾਂ ਨੇ ਮੌਕੇ ਤੋਂ ਫਾਇਦਾ ਉਠਾਉਂਦਿਆਂ ਆਪਣੇ ਆਪਣੇ ਮੱਤ ਨੂੰ ਪ੍ਰਚਾਰਨ ਲਈ ਜਨਤਕ ਭਾਸ਼ਣ ਦੇਣੇ ਸ਼ੁਰੂ ਕਰ ਦਿੱਤੇ। ਡਾਇਓਜਿਨੀਜ਼ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਈ, ਕਿਉਂਕਿ ਕਰੇਤੀਜ਼ ਪਹਿਲੋਂ ਹੀ ਸਟੋਆ ਮੱਤ ਨੂੰ ਰੋਮ ਵਿਚ ਮਾਨਤਾ ਦੁਆ ਚੁਕਿਆ ਸੀ। ਕਾਰਨੀਆਦੀਸ ਬੁਲਾਰਾ ਬੜਾ ਵਧੀਆ ਸੀ, ਜਿਸ ਕਰਕੇ ਭਾਰੀ ਗਿਣਤੀ ਵਿਚ ਲੋਕ ਉਸ ਦੁਆਲੇ ਇਕੱਠੇ ਹੋ ਜਾਂਦੇ ਸਨ। ਇਨ੍ਹਾਂ ਦੀ ਵਧ ਰਹੀ ਪ੍ਰਸਿੱਧੀ ਨੂੰ ਵੇਖ ਕੇ ਰੋਮਨ ਜਰਨੈਲ ਅਤੇ ਉਚ ਸਰਕਾਰੀ ਅਹੁਦੇ 'ਤੇ ਸੈਂਸਰ ਵਜੋਂ ਤਾਇਨਾਤ ਕਾਤੋ ਨੇ ਖਤਰਾ ਭਾਂਪ ਲਿਆ। ਉਸਨੂੰ ਲੱਗਾ ਕਿ ਇਹ ਲੋਕ ਤਾਂ ਰੋਮਨ ਕਦਰਾਂ ਕੀਮਤਾਂ ਨੂੰ 'ਖੋਸੀ' ਕਰਨ 'ਤੇ ਤੁਲੇ ਹੋਏ ਹਨ ਅਤੇ ਨੌਜਵਾਨ ਨਸਲ ਨੂੰ ਗੁੰਮਰਾਹ ਕਰ ਰਹੇ ਹਨ। ਉਸ ਨੇ ਸੈਨੇਟ 'ਤੇ ਜ਼ੋਰ ਪਾ ਕੇ ਇਨ੍ਹਾਂ ਨੂੰ ਰੋਮ ਵਿਚੋਂ ਛੇਤੀ ਹੀ ਚਲਦਾ ਕਰਵਾ ਦਿੱਤਾ। ਪਰ ਫਿਲਾਸਫਰ ਆਪਣਾ ਕਮਾਲ ਵਿਖਾ ਆਏ ਸਨ।

146 ਪੂਰਵ ਈਸਵੀ ਵਿਚ ਰੋਮਨਾਂ ਨੇ ਤਿੰਨ ਲੰਮੀਆਂ ਜੰਗਾਂ ਤੋਂ ਬਾਅਦ ਕਾਰਥੇਗ ਨੂੰ ਹਰਾ ਦਿੱਤਾ। ਉਸ ਸਮੇਂ ਕਾਰਥੇਗਾਂ ਕੋਲ ਹੀ ਰੋਮਨਾਂ ਦੇ ਮੁਕਾਬਲੇ ਦੀ ਫੌਜ ਸੀ। ਇਨ੍ਹਾਂ ਜੰਗਾਂ ਨੂੰ ਇਤਿਹਾਸ ਵਿਚ ਪਿਊਨਿਕ ਜੰਗਾਂ ਕਿਹਾ ਜਾਂਦਾ ਹੈ। ਪਹਿਲੀ ਪਿਊਨਿਕ ਜੰਗ 264 ਪੂਰਵ ਈਸਵੀ ਨੂੰ ਸ਼ੁਰੂ ਹੋਈ ਸੀ। ਅਣਗਿਣਤ ਥਾਵਾਂ 'ਤੇ ਇਹ ਲੜਾਈਆਂ ਲੜੀਆਂ ਗਈਆਂ। ਬਹੁਤੀ ਵਾਰੀ ਰੋਮਨਾਂ ਨੂੰ ਮੈਦਾਨ



ਛੱਡ ਕੇ ਭੱਜਣਾ ਪਿਆ। ਅੰਤ 146 ਪੂਰਵ ਈਸਵੀ ਵਿਚ ਉਨ੍ਹਾਂ ਨੇ ਕਾਰਥੇਗ ਸ਼ਹਿਰ 'ਤੇ ਕਬਜ਼ਾ ਕਰ ਲਿਆ।

ਰੋਮਨਾਂ ਨੇ ਕਾਰਥੇਗ ਸ਼ਹਿਰ 'ਤੇ ਜੋ ਜ਼ੁਲਮ ਢਾਹਿਆ ਉਹ ਰਹਿੰਦੀ ਦੁਨੀਆਂ ਤੱਕ ਯਾਦ ਰਹੇਗਾ। ਪੰਜ ਲੱਖ ਦੀ ਆਬਾਦੀ ਵਾਲੇ ਕਾਰਥੇਗ ਸ਼ਹਿਰ ਦੀਆਂ ਗਲੀਆਂ ਵਿਚ ਲਗਾਤਾਰ ਛੇ ਦਿਨ ਲੁੱਟ-ਮਾਰ ਅਤੇ ਵੱਢ-ਟੁੱਕ ਹੁੰਦੀ ਰਹੀ। ਸਤਵੇਂ ਦਿਨ ਪੰਜ ਲੱਖ ਵਿਚੋਂ ਕੇਵਲ ਪੰਜਾਹ ਹਜ਼ਾਰ ਬੰਦਾ ਬਚਿਆ ਸੀ, ਜਿਨ੍ਹਾਂ ਨੂੰ ਗੁਲਾਮ ਬਣਾ ਕੇ ਰੋਮ ਲਿਆਂਦਾ ਗਿਆ। ਗੁਲਾਮਾਂ ਨਾਲ ਰੋਮਨ ਕਿਹੋ ਜਿਹਾ ਸਲੂਕ ਕਰਦੇ ਸਨ ਇਹ ਵੀ ਕਿਸੇ ਪਾਸੋਂ ਛੁਪਿਆ ਹੋਇਆ ਨਹੀਂ। ਸੈਂਕੜਿਆਂ ਦੀ ਗਿਣਤੀ ਵਿਚ ਗੁਲਾਮਾਂ ਨੂੰ ਖੂਨੀ ਅਖਾੜਿਆਂ ਵਿਚ ਮੌਤ ਦੀ ਖੇਡ ਖੇਡਣ ਲਈ ਉਤਾਰ ਦਿੱਤਾ ਜਾਂਦਾ ਅਤੇ ਤਮਾਸ਼ਬੀਨਾਂ ਦੇ ਰੂਪ ਵਿਚ ਰੋਮਨ ਲੋਕ ਇਹ ਖੂਨੀ ਖੇਡਾਂ ਵੇਖਦੇ ਅਤੇ ਤਾੜੀਆਂ ਮਾਰ ਕੇ ਆਪਣੇ ਖੁਸ਼ੀ ਭਰੇ ਜੋਸ਼ ਦਾ ਇਜ਼ਹਾਰ ਕਰਦੇ। ਇਨ੍ਹਾਂ ਨੂੰ ਗਲੈਡੀਏਟਰਾਂ ਦਾ ਤਮਾਸ਼ਾ ਕਿਹਾ ਜਾਂਦਾ ਸੀ।

ਸਤਵੇਂ ਦਿਨ ਸਮੁੱਚੇ ਕਾਰਥੇਗ ਸ਼ਹਿਰ ਨੂੰ ਅੱਗ ਲਾ ਕੇ ਫੂਕ ਦਿੱਤਾ ਗਿਆ। ਦੋ ਸਦੀਆਂ ਪਹਿਲਾਂ ਸਿਕੰਦਰ ਨੇ ਵੀ ਇਕ ਯੂਨਾਨੀ ਸ਼ਹਿਰ ਥੇਬੀਸ ਨਾਲ ਇਹੋ ਸਲੂਕ ਕੀਤਾ ਸੀ ਪਰ ਉਸਨੇ ਕਵੀ ਪਿੰਡਰ ਦਾ ਘਰ ਅਤੇ ਇਕ ਮੰਦਰ ਛੱਡ ਦਿੱਤੇ ਸਨ। ਰੋਮਨ ਤਾਂ ਕਾਰਥੇਗ ਸ਼ਹਿਰ ਦਾ ਨਾਮ-ਨਿਸ਼ਾਨ ਮਿਟਾਉਣਾ ਚਾਹੁੰਦੇ ਸਨ। ਇਸ ਲਈ ਪਿੱਛੋਂ ਸ਼ਹਿਰ ਦੇ ਖੰਡਰਾਂ ਨੂੰ ਹਲਾਂ ਨਾਲ ਵਾਹ ਦਿੱਤਾ ਗਿਆ ਅਤੇ ਪੂਰੀਆਂ ਧਾਰਮਿਕ ਰਸਮਾਂ ਤੋਂ ਬਾਅਦ ਇਹ ਐਲਾਨ ਕਰਵਾ ਦਿੱਤਾ ਕਿ ਜਿਹੜਾ ਵੀ ਇਸ ਸ਼ਹਿਰ ਨੂੰ ਦੁਬਾਰਾ ਵਸਾਉਣ ਦੀ ਕੋਸ਼ਿਸ਼ ਕਰੇਗਾ ਉਸਨੂੰ ਰੱਬ ਦੀ ਮਾਰ ਪਵੇਗੀ।

ਇਸੇ ਸਾਲ ਏਥਨ ਦੇ ਨਾਲ ਲਗਦੇ ਸ਼ਹਿਰ ਕੋਰਿੰਥ ਨੂੰ ਰੋਮਨਾਂ ਦੇ ਅਜਿਹੇ ਹੀ ਜ਼ਾਲਮਾਨਾ ਝੱਲ ਦਾ ਸ਼ਿਕਾਰ ਹੋਣਾ ਪਿਆ। ਇਸ ਪਿੱਛੋਂ ਸਾਰੇ ਯੂਨਾਨੀਆਂ ਨੇ ਵੀ ਰੋਮਨਾਂ ਨੂੰ ਆਪਣਾ ਸਰਦਾਰ ਮੰਨ ਲਿਆ। ਮਕਦੂਨੀਆਂ ਨੂੰ ਤਾਂ ਸਿੱਧਾ ਹੀ ਰੋਮਨ ਸਾਮਰਾਜ ਦਾ ਇਕ ਸੂਬਾ ਬਣਾ ਲਿਆ ਗਿਆ। ਏਥਨ ਦੀ ਹੈਸੀਅਤ ਇਕ ਅਧੀਨ ਰਾਜ ਦੀ ਰਹਿ ਗਈ। ਏਥਨ ਦੀ ਸਿਆਸੀ ਆਜ਼ਾਦੀ ਅਤੇ ਫਲਸਫਾ ਦੋਵੇਂ ਖਤਮ ਹੋ ਗਏ।

ਯੂਨਾਨੀ ਫਲਸਫੇ ਨੂੰ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਆਰਕਮਿਡੀਜ਼ ਦੀ ਮੌਤ ਸੀ, ਜੋ ਕਿਸੇ ਬੇਪਛਾਣ ਰੋਮਨ ਸਿਪਾਹੀ ਦੇ ਹੱਥੋਂ ਹੋਈ। ਅਣਜਾਣੇ ਵਿਚ ਹੀ ਇਹ ਰੋਮਨ ਸਿਪਾਹੀ ਰੋਮਨਾਂ ਦੇ ਵਿਗਿਆਨ ਪ੍ਰਤੀ ਨਜ਼ਰੀਏ ਦਾ ਚਿੰਨ੍ਹ ਬਣ ਗਿਆ। ਰੋਮਨ ਤਿੰਨ ਚੀਜ਼ਾਂ ਨੂੰ ਹੀ ਤਾਂ ਨਫਰਤ ਕਰਦੇ ਸਨ-ਚੁੰਮਣਾਂ, ਔਰਤਾਂ ਦਾ ਗਹਿਣੇ ਪਹਿਨਣਾ ਅਤੇ ਯੂਨਾਨੀ ਫਲਸਫਾ।

ਯੂਨਾਨੀ ਫਲਸਫੇ ਤੋਂ ਰੋਮਨਾਂ ਨੂੰ ਖਾਸ ਚਿੜ੍ਹ ਸੀ। ਆਰਕਮਿਡੀਜ਼ ਨੇ ਵਿਗਿਆਨ ਵਿਚ ਬੜਾ ਮਹੱਤਵਪੂਰਨ ਕੰਮ ਕੀਤਾ ਸੀ ਅਤੇ ਉਸੇ ਦੀਆਂ ਖੋਜਾਂ ਸਦਕਾ ਸਾਇਰਾਕਿਊਸ ਨੇ ਰੋਮਨਾਂ ਨੂੰ ਕਈ ਦਿਨ ਸਮੁੰਦਰ ਵਿਚ ਹੀ ਡੱਕੀ ਰੱਖਿਆ।

# ਮਲਿਕਾ ਵਿਕਟੋਰੀਆ ਤੇ ਉਸਦਾ ਭਾਰਤੀ ਮੂਲ ਦਾ ਮੁਸਲਮਾਨ ਮੁਣਸ਼ੀ

**ਖੁਸ਼ਵੰਤ ਸਿੰਘ**

ਮਲਿਕਾ ਵਿਕਟੋਰੀਆ ਬੇਸ਼ੱਕ ਇਤਿਹਾਸ ਵਿਚ ਦਰਜ ਸ਼ਹਿਨਸ਼ਾਹਾਂ ਵਿਚੋਂ ਇਕ ਸੀ ਜਿਨ੍ਹਾਂ ਨੂੰ ਰੱਜਵਾਂ ਪਿਆਰ ਅਤੇ ਮਾਣ-ਸਨਮਾਨ ਮਿਲਿਆ। ਜਰਮਨੀ ਵਿਚ ਜਨਮੇ ਆਪਣੇ ਪਤੀ ਦੀ ਮੌਤ ਤੋਂ ਬਾਅਦ ਉਹਦੀ ਜ਼ਿੰਦਗੀ ਵਿਚ ਵੱਡੀ ਤਬਦੀਲੀ ਆਈ। ਉਹ ਬੇਹੱਦ ਵਫਾਦਾਰ ਪਤਨੀ ਸੀ ਅਤੇ ਉਹਨੇ ਕਈ ਬੱਚਿਆਂ ਨੂੰ ਜਨਮ ਦਿੱਤਾ। ਉਹ ਸੁਭਾਅ ਦੀ ਬੜੀ ਰੂੜੀਵਾਦੀ/ਸੰਜਮੀ ਸੀ। ਆਪਣੀ ਪਰਜਾ ਲਈ ਉਹ ਮਰਯਾਦਾ ਦੀ ਮਿਸਾਲ ਸੀ ਅਤੇ ਅੱਜ ਵੀ ਬੋਲਚਾਲ ਤੇ ਵਿਹਾਰ ਵਿਚ ਸੁਘੜਤਾ ਦੀ ਪਛਾਣ ਵਿਕਟੋਰੀਅਨ ਸ਼ਿਸ਼ਟਾਚਾਰ ਵਜੋਂ ਹੀ ਜਾਣੀ ਜਾਂਦੀ ਹੈ। ਪਤੀ ਦੀ ਮੌਤ ਤੋਂ ਬਾਅਦ ਉਹਨੇ ਵਿਧਵਾਵਾਂ ਵਾਲਾ ਕਾਲਾ ਲਿਬਾਸ ਪਹਿਨਿਆ। ਉਸਦੀਆਂ ਤਿੱਖੀਆਂ ਤੋਂ ਤਿੱਖੀਆਂ ਝਿੜਕਾਂ ਵਿਚ ਇਹ ਸ਼ਬਦ ਹੀ ਸ਼ਾਮਲ ਹੁੰਦੇ ਸਨ -ਅਸੀਂ ਖੁਸ਼ ਨਹੀਂ ਹਾਂ।

ਬਾਅਦ ਦੇ ਸਾਲਾਂ ਦੌਰਾਨ ਉਸ ਦੀ ਸ਼ਖ਼ਸੀਅਤ ਵਿਚ ਸਿਫ਼ਤੀ ਤਬਦੀਲੀ ਆਈ। ਉਹ ਇੰਗਲੈਂਡ ਦੇ ਕੁਲੀਨ ਤੰਤਰ ਅਤੇ ਉੱਚ ਵਰਗ ਦੇ ਸਖਤ ਵਿਹਾਰ ਤੋਂ ਅੱਕ ਗਈ ਜਾਪਦੀ ਸੀ ਜਿਸ ਵਿਚ ਦਰਬਾਰੀ ਅਤੇ ਨੌਕਰਾਣੀਆਂ ਰੱਖੇ ਜਾਂਦੇ ਸਨ। ਉਹਨੂੰ ਬਕਿੰਘਮ ਪੈਲੇਸ ਵਿਚ ਰਹਿਣਾ ਪਸੰਦ ਨਹੀਂ ਸੀ ਅਤੇ ਉਹ ਬਾਲਮੋਰਲਜ਼ਾਂ ਵਿੰਡਸਰ ਵਰਗੇ ਦੂਜੇ ਸ਼ਾਹੀ ਘਰਾਂ ਵਿਚ ਰਹਿਣ ਨੂੰ ਪਹਿਲ ਦਿੰਦੀ ਸੀ। ਕਾਮਿਆਂ ਦੀ ਜਮਾਤ ਵਿਚੋਂ ਆਏ ਸੇਵਾਦਾਰਾਂ ਨਾਲ ਵਧੇਰੇ ਸੌਖ ਮਹਿਸੂਸ ਕਰਦੀ ਸੀ। ਉਸਦੀ ਪਹਿਲੀ ਪਸੰਦ ਸਕਾਟਿਸ਼ ਬੱਘੀ ਰਥਵਾਨ ਜੌਹਨ ਬਰਾਊਨ ਸੀ। ਉਨ੍ਹਾਂ ਦੀ ਨੇੜਤਾ ਦੀਆਂ ਗੱਲਾਂ ਹਰ ਇਕ ਦੀ ਜ਼ੁਬਾਨ 'ਤੇ ਸਨ। ਜੌਹਨ ਬਰਾਊਨ ਦੀ ਮੌਤ ਨਾਲ ਉਸਦਾ ਦਿਲ ਟੁੱਟ ਗਿਆ। ਫਿਰ ਉਹਨੇ ਅੱਧੀ ਦਰਜਨ ਖ਼ਿਦਮਤਗਾਰ ਭਾਰਤ ਤੋਂ ਮੰਗਵਾਏ। ਇਹ ਸਾਰੇ ਆਗਰਾ ਦੇ ਸੋਹਣੇ-ਸੁਨੱਖੇ ਮੁਸਲਮਾਨ ਗੱਭਰੂ ਸਨ। ਇਨ੍ਹਾਂ ਵਿਚੋਂ ਇਕ ਹਾਫਿਜ਼ ਅਬਦੁੱਲ ਕਰੀਮ ਸੀ ਜਿਹੜਾ ਸਾਰਿਆਂ ਵਿਚੋਂ ਗਿਆਨਵਾਨ ਸੀ। ਇਨ੍ਹਾਂ ਨੇ ਮੁੱਖ ਖ਼ਾਨਸਾਮੇ ਕੋਲੋਂ ਭੋਜ ਮੌਕੇ ਸ਼ਾਹੀ ਮੇਜ਼ 'ਤੇ ਉਡੀਕ ਕਰਨ ਦਾ ਗੁਰ ਸਿੱਖਿਆ। ਉਹ ਜ਼ਰੀਦਾਰ ਪਗੜੀਆਂ, ਦਾੜ੍ਹੀਆਂ, ਸ਼ੇਰਵਾਨੀਆਂ ਤੇ ਚੂੜੀਦਾਰਾਂ ਨਾਲ ਵਾਹਵਾ ਸ਼ੋਖ ਲਗਦੇ ਸਨ। ਅਬਦੁੱਲ ਕਰੀਮ ਸਭ ਤੋਂ ਵਧ ਚੁਸਤ ਸੀ। ਇਕ ਸਾਲ ਵਿਚ ਹੀ ਉਹਨੇ ਫਰਾਟੇਦਾਰ ਅੰਗਰੇਜ਼ੀ ਬੋਲਣੀ ਸਿੱਖ ਲਈ ਅਤੇ ਉਹ ਮਲਿਕਾ ਨਾਲ ਗੱਲਬਾਤ ਕਰਨ ਦੇ ਯੋਗ ਹੋ ਗਿਆ।

ਮਲਿਕਾ ਨੇ ਉਸਨੂੰ ਖ਼ਾਨਸਾਮੇ ਤੋਂ ਤਰੱਕੀ ਦੇ ਕੇ ਮੁਣਸ਼ੀ ਬਣਾ ਦਿੱਤਾ। ਉਹ ਉਸਨੂੰ ਹਿੰਦੋਸਤਾਨੀ ਸਿਖਾਉਣ ਲੱਗਾ। ਮਲਕਾ ਨੇ ਉਹਨੂੰ ਤੇ ਉਹਦੇ ਟੱਬਰ ਨੂੰ ਪੈਲੇਸ ਦੇ ਇਕ ਪਾਸੇ ਵੱਡਾ ਘਰ ਦੇ ਦਿੱਤਾ। ਕਰੀਮ ਹਰ ਰੋਜ਼ ਮਲਿਕਾ ਨੂੰ ਬੋਲ ਕੇ, ਹਿੰਦੋਸਤਾਨੀ ਤੇ ਉਰਦੂ ਦਾ ਪਾਠ ਪੜ੍ਹਾਉਂਦਾ। ਛੇਤੀ ਹੀ ਮਲਿਕਾ ਆਪਣੇ ਭਾਰਤੀ ਪ੍ਰਾਹੁਣਿਆਂ ਨਾਲ ਉਨ੍ਹਾਂ ਦੀ ਬੋਲੀ ਵਿਚ ਗੱਲ ਕਰਨ ਲੱਗ ਪਈ।

ਮੁਣਸ਼ੀ ਅਬਦੁੱਲ ਕਰੀਮ ਦੀ ਅਚਾਨਕ ਇੰਨੀ ਵੱਡੀ ਛਾਲ ਦਾ ਗੋਰੇ ਸਾਹਿਬਾਂ ਨੇ ਤਿੱਖਾ ਵਿਰੋਧ ਕੀਤਾ। ਉਨ੍ਹਾਂ ਨੇ ਕਰੀਮ ਨੂੰ ਕਾਬੂ ਕਰਨ ਦੀ ਪੂਰੀ ਵਾਹ ਲਾਈ ਪਰ ਮਲਿਕਾ ਨੇ ਉਸਦਾ ਡਟ ਕੇ ਸਾਥ ਦਿੱਤਾ। ਮਲਿਕਾ ਨੇ ਹਰ ਰੀਤ ਨੂੰ ਦਰਕਿਨਾਰ ਕਰਕੇ ਕਰੀਮ ਨੂੰ ਸਰ ਦਾ



ਖਿਤਾਬ ਦੇਣ ਦੀ ਤਜਵੀਜ਼ ਰੱਖੀ। ਇਸ ਦਾ ਬਹੁਤ ਜ਼ਿਆਦਾ ਵਿਰੋਧ ਹੋਇਆ। ਆਖ਼ਰਕਾਰ ਮਲਿਕਾ ਨੂੰ ਆਪਣੀ ਤਜਵੀਜ਼ ਵਾਪਸ ਲੈਣੀ ਪਈ। ਉਂਜ ਉਸਨੇ ਕਰੀਮ ਨੂੰ ਨਵੇਂ ਮਾਣ ਆਰ. ਵੀ. ਓ. (ਰਾਇਲ ਵਿਕਟੋਰੀਅਨ ਆਰਡਰ) ਨਾਲ ਨਿਵਾਜਿਆ। ਨਾਲ ਹੀ ਕਰੀਮ ਦੇ ਵਾਲਿਦ ਨੂੰ ਖਾਨ ਬਹਾਦਰ ਦਾ ਖਿਤਾਬ ਦਿੱਤਾ ਜੋ ਉਸ ਵੇਲੇ ਆਗਰੇ ਦੀ ਜੇਲ੍ਹ ਵਾਲੇ ਹਸਪਤਾਲ ਵਿਚ ਹਕੀਮ ਸਨ।

ਗੋਰਿਆਂ ਦੀ ਨਸਲੀ ਹੋਛੇਪਣ ਦੀ ਕਹਾਣੀ ਇਕ ਮਿਸਾਲ ਤੋਂ ਹੀ ਜ਼ਾਹਿਰ ਹੋ ਜਾਂਦੀ ਹੈ। ਇਕ ਸਾਲ ਕਰੀਮ ਨੇ ਭਾਰਤ ਦੇ ਵਾਇਸਰਾਏ ਲਾਰਡ ਐਲਗਿਨ ਨੂੰ ਕ੍ਰਿਸਮਸ ਕਾਰਡ ਭੇਜਿਆ। ਧੰਨਵਾਦ ਕਰਨ ਦੀ ਬਜਾਏ ਐਲਗਿਨ ਨੇ ਕਰੀਮ ਨੂੰ ਦਬਕਿਆ ਕਿ ਇਕ ਛੋਟੇ ਜਿਹੇ ਮੁਣਸ਼ੀ ਨੇ ਉਸਨੂੰ ਵਧਾਈ ਕਾਰਡ ਭੇਜਣ ਦੀ ਗੁਸਤਾਖੀ ਕਿਵੇਂ ਕੀਤੀ? ਜਿਵੇਂ ਕਿ ਜ਼ਾਹਿਰ ਹੀ ਸੀ, ਕਰੀਮ ਅਲੀ ਦੇ ਚੰਗੇ ਦਿਨ ਮਲਿਕਾ ਦੀ ਮੌਤ ਦੇ ਨਾਲ ਹੀ ਖ਼ਤਮ ਹੋ ਗਏ। ਉਹਨੂੰ ਮਲਿਕਾ ਦੀ ਦੇਹ ਦੇ ਦਰਸ਼ਨਾਂ ਦੀ ਆਗਿਆ ਤਾਂ ਦੇ ਦਿੱਤੀ ਪਰ ਉਸਨੂੰ ਕੈਥਡਰਲ ਵਿਚ ਸਸਕਾਰ ਮੌਕੇ ਨਾ ਜਾਣ ਦਿੱਤਾ ਗਿਆ। ਉਸਨੂੰ ਗਿਰਜੇ ਦੀ ਗੈਲਰੀ ਤੋਂ ਹੀ ਮਲਿਕਾ ਨੂੰ ਆਖ਼ਰੀ ਅਲਵਿਦਾ ਕਹਿਣ ਦੀ ਆਗਿਆ ਮਿਲੀ।

ਪਰ ਇਸ ਤੋਂ ਵੀ ਮਾੜਾ ਤਾਂ ਅਜੇ ਹੋਣਾ ਸੀ। ਇਕ ਦਿਨ ਦੁਪਹਿਰ ਤੋਂ ਬਾਅਦ ਸਾਰਾ ਸ਼ਾਹੀ ਅਮਲਾ ਉਸਦੇ ਘਰ ਆ ਧਮਕਿਆ ਅਤੇ ਉਸਨੂੰ ਹੁਕਮ ਦਿੱਤਾ ਗਿਆ ਕਿ ਮਲਿਕਾ ਨਾਲ ਸਬੰਧਤ ਹਰ ਖਤ, ਹਰ ਕਾਗਜ਼ ਦਾ ਟੁਕੜਾ ਜਾਂ ਹੋਰ ਕੋਈ ਵਸਤ ਜੋ ਮਲਿਕਾ ਨਾਲ ਸਬੰਧਤ ਹੋਵੇ, ਸੌਂਪ ਦਿਤੀ ਜਾਵੇ। ਇਹ ਸਾਰੇ ਕਾਗਜ਼ ਲੈ ਕੇ ਪਾੜ ਦਿੱਤੇ ਗਏ ਅਤੇ ਜਲਾ ਦਿੱਤੇ ਗਏ। ਕਰੀਮ ਦੇ ਘਰ ਦਾ ਚੱਪਾ ਚੱਪਾ ਛਾਣਿਆ ਗਿਆ ਤਾਂ ਕਿ ਇਸ ਰਿਸ਼ਤੇ ਦਾ ਕੋਈ ਸਬੂਤ ਬਚਿਆ ਨਾ ਰਹਿ ਸਕੇ। ਟੁੱਟਿਆ-ਹੰਭਿਆ ਕਰੀਮ ਆਗਰੇ ਆ ਗਿਆ। 1846 ਵਿਚ ਉਸਦੀ ਮੌਤ ਹੋ ਗਈ ਅਤੇ ਉਸ ਨੂੰ ਉਸ ਦੇ ਵਾਲਿਦ ਅਤੇ ਬੇਗਮ ਦੇ ਨੇੜੇ ਕਬਰਸਤਾਨ ਵਿਚ ਦਫ਼ਨਾ ਦਿੱਤਾ ਗਿਆ।

ਸ਼ੁਬਨੀ ਬਾਸੂ ਨੇ 'ਵਿਕਟੋਰੀਆ ਐਂਡ ਅਬਦੁੱਲ-ਦ-ਟਰੂ ਸਟੋਰੀ ਆਫ ਦ ਕੁਈਨ'ਜ਼ ਕਲੋਜੈਸਟ ਕਾਨਫੀਡੈਂਟ' (ਰੂਪਾ) ਲਿਖਣ ਲਈ ਵਾਹਵਾ ਸਮੱਗਰੀ ਫਰੋਲੀ ਹੈ। ਇਹ ਕਿਤਾਬ ਪਾਠਕ ਨੂੰ ਮਗਨ ਕਰਨ ਵਾਲੀ ਹੈ। ਇਸ ਤੋਂ ਪਹਿਲਾਂ ਉਸਨੇ ਭਾਰਤੀ-ਅੰਗਰੇਜ਼ ਜਾਸੂਸ ਨੂਰ ਇਨਾਇਤ ਖਾਨ ਦੀ ਬੜੀ ਜਾਨਦਾਰ ਜੀਵਨੀ ਲਿਖੀ ਸੀ। ਨੂਰ ਨੂੰ ਨਾਜ਼ੀ ਗੈਸਟਾਪੋ ਨੇ ਮਾਰ ਮੁਕਾਇਆ ਸੀ। ਮਗਰੋਂ ਲਾਰਡ ਮੇਘਨਾਦ ਅਤੇ ਕਿਸ਼ਵਰ ਦੇਸਾਈ ਨੇ ਇਸ ਬਾਬਤ ਫਿਲਮ ਵੀ ਬਣਾਈ ਸੀ। ਕਿਤਾਬ ਵਿਚ ਇਕ ਛੋਟੀ ਜਿਹੀ ਗਲਤੀ ਹੈ ਜਿਸਨੂੰ ਠੀਕ ਕਰਨਾ ਬਣਦਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਛੋਟੇ ਪੁੱਤਰ ਦਲੀਪ ਸਿੰਘ ਦੀ ਗੱਲ ਕਰਦਿਆਂ ਲੇਖਕਾਂ ਨੇ ਲਿਖਿਆ ਹੈ ਕਿ ਅੰਗਰੇਜ਼ਾਂ ਵੱਲੋਂ ਰਣਜੀਤ ਸਿੰਘ ਨੂੰ ਹਰਾਉਣ ਤੋਂ ਬਾਅਦ ਦਲੀਪ ਨੂੰ ਇੰਗਲੈਂਡ ਲਿਆਂਦਾ ਗਿਆ। ਰਣਜੀਤ ਸਿੰਘ ਦੀ ਤਾਂ 'ਅੰਗਰੇਜ਼ਾਂ ਨਾਲ ਕਦੀ ਕੋਈ ਲੜਾਈ ਹੋਈ ਹੀ ਨਹੀਂ ਅਤੇ ਉਸ ਦੀ ਮੌਤ ਤੋਂ 10 ਸਾਲ ਬਾਅਦ ਸਿੱਖ ਰਾਜ ਅੰਗਰੇਜ਼ਾਂ ਨੇ ਹਥਿਆਇਆ ਸੀ।

# ਸ਼ਾਲਾ, ਪੰਜਾਬੀ ਦੇ ਹੱਕ 'ਚ ਬਾਂਹ ਖੜੀ ਕਰਨ ਵਾਲੇ ਕਲਾਵਾਨਾਂ ਦਾ ਕਾਫ਼ਲਾ ਹੋਰ ਵਡੇਰਾ ਹੋਵੇ

## ਸੰਗੀਤ ਦੀ ਦੁਨੀਆਂ

**ਸਵਰਨ ਸਿੰਘ ਟਹਿਣਾ***



ਸਵਰਨ ਸਿੰਘ ਟਹਿਣਾ

ਲੋਰੀਆਂ ਤੋਂ ਲੈ ਕੇ ਵੈਣਾਂ ਤੱਕ ਸਾਡਾ ਸਾਥ ਨਿਭਾਉਣ ਵਾਲੀ ਮਾਂ ਬੋਲੀ ਪੰਜਾਬੀ ਦਾ ਦੇਣ ਲੱਖ ਯਤਨਾਂ ਦੇ ਬਾਵਜੂਦ ਕੋਈ ਨਹੀਂ ਦੇ ਸਕਦਾ। ਸ਼ਹਿਦ ਗੜੁੱਚ ਇਸ ਬੋਲੀ ਦੇ ਇਕ-ਇਕ ਸ਼ਬਦ 'ਚੋਂ ਮਾਂ ਦੀ ਮਮਤਾ ਦਾ ਨਿੱਘ ਮਿਲਦਾ ਹੈ। ਇਕੱਲਾ-ਇਕੱਲਾ ਅੱਖਰ ਗੁਲਾਬ ਦੀਆਂ ਮਹਿਕਾਂ ਵੰਡਦਾ ਪ੍ਰਤੀਤ ਹੁੰਦੈ, ਜਿਸ ਨਾਲ ਰੂਹ ਸ਼ਰਸ਼ਾਰ ਹੋ ਜਾਂਦੀ ਹੈ। ਰੰਗ ਵਟਾਉਂਦੀ ਬੌਧਿਕਤਾ ਭਾਵੇਂ ਪੰਜਾਬੀ ਨਾਲੋਂ ਟੁੱਟ ਕੇ ਹੋਰਨਾਂ ਭਾਸ਼ਾਵਾਂ ਨਾਲ ਨਾਤਾ ਜੋੜਨ ਲਈ ਪ੍ਰੇਰਦੀ ਹੋਵੇ, ਪਰ ਹਾਲੇ ਵੀ ਉਨ੍ਹਾਂ ਪੰਜਾਬੀ ਪਿਆਰਿਆਂ ਦੀ ਵੀ ਘਾਟ ਨਹੀਂ ਜਿਹੜੇ ਮਾਖਿਓਂ ਮਿੱਠੀ ਪੰਜਾਬੀ ਅੱਗੇ ਹੋਰਨਾਂ ਜ਼ੁਬਾਨਾਂ ਦੀ ਮਿਠਾਸ ਨੂੰ ਕੁਸੈਲੀ ਸਮਝਦੇ ਹਨ। ਇਹ ਵੀ ਜ਼ਰੂਰੀ ਹੈ ਕਿ ਇਨਸਾਨ ਨੂੰ ਵੱਧ ਤੋਂ ਵੱਧ ਭਾਸ਼ਾਵਾਂ ਦਾ ਗਿਆਨ ਹੋਣਾ ਚਾਹੀਦੈ ਕਿਉਂਕਿ ਸਿੱਖਣ ਦੀ ਕੋਈ ਹੱਦ ਨਹੀਂ ਹੁੰਦੀ, ਪਰ ਆਪਣੀ ਮਾਂ ਬੋਲੀ ਨੂੰ ਭੁੱਲ ਕੇ ਪਰਾਈਆਂ ਲੜ ਲੱਗਣਾ ਬਿਲਕੁਲ ਇਵੇਂ ਹੈ ਜਿਵੇਂ ਮਾਂ ਨੂੰ ਘਰੋਂ ਕੱਢ ਹੋਰਨਾਂ ਕੋਲੋਂ ਮਮਤਾ ਦਾ ਨਿੱਘ ਲੱਭਣਾ।

ਕਿੰਨਾ ਦੁੱਖ ਹੁੰਦੈ ਜਦੋਂ ਪਤਾ ਲੱਗਦੈ ਕਿ ਫ਼ਲਾਣੇ ਪਿੰਡ, ਸ਼ਹਿਰ, ਕਸਬੇ ਵਿਚ ਖੁੱਲ੍ਹੇ ਅੰਗਰੇਜ਼ੀ ਮਾਧਿਅਮ ਸਕੂਲਾਂ 'ਚ ਪੰਜਾਬੀ ਬੋਲਣ ਵਾਲੇ ਬੱਚਿਆਂ ਨੂੰ ਸਜ਼ਾਵਾਂ ਦੇਣ ਦੇ ਨਾਲ-ਨਾਲ ਜੁਰਮਾਨੇ ਵੀ ਕੀਤੇ ਜਾਂਦੇ ਨੇ। ਥਾਂ-ਥਾਂ ਖੁੱਲ੍ਹੇ ਸਰਕਾਰੀ ਤੇ ਗ਼ੈਰ-ਸਰਕਾਰੀ ਦਫ਼ਤਰਾਂ ਦੇ ਬੋਰਡਾਂ ਨੂੰ ਅੰਗਰੇਜ਼ੀ ਵਿਚ ਦੇਖ ਕੇ ਮਨ 'ਚ ਹੌਲ ਜਿਹਾ ਪੈਂਦੈ। ਖ਼ਿਆਲ ਆਉਣ ਲੱਗਦੇ ਨੇ ਕਿਹੜੇ ਪੰਜਾਬ 'ਚ ਵਸ ਰਹੇ ਹਾਂ ਅਸੀਂ? ਸੋਚੀਦੈ ਕਿ ਜਿਹੜੀ ਜ਼ੁਬਾਨ 'ਚ ਗੁਰੂ ਸਾਹਿਬਾਨ ਨੇ ਬਾਣੀ ਰਚੀ, ਮਹਾਨ ਸਾਹਿਤਕਾਰਾਂ ਨੇ ਅਨਮੋਲ ਕਿਰਤਾਂ ਦਿੱਤੀਆਂ, ਉਸ ਨੂੰ ਅੱਖੋਂ ਪਰੋਖੇ ਕਰਨਾ ਕਿੱਧਰ ਦੀ ਸਿਆਣਪ ਹੈ। ਜਿਹੜੀ ਬੋਲੀ ਦੀ ਸਿਫ਼ਤ 'ਚ ਬਾਬੂ ਰਜਬ ਅਲੀ ਵਰਗੇ ਮਹਾਨ ਕਵੀਸ਼ਰ ਨੇ ਲਿਖਿਆ ਹੋਵੇ, ਉਸ ਨੂੰ ਭੁਲਾਉਣ ਦੀ ਗੁਸਤਾਖੀ ਕਿਉਂ ਕੀਤੀ ਜਾ ਰਹੀ ਏ। ਕਿੰਨਾ ਖੂਬ ਲਿਖਿਆ ਹੈ ਉਨ੍ਹਾਂ:

ਸਭ ਤੋਂ ਮਿੱਠੀ ਬੋਲੀ
ਪਿਆਰੇ ਵਤਨ ਪੰਜਾਬ ਦੀ,
ਮੁੱਖ 'ਚੋਂ ਲਪਟਾਂ ਮਾਰਨ
ਜੈਸੇ ਅਤਰ ਗੁਲਾਬ ਦੀ।
ਹੋਰ ਸਤਾਉਣ ਜ਼ੁਬਾਨਾਂ
ਅੱਖ 'ਚੋਂ ਜਲ ਭਰ ਡੋਲੀਦਾ,
ਕਰਦੇ ਨਾ ਹਮਦਰਦੋ
ਦਰਦ ਪੰਜਾਬੀ ਬੋਲੀ ਦਾ।

ਬਾਬੂ ਜੀ ਨੂੰ ਇਸ ਗੱਲ ਦਾ ਦੁੱਖ ਰਿਹਾ ਕਿ ਹੋਰ ਜ਼ੁਬਾਨਾਂ ਦਾ ਸਤਾਉਣਾ ਪੰਜਾਬੀਆਂ ਨੂੰ ਆਪਣੀ ਬੋਲੀ ਤੋਂ ਦੂਰ ਲਿਜਾ ਰਿਹਾ ਹੈ, ਪਰ ਅਸੀਂ ਉਨ੍ਹਾਂ ਦੀ ਸਿੱਖਿਆ ਦਾ ਕਿੰਨਾ ਕੁ ਪਾਲਣ ਕੀਤਾ? ਸਭ ਤੋਂ ਵੱਧ ਦੁੱਖ ਉਦੋਂ ਹੁੰਦਾ ਹੈ ਜਦੋਂ ਕਲਾਵਾਨ ਲੋਕ ਵਿਸ਼ਵ ਵਿਆਪੀ ਪਛਾਣ ਦੀ ਦੌੜ 'ਚ ਆਪਣੀ ਬੋਲੀ ਦੀ ਮਹਾਨਤਾ ਪਛਾਣਨ ਤੋਂ ਇਨਕਾਰੀ ਹੁੰਦੇ ਹਨ। ਸਿਰਫ਼ ਗੀਤ-ਸੰਗੀਤ ਦੀ ਗੱਲ ਕੀਤੀ ਜਾਵੇ ਤਾਂ ਸੱਠ ਫ਼ੀਸਦੀ ਕੈਸਿਟਾਂ ਦੇ ਸਿਰਲੇਖਾਂ ਤੋਂ ਕੈਸਿਟ ਦੇ ਰੈਪਰ ਤੱਕ ਅਤੇ ਅੱਗੋਂ ਗੀਤਾਂ ਦੇ ਬੋਲਾਂ ਵਿਚ ਅੰਗਰੇਜ਼ੀ ਦੀ ਘੁਸਪੈਠ ਲਾਜ਼ਮੀ ਮੰਨੀ ਜਾਣ ਲੱਗੀ ਹੈ। ਮੰਨਿਆ ਜਾਂਦਾ ਹੈ ਕਿ ਪੜ੍ਹੇ-ਲਿਖੇ ਤਬਕੇ ਨੂੰ ਅੰਗਰੇਜ਼ੀ ਹੀ ਸਮਝ ਆਉਂਦੀ ਹੈ। ਚਾਹੀਦਾ ਇਹ ਹੈ ਕਿ ਕਲਾਵਾਨ ਲੋਕ ਭੁੱਲਿਆਂ-ਭਟਕਿਆਂ ਨੂੰ ਆਪਣੀ ਕਲਾ ਜ਼ਰੀਏ ਘਰ ਪਰਤਣ ਲਈ ਮਜਬੂਰ ਕਰਨ, ਪਰ ਹੋ ਉਲਟ ਰਿਹਾ ਹੈ।



ਗੁਰਦਾਸ ਮਾਨ

ਸੰਗੀਤ ਕਿਉਂਕਿ ਕਰੋੜਾਂ ਲੋਕਾਂ ਦੇ ਮਨਾਂ 'ਤੇ ਇਕਦਮ ਅਸਰ ਕਰਦਾ ਹੈ, ਇਸ ਕਰਕੇ ਜਦੋਂ ਕਲਾਕਾਰ ਆਪਣੇ ਗੀਤਾਂ ਜ਼ਰੀਏ ਬੋਲੀ, ਸੱਭਿਆਚਾਰ ਦੀ ਮਹਾਨਤਾ ਪੇਸ਼ ਕਰਦੇ ਹਨ ਤਾਂ ਸੁਣਨ ਵਾਲਿਆਂ 'ਤੇ ਜਾਦੂਈ ਅਸਰ ਹੁੰਦਾ ਹੈ।

ਭਲਾ ਗੁਰਦਾਸ ਮਾਨ ਦੇ ਪੰਜਾਬੀ ਬੋਲੀ ਨੂੰ ਸਮਰਪਿਤ ਗੀਤ 'ਪੰਜਾਬੀਏ ਜ਼ੁਬਾਨੇ ਨੀਂ ਰਕਾਨੇ ਮੇਰੇ ਦੇਸ਼ ਦੀਏ' ਨੂੰ ਕੌਣ ਭੁਲਾ ਸਕਦਾ ਹੈ। ਕਿੰਨਾ ਵੱਡਾ ਸੁਨੇਹਾ ਦਿੱਤਾ ਗਿਆ ਇਸ ਗੀਤ ਜ਼ਰੀਏ। ਕਿਸ ਤਰ੍ਹਾਂ ਗਾਗਰ ਵਿਚ ਸਾਗਰ ਭਰਿਆ ਗਿਆ। ਕਿਸ ਕਦਰ ਜ਼ਮੀਰ ਨੂੰ ਹਲੂਣਾ ਦਿੰਦਾ ਹੈ ਇਹ ਗੀਤ।

ਹੰਸ ਰਾਜ ਹੰਸ ਹੁਰਾਂ ਵੀ ਜਿੰਨੀ ਸੰਜੀਦਗੀ ਨਾਲ ਆਪਣੇ ਗੀਤਾਂ ਜ਼ਰੀਏ ਪੰਜਾਬ ਤੇ ਪੰਜਾਬੀ ਬੋਲੀ ਪ੍ਰਤੀ ਅਪਣੱਤ ਪੇਸ਼ ਕੀਤੀ, ਉਸ ਨੂੰ ਲੰਮੇ ਸਮੇਂ ਤੱਕ ਚੇਤੇ 'ਚੋਂ ਵਿਸਾਰਿਆ ਨਹੀਂ ਜਾ ਸਕਦਾ। ਬੁੱਲ੍ਹੇ ਤੇ ਵਾਰਿਸ ਦੀ ਪੰਜਾਬੀ ਨੂੰ ਉਨ੍ਹਾਂ ਜਿਸ ਦਰਦ ਪਰੁੰਨੇ ਅੰਦਾਜ਼ ਵਿਚ ਗੀਤਾਂ ਜ਼ਰੀਏ ਪੇਸ਼ ਕੀਤਾ, ਉਹ ਕਮਾਲ ਹੈ। ਇਸ ਤੋਂ ਛੁੱਟ ਉਨ੍ਹਾਂ 'ਇਹ ਪੰਜਾਬ ਵੀ ਮੇਰਾ ਏ, ਉਹ ਪੰਜਾਬ ਵੀ ਮੇਰਾ ਏ' ਵਰਗਾ ਮਨ ਹਲੂਣਵਾਂ ਗੀਤ ਪੇਸ਼ ਕਰਕੇ ਕੰਡਿਆਲੀਆਂ ਤਾਰਾਂ ਦੇ ਚੁੱਕੇ ਜਾਣ ਅਤੇ ਲਹਿੰਦੇ-ਚੜ੍ਹਦੇ ਪੰਜਾਬ ਦੇ ਇੱਕ ਹੋ ਜਾਣ ਦੀ ਕਾਮਨਾ ਵੀ ਕੀਤੀ।



ਬਲਰਾਜ

ਪੰਜਾਬੀ ਸੱਭਿਆਚਾਰ ਤੇ ਪੰਜਾਬੀ ਜ਼ੁਬਾਨ ਨਾਲ ਮੋਹ ਦੀ ਪੀਡੀ ਸਾਂਝ ਰੱਖਣ ਵਾਲੇ ਵਾਰਿਸ ਭਰਾਵਾਂ ਨੇ 'ਪੰਜਾਬੀ ਵਿਰਸਾ' ਸਿਰਲੇਖ ਤਹਿਤ ਜਦੋਂ ਤੋਂ ਗਾਉਣਾ ਸ਼ੁਰੂ ਕੀਤਾ, ਉਦੋਂ ਤੋਂ ਉਨ੍ਹਾਂ ਦੇ ਹਰ 'ਲਾਈਵ' ਉਦਮ ਵਿਚ ਇੱਕ ਜਾਂ ਇਸ ਤੋਂ ਵੱਧ ਗੀਤ ਪੰਜਾਬੀ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਵਾਲੇ ਸੁਣਨ ਨੂੰ ਮਿਲਦੇ ਰਹਿੰਦੇ ਨੇ। ਇੱਕ ਪਾਸੇ ਜੇ ਮਨਮੋਹਨ ਵਾਰਿਸ ਨੇ ਜੇ 'ਬੱਚਿਆਂ ਨੂੰ ਦੱਸਿਓ ਪੰਜਾਬ ਕੀਹਨੂੰ ਕਹਿੰਦੇ ਨੇ' ਵਰਗਾ ਸ਼ਾਹਕਾਰ ਪੇਸ਼ ਕੀਤਾ, ਉਥੇ ਕਮਲ ਹੀਰ ਨੇ ਵਿਦੇਸ਼ੀ ਧਰਤੀ 'ਤੇ ਸ਼ੋਅ ਕਰਦਿਆਂ ਪੰਜਾਬੀਆਂ ਨੂੰ ਸੰਬੋਧਨ ਹੋ 'ਉਹ ਕਾਹਦਾ ਪੰਜਾਬੀ ਜੀਹਨੂੰ ਆਵੇ ਪੰਜਾਬੀ ਨਾ' ਗਾ ਕੇ ਸਮੂਹ ਪੰਜਾਬੀਆਂ ਨੂੰ ਆਪਣੀ ਬੁੱਕਲ ਵੱਲ ਝਾਕਣ ਲਈ ਪ੍ਰੇਰਿਆ ਹੈ।

ਨਵੇਂ ਪੋਚ ਦੇ ਕਲਾਕਾਰਾਂ ਵਿਚੋਂ ਬਲਰਾਜ ਨੇ ਆਪਣੇ ਤਾਜ਼ਾ ਤਰੀਨ ਹੀਲੇ 'ਬਲਰਾਜ ਲਾਈਵ' ਵਿਚ 'ਕਿਉਂ ਦੇਸੀ ਸਮਝਣ ਲੋਕ ਪੰਜਾਬੀ ਬੋਲਣ ਵਾਲੇ ਨੂੰ' ਗੀਤ ਜ਼ਰੀਏ ਜਿੱਥੇ ਪੰਜਾਬੀਆਂ ਦੀ ਸੋਚ 'ਤੇ ਕਈ ਸਵਾਲੀਆ ਨਿਸ਼ਾਨ ਲਗਾਏ, ਉਥੇ ਇਸ ਗੱਲ ਦੀ ਚਿੰਤਾ ਵੀ ਪ੍ਰਗਟ ਕੀਤੀ ਕਿ ਅੱਜ ਸਿਰਫ਼ ਉਸੇ ਨੂੰ ਪੜ੍ਹਿਆ ਲਿਖਿਆ ਸਮਝਿਆ ਜਾਂਦਾ ਹੈ, ਜਿਸ ਨੂੰ ਅੰਗਰੇਜ਼ੀ ਦਾ ਗਿਆਨ ਹੋਵੇ। ਪੰਜਾਬੀ ਨੂੰ ਗੰਵਾਰਾਂ ਦੀ ਭਾਸ਼ਾ ਸਮਝਣ ਦੀ ਗੁਸਤਾਖੀ ਕਰਨੀ ਬਿਲਕੁਲ ਇਵੇਂ ਹੈ ਜਿਵੇਂ ਦੂਜਿਆਂ ਵੱਲ ਦੇਖ ਕੇ ਆਪਣੇ ਘਰ ਨੂੰ ਢਾਹੁਣ ਦੀ ਕਮਅਕਲੀ ਕਰਨਾ।

ਪੰਜਾਬੀ ਕਲਾਕਾਰ ਵੱਲੋਂ ਮਾਂ ਬੋਲੀ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨਾ ਜਿੱਥੇ ਸੰਗੀਤ ਪ੍ਰੇਮੀਆਂ ਨੂੰ ਆਪਣੇ ਅੰਦਰ ਝਾਤ ਮਾਰਨ ਲਈ ਪ੍ਰੇਰਦਾ ਹੈ, ਉਥੇ ਉਨ੍ਹਾਂ ਬਾਕੀ ਕਲਾਕਾਰਾਂ ਨੂੰ ਵੀ ਆਪਣੇ ਫ਼ਰਜ਼ ਪਛਾਨਣ ਅਤੇ ਭਟਕਣ ਤਿਆਗ ਕੇ ਆਪਣੀ ਜ਼ੁਬਾਨ ਦੇ ਲੜ ਲੱਗਣ ਦਾ ਸੁਨੇਹਾ ਦਿੰਦਾ ਹੈ।

ਕਿੰਨਾ ਦੁੱਖ ਹੁੰਦਾ ਹੈ ਜਦੋਂ ਸੁਣਨ ਨੂੰ ਮਿਲਦਾ ਹੈ ਕਿ ਜੇ ਅੱਜ ਵਾਲਾ ਹਾਲ ਰਿਹਾ ਤਾਂ 2050 ਤੱਕ ਸਾਡੀ ਪੰਜਾਬੀ ਬੋਲੀ ਕੱਖੋਂ ਹੌਲੀ ਹੋ ਕੇ ਰਹਿ ਜਾਵੇਗੀ। ਪੰਜਾਬੀ ਨੂੰ ਮੋਹ ਕਰਨ ਵਾਲਾ ਵਿਰਲਾ-ਟਾਂਵਾਂ ਹੀ ਦਿਸੇਗਾ। ਜਿਵੇਂ ਹੁਣ ਤੱਕ ਅਸੀਂ ਅੰਗਰੇਜ਼ੀ ਸਿੱਖਣ ਲਈ ਟਿਊਸ਼ਨਾਂ ਦਾ ਸਹਾਰਾ ਲੈਂਦੇ ਰਹੇ ਹਾਂ, ਉਵੇਂ ਪੰਜਾਬੀ ਸਿੱਖਣ ਲਈ ਟਿਊਸ਼ਨਾਂ ਲਵਾਂਗੇ।

ਪੰਜਾਬ ਸਰਕਾਰ ਵੱਲੋਂ ਭਾਵੇਂ ਸਰਕਾਰੀ ਦਫ਼ਤਰਾਂ ਵਿਚ ਪੰਜਾਬੀ 'ਚ ਕੰਮ ਕਾਜ ਕਰਨ ਨੂੰ ਜ਼ਰੂਰੀ ਕਰਾਰ ਦਿੱਤਾ ਗਿਆ ਹੈ, ਪਰ ਲੋੜ ਤਾਂ ਸਾਨੂੰ ਸਭਨਾਂ ਨੂੰ ਆਪੋ ਆਪਣਾ ਫ਼ਰਜ਼ ਪਛਾਨਣ ਦੀ ਹੈ। ਲੋੜ ਇਸ ਗੱਲ ਦੀ ਹੈ ਕਿ ਸਾਨੂੰ ਪੰਜਾਬੀ ਹੋਣ 'ਤੇ ਫ਼ਖ਼ਰ ਹੋਵੇ, ਡੰਡੇ ਡਰੋਂ ਪੰਜਾਬੀ ਨੂੰ ਅਪਨਾਉਣ ਦੀ ਥਾਂ ਪੰਜਾਬੀ ਨੂੰ ਸਾਹਾਂ ਜਿੰਨੀ ਜ਼ਰੂਰੀ ਸਮਝੀਏ। ਜੇ ਅਸੀਂ ਇਸ ਦੇ ਸਰਵਣ ਪੁੱਤਰ ਨਹੀਂ ਬਣਾਂਗੇ ਤਾਂ ਹੋਰਨਾਂ ਮੁਲਕਾਂ 'ਚੋਂ ਆ ਕੇ ਕੌਣ ਇਸ ਦੀ ਹਿਫ਼ਾਜ਼ਤ ਕਰੇਗਾ?

ਖੁਸ਼ੀ ਹੁੰਦੀ ਹੈ ਜਦੋਂ ਹਰਭਜਨ ਮਾਨ, ਸਰਬਜੀਤ ਚੀਮਾ, ਮਲਕੀਤ ਸਿੰਘ ਗੋਲਡਨ ਸਟਾਰ, ਦੇਬੀ ਮਖਸੂਸਪੁਰੀ ਤੇ ਪੰਮੀ ਬਾਈ ਵਰਗੇ ਫ਼ਨਕਾਰਾਂ ਦੇ ਨਾਲ-ਨਾਲ ਸਤਿੰਦਰ ਸਰਤਾਜ ਵਰਗੇ ਅਸਲੋਂ ਨਵੇਂ ਕਲਾਕਾਰ 'ਪਾਣੀ ਪੰਜਾਂ ਦਰਿਆਵਾਂ ਵਾਲਾ ਨਹਿਰੀ ਹੋ ਗਿਆ' ਨਗ਼ਮੇ ਵਿਚ ਇਹ ਨੁਕਤਾ ਵੀ ਛੇੜਦੇ ਹਨ ਕਿ ਚਾਰ ਅੱਖਰਾਂ ਦਾ ਗਿਆਨ ਹੋਣ 'ਤੇ 'ਗੁਰਮੀਤ' ਵਰਗਿਆਂ ਦਾ ਨਾਂ 'ਗੈਰੀ' ਹੋ ਕੇ ਰਹਿ ਜਾਂਦਾ ਹੈ।

ਜੇ ਅਸੀਂ ਚੜ੍ਹਦੇ ਤੇ ਲਹਿੰਦੇ ਪੰਜਾਬ ਨੂੰ ਦੋ ਭਰਾ ਮੰਨਦੇ ਹਾਂ ਤਾਂ ਗੁਰਮੁਖੀ ਤੇ ਸ਼ਾਹਮੁਖੀ ਲਿੱਪੀ ਨੂੰ ਭੈਣਾਂ ਦਾ ਦਰਜਾ ਦੇਣਾ ਵੀ ਕੁਥਾਂ ਨਹੀਂ ਹੋਵੇਗਾ। ਖੁਸ਼ੀ ਉਦੋਂ ਹੁੰਦੀ ਹੈ ਜਦੋਂ ਪੰਜਾਬੀ ਦੇ ਹਮਦਰਦ ਬਾਂਹ ਉਚੀ ਕਰਕੇ ਆਖਦੇ ਹਨ ਕਿ ਪੰਜਾਬੀ ਜਜ਼ਬਾ ਸਾਡੇ ਖ਼ੂਨ ਵਿਚ ਦੌੜਦਾ ਹੈ ਤੇ ਕਾਲਜੇ ਦਾ ਰੁੱਗ ਉਸ ਵੇਲੇ ਭਰਿਆ ਜਾਂਦੈ ਜਦੋਂ ਵਲੈਤੋਂ ਆਏ ਪੰਜਾਬੀ ਕਲਾਕਾਰ ਜਾਂ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੀਆਂ ਕਲਾਵਾਨ ਹਸਤੀਆਂ ਕਹਿੰਦੀਆਂ ਨੇ, 'ਨਵੇਂ ਪੋਚ ਨੂੰ ਅੰਗਰੇਜ਼ੀ ਤੇ ਪੰਜਾਬੀ ਦੋਵਾਂ ਭਾਸ਼ਾਵਾਂ ਦੇ ਰਲੇਵੇਂ ਵਾਲੇ ਗੀਤ ਜ਼ਿਆਦਾ ਪਸੰਦ ਆ ਰਹੇ ਨੇ...ਸਿਰਫ਼ ਪੰਜਾਬੀ 'ਚ ਗਾਉਣਾ ਟਰੈਕਟਰਾਂ 'ਤੇ ਸੁਣਨ ਲਾਇਕ ਹੋ ਕੇ ਰਹਿ ਗਿਐ...।'

ਪੰਜਾਬੀ ਲਈ ਮਰ ਮਿਟਣ ਵਾਲਿਆਂ ਦੀ ਦਿਲੀ ਇੱਛਾ ਹੈ ਕਿ ਹਰ ਬੰਦਾ ਪੰਜਾਬੀ ਹੋਣ 'ਤੇ ਮਾਣ ਕਰੇ, ਪੰਜਾਬੀ ਦਾ ਵਿਸਥਾਰ ਹੋਵੇ, ਹੋਰਨਾਂ ਭਾਸ਼ਾਵਾਂ ਬਦਲੇ ਆਪਣੀ ਬੋਲੀ ਦੀ ਕੁਰਬਾਨੀ ਨਾ ਦਿੱਤੀ ਜਾਵੇ, ਬੱਚਿਆਂ ਨੂੰ ਪੰਜਾਬੀ ਨਾਲ ਜੁੜੇ ਰਹਿਣ ਦੀ ਪ੍ਰੇਰਣਾ ਦਿੱਤੀ ਜਾਵੇ। ਸਿਰਫ਼ 'ਮਾਂ ਬੋਲੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂੰ ਰੁਲ ਜਾਵੋਗੇ' ਦੇ ਫੋਕੇ ਨਾਅਰਿਆਂ ਨਾਲ ਸੁਧਾਰ ਹੋਣਾ ਮੁਮਕਿਨ ਨਹੀਂ। ਕਲਾਕਾਰਾਂ ਅੱਗੇ ਸਾਡੀ ਬੇਨਤੀ ਹੈ ਕਿ ਉਹ ਪੰਜਾਬੀਆਂ ਦੇ ਡੌਲਿਆਂ ਤੇ ਪੱਟਾਂ ਦੇ ਜ਼ੋਰ ਦੀ ਬਾਤ ਪਾਉਣ, ਇਨ੍ਹਾਂ ਦੇ ਪਟਿਆਲਾਸ਼ਾਹੀ ਪੈਗਾਂ ਦੀ ਸਿਫ਼ਤ ਕਰਨ, ਤੁਰਲੇਦਾਰ ਪੱਗਾਂ ਅਤੇ ਗ਼ਲਾਂ 'ਚ ਕੈਂਠੇ ਪਾਉਣ ਦੀ ਉਸਤਤ ਕਰਨ ਦੇ ਨਾਲ ਨਾਲ ਇਹੋ ਜਿਹੇ ਗੀਤ ਵੀ ਪੇਸ਼ ਕਰਨ, ਜਿਨ੍ਹਾਂ ਵਿਚ ਪੰਜਾਬੀ ਬੋਲੀ ਦੀ ਮਹਾਨਤਾ ਅਤੇ ਇਸ ਅੱਗੇ ਖੜੀਆਂ ਭਵਿੱਖੀ ਚੁਣੌਤੀਆਂ ਨੂੰ ਆਧਾਰ ਬਣਾਇਆ ਗਿਆ ਹੋਵੇ।



*ਕਮਲ ਹੀਰ ਤੇ ਮਨਮੋਹਨ ਵਾਰਿਸ*

***ਫੋਨ:91-98141-78883**

# ਦਿਲ ਬੇਕਦਰਾਂ ਨਾਲ ਲਾ ਕੇ ਕਦਰ ਗੁਆ ਬੈਠੇ...

**ਨਿੰਦਰ ਘੁਗਿਆਣਵੀ**

ਕੁਝ ਮਹੀਨੇ ਪਹਿਲਾਂ ਇੰਗਲੈਂਡ ਤੋਂ ਮੇਰਾ ਦੋਸਤ ਕੁਲਵਿੰਦਰ ਤੇ ਉਹਦੀ ਮਾਂ ਆਏ। ਕੁਲਵਿੰਦਰ ਰਣਜੀਤ ਕੌਰ ਦਾ ਡਾਹਢਾ ਫੈਨ ਹੈ। ਬਹੁਤ ਸਾਰੇ ਗਾਏ ਗੀਤ ਜ਼ੁਬਾਨੀ ਰਟੀ ਫਿਰਦਾ। ਜੰਮਪਲ ਭਾਵੇਂ ਓਧਰ ਦਾ ਪਰ ਪੰਜਾਬੀ ਸਭਿਆਚਾਰ ਤੇ ਕਲਾਵਾਂ ਬਾਰੇ ਏਧਰਲੇ ਜੰਮਿਆਂ ਨਾਲੋਂ ਵਧੇਰੇ ਡੂੰਘੀ ਸੂਝ ਰੱਖਦਾ। ਮਾਂ-ਪੁੱਤ ਨੇ ਰਣਜੀਤ ਕੌਰ ਨੂੰ ਮਿਲਣਾ ਸੀ, ਆਖਣ ਲੱਗੇ ਮੈਂ ਵੀ ਉਨ੍ਹਾਂ ਦੇ ਨਾਲ ਚੱਲਾਂ। ਇਸੇ ਸਬੱਬ ਮੈਂ ਉਸ ਲਈ ਕਿਤਾਬ ਵੀ ਚੁੱਕ ਲਈ।

ਜਦ ਅਸੀਂ ਉਸ ਦੇ ਘਰ ਪਹੁੰਚੇ ਤਾਂ ਘਰ ਵਿਚ ਇੱਟਾਂ-ਵੱਟੇ ਖਿੱਲਰੇ ਹੋਏ ਸਨ। ਮਿਸਤਰੀ ਕੰਮ ਕਰ ਰਹੇ ਸਨ। ਮੇਜ਼ ਕੁਰਸੀਆਂ 'ਕੱਠੇ ਕੀਤੇ ਪਏ ਸਨ। ਸਾਨੂੰ ਮਿਲੀ ਤਾਂ ਉਡ ਕੇ ਪਰ ਚਿਹਰੇ 'ਤੇ ਬਨਾਉਟੀ ਮੁਸਕਾਨ ਲਿਆਉਣ ਦੀ ਕੋਸ਼ਿਸ਼ ਕਰ ਰਹੀ ਸੀ। ਸਾਫ ਲਗਦਾ ਸੀ ਕਿ ਉਹ ਉਤਲੇ ਮਨੋਂ ਖੁਸ਼ੀ ਜ਼ਾਹਰ ਕਰ ਰਹੀ ਹੈ। ਬੋਲਦੀ ਕਿਤੇ ਸੀ, ਸੁਰਤੀ ਕਿਤੇ ਹੋਰ ਸੀ। ਗੱਲ ਗੱਲ 'ਤੇ ਆਖ ਰਹੀ ਸੀ, ''ਸੌਰੀ....ਮੈਂ... ਸੌਰੀ... ਆਹ ਮਿਸਤਰੀ ਲੱਗੇ ਹੋਏ ਆ ਨਾ... ਨਿੱਕਾ-ਨਿੱਕਾ ਕੰਮ ਹੋਰ-ਹੋਰ ਵੱਡਾ ਹੋਈ ਜਾ ਰਿਹੈ... ਖਿਲਾਰਾ ਪਿਆ ਹੋਇਆ ਹੈ...ਨਿੱਕ-ਸੁੱਕ ਜਿਆ ਅਹਿ ਦੇਖੋ...।'' ਜਦ ਮੈਂ ਉਸ ਨੂੰ ਪੰਜਾਬੀ ਯੂਨੀਵਰਸਿਟੀ ਵਾਲੀ ਕਿਤਾਬ ਦਿੱਤੀ ਤਾਂ ਉਹ ਆਪਣੀ ਛਪੀ ਫੋਟੋ ਤੇ ਜੀਵਨ ਵੇਰਵਾ ਦੇਖ ਕੇ ਪਲ ਭਰ ਲਈ ਖੁਸ਼ ਹੋਈ। ਫਿਰ ਨਿੱਕੀਆਂ-ਨਿੱਕੀਆਂ ਗੱਲਾਂ ਦੇ ਟੋਟੇ ''ਸਦੀਕ ਸਾਹਿਬ ਨਾਲ ਤਾਂ ਉਹ ਕੁੜੀ ਗਈ ਸੀ ਕੈਨੇਡਾ... ਲੋਕਾਂ ਨੇ ਮੈਨੂੰ ਵੀ ਦੇਖ ਕੇ ਰੌਲਾ ਪਾ ਲਿਆ ਸੀ ਇਕ ਗੀਤ ਜ਼ਰੂਰ ਰਣਜੀਤ ਕੌਰ ਨਾਲ ਗਾਵੇ...ਮਜ਼ਬੂਰੀਵਸ ਗਾਣਾ ਪਿਆ... ਜਦ ਅੰਦਰੋਂ ਦਿਲ ਈ ਨਾ ਮੰਨੇ... ਕਾਹਦਾ ਗਾਉਣਾ ਹੋਇਆ...ਹਾਂ ਵਾਹਿਗੁਰੂ ਨੇ ਕ੍ਰਿਪਾ ਕੀਤੀ...ਹੁਣ ਰਿਆਜ਼ ਕਰਦੀ ਆਂ...ਆਵਾਜ਼ ਠੀਕ...ਪ੍ਰੋਗਰਾਮ ਮਿਲਦੇ ਨੇ... ਆਹ ਨਿੱਕੂ ਕਹਿੰਦਾ ਸੀ ਦੀਦੀ ਐਤਕਾਂ ਮੇਰੇ ਨਾਲ ਚੱਲੋ ਬਾਹਰ ਸ਼ੋਆਂ 'ਤੇ... ਮਾਣਕ ਨੇ ਵੀ ਕਿਹਾ ਸੀ ਕਿ ਤੈਨੂੰ ਜ਼ਰੂਰ ਜਾਣਾ ਪੈਣਾ... ਪਰ ਮੈਂ ਹੁਣ ਐਲਬਮ ਦੀ ਤਿਆਰੀ ਕਰ ਰਹੀ ਹਾਂ। ਚਲੋ ਮਾੜਾ ਵਕਤ ਵੀ ਲੰਘ ਗਿਆ। ਰੋਣਾ ਨਾ ਪੈਂਦਾ ਤਾਂ ਆਵਾਜ਼ ਕਾਹਨੂੰ ਖਰਾਬ ਹੋਣੀ ਸੀ। ਮਾਂ ਤੇ ਭਰਾ ਜਦ ਐਕਸੀਡੈਂਟ ਵਿਚ...।



ਰਣਜੀਤ ਕੌਰ ਤੇ ਸਦੀਕ ਨੇ ਲਗਭਗ ਚਾਰ ਦਹਾਕਿਆਂ ਇਕੱਠੇ ਗਾਇਆ। ਉਹ ਦੱਸਦੀ ਹੈ ਕਿ ਰਣਜੀਤ ਕੌਰ ਨੇ ਐਚ. ਐਮ. ਵੀ. ਕੰਪਨੀ ਵਿਚ ਸਦੀਕ ਨੂੰ ਆਉਂਦੇ ਜਾਂਦੇ ਦੇਖਿਆ ਹੋਇਆ ਸੀ। ਸਦੀਕ ਨਾਲ ਉਨ੍ਹੀਂ ਦਿਨੀਂ ਰਾਜਿੰਦਰ ਰਾਜਨ ਗਾਉਂਦੀ ਹੁੰਦੀ ਸੀ। ਇਕ ਦਿਨ ਸਟੂਡੀਓ ਵਿਚੋਂ ਰਿਹਰਸਲ ਤੋਂ ਵਿਹਲੇ ਹੋ ਕੇ ਜਦ ਆਪੋ ਆਪਣੇ ਟਿਕਾਣਿਆਂ ਵਲ ਜਾਣ ਲਈ ਬੱਸ ਚੜ੍ਹੇ ਤਾਂ ਬੱਸ ਵਿਚ ਭੀੜ ਕਾਫੀ ਸੀ। ਸਦੀਕ ਸੀਟ 'ਤੇ ਬੈਠਾ ਹੋਇਆ ਸੀ, ਗਿਆਨੀ ਆਤਮਾ ਸਿੰਘ ਖਲੋਤੇ ਸਨ, ਸਦੀਕ ਨੇ ਸੀਟ ਛੱਡਦਿਆਂ ਕਿਹਾ, ''ਸਰਦਾਰ ਸਾਹਿਬ, ਤੁਹਾਡੀ ਲੜਕੀ ਵਿਚ ਗਾਉਣ ਦੀ ਕਲਾ ਹੈ...ਇਸ ਨੂੰ ਕਿਸੇ ਚੰਗੇ ਗਰੁੱਪ ਵਿਚ ਪਾ ਦਿਓ। ਕੁਝ ਦਿਨਾਂ ਬਾਅਦ ਹੀ ਗਿਆਨੀ ਆਤਮਾ ਸਿੰਘ ਨੇ ਸਦੀਕ ਨੂੰ ਘਰ ਆਉਣ ਲਈ ਕਿਹਾ, ''ਮੈਂ ਚਾਹੁੰਦਾ ਹਾਂ ਕਿ ਰਣਜੀਤ ਤੇਰੇ ਨਾਲ ਹੀ ਗਾਵੇ।'' ਸਦੀਕ ਨੇ ਹਾਮੀ ਭਰੀ। ਉਦੋਂ ਕੁ ਜਿਹੇ ਸਦੀਕ ਰਾਜਨ ਨਾਲੋਂ ਗਾਉਣੋਂ ਹਟਿਆ ਸੀ। ਸਦੀਕ ਤੇ ਰਣਜੀਤ ਕੌਰ ਦਾ ਪਹਿਲਾ ਦੋਗਾਣਾ ਬਾਬੂ ਸਿੰਘ ਮਾਨ ਮਰਾੜਾਂ ਵਾਲੇ ਦਾ ਲਿਖਿਆ ''ਆਪੇ ਭੌਰ ਨੇ ਥੱਪੀਆਂ ਰੋਟੀਆਂ, ਆਪੇ ਦਾਲ ਬਣਾਈ ਨੀਂ... ਢਲ ਗਏ ਪਰਛਾਵੇਂ, ਕਿਹੜਿਆਂ ਕੰਮਾਂ 'ਚੋਂ ਆਈ ਨੀ..'' ਰਿਕਾਰਡ ਹੋਇਆ। ਫਿਰ ਆਵਾਜ਼ ਚਲੀ ਗਈ ਤੇ ਤੇਤੀ ਸਾਲ ਦੀ ਉਮਰੇ ਭਰਾ ਚਲਾ ਗਿਆ। ਸਦੀਕ ਨੇ ਕਹਿ ਦਿੱਤਾ ਸੀ ਕਿ ਹੁਣ ਵੱਖ-ਵੱਖ ਹੀ ਠੀਕ ਰਹਾਂਗੇ..। ਉਹ ਅੱਖਾਂ ਭਰ ਆਈ। ਮੈਂ ਕਿਹਾ ਦੀਦੀ, ਥੋੜਾ ਗਾਇਆ ਉਹ ਦੋਗਾਣਾ ਮੈਨੂੰ ਵਾਰ-ਵਾਰ ਟੁੰਬਦਾ ਐ, ''ਦਿਲ ਬੇਕਦਰਾਂ ਨਾਲ ਲਾ ਕੇ ਕਦਰ ਗੁਆ ਬੈਠੇ...।'' ਮੇਰੇ ਵਲ ਉਹ ਹਸਰਤ ਭਰੀ ਨਜ਼ਰ ਨਾਲ ਵੇਖਣ ਲਗੀ।

## ਰੰਗ-ਬੇਰੰਗ

# ਘਰ ਤੋਂ ਹੋਸਟਲ

ਡਾ. ਗੁਰਨਾਮ ਕੌਰ

ਮੈਨੂੰ ਕਿਉਂਕਿ ਇਸ ਤੱਥ ਦਾ ਗਿਆਨ ਨਹੀਂ ਸੀ ਕਿ ਹੋਸਟਲ ਦਾ ਫਾਰਮ ਵੀ ਦਾਖਲਾ ਫਾਰਮ ਦੇ ਨਾਲ ਹੀ ਭਰੀਦਾ ਹੈ, ਇਸ ਲਈ ਮੈਨੂੰ ਹੋਸਟਲ ਸੀਟ ਦੋ-ਤਿੰਨ ਹਫ਼ਤੇ ਲੇਟ ਮਿਲੀ। ਉਂਜ ਤਾਂ ਮੈਨੂੰ ਡੌਰਮਿਟਰੀ (ਚਾਰ ਬੈਡ ਦਾ ਕਮਰਾ) ਮਿਲ ਜਾਣਾ ਸੀ ਪਰ ਲੇਟ ਹੋਣ ਕਰਕੇ ਗਿਆਰਵੀਂ ਅਤੇ ਬਾਰ੍ਹਵੀਂ ਦੀਆਂ ਲੇਟ ਹੋਣ ਵਾਲੀਆਂ ਲੜਕੀਆਂ ਨੂੰ ਮਿਲਾ ਕੇ ਟੇਬਲ-ਟੈਨਸ ਲਈ ਰਾਖਵਾਂ ਕਮਰਾ ਖਾਲੀ ਕਰ ਕੇ ਦਿੱਤਾ ਗਿਆ। ਇਸ ਕਮਰੇ ਵਿਚ ਛੇ ਲੜਕੀਆਂ ਸੀ। ਮੇਰੇ ਨਾਲ ਮਲਾਇਆ ਤੋਂ ਸੁਖਦੇਵ ਢਿੱਲੋਂ, ਗੁਜਰਾਂਵਾਲ ਦੀ ਸੁਖਜਿੰਦਰ ਗਰੇਵਾਲ, ਫਿਲੌਰ ਦੀ ਸਤਪਾਲ ਅਤੇ ਦੋ ਲੜਕੀਆਂ ਹੋਰ ਸਨ ਜਿਨ੍ਹਾਂ ਦੇ ਹੁਣ ਨਾਂ ਯਾਦ ਨਹੀਂ।



*ਡਾ. ਗੁਰਨਾਮ ਕੌਰ*

ਪਹਿਲੇ ਦਿਨ ਤਾਂ ਬੜਾ ਓਪਰਾ ਜਿਹਾ ਲੱਗਿਆ। ਛੱਤ ਵਾਲੇ ਛੇ ਪੱਖਿਆਂ ਦੀ ਇਕ ਕਮਰੇ ਵਿਚ ਗੂੰਝ ਅਤੇ ਛੇ ਕੁੜੀਆਂ ਦਾ ਰੌਲਾ ਤੋਬਾ! ਤੋਬਾ! ਦਿਨ ਤਾਂ ਕਾਲਜ ਜਾਂਦਿਆਂ ਆਉਂਦਿਆਂ ਲੰਘ ਜਾਂਦਾ ਪਰ ਰਾਤ ਨੂੰ ਨੀਂਦ ਆਉਣ ਦਾ ਨਾਂ ਨਾ ਲੈਂਦੀ। ਪਿੰਡ ਖੁਲ੍ਹੀ ਹਵਾ ਵਿਚ ਛੱਤਾਂ 'ਤੇ ਸੌਣ ਦੀ ਆਦਤ ਪਈ ਹੋਈ ਅਤੇ ਇਥੇ ਬੰਦ ਕਮਰੇ। ਉਂਜ ਵੀ ਕਿਥੇ ਹੋਸਟਲ ਦੀ ਰੁਟੀਨ ਅਤੇ ਕਿਥੇ ਪਿੰਡ ਦੀ ਜ਼ਿੰਦਗੀ? ਸਾਡੇ ਘਰ ਦਾ ਮਾਹੌਲ ਖਾਸ ਕਰਕੇ ਬਹੁਤ ਖੁਸ਼-ਗਵਾਰ ਅਤੇ ਆਪਸੀ ਪਿਆਰ ਵਾਲਾ ਸੀ। ਅਸੀਂ ਸਮਰਾਲੇ ਤੋਂ ਪੜ੍ਹ ਕੇ ਆਉਣਾ ਅਤੇ ਘਰਦਿਆਂ ਨੂੰ ਵਖਤ ਪਾ ਦੇਣਾ। ਜੇ ਰੋਟੀ ਕੁਝ ਸਮਾਂ ਪਹਿਲਾਂ ਦੀ ਬਣੀ ਹੋਣੀ ਤਾਂ ਕਹਿਣਾ ਠੰਢੀ ਹੋ ਗਈ ਹੈ। ਜੇ ਘਰਦਿਆਂ ਨੇ ਉਡੀਕ ਕਰਕੇ ਆਇਆਂ ਤੋਂ ਲਾਹੁਣੀ ਤਾਂ ਕਹਿਣਾ ਪਹਿਲਾਂ ਕਿਉਂ ਨਹੀਂ ਬਣਾਈ, ਸਾਨੂੰ ਤਾਂ ਭੁੱਖ ਬਹੁਤ ਲੱਗੀ ਹੈ।

ਸਵੇਰੇ ਸਕੂਲ ਜਾਣ ਤੋਂ ਪਹਿਲਾਂ ਇਕੱਠਿਆਂ ਨੇ ਨਾਸ਼ਤਾ ਕਰਨ ਬੈਠਣਾ ਤਾਂ ਮੇਰੇ ਭਤੀਜੇ ਹਰਦੇਵ ਨੇ ਆਪ ਤਾਂ ਆਰਾਮ ਨਾਲ ਨਾਸ਼ਤਾ ਕਰਨਾ। ਪਰ ਕੋਈ ਨਾ ਕੋਈ ਹੱਸਣ ਵਾਲੀ ਅਜਿਹੀ ਗੱਲ ਛੱਡਣੀ ਕਿ ਹੱਸ ਹੱਸ ਅੱਖਾਂ ਵਿਚ ਪਾਣੀ ਆ ਜਾਣਾ ਅਤੇ ਸੰਘੋਂ ਬੁਰਕੀ ਲੰਘਣੀ ਔਖੀ ਹੋ ਜਾਣੀ। ਰਾਤ ਵੇਲੇ ਅਸੀਂ ਸਾਰਾ ਪਰਿਵਾਰ ਇਕੱਠੇ ਬੈਠ ਕੇ ਰੋਟੀ ਖਾਂਦੇ। ਮੇਰੀ ਮਾਂ ਅਤੇ ਇਕ ਭਾਬੀ ਨੇ ਰੋਟੀ ਪਕਾਉਣ ਲੱਗ ਜਾਣਾ ਅਤੇ ਇਕ ਭਾਬੀ ਨੇ ਵਰਤਾਉਣ। ਨਾਲੇ ਗਰਮ ਗਰਮ ਰੋਟੀ ਖਾਣੀ ਅਤੇ ਨਾਲੇ ਸਾਰੇ ਜੀਆਂ ਨੇ ਆਪਣੀਆਂ ਆਪਣੀਆਂ ਦਿਨ ਭਰ ਦੀਆਂ ਇਕੱਠੀਆਂ ਹੋਈਆਂ ਗੱਲਾਂ ਸਾਂਝੀਆਂ ਕਰਨੀਆਂ ਅਤੇ ਹੱਸਣਾ। ਇਸ ਮਾਹੌਲ ਕਰਕੇ ਹੀ ਸਾਡੇ ਘਰ ਦੇ ਲੜਕੇ ਬਾਹਰ ਮੰਡਲੀਆਂ ਵਿਚ ਨਹੀਂ ਸੀ ਬੈਠਦੇ ਅਤੇ ਨਾ ਹੀ ਕੋਈ ਮਾੜੀ ਸੰਗਤ ਵਿਚ ਪਿਆ। ਬੱਸ ਮੇਰਾ ਇਕ ਭਤੀਜਾ ਹੀ ਮੇਰੇ ਤਾਏ ਦੇ ਪੋਤਿਆਂ ਦੀ ਸੰਗਤ ਕਰਨ ਲੱਗ ਪਿਆ ਅਤੇ ਪੜ੍ਹਾਈ ਛੱਡ ਕੇ ਆਈ.ਟੀ.ਆਈ. ਵਿਚ ਡਰਾਈਵਿੰਗ ਸਿੱਖਣ ਲੱਗ ਪਿਆ। ਛੋਟੀ ਉਮਰ ਵਿਚ ਹੀ ਕਲਕੱਤੇ ਚਲਾ ਗਿਆ ਅਤੇ ਉਥੇ ਜੋਗਾ ਹੀ ਹੋ ਗਿਆ। ਕਦੀ ਦੋ ਚਾਰ ਸਾਲ ਬਾਅਦ ਆਉਂਦਾ ਅਤੇ ਬਸ ਏਦਾਂ ਹੀ ਬਾਹਰ ਦੀ ਬਾਹਰ ਹੀ ਤੁਰ ਗਿਆ। ਮੇਰੀ ਮਾਂ ਨੇ ਸਭ ਨੂੰ ਕਿਹਾ ਹੋਇਆ ਸੀ ਕਿ ਬਾਹਰ ਜੋ ਵੀ ਕੋਈ ਤੁਹਾਨੂੰ ਕੁਝ ਕਹਿੰਦਾ ਹੈ ਜਾਂ ਦਸਦਾ ਹੈ, ਘਰ ਆ ਕੇ ਸਾਂਝਾ ਕਰੋ। ਪਿੰਡਾਂ ਵਿਚ ਸ਼ਰੀਕੇਬਾਜ਼ੀ ਕਈ ਕੁਝ ਰੰਗ ਦਿਖਾਉਂਦੀ ਹੈ। ਘਰ ਦਾ ਕੋਈ ਜੀਅ ਵੀ ਕਿਸੇ ਤੋਂ ਕੁਝ ਲੁਕਾਉਂਦਾ ਨਹੀਂ ਸੀ। ਇਸੇ ਕਰਕੇ ਗਲਤਫਹਿਮੀਆਂ ਦੀ ਗੁੰਜਾਇਸ਼ ਬਹੁਤ ਘੱਟ ਸੀ ਅਤੇ ਟੱਬਰ ਦੇ ਕਿਸੇ ਜੀਅ ਨੂੰ ਵੀ ਚੁਗਲੀਆਂ ਕਰਨ ਜਾਂ ਸੁਣਨ ਦੀ ਆਦਤ ਨਹੀਂ ਸੀ ਪਈ। ਸਾਨੂੰ ਸਭ ਨੂੰ ਖੇਤਾਂ ਨਾਲ ਬਹੁਤ ਮੋਹ ਸੀ। ਇਸ ਕਰਕੇ ਅਸੀਂ ਸ਼ਾਮ ਨੂੰ ਇਕੱਠੇ ਹੋ ਕੇ ਇਕ ਵਾਰ ਆਪਣੀ ਮੋਟਰ ਤੇ ਜ਼ਰੂਰ ਗੇੜਾ ਮਾਰਨ ਜਾਂਦੇ ਸੀ। ਮੱਕਈ ਦੇ ਮੌਸਮ ਵਿਚ ਮੋਟਰ ਤੇ ਛੱਲੀਆਂ ਭੁੰਨ ਕੇ ਖਾਣੀਆਂ, ਸਿਆਲ ਵਿਚ ਗੰਨੇ ਚੂਪਣੇ ਅਤੇ ਘੁਲਾੜੀ ਤੇ ਗਰਮ ਗਰਮ ਗੁੜ ਖਾਣਾ ਬਹੁਤ ਚੰਗਾ ਲਗਦਾ ਸੀ। ਫੱਗਣ ਦੇ ਮਹੀਨੇ ਬਰਸੀਮ ਅਤੇ ਲੂਸਣ ਦੇ ਖੇਤ ਦੀਆਂ ਵੱਟਾਂ 'ਤੇ ਫਿਰਦਿਆਂ ਖੇਤਾਂ ਵਿਚੋਂ ਆਉਂਦੀ ਸੁਗੰਧੀ ਦਾ ਆਪਣੀ ਹੀ ਜਲੌਅ ਸੀ।

ਪਿੰਡ ਦੇ ਅਜਿਹੇ ਗੈਰ-ਰਸਮੀ ਮਾਹੌਲ ਵਿਚੋਂ ਨਿਕਲ ਕੇ ਹੋਸਟਲ ਦੇ ਪੂਰੇ ਰਸਮੀ ਮਾਹੌਲ ਵਿਚ ਜਾਣਾ ਪਹਿਲਾਂ-ਪਹਿਲ ਕਾਫੀ ਭੈ-ਭੀਤ ਕਰਦਾ ਸੀ। ਹੋਸਟਲ ਵਿਚ ਪਿੰਡਾਂ ਦੀਆਂ ਕੁੜੀਆਂ ਬਹੁਤ ਘੱਟ ਸਨ। ਪੇਂਡੂ ਪਿਛੋਕੜ ਵਾਲੀਆਂ ਬਹੁਤੀਆਂ ਕੁੜੀਆਂ ਉਹ ਹੀ ਸਨ ਜਿਨ੍ਹਾਂ ਦੇ ਪਿਤਾ ਫੌਜ, ਏਅਰ ਫੋਰਸ, ਨੇਵੀ, ਪੁਲਿਸ ਜਾਂ ਕਿਸੇ ਹੋਰ ਮਹਿਕਮੇ ਵਿਚ ਅਫਸਰ ਸਨ। ਹੋਸਟਲ ਵਿਚ ਹਰ ਕਲਾਸ ਦੀਆਂ ਲੜਕੀਆਂ ਨਾਲ ਨਾਲ ਕਮਰਿਆਂ ਵਿਚ ਰਹਿੰਦੀਆਂ ਸਨ, ਇਸ ਕਰਕੇ ਸੀਨੀਅਰ ਕਲਾਸਾਂ ਖਾਸ ਕਰਕੇ ਬੀ.ਏ. ਸੈਕਿੰਡ ਅਤੇ ਬੀ.ਏ. ਫਾਈਨਲ ਦੀਆਂ ਵੱਡੀਆਂ ਵੱਡੀਆਂ ਕੁੜੀਆਂ ਤੋਂ ਬਹੁਤ ਭਾਕਾ ਆਉਂਦਾ ਸੀ। ਕਮਰਿਆਂ ਦਾ ਪ੍ਰਬੰਧ ਇਸ ਕਿਸਮ ਦਾ ਸੀ ਕਿ ਇਕ ਡੌਰਮਿਟਰੀ ਦੇ ਨਾਲ ਦੋ ਕਿਊਬੀਕਲ ਬਣੇ ਹੁੰਦੇ ਸੀ। ਕਿਊਬੀਕਲ ਵਿਚ ਬੀ.ਏ. ਫਾਈਨਲ ਦੀਆਂ ਲੜਕੀਆਂ ਹੁੰਦੀਆਂ ਸਨ। ਇਨ੍ਹਾਂ ਦੇ ਨਾਲ ਗੁਸਲਖਾਨਾ ਅਤੇ ਟਾਇਲਟਾਂ ਬਣੀਆਂ ਹੋਈਆਂ ਸਨ। ਸਾਡਾ ਕਮਰਾ ਕਿਉਂਕਿ ਰਿਹਾਇਸ਼ੀ ਕਮਰਾ ਨਹੀਂ ਸੀ ਇਸ ਲਈ ਸਾਨੂੰ ਨਾਲ ਦੇ ਕਮਰਿਆਂ ਦੇ ਗੁਸਲਖਾਨੇ ਵਰਤਣੇ ਪੈਂਦੇ। ਜਿੱਥੇ ਭੀੜ ਹੋਵੇਗੀ ਉਥੇ ਥੋੜ੍ਹਾ ਬਹੁਤਾ ਗੰਦ ਤਾਂ ਪਵੇਗਾ ਹੀ। ਨਾਲ ਦੀ ਡੌਰਮਿਟਰੀ ਵਿਚ ਬੀ.ਏ. ਸੈਕਿੰਡ ਈਅਰ ਦੀ ਸੁਖਵੰਤ ਦਿਉਲ ਸੀ ਜਿਸ ਦੀ ਛੋਟੀ ਭੈਣ ਮਿਲਵੰਤ ਸਾਡੀ ਜਮਾਤਣ ਸੀ। ਸੁਖਵੰਤ ਵਾਲੀਬਾਲ ਦੀ ਖਿਡਾਰਨ ਸੀ। ਜੇ ਗੁਸਲਖਾਨਾ ਥੋੜਾ ਜਿਹਾ ਵੀ ਗੰਦਾ ਹੋਣਾ (ਗੌਰਮਿੰਟ ਕਾਲਜ ਦਾ ਹੋਸਟਲ ਬਹੁਤ ਸਾਫ-ਸੁਥਰਾ ਸੀ) ਤਾਂ ਸੁਖਵੰਤ ਨੇ ਸਾਡੇ ਕਮਰੇ ਤੇ ਫੂੰ ਫੂੰ ਕਰਦੀ ਨੇ ਚੜ੍ਹ ਆਉਣਾ। ਸਾਡੇ ਵਿਚੋਂ ਜੇ ਕਿਸੇ ਨੇ ਗੁਸਲਖਾਨੇ ਵਲ ਜਾਣਾ ਤਾਂ ਉਸ ਨੇ ਬੜੀਆਂ ਅੱਖਾਂ ਕੱਢਣੀਆਂ। ਛੋਟੀ ਮਿਲਵੰਤ ਬਹੁਤ ਹੀ ਮਿੱਠੇ ਸੁਭਾਅ ਦੀ ਅਤੇ ਮਿਲਣਸਾਰ ਸੀ, ਬਿਲਕੁਲ ਵੱਡੀ ਤੋਂ ਉਲਟ। ਮੇਰਾ ਬੜਾ ਜੀਅ ਕਰਨਾ ਕਿ ਸੁਖਵੰਤ ਦਿਉਲ ਨੂੰ ਮੈਂ ਗੁਰਬਖਸ਼ ਸਿੰਘ ਪ੍ਰੀਤਲੜੀ ਦੀਆਂ ਲਿਖਤਾਂ ਪੜ੍ਹਾਵਾਂ ਜਿਨ੍ਹਾਂ ਨੂੰ ਪੜ੍ਹ ਕੇ ਉਹ ਦੂਸਰਿਆਂ ਪ੍ਰਤੀ ਆਪਣਾ ਵਤੀਰਾ ਬਦਲੇ। ਇਕ ਗੱਲ ਦਾ ਫਾਇਦਾ ਹੋਇਆ ਕਿ ਲੇਟ ਸੀਟ ਮਿਲਣ ਕਰਕੇ ਇਸ ਤਰ੍ਹਾਂ ਦੀਆਂ ਵੱਡੀਆਂ ਤੋਂ ਰੈਗਿੰਗ ਕਰਾਉਣ ਤੋਂ ਬਚਾਅ ਹੋ ਗਿਆ। ਬੀ.ਏ. ਫਸਟ ਈਅਰ ਵਿਚ ਸਾਡੇ ਨਾਲ ਇਕ ਲੜਕੀ ਕੁਲਵੰਤ ਛੀਨਾ ਸਕੂਲ ਤੋਂ ਹਾਇਰ ਸੈਕੰਡਰੀ ਕਰਕੇ ਦਾਖਲ ਹੋਈ ਤੇ ਹੋਸਟਲ ਵਿਚ ਆਈ। ਰਾਤ ਨੂੰ ਸੁੱਤੀ ਪਈ ਦੇ ਸੀਨੀਅਰ ਕੁੜੀਆਂ ਨੇ ਮੂੰਹ ਤੇ ਬੂਟ-ਪਾਲਿਸ਼ ਲਾ ਦਿੱਤੀ। ਵਿਚਾਰੀ ਦੇ ਸਾਰੇ ਚਿਹਰੇ ਤੇ ਰੈਸ਼ ਹੋ ਗਈ ਅਤੇ ਚਿਹਰਾ ਸੁੱਜ ਗਿਆ।

ਹੋਸਟਲ ਦਾ ਨਾਸ਼ਤਾ ਸਵੇਰੇ ਅੱਠ ਵਜੇ ਸ਼ੁਰੂ ਹੁੰਦਾ ਸੀ। ਸਵੇਰੇ ਸਵੇਰੇ ਫਟਾ ਫਟ ਨਹਾ-ਧੋ ਕੇ ਨੀਚੇ ਉਤਰਨਾ ਅਤੇ ਡਾਇਨਿੰਗ ਹਾਲ ਵਿਚ ਨਾਸ਼ਤਾ ਕਰਕੇ ਫਿਰ ਉਪਰਲੀ ਮੰਜ਼ਲ ਤੋਂ ਕਿਤਾਬਾਂ ਚੁੱਕਣੀਆਂ ਅਤੇ ਕਲਾਸ ਵਲ ਦੌੜਨਾ। ਦੁਪਹਿਰੇ ਖਾਣਾ ਇਕ ਵਜੇ ਲਗਦਾ ਸੀ। ਕਈ ਵਾਰ ਭੁੱਖ ਲੱਗੀ ਹੋਣੀ ਤੇ ਲੰਚ ਕਰਨ ਆਉਣਾ ਅੱਗੋਂ ਥਾਲੀਆਂ ਚੁੱਕੀ ਲੜਕੀਆਂ ਦੀ ਲੰਬੀ ਕਤਾਰ ਲੱਗੀ ਹੋਣੀ। ਫਿਰ ਖੂਬ ਯਾਦ ਆਉਣਾ ਕਿ ਘਰ ਰੋਟੀ ਲਈ ਘਰਦਿਆਂ ਤੇ ਕਿਵੇਂ ਰੋਅਬ ਪਾਈਦਾ ਸੀ। ਸ਼ਾਮ ਦੀ ਚਾਹ ਚਾਰ ਵਜੇ ਵਰਤਦੀ ਸੀ। ਕੁੜੀਆਂ ਆਪਣੇ ਕੱਚ ਦੇ ਗਿਲਾਸਾਂ ਵਿਚ ਚਾਹ ਪੁਆ ਕੇ ਹੋਸਟਲ ਦੇ ਘਾਹ ਦੇ ਮੈਦਾਨ ਦੇ ਚਾਰ-ਚੁਫੇਰੇ ਬਣੀਆਂ ਵਰਾਂਡੇ ਦੀਆਂ ਪਉੜੀਆਂ ਤੇ ਆਪਣੇ ਆਪਣੇ ਗਰੁੱਪ ਬਣਾ ਕੇ ਬੈਠੀਆਂ ਚਾਹ ਪੀਂਦੀਆਂ। ਇਥੋਂ ਹੀ ਕਈ ਵਾਰ ਕਾਲਜ ਦੀ ਸੈਰ ਕਰਨ ਨਿਕਲ ਜਾਣਾ ਜਾਂ ਫਿਰ ਇਥੇ ਬਣੇ ਬੈਡਮਿੰਟਨ ਦੇ ਕੋਰਟ ਵਿਚ ਕੁੜੀਆਂ ਨੂੰ ਪ੍ਰੈਕਟਿਸ ਕਰਦਿਆਂ ਦੇਖਦੇ ਰਹਿਣਾ। ਰਾਤ ਦੇ ਖਾਣੇ ਤੋਂ ਪਹਿਲਾਂ ਸ਼ਾਮ ਨੂੰ ਸੱਤ ਵਜੇ ਸਾਰੀਆਂ ਲੜਕੀਆਂ ਦੀ ਹਾਜ਼ਰੀ ਲਗਦੀ। ਹੋਸਟਲ ਵਾਰਡਨ ਮਿਸ ਰੰਧਾਵਾ (ਸ਼ਾਦੀ ਤੋਂ ਬਾਅਦ ਬਣੀ ਮਿਸਜ਼ ਗਰੇਵਾਲ) ਤੋਂ ਬਿਨਾਂ ਮਿਸ ਬੁੱਧੀ ਰਾਜਾ, ਮਿਸ ਮਾਇਰ, ਮਿਸ ਮਦਾਨ ਅਤੇ ਇਕ-ਦੋ ਹੋਰ ਲੈਕਚਰਾਰ ਹੋਸਟਲ ਵਿਚ ਰਹਿੰਦੀਆਂ ਸਨ। ਸ਼ਾਮ ਦੀ ਹਾਜ਼ਰੀ ਅਤੇ ਪ੍ਰਾਰਥਨਾ ਲਈ ਇਨ੍ਹਾਂ ਵਿਚੋਂ ਵਾਰੀ ਤੇ ਕਿਸੇ ਇਕ ਦੀ ਡਿਊਟੀ ਲਗਦੀ ਸੀ। ਸਾਰੀਆਂ ਲੜਕੀਆਂ ਬੈਲ ਹੋਣ ਤੇ ਆਪੋ ਆਪਣੇ ਕਮਰੇ ਦੀਆਂ ਬੱਤੀਆਂ ਅਤੇ ਪੱਖੇ ਬੰਦ ਕਰਕੇ ਕਾਮਨ-ਰੂਮ ਵਿਚ ਪਹੁੰਚਦੀਆਂ ਜਿਥੇ ਸਾਰੇ ਕਮਰੇ ਵਿਚ ਦਰੀ-ਨੁਮਾ ਵੱਡੇ ਵੱਡੇ ਫਰਸ਼ ਵਿਛੇ ਹੁੰਦੇ ਸੀ, ਜਿਨ੍ਹਾਂ ਤੇ ਲੜਕੀਆਂ ਬੈਠਦੀਆਂ। ਇਥੇ ਹੀ ਹੋਸਟਲ ਨਾਲ ਸੰਬੰਧਤ ਕੋਈ ਨਾ ਕੋਈ ਨਵੀਂ ਸੂਚਨਾ ਦਿੱਤੀ ਜਾਂਦੀ। ਮਿਸ ਬੁੱਧੀਰਾਜਾ, ਜੋ ਕਿ ਉਮਰ ਅਤੇ ਅਹੁਦੇ ਤੋਂ ਸੀਨੀਅਰ ਲੈਕਚਰਰ ਸੀ, ਦੀ ਡਿਊਟੀ ਵਾਲੇ ਦਿਨ ਕੁੜੀਆਂ ਨੂੰ ਭਾਜੜ ਪੈ ਜਾਂਦੀ। ਉਸ ਦੀ ਜ਼ੋਰਦਾਰ ਆਵਾਜ਼ ਹੋਸਟਲ ਦੇ ਵਰਾਂਡਿਆਂ ਵਿਚ ਗੂੰਜਦੀ, ''ਗਰਲਜ਼! ਹਰੀ ਆਪ, ਪੁੱਟ ਆਫ਼ ਦ ਲਾਈਟਸ ਐਂਡ ਕਮ ਟੂ ਮੀਂ''। ਉਸ ਦੀ ਇਸ ਅਨਾਊਂਸਮੈਂਟ ਦੇ ਸ਼ਰਾਰਤੀ ਲੜਕੀਆਂ ਨੇ ਕਈ ਕਿਸਮ ਦੇ ਚੁਟਕਲੇ ਘੜੇ ਹੋਏ ਸਨ। ਮਜਾਲ ਨਹੀਂ ਸੀ ਕਿ ਉਸ ਦੀ ਡਿਊਟੀ ਵਿਚ ਕਿਸੇ ਕਮਰੇ ਦੀ ਬੱਤੀ ਜਗਦੀ ਰਹਿ ਜਾਵੇ, ਕੋਈ ਲੇਟ ਹੋ ਜਾਵੇ ਜਾਂ ਕੋਈ ਸਾਹ ਵੀ ਕੱਢ ਜਾਵੇ। ਮਿਸ ਮਾਇਰ ਦੀ ਡਿਊਟੀ ਵਾਲੇ ਦਿਨ ਲੜਕੀਆਂ ਬੜੀਆਂ ਖੁਸ਼ ਹੁੰਦੀਆਂ ਕਿਉਂਕਿ ਉਹ ਆਪ ਹਾਲੇ ਛੋਟੀ ਉਮਰ ਦੀ ਸੀ ਅਤੇ ਬਹੁਤ ਹੌਲੀ ਆਵਾਜ਼ ਵਿਚ ਬੜਾ ਘੱਟ ਬੋਲਦੀ ਸੀ, ਬੱਸ ਮੁਸਕਰਾ ਦਿੰਦੀ। ਰਾਤ ਦੇ ਖਾਣੇ ਲਈ ਟੇਬਲ ਫਿਕਸ ਹੁੰਦੇ ਸਨ ਕਿ ਕਿਥੇ ਬੈਠਣਾ ਹੈ? ਕੁੜੀਆਂ ਨੇ ਆਪ ਹੀ ਆਪਣੇ ਗਰੁੱਪ ਬਣਾਏ ਹੁੰਦੇ। ਬੱਸ ਜਿਸ ਦਿਨ ਰਾਤ ਦੇ ਖਾਣੇ ਵਿਚ ਮੀਟ-ਚਾਵਲ ਬਣਦੇ ਉਸ ਦਿਨ ਬਹੁਤਾ ਪਰਹੇਜ਼ ਕਰਨ ਵਾਲੀਆਂ ਸ਼ਾਕਾਹਾਰੀ ਲੜਕੀਆਂ ਆਪਣੀਆਂ ਮਾਸਾਹਾਰੀ ਸਹੇਲੀਆਂ ਤੋਂ ਅਲੱਗ ਬੈਠ ਜਾਂਦੀਆਂ। ਖਾਣਾ ਡੌਂਗਿਆਂ ਵਿਚ ਪਾ ਕੇ ਟੇਬਲਾਂ ਤੇ ਪਰੋਸ ਦਿੱਤਾ ਜਾਂਦਾ ਅਤੇ ਫੁਲਕੇ ਮੈਸ ਦੇ ਨੌਕਰ ਨਾਲ ਨਾਲ ਵਰਤਾਉਂਦੇ। ਇਸ ਤਰ੍ਹਾਂ ਟੇਬਲ-ਮੈਨਰਜ਼ ਵੀ ਨਾਲ ਨਾਲ ਹੀ ਸ਼ੁਰੂ ਹੁੰਦੇ। ਖ਼ਾਸ ਕਰਕੇ ਹੋਸਟਲ ਦਾ ਹਰ ਸਾਲ ਦਾ ਦੀਵਾਲੀ ਡਿਨਰ ਅਤੇ ਬੀ.ਏ. ਫਾਈਨਲ ਦੀਆਂ ਹੋਸਟਲਰ ਕੁੜੀਆਂ ਦਾ ਵਿਦਾਇਗੀ ਡਿਨਰ ਮਸ਼ਹੂਰ ਸੀ। ਦੀਵਾਲੀ ਡਿਨਰ ਦੀਵਾਲੀ ਤੋਂ ਇਕ ਹਫਤਾ ਪਹਿਲਾਂ ਕੀਤਾ ਜਾਂਦਾ ਕਿਉਂਕਿ ਦੀਵਾਲੀ ਤੇ ਤਕਰੀਬਨ ਸਭ ਲੜਕੀਆਂ ਘਰ ਚਲੀਆਂ ਜਾਂਦੀਆਂ। ਇਸ ਡਿਨਰ 'ਤੇ ਕਾਲਜ ਦੇ ਸਾਰੇ ਹੀ ਅਧਿਆਪਨ ਅਮਲੇ ਨੂੰ ਬੁਲਾਇਆ




*ਘੰਟਾ ਘਰ ਲੁਧਿਆਣਾ*

ਜਾਂਦਾ। ਇਸ ਤਰ੍ਹਾਂ ਲੜਕੀਆਂ ਦੇ ਹਰ ਟੇਬਲ ਤੇ ਦੋ-ਚਾਰ ਅਧਿਆਪਕਾਂ ਨੂੰ ਬਿਠਾਇਆ ਜਾਂਦਾ ਜਿਹੜੇ ਕਈ ਤਰ੍ਹਾਂ ਦੀਆਂ ਛੋਟੀਆਂ-ਛੋਟੀਆਂ ਕੰਮ ਆਉਣ ਵਾਲੀਆਂ ਗੱਲਾਂ ਦੱਸਦੇ।

ਮੈਨੂੰ ਯਾਦ ਹੈ ਕਿ ਇਕ ਵਾਰ ਮਿਸ ਨਾਹਨ, ਜਿਨ੍ਹਾਂ ਕੋਲ ਮੇਰੀ ਇੰਗਲਿਸ਼ ਦੀ ਕਲਾਸ ਵੀ ਸੀ, ਸਾਡੇ ਟੇਬਲ 'ਤੇ ਬੈਠੇ। ਮਿਸ ਨਾਹਨ ਬਹੁਤ ਜ਼ਹੀਨ ਤੇ ਸਲੀਕੇ ਵਾਲੀ ਅਧਿਆਪਕਾ ਸੀ। ਉਸ ਨੇ ਦੱਸਿਆ ਕਿ ਮਹਾਰਾਜਾ ਅਸ਼ੋਕ ਦੇ ਵੇਲੇ ਔਰਤਾਂ ਦਾ ਲਿਬਾਸ ਕਿਸ ਤਰ੍ਹਾਂ ਦਾ ਹੁੰਦਾ ਸੀ ਅਤੇ ਉਹ ਵਾਲਾਂ ਨੂੰ ਕਿਹੋ ਜਿਹੇ ਸਟਾਈਲ ਵਿਚ ਵਾਹੁੰਦੀਆਂ ਅਤੇ ਹੋਰ ਸਜਾਵਟ ਕਿਹੋ ਜਿਹੀ ਕਰਦੀਆਂ ਸਨ। ਸਾਡੇ ਵੇਲੇ ਪਜਾਮੀ-ਸੂਟਾਂ ਦਾ ਆਮ ਰਿਵਾਜ਼ ਸੀ ਅਤੇ ਕੁੜੀਆਂ ਬਹੁਤ ਹੀ ਤੰਗ ਕੱਪੜੇ ਪਹਿਨਦੀਆਂ। ਬਹੁਤ ਫੈਸ਼ਨਦਾਰ ਕੁੜੀਆਂ ਸਿਰ 'ਤੇ ਵੱਡਾ ਸਾਰਾ ਪੱਫ ਬਣਾ ਲੈਂਦੀਆਂ ਜਿਸ ਨੂੰ ਮਖੌਲ ਨਾਲ ਲੋਕੀਂ ''ਚਿੜੀਆ ਕਾ ਘੋਂਸਲਾ'' ਬੋਲਦੇ। ਸ਼ਾਇਦ ਕੁੜੀਆਂ ਦੇ ਏਦਾਂ ਦੇ ਫੈਸ਼ਨ ਦੇਖ ਕੇ ਹੀ ਮਿਸ ਨਾਹਨ ਨੂੰ ਉਸ ਪੁਰਾਣੇ ਫੈਸ਼ਨ ਬਾਰੇ ਗੱਲ ਕਰਨ ਦਾ ਚੇਤਾ ਆਇਆ ਹੋਵੇ।

ਡਿਨਰ ਤੋਂ ਬਾਅਦ ਹਰ ਰੋਜ਼ 8 ਤੋਂ 10 ਵਜੇ ਤੱਕ ਸਟੱਡੀ ਪੀਰੀਅਡ ਹੁੰਦਾ ਸੀ ਜਿਸ ਵਿਚ ਸਭ ਆਪਣੇ ਆਪਣੇ ਕਮਰਿਆਂ ਵਿਚ ਬੈਠ ਕੇ ਪੜ੍ਹਦੀਆਂ। ਵਾਰਡਨ ਜਾਂ ਡਿਊਟੀ ਅਧਿਆਪਕ ਸਾਰੇ ਹੋਸਟਲ ਦਾ ਦੌਰਾ ਕਰਦੀ ਤਾਂ ਕਿ ਕੋਈ ਲੜਕੀ ਗੱਲਾਂ ਨਾ ਕਰੇ ਜਾਂ ਸੌਂ ਨਾ ਜਾਵੇ। ਸਾਢੇ ਦਸ ਵਜੇ ਤੱਕ ਹਰ ਇਕ ਨੇ ਆਪਣੀ ਬੱਤੀ ਬੰਦ ਕਰ ਦੇਣੀ ਤੇ ਸੌਂ ਜਾਣਾ ਹੁੰਦਾ ਸੀ।

ਬੁੱਧਵਾਰ ਅਤੇ ਸਨਿਚਰਵਾਰ ਦੀ ਕੁੜੀਆਂ ਨੂੰ ਬੇਸਬਰੀ ਨਾਲ ਉਡੀਕ ਹੁੰਦੀ ਕਿਉਂਕਿ ਇਹ ਦੋਵੇਂ ਦਿਨ ''ਵਿਜ਼ਟਰਜ਼ ਡੇ'' ਅਤੇ ''ਸ਼ਾਪਿੰਗ ਡੇ'' ਸਨ। ਹੋਸਟਲ ਵਿਚ ਡਿਸਿਪਲਿਨ ਨੂੰ ਬੜੀ ਸਖਤੀ ਨਾਲ ਲਾਗੂ ਕੀਤਾ ਜਾਂਦਾ ਸੀ। ਇਨ੍ਹਾਂ ਦੋ ਦਿਨਾਂ ਤੋਂ ਬਿਨਾਂ ਕੋਈ ਕੁੜੀ ਕਾਲਜ ਗੇਟ ਤੋਂ ਬਾਹਰ ਨਹੀਂ ਸੀ ਜਾ ਸਕਦੀ ਅਤੇ ਨਾ ਹੀ ਕੋਈ ਮਹਿਮਾਨ ਮਿਲਣ ਆ ਸਕਦਾ ਸੀ। ਮਹੀਨੇ ਵਿਚ ਦੋ ਵਾਰ ਸ਼ਾਮ ਤਿੰਨ ਤੋਂ ਛੇ ਵਜੇ ਤੱਕ ਤਿੰਨ ਘੰਟੇ ਦੀ ਹਰ ਲੜਕੀ ਨੂੰ ਸ਼ਾਪਿੰਗ ਲੀਵ ਮਿਲਦੀ ਸੀ। ਮਹੀਨੇ ਵਿਚ ਦੋ ਵਾਰ ਸਨਿਚਰਵਾਰ ਨੂੰ ਵਾਰਡਨ ਜਾਂ ਕਿਸੇ ਟੀਚਰ ਦੀ ਨਿਗਰਾਨੀ ਹੇਠ ਪਿਕਚਰ ਦੇਖਣ ਲਈ ਲੈ ਜਾਇਆ ਜਾਂਦਾ। ਇਹ ਸਾਰੇ ਨਿਯਮ ਸਖਤੀ ਨਾਲ ਲਾਗੂ ਕੀਤੇ ਜਾਂਦੇ ਅਤੇ ਕੋਈ ਲੜਕੀ ਇਨ੍ਹਾਂ ਦੀ ਉਲੰਘਣਾ ਨਹੀਂ ਸੀ ਕਰ ਸਕਦੀ। ਸੈਸ਼ਨ ਦੇ ਸ਼ੁਰੂ ਵਿਚ ਹੀ ਹੋਸਟਲ ਦਾਖ਼ਲੇ ਵੇਲੇ ਹਰ ਲੜਕੀ ਆਪਣੇ ਪਿਤਾ ਦੇ ਦਸਤਖਤਾਂ ਹੇਠ ''ਮਹਿਮਾਨ ਲਿਸਟ'' ਭਰ ਕੇ ਦਿੰਦੀ ਜਿਸ ਵਿਚ ਦੱਸਿਆ ਹੁੰਦਾ ਕਿ ਕੌਣ, ਕਿਸ ਰਿਸ਼ਤੇ ਵਿਚੋਂ ਲੜਕੀ ਨੂੰ ਮਿਲ ਸਕਦਾ ਹੈ।

ਹੋਸਟਲ ਜ਼ਾਬਤੇ ਦੇ ਸੰਬੰਧ ਵਿਚ ਮੈਂ ਇਥੇ ਦੋ ਛੋਟੀਆਂ ਛੋਟੀਆਂ ਘਟਨਾਵਾਂ ਦਾ ਜ਼ਿਕਰ ਕਰਨਾ ਚਾਹਾਂਗੀ। ਕਾਲਜ ਸਮੇਂ ਭਾਵ ਸਵੇਰੇ ਨੌਂ ਵਜੇ ਤੋਂ ਸ਼ਾਮ ਦੇ ਤਿੰਨ ਵਜੇ ਤੱਕ ਕੋਈ ਮਹਿਮਾਨ ਮਿਲਣ ਨਹੀਂ ਸੀ ਆ ਸਕਦਾ। ਇਕ ਵਾਰ ਮੇਰੇ ਬਾਪੂ ਜੀ ਮਹੀਨੇ ਦੀ ਪਹਿਲੀ ਤਰੀਕ ਨੂੰ ਸਵੇਰੇ ਸਵੇਰੇ ਕਾਲਜ ਸਮੇਂ ਤੋਂ ਪਹਿਲਾਂ ਮੈਨੂੰ ਹੋਸਟਲ ਦਾ ਮਹੀਨੇਵਾਰ ਖਰਚਾ ਦੇਣ ਆ ਗਏ ਭਾਵੇਂ ਉਸ ਦਿਨ ਬੁੱਧਵਾਰ ਸੀ ਅਤੇ ਕਾਲਜ ਦਾ ਸਮਾਂ ਵੀ ਨਹੀਂ ਸੀ ਹੋਇਆ ਪਰ ਮਹਿਮਾਨਾਂ ਦਾ ਸਮਾਂ ਸ਼ਾਮ ਨੂੰ ਤਿੰਨ ਵਜੇ ਤੋਂ ਬਾਅਦ ਸ਼ੁਰੂ ਹੁੰਦਾ ਸੀ। ਚਪੜਾਸੀ ਨੇ ਉਨ੍ਹਾਂ ਦਾ ਰਜਿਸਟਰ ਵਿਚ ਨਾਂ, ਰਿਸ਼ਤਾ ਅਤੇ ਪਤਾ ਲਿਖਿਆ ਅਤੇ ਵਾਰਡਨ ਕੋਲ ਇਜਾਜ਼ਤ ਲੈਣ ਚਲਾ ਗਿਆ। ਵਾਰਡਨ ਨੇ ਇਜਾਜ਼ਤ ਨਹੀਂ ਦਿਤੀ ਅਤੇ ਕਹਿ ਦਿੱਤਾ, ''ਉਸ ਕੋ ਬੋਲ ਦੋ ਪੈਸੇ ਲੇ ਲੋ ਪਰ ਬਾਤ ਨਾ ਕਰੇ।'' ਉਹ ਵਾਰਡਨ ਕੋਲੋਂ ਮੇਰੇ ਕੋਲ ਆਇਆ ਅਤੇ ਬੋਲਿਆ, ''ਆਪ ਕੇ ਪਿਤਾ ਜੀ ਆਏ ਹੈਂ ਫੀਸ ਦੇਨੇ। ਆਪ ਉਨ ਸੇ ਪੈਸਾ ਪਕੜ ਲੋ ਪਰ ਬਾਤ ਕਰਨੇ ਕੀ ਇਜਾਜ਼ਤ ਨਹੀਂ ਹੈ।'' ਮੈਂ ਮਹਿਮਾਨ ਘਰ ਵਿਚ ਬਾਪੂ ਜੀ ਕੋਲ ਗਈ ਪੈਸੇ ਲੈਣ ਤਕ ਚਪੜਾਸੀ ਮੇਰੇ ਸਿਰਹਾਣੇ ਖੜ੍ਹਾ ਰਿਹਾ। ਮੈਂ ਬਾਪੂ ਜੀ ਨੂੰ ''ਸਤਿ ਸ੍ਰੀ ਅਕਾਲ'' ਬੁਲਾਈ, ਪੈਸੇ ਫੜੇ ਅਤੇ ਆ ਗਈ। ਗਰਮੀ ਦਾ ਮਹੀਨਾ ਸੀ, ਉਨ੍ਹਾਂ ਨੂੰ ਪਾਣੀ ਵੀ ਨਹੀਂ ਪੁੱਛ ਸਕੀ। ਚਪੜਾਸੀ ਨੂੰ ਹੀ ਕਿਹਾ ਕਿ ਬਾਪੂ ਜੀ ਨੂੰ ਪਾਣੀ ਪਿਲਾ ਦੇਵੇ। ਇਸੇ ਤਰ੍ਹਾਂ ਮੇਰੇ ਬੇ ਜੀ ਯੂ.ਪੀ. ਮੇਰੀ ਛੋਟੀ ਭਾਬੀ ਕੋਲ ਕਈ ਮਹੀਨੇ ਲਾ ਕੇ ਆਏ। ਅਸੀਂ ਉਥੇ ਨਵੀਂ ਨਵੀਂ ਜ਼ਮੀਨ ਖਰੀਦੀ ਸੀ। ਉਨ੍ਹਾਂ ਨੂੰ ਮੇਰੇ ਸ਼ਰੀਕੇ ਵਿਚੋਂ ਲਗਦੀ ਬੜੀ ਪਿਆਰੀ ਭਰਜਾਈ ਸੁਰਜੀਤ ਕੌਰ ਨਾਲ ਲੁਧਿਆਣੇ ਲਾਗੇ ਕਿਤੇ ਅਫ਼ਸੋਸ ਲਈ ਆਉਣਾ ਪੈ ਗਿਆ ਅਤੇ ਉਹ ਮੈਨੂੰ ਮਿਲਣ ਆਈਆਂ। ਦੁਪਹਿਰ ਦੇ ਦੋ ਕੁ ਵਜੇ ਦਾ ਵੇਲਾ ਸੀ। ਚਪੜਾਸੀ ਕਹਿੰਦਾ ''ਆਪ ਮਿਲ ਨਹੀਂ ਸਕਤੇ, ਅਭੀ ਸਮਾਂ ਨਹੀਂ ਹੁਆ।'' ਮੇਰੀ ਕੋਈ ਜਮਾਤਣ ਕੋਲੋਂ ਲੰਘ ਰਹੀ ਸੀ, ਉਸ ਨੇ ਮੈਨੂੰ ਦਸ ਦਿੱਤਾ। ਮਹਿਮਾਨ ਘਰ ਹੋਸਟਲ ਦੇ ਮੁੱਖ ਦਰਵਾਜ਼ੇ ਦੇ ਨਾਲ ਸੀ। ਮੈਂ ਆਪਣੀ ਸਹੇਲੀ ਰਵਿੰਦਰ ਨੂੰ ਭੇਜਿਆ ਜਿਸ ਨੇ ਬੇ ਜੀ ਨੂੰ ਕਿਹਾ ਕਿ ਤੁਸੀਂ 'ਘੰਟਾ ਘਰ' ਚਲੋ ਅਸੀਂ ਸ਼ਾਪਿੰਗ ਲੀਵ ਲੈ ਕੇ ਉਥੇ ਆਉਂਦੀਆਂ ਹਾਂ। ਉਹ ਘੰਟਾ ਘਰ ਜਾ ਕੇ ਬੈਠੇ ਹੀ ਸੀ ਕਿ ਮੈਂ ਅਤੇ ਰਵਿੰਦਰ ਉਥੇ ਪਹੁੰਚ ਗਈਆਂ। ਅਸੀਂ ਉਨ੍ਹਾਂ ਨੂੰ ਚੌੜੇ ਬਾਜ਼ਾਰ ਵਿਚ ਪੈਂਦੇ ਛੋਟੇ ਜਿਹੇ ਪ੍ਰਕਾਸ਼ ਹੋਟਲ ਤੇ, ਜਿਥੇ ਸਭ ਕੁੜੀਆਂ ਟਿੱਕੀਆਂ ਜਾਂ ਸਮੋਸੇ ਖਾਣ ਅਤੇ ਮੈਂਗੋ ਸ਼ੇਕ ਪੀਣ ਜਾਂਦੀਆਂ, ਚਾਹ ਪਾਣੀ ਵੀ ਛਕਾਇਆ ਅਤੇ ਗੱਲਾਂ ਵੀ ਕੀਤੀਆਂ।

ਮਹੀਨੇ ਵਿਚ ਦੋ ਵਾਰ ਕਿਸੇ ਵੀ ਸਨਿਚਰ-ਐਤਵਾਰ ਦੀ ਇਕੱਠੀ ਛੁੱਟੀ ਲੈ ਕੇ ਲੋਕਲ ਗਾਰਡੀਅਨ ਨੂੰ ਮਿਲਣ ਦੀ ਆਗਿਆ ਹੁੰਦੀ ਸੀ। ਇਸ ਛੁੱਟੀ ਵਿਚ ਪਤਾ ਭਾਵੇਂ ਲੋਕਲ ਗਾਰਡੀਅਨ ਦਾ ਹੀ ਲੜਕੀਆਂ ਭਰਦੀਆਂ ਪਰ ਜਾਂਦੀਆਂ ਸਭ ਆਪਣੇ ਆਪਣੇ ਘਰ ਹੀ ਮਿਲਣ। ਸੋਮਵਾਰ ਸਵੇਰੇ ਨੌਂ ਵਜੇ ਤੋਂ ਪਹਿਲਾਂ ਭਾਵ ਕਾਲਜ ਲੱਗਣ ਤੋਂ ਪਹਿਲਾਂ ਆ ਕੇ ਵਾਰਡਨ ਕੋਲ ਹਾਜ਼ਰੀ ਲਾਉਣੀ ਹੁੰਦੀ ਸੀ। ਲੇਟ ਆਉਣ 'ਤੇ ਇਕ ਸ਼ਾਪਿੰਗ ਜਾਂ ਲੋਕਲ ਲੀਵ ਕੱਟੀ ਜਾਂਦੀ ਸੀ। ਤਿੰਨ ਮਹੀਨੇ ਵਿਚ ਇਕ ਵਾਰ ਘਰ ਭਾਵ ''ਆਊਟ ਆਫ ਸਟੇਸ਼ਨ'' ਜਾਣ ਦੀ ਆਗਿਆ ਮਿਲਦੀ ਸੀ। ਇਸ ਤਰ੍ਹਾਂ ਨੇੜੇ ਹੋ ਕੇ ਵੀ ਪਿੰਡ ਦੂਰ ਹੋ ਗਿਆ ਸੀ ਜਿਥੇ ਜਾਣ ਦੀ ਤਾਂਘ ਹਮੇਸ਼ਾ ਲੱਗੀ ਰਹਿੰਦੀ। ਉਦੋਂ ਇਹ ਨਹੀਂ ਸੀ ਪਤਾ ਕਿ ਹੌਲੀ ਹੌਲੀ ਦੂਰ, ਥੋੜਾ ਦੂਰ ਹੁੰਦਿਆਂ, ਪਿੰਡ ਬਹੁਤ ਦੂਰ ਹੋ ਜਾਣਾ ਹੈ। ਹੋਸਟਲ ਰਹਿ ਕੇ ਇਕੋ ਗੱਲ ਦੀ ਤਸੱਲੀ ਸੀ ਕਿ ਹੁਣ ਹਰ ਰੋਜ਼ ਬਾਰਾਂ ਕਿਲੋਮੀਟਰ ਸਾਈਕਲ 'ਤੇ ਆਉਣ ਜਾਣ ਨਹੀਂ ਕਰਨਾ ਪਵੇਗਾ। ਭਾਰੇ ਭਾਰੇ ਕਿਤਾਬਾਂ ਦੇ ਝੋਲੇ ਸਾਈਕਲ ਦੇ ਹੈਂਡਲ ਨਾਲ ਲਟਕਾ ਕੇ ਰੋਜ਼ ਏਨੀ ਦੂਰ ਜਾਣਾ। ਪਿੰਡ ਤੋਂ ਕੋਟਲੇ ਸੜਕ ਤੱਕ ਦਾ ਰਾਹ ਉਦੋਂ ਕੱਚਾ ਹੁੰਦਾ ਸੀ (ਹੁਣ ਤਾਂ ਪਿੰਡ ਦੇ ਚਾਰ ਚੁਫੇਰੇ ਪੱਕੀਆਂ ਸੜਕਾਂ ਬਣ ਗਈਆਂ ਹਨ)। ਉਪਰੋਂ ਗੱਡਿਆਂ, ਰੇਤੀਆਂ ਦੀਆਂ ਡੂੰਘੀਆਂ ਲੀਹਾਂ ਪਈਆਂ ਹੁੰਦੀਆਂ ਜਿਨ੍ਹਾਂ ਵਿਚ ਮੀਂਹ ਪੈ ਜਾਣ 'ਤੇ ਸਾਈਕਲ ਚਲਾਉਣਾ ਬੜਾ ਔਖਾ ਹੁੰਦਾ ਸੀ। ਮਸਾਂ ਚਿੱਕੜ ਵਿਚ ਸਾਈਕਲ ਘਸੀਟਦੇ ਪੱਕੀ ਸੜਕ ਤੱਕ ਪਹੁੰਚੀਦਾ ਸੀ। ਚਾਰ ਫਰਲਾਂਗ ਦਾ ਰਸਤਾ ਚਾਰ ਮੀਲ ਬਰਾਬਰ ਲਗਦਾ ਸੀ। ਇਸ ਸਭ ਦੇ ਬਾਵਜੂਦ ਆਪਣਾ ਪਿੰਡ ਤਾਂ ਆਪਣਾ ਪਿੰਡ ਹੀ ਹੁੰਦਾ ਹੈ। ਵਰ੍ਹਿਆਂ ਬਾਅਦ ਵੀ ਜੇ ਸੁਪਨਾ ਆਉਂਦਾ ਹੈ ਤਾਂ ਆਪਣੇ ਪਿੰਡ ਦਾ ਅਤੇ ਆਪਣੇ ਉਸ ਵੱਡੇ ਸਾਰੇ ਘਰ ਦਾ ਹੀ ਆਉਂਦਾ ਹੈ ਜਿਸ ਨੂੰ ਮੇਰੀ ਵੱਡੀ ਭੈਣ ਦਾ ਨਣਦੋਈਆ ਕਹਿੰਦਾ ਹੁੰਦਾ ਸੀ, ''ਘਰ ਹੈ ਕਿ ਸਾਹੀਵਾਲ ਦੀ ਜੇਲ੍ਹ, ਜਿਸ ਦਾ ਪਤਾ ਹੀ ਨਹੀਂ ਲਗਦਾ''। ਇਹ ਪੁਰਾਣੇ ਘਰ ਦੀ ਗੱਲ ਹੈ ਜੋ ਮੇਰੇ ਦਾਦੇ ਦੇ ਵੀ ਸ਼ਾਇਦ ਦਾਦੇ ਨੇ ਪਿੰਡ ਦੇ ਅੰਦਰ ਬਣਾਇਆ ਹੋਇਆ ਸੀ। ਅਸਲ ਵਿਚ ਸ਼ਰਾਰਤ ਨਾਲ ਇਕ ਵਾਰ ਉਸ ਦੀ ਘੋੜੀ ਦੀ ਕਾਠੀ ਲੁਕਾ ਦਿੱਤੀ ਸੀ ਜੋ ਉਸ ਨੂੰ ਲੱਭ ਨਹੀਂ ਸੀ ਰਹੀ। ਉਨ੍ਹਾਂ ਦਿਨਾਂ ਵਿਚ ਕੁੜੀਆਂ ਦੇ ਸਹੁਰਿਆਂ ਨਾਲ ਆਂਢ-ਗੁਆਂਢ ਦੀਆਂ ਕੁੜੀਆਂ ਅਜਿਹੇ ਮਖੌਲ ਕਰ ਲੈਂਦੀਆਂ ਸਨ।

# ਫ਼ਿਲਮ ਇੰਡਸਟਰੀ ਸਾਫ-ਸੁਥਰੀ ਜਗ੍ਹਾ-ਅਨੁਸ਼ਕਾ



ਯਸ਼ਰਾਜ ਫ਼ਿਲਮਜ਼ ਦੇ ਬੈਨਰ ਹੇਠ ਬਣੀ ਫ਼ਿਲਮ 'ਰਬ ਨੇ ਬਨਾ ਦੀ ਜੋੜੀ' ਤੋਂ ਰਾਤੋ-ਰਾਤ ਸਫਲਤਾ ਦੇ ਆਸਮਾਨ ਨੂੰ ਛੂਹ ਲੈਣ ਵਾਲੀ ਅਭਿਨੇਤਰੀ ਅਨੁਸ਼ਕਾ ਸ਼ਰਮਾ ਮੀਡੀਆ ਨੂੰ ਘੱਟ ਹੀ ਇੰਟਰਵਿਊ ਦੇਣ ਅਤੇ ਮਿਲਣ-ਗਿਲਣ 'ਚ ਵਿਸ਼ਵਾਸ ਰੱਖਦੀ ਹੈ। ਪਿਛਲੇ ਦਿਨੀਂ ਰਿਲੀਜ਼ ਹੋਈ ਫ਼ਿਲਮ 'ਬਦਮਾਸ਼ ਕੰਪਨੀ' 'ਚ ਵੀ ਅਨੁਸ਼ਕਾ ਨੇ ਦਮਦਾਰ ਭੂਮਿਕਾ ਨਿਭਾਈ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਲੈ ਕੇ ਅਸੀਂ ਅਨੁਸ਼ਕਾ ਨਾਲ ਮੁਲਾਕਾਤ ਕੀਤੀ। ਪੇਸ਼ ਹਨ ਉਸ ਗੱਲਬਾਤ ਦੇ ਮੁੱਖ ਅੰਸ਼:

***ਫ਼ਿਲਮ 'ਰਬ ਨੇ ਬਨਾ ਦੀ ਜੋੜੀ' ਤੋਂ ਨਾ ਤਾਂ ਪਹਿਲਾਂ ਅਤੇ ਨਾ ਹੀ ਪਿਛੋਂ ਤੁਸੀਂ ਮੀਡੀਆ ਨੂੰ ਮਿਲੇ। ਇਸ ਪਿੱਛੇ ਕੀ ਕਾਰਨ ਸਨ?**

-ਇਸ ਫ਼ਿਲਮ ਤੋਂ ਪਹਿਲਾਂ ਮੇਰੇ ਮੀਡੀਆ ਸਾਹਮਣੇ ਨਾ ਆਉਣ ਦੇ ਪਿੱਛੇ ਤਾਂ ਇਹ ਪਲਾਨਿੰਗ ਸੀ ਕਿ ਮੈਨੂੰ ਫ਼ਿਲਮ ਦੇ ਆਉਣ ਪਿਛੋਂ ਹੀ ਸਾਹਮਣੇ ਲਿਆਂਦਾ ਜਾਵੇਗਾ। ਇਹ ਮੇਰੀ ਪਹਿਲੀ ਫ਼ਿਲਮ ਸੀ ਅਤੇ ਮੈਂ ਖ਼ੁਦ ਵੀ ਇਹੀ ਚਾਹੁੰਦੀ ਸੀ ਕਿ ਪਹਿਲਾਂ ਲੋਕ ਮੇਰਾ ਕੰਮ ਦੇਖ ਲੈਣ, ਉਸ ਪਿਛੋਂ ਮੇਰੇ ਕੋਲੋਂ ਜਿਹੜੇ ਸੁਆਲ ਪੁੱਛੇ ਜਾਣਗੇ, ਉਨ੍ਹਾਂ ਦੇ ਕੁਝ ਅਰਥ ਅਤੇ ਗਹਿਰਾਈ ਵੀ ਹੋਵੇਗੀ ਇਸ ਫ਼ਿਲਮ ਪਿਛੋਂ ਮੈਂ ਕੁਝ ਕੁ ਇੰਟਰਵਿਊ ਦਿੱਤੇ ਪਰ ਉਦੋਂ ਮੈਂ ਇਹ ਸੋਚਿਆ ਕਿ ਹੁਣ ਮੈਂ ਕਿਉਂ ਬੋਲ ਰਹੀ ਹਾਂ। ਹੁਣ ਤਾਂ ਇੰਜ ਲੱਗੇਗਾ ਜਿਵੇਂ ਮੈਂ ਸਿਰਫ ਪਬਲੀਸਿਟੀ ਲਈ ਇੰਜ ਕਰ ਰਹੀ ਹਾਂ। ਸੋ ਮੈਂ ਆਪਣੇ ਕੰਮ 'ਚ ਲੱਗ ਗਈ ਅਤੇ ਇਹ ਫੈਸਲਾ ਕੀਤਾ ਕਿ ਜਦੋਂ ਮੇਰੀ ਅਗਲੀ ਫ਼ਿਲਮ ਆਏਗੀ, ਫਿਰ ਬੋਲਾਂਗੀ।

***ਅੱਛਾ, ਮੀਡੀਆ ਨਾਲ ਗੱਲ ਕਰਨੀ ਤਾਂ ਛੱਡੋ, ਤੁਸੀਂ ਤਾਂ ਕਿਸੇ ਫ਼ਿਲਮੀ ਫੰਕਸ਼ਨ 'ਚ ਵੀ ਨਜ਼ਰ ਨਹੀਂ ਆਉਂਦੇ। ਇਸ ਦਾ ਕੋਈ ਖਾਸ ਕਾਰਨ?**

-ਮੈਨੂੰ ਅਜੇ ਇਸਦੀ ਆਦਤ ਨਹੀਂ। ਮੈਂ ਇਕ ਬਿਲਕੁਲ ਹੀ ਵੱਖਰੇ ਮਾਹੌਲ 'ਚੋਂ ਆਈ ਹਾਂ। ਮੇਰੇ ਪਾਪਾ ਆਰਮੀ 'ਚ ਹਨ। ਆਪਣੀ ਪਹਿਲੀ ਫ਼ਿਲਮ ਪਿਛੋਂ ਜਦੋਂ ਮੈਨੂੰ ਥੋੜ੍ਹਾ ਜਿਹਾ ਸਮਾਂ ਮਿਲਿਆ ਤਾਂ ਸਭ ਤੋਂ ਪਹਿਲਾਂ ਮੈਂ ਆਪਣੇ ਪਰਿਵਾਰ ਕੋਲ ਚਲੀ ਗਈ। ਫਿਰ ਇਸ ਇੰਡਸਟਰੀ 'ਚ ਮੇਰੀ ਕਿਸੇ ਨਾਲ ਵੀ ਦੋਸਤੀ ਨਹੀਂ ਅਤੇ ਨਾ ਹੀ ਮੈਂ ਪਾਰਟੀਆਂ 'ਚ ਜਾਣ ਦੀ ਸ਼ੌਕੀਨ ਹਾਂ। ਕੁਝ ਕੁ ਸਮਾਗਮਾਂ 'ਚ ਤਾਂ ਮੈਂ ਗਈ ਸੀ ਪਰ ਆਪਣਾ ਚਿਹਰਾ ਦਿਖਾਉਣ ਅਤੇ ਚਰਚਾ 'ਚ ਆਉਣ ਲਈ ਕਿਤੇ ਜਾਣਾ ਮੈਨੂੰ ਪਸੰਦ ਨਹੀਂ।

***ਗੈਰ-ਫ਼ਿਲਮੀ ਬੈਕਗਰਾਊਂਡ 'ਚੋਂ ਆਉਣ ਵਾਲੇ ਲੋਕ ਫ਼ਿਲਮ ਇੰਡਸਟਰੀ 'ਚ ਢੇਰ ਸਾਰੇ ਦੋਸਤ ਬਣਾ ਲੈਂਦੇ ਹਨ। ਤੁਸੀਂ ਇੰਜ ਕਿਉਂ ਨਹੀਂ ਕੀਤਾ?**

-ਮੈਨੂੰ ਲੱਗਦਾ ਹੈ ਕਿ ਮੈਂ ਇਥੇ ਕੰਮ ਕਰਨ ਆਈ ਹਾਂ, ਦੋਸਤ ਬਣਾਉਣ ਨਹੀਂ, ਸੱਚ ਤਾਂ ਇਹ ਹੈ ਕਿ ਮੈਂ ਇਥੋਂ ਦੀ ਭੀੜ ਦਾ ਹਿੱਸਾ ਨਹੀਂ ਬਣਨਾ ਚਾਹੁੰਦੀ। ਆਪਣੀ ਪਹਿਲੀ ਫ਼ਿਲਮ ਵਿਚ ਮੈਂ ਸ਼ਾਹਰੁਖ ਖਾਨ ਅਤੇ ਆਦਿੱਤਯ ਚੋਪੜਾ ਵਰਗੇ ਬੇਹੱਦ ਜੀਨੀਅਸ ਅਤੇ ਕਾਮਯਾਬ ਲੋਕਾਂ ਨਾਲ ਕੰਮ ਕੀਤਾ ਹੈ। ਹੁਣ ਸ਼ਾਹਿਦ ਕਪੂਰ ਦੇ ਨਾਲ ਕੰਮ ਕੀਤਾ ਅਤੇ ਅਕਸ਼ੈ ਕੁਮਾਰ ਨਾਲ ਵੀ ਕਰ ਰਹੀ ਹਾਂ। ਇਹ ਸਾਰੇ ਵੀ ਮੇਰੇ ਦੋਸਤ ਹਨ ਪਰ ਅਜਿਹੇ ਨਹੀਂ, ਜਿਨ੍ਹਾਂ ਨਾਲ ਮੈਂ ਜਦੋਂ ਚਾਹਾਂ ਗੱਲਾਂ ਕਰਦੀ ਰਹਾਂ। ਅਸਿਨ, ਸੋਨਮ ਕਪੂਰ, ਰਾਣੀ ਮੁਖਰਜੀ ਨੂੰ ਵੀ ਮੈਂ ਮਿਲੀ, ਦੀਪਿਕਾ ਪਾਦੂਕੋਣ ਤਾਂ ਖ਼ੈਰ ਬੰਗਲੌਰ 'ਚ ਮੇਰੀ ਸੀਨੀਅਰ ਹੁੰਦੀ ਸੀ। ਇਹ ਸਾਰੇ ਚੰਗੇ ਹਨ ਅਤੇ ਮੇਰੇ ਨੇੜੇ ਵੀ ਹਨ ਪਰ ਦੋਸਤੀ ਨੂੰ ਵਿਕਸਿਤ ਹੋਣ 'ਚ ਸਮਾਂ ਲੱਗਦਾ ਹੈ।

***ਯਸ਼ਰਾਜ ਫ਼ਿਲਮਜ਼ ਦੇ ਨਾਲ ਤੁਸੀਂ ਤਿੰਨ ਫ਼ਿਲਮਾਂ ਦਾ ਕਰਾਰ ਕੀਤਾ ਹੈ। ਕੀ ਪ੍ਰੋਫੈਸ਼ਨਲ ਨਜ਼ਰੀਏ ਤੋਂ ਇਹ ਨਾਸਮਝੀ ਨਹੀਂ?**

-ਬਿਲਕੁਲ ਵੀ ਨਹੀਂ। ਜੇ ਮੈਨੂੰ ਸੱਤ ਫ਼ਿਲਮਾਂ ਲਈ ਵੀ ਕਿਹਾ ਜਾਂਦਾ ਤਾਂ ਵੀ ਮੈਂ ਉਨ੍ਹਾਂ ਨੂੰ ਨਾਂਹ ਨਾ ਕਰਦੀ। ਸਾਡੇ ਵਿਚਕਾਰ ਇਹ ਕਰਾਰ ਹੋਇਆ ਹੈ ਕਿ ਉਹ ਲੋਕ ਮੇਰੇ ਨਾਲ ਘੱਟੋ-ਘੱਟ ਤਿੰਨ ਫ਼ਿਲਮਾਂ ਬਣਾਉਣ ਪਰ ਉਨ੍ਹਾਂ ਨੇ ਮੇਰੇ 'ਤੇ ਕੋਈ ਬੰਦਿਸ਼ ਨਹੀਂ ਲਗਾਈ ਕਿ ਮੈਂ ਬਾਹਰ ਦੀਆਂ ਫ਼ਿਲਮਾਂ ਨਹੀਂ ਕਰ ਸਕਦੀ। ਇਸ ਤਰ੍ਹਾਂ ਦੇ ਕੰਟਰੈਕਟ ਹੁਣ ਨਹੀਂ ਹੁੰਦੇ। ਮੈਂ 16 ਸਾਲ ਦੀ ਉਮਰ ਤੋਂ ਮਾਡਲਿੰਗ ਕਰ ਰਹੀ ਹਾਂ ਅਤੇ ਕੰਟਰੈਕਟ ਕੀ ਹੁੰਦੇ ਹਨ, ਇਹ ਚੰਗੀ ਤਰ੍ਹਾਂ ਜਾਣਦੀ ਹਾਂ। ਮੈਂ ਇੰਨੀ ਨਾਸਮਝ ਵੀ ਨਹੀਂ ਕਿ ਬਿਨਾਂ ਕੁਝ ਬੋਲੇ-ਸਮਝੇ ਆਪਣੇ ਪੈਰ 'ਤੇ ਕੁਹਾੜੀ ਮਾਰ ਦਿਆਂ।

***ਤੁਸੀਂ ਕਿਸ ਤਰ੍ਹਾਂ ਦੀਆਂ ਫ਼ਿਲਮਾਂ ਕਰਨਾ ਚਾਹੁੰਦੇ ਹੋ?**

-ਮੈਂ ਖ਼ੁਦ ਨੂੰ ਕਿਸੇ ਇਮੇਜ 'ਚ ਕੈਦ ਕਰਨ ਦੀ ਬਜਾਏ ਹਰ ਉਹ ਰੋਲ ਕਰਨਾ ਚਾਹੁੰਦੀ ਹਾਂ, ਜੋ ਮੈਨੂੰ ਖੁਸ਼ੀ ਦੇ ਸਕੇ, ਸੰਤੁਸ਼ਟੀ ਦੇ ਸਕੇ ਅਤੇ ਇਹ ਅਹਿਸਾਸ ਕਰਾਏ ਕਿ ਹਾਂ, ਮੈਂ ਕੁਝ ਖਾਸ ਹਾਂ।

***ਫ਼ਿਲਮ ਇੰਡਸਟਰੀ 'ਚ ਆਉਣ ਵਾਲੀਆਂ ਲੜਕੀਆਂ ਨਾਲ ਹੋਣ ਵਾਲੇ ਪੁੱਠੇ-ਸਿੱਧੇ ਵਤੀਰੇ ਬਾਰੇ ਤੁਸੀਂ ਕੀ ਸੋਚਦੇ ਹੋ?**

-ਸੱਚ ਆਖਾਂ ਤਾਂ ਉਨ੍ਹਾਂ ਗੱਲਾਂ ਨੂੰ ਸੁਣ-ਸੁਣ ਕੇ ਮੈਂ ਫ਼ਿਲਮਾਂ 'ਚ ਆਉਣੋਂ ਝਿਜਕਦੀ ਸਾਂ ਪਰ ਜਦੋਂ ਮੈਂ ਆਦਿਤਯ ਚੋਪੜਾ ਨੂੰ ਮਿਲੀ ਤਾਂ ਉਨ੍ਹਾਂ ਦੇ ਕੰਮ ਕਰਨ ਦਾ ਸਟਾਈਲ ਦੇਖਿਆ ਤਾਂ ਮੈਨੂੰ ਲੱਗਾ ਕਿ ਇਸ ਨੂੰ ਕਹਿੰਦੇ ਹਨ ਪ੍ਰੋਫੈਸ਼ਨਲ ਰਵੱਈਆ। ਉਨ੍ਹਾਂ ਨੂੰ ਮਿਲ ਕੇ ਮੇਰੇ ਅੰਦਰ ਜੋ ਆਤਮ-ਵਿਸ਼ਵਾਸ ਆਇਆ, ਉਸੇ ਦੇ ਦਮ 'ਤੇ ਇਥੇ ਟਿਕੀ ਹੋਈ ਹਾਂ। ਇਥੇ ਮੈਂ ਕਿਸੇ ਭੁੱਖੇ ਬਘਿਆੜ ਨੂੰ ਨਹੀਂ ਮਿਲੀ ਅਤੇ ਅੱਜ ਤੁਹਾਡੇ ਜ਼ਰੀਏ ਮੈਂ ਇਹ ਗੱਲ ਸਾਰੀਆਂ ਲੜਕੀਆਂ ਨੂੰ ਕਹਿਣਾ ਚਾਹੁੰਦੀ ਹਾਂ ਕਿ ਫ਼ਿਲਮ ਇੰਡਸਟਰੀ ਇਕ ਸਾਫ-ਸੁਥਰੀ ਜਗ੍ਹਾ ਹੈ, ਜਿਥੇ ਕੋਈ ਵੀ ਉਦੋਂ ਤੱਕ ਤੁਹਾਡੇ ਨਾਲ ਗਲਤ ਹਰਕਤ ਨਹੀਂ ਕਰ ਸਕਦਾ, ਜਦੋਂ ਤਕ ਤੁਸੀਂ ਖ਼ੁਦ ਉਸਨੂੰ ਇੰਝ ਕਰਨ ਦੀ ਆਗਿਆ ਨਾ ਦਿਓ।

***-ਡਾ. ਗਿਰਧਰ ਸ਼ਰਮਾ***

# ਸੈਫ ਨਾਲ ਪਿਆਰ ਪੁਰਾਣਾ ਹੈ - ਕਰੀਨਾ ਕਪੂਰ



ਕਰੀਨਾ ਕਪੂਰ ਤੇ ਸੈਫ ਅਲੀ ਖਾਨ ਆਪਣੇ ਅੰਦਰੂਨੀ ਰਿਸ਼ਤੇ ਦੀ ਗੱਲ ਜਨਤਕ ਤੌਰ 'ਤੇ ਕਾਫੀ ਪਹਿਲਾਂ ਹੀ ਸਵੀਕਾਰ ਕਰ ਚੁੱਕੇ ਹਨ ਅਤੇ ਇਸ ਬਾਰੇ ਮੀਡੀਆ 'ਚ ਕਾਫੀ ਕੁਝ ਲਿਖਿਆ ਤੇ ਸੁਣਿਆ ਵੀ ਜਾਂਦਾ ਰਿਹਾ ਹੈ। ਹੁਣੇ ਜਿਹੇ ਕਰੀਨਾ ਨੇ ਇਕ ਖਾਸ ਗੱਲਬਾਤ 'ਚ ਪਹਿਲੀ ਵਾਰ ਸਵੀਕਾਰ ਕੀਤਾ ਕਿ ਸੈਫ ਪ੍ਰਤੀ ਉਸ ਦੇ ਮਨ 'ਚ ਕਈ ਸਾਲ ਪਹਿਲਾਂ ਹੀ ਪਿਆਰ ਪੈਦਾ ਹੋ ਚੁੱਕਾ ਸੀ। ਭਾਵ ਸ਼ਾਹਿਦ ਕਪੂਰ ਨਾਲ ਪਿਆਰ ਦੀਆਂ ਲੰਬੀਆਂ ਪੀਘਾਂ ਚੜ੍ਹਾਉਂਦਿਆਂ ਵੀ ਕਰੀਨਾ ਦੇ ਮਨ 'ਚ ਕਿਤੇ ਨਾ ਕਿਤੇ ਸੈਫ ਮੌਜੂਦ ਸੀ। ਕਰੀਨਾ ਦਾ ਕਹਿਣਾ ਹੈ ਕਿ ਉਸ ਦੀ ਵੱਡੀ ਭੈਣ ਕ੍ਰਿਸ਼ਮਾ ਕਪੂਰ ਨਾਲ ਸੈਫ ਅਲੀ ਖਾਨ ਨੇ ਜਦੋਂ 'ਹਮ ਸਾਥ ਸਾਥ ਹੈ' 'ਚ ਅਦਾਕਾਰੀ ਕੀਤੀ ਸੀ ਤਾਂ ਉਦੋਂ ਤੋਂ ਹੀ ਸੈਫ ਨੂੰ ਦੇਖ ਕੇ ਉਸ ਦੇ ਮਨ 'ਚ ਕੁਝ ਨਾ ਕੁਝ ਹੁੰਦਾ ਰਹਿੰਦਾ ਸੀ। ਉਸ ਵੇਲੇ ਕਰੀਨਾ ਸਿਰਫ 16 ਸਾਲ ਦੀ ਸੀ। ਉਸ ਦਾ ਕਹਿਣਾ ਹੈ ਕਿ 'ਪਰੰਪਰਾ' ਫ਼ਿਲਮ 'ਚ ਉਸ ਨੂੰ ਸੈਫ ਬਹੁਤ ਚੰਗਾ ਲੱਗਾ ਸੀ ਅਤੇ ਉਸ ਦੀ ਇਕ ਹੋਰ ਫ਼ਿਲਮ 'ਯੇਹ ਦਿਲ ਲਗੀ' ਦਾ ਹਿੱਟ ਗੀਤ 'ਓਲੇ ਓਲੇ' ਤਾਂ ਉਸ ਨੂੰ ਬਹੁਤ ਹੀ ਪਸੰਦ ਹੈ। ਕਰੀਨਾ ਨੂੰ ਸੈਫ 'ਚ ਇੰਟਰਨੈਸ਼ਨਲ ਸਟਾਈਲ ਨਜ਼ਰ ਆਉਂਦਾ ਹੈ। ਕਰੀਨਾ ਦਾ ਕਹਿਣਾ ਹੈ ਕਿ 'ਓਂਕਾਰਾ' ਦੀ ਸ਼ੂਟਿੰਗ ਦੌਰਾਨ ਵੀ ਉਸ ਨੂੰ ਪਹਿਲੀ ਵਾਰ ਸੈਫ ਦੇ ਨੇੜੇ ਜਾਣ ਦਾ ਮੌਕਾ ਮਿਲਿਆ। ਭਾਵ ਕਰੀਨਾ ਸ਼ਾਹਿਦ ਅਤੇ ਉਸ ਤੋਂ ਵੀ ਪਹਿਲਾਂ ਜਿੰਨਿਆਂ ਨਾਲ ਵੀ ਡੇਟਿੰਗ ਕਰਦੀ ਰਹੀ, ਉਸ ਦੇ ਮਨ 'ਚ ਕਿਤੇ ਨਾ ਕਿਤੇ ਸੈਫ ਰਹਿੰਦਾ ਸੀ।



# 'ਭਾਰਤੀ ਦੁਲਹਨ' ਬਣੇਗੀ ਜੈਕਲਿਨ

ਸ਼੍ਰੀਲੰਕਾ ਦੀ ਸੁੰਦਰੀ ਜੈਕਲਿਨ ਫਰਨਾਂਡੀਜ਼ ਨੇ 'ਜਾਨੇ ਕਹਾਂ ਸੇ ਆਈ ਹੈ' 'ਚ ਦੂਜੇ ਗ੍ਰਹਿ ਤੋਂ ਆਈ ਕੁੜੀ ਦਾ ਕਿਰਦਾਰ-ਨਿਭਾਇਆ ਸੀ। ਹੁਣ ਛੇਤੀ ਹੀ ਉਹ ਭਾਰਤੀ ਦੁਲਹਨ ਬਣਨ ਵਾਲੀ ਹੈ। ਅਜਿਹਾ ਨਹੀਂ ਹੈ ਕਿ ਜੈਕਲਿਨ ਕਿਸੇ ਭਾਰਤੀ ਮਰਦ ਨਾਲ ਵਿਆਹ ਕਰਾਉਣ ਵਾਲੀ ਹੈ, ਕਿਉਂਕਿ ਅਜੇ ਤਾਂ ਉਸ ਦੇ ਕੈਰੀਅਰ ਦੀ ਸ਼ੁਰੂਆਤ ਹੀ ਹੋਈ ਹੈ। ਅਸਲ 'ਚ ਜੈਕਲਿਨ 'ਲਿਬਾਸ ਬ੍ਰਾਈਡਲ ਡਿਜ਼ਾਈਨਸ' ਦੇ ਰਿਆਜ਼ ਗਾਂਗੁਲੀ ਵਲੋਂ ਡਿਜ਼ਾਈਨ ਕੀਤੇ ਗਏ ਦੁਲਹਨ ਦੇ ਲਿਬਾਸਾਂ 'ਚ ਰੈਂਪ 'ਤੇ ਮਾਡਲਿੰਗ ਕਰਨ ਵਾਲੀ ਹੈ।

ਇਸ 'ਤੇ ਜੈਕਲਿਨ ਦਾ ਕਹਿਣਾ ਹੈ, ''ਮੈਂ ਪਹਿਲਾਂ ਵੀ ਮਾਡਲਿੰਗ ਕਰ ਚੁੱਕੀ ਹਾਂ ਅਤੇ 'ਲਿਬਾਸ' ਦੇ ਵਿਆਹ ਲਈ ਡਿਜ਼ਾਈਨ ਕੀਤੇ ਜਾਣ ਵਾਲੇ ਲਿਬਾਸ ਮੈਨੂੰ ਹਮੇਸ਼ਾਂ ਪਸੰਦ ਰਹੇ ਹਨ। ਕਿਉਂਕਿ ਹੁਣੇ ਤਾਂ ਮੈਂ ਵਿਆਹ ਨਹੀਂ ਕਰਨ ਵਾਲੀ, ਇਸ ਲਈ ਮੈਨੂੰ ਇਨ੍ਹਾਂ ਨੂੰ ਛੇਤੀ ਪਹਿਨਣ ਦਾ ਮੌਕਾ ਨਹੀਂ ਮਿਲੇਗਾ। ਅਜਿਹੇ 'ਚ ਮੈਨੂੰ ਲੱਗਾ ਕਿ ਕਿਉਂ ਨਾ ਮੈਂ ਇਨ੍ਹਾਂ ਨੂੰ ਫੈਸ਼ਨ ਸ਼ੋਅ 'ਚ ਪਹਿਨ ਲਵਾਂ।''

# ਕਿਸ਼ੋਰ ਕੁਮਾਰ ਦਾ ਮਤਲਬ ਸੀ ਮੌਜ ਅਤੇ ਮਸਤੀ

ਮੁਹੰਮਦ ਰਫ਼ੀ, ਮੁਕੇਸ਼ ਅਤੇ ਕਿਸ਼ੋਰ ਕੁਮਾਰ ਇਕ ਕੰਧ ਵਾਂਗ ਸਨ, ਜਿਸ ਨੂੰ ਟੱਪ ਕੇ ਅਗਾਂਹ ਜਾਣਾ ਨਵੀਆਂ ਪ੍ਰਤਿਭਾਵਾਂ ਲਈ ਮੁਸ਼ਕਲ ਸੀ। ਇਨ੍ਹਾਂ ਤਿੰਨਾਂ ਮਹਾਨ ਗਾਇਕਾਂ 'ਚੋਂ ਕਿਸ਼ੋਰ ਕੁਮਾਰ ਇਕ ਅਜਿਹੇ ਗਾਇਕ ਸਨ, ਜਿਨ੍ਹਾਂ ਦਾ ਅੰਦਾਜ਼ ਆਪਣੇ ਦੋਹਾਂ ਹੀ ਸਮਕਾਲੀਆਂ ਨਾਲੋਂ ਵੱਖਰਾ ਸੀ ਅਤੇ ਦਿਲਚਸਪ ਗੱਲ ਇਹ ਸੀ ਕਿ ਕਿਸ਼ੋਰ ਕੁਮਾਰ ਨੇ ਮੁਹੰਮਦ ਰਫੀ ਅਤੇ ਮੁਕੇਸ਼ ਦੋਹਾਂ ਦੀ ਹੀ ਤੁਲਨਾ 'ਚ 'ਘੱਟ' ਸਫਲਤਾ ਪ੍ਰਾਪਤ ਕੀਤੀ।

ਉਂਜ ਇਸ ਦਾ ਕਾਰਨ ਲੱਭਣ ਲਈ ਬਹੁਤ ਦੂਰ ਜਾਣ ਦੀ ਲੋੜ ਨਹੀਂ ਹੈ ਕਿਉਂਕਿ ਇਸ ਦਾ ਕਾਰਨ ਤਾਂ ਸਵਰਗੀ ਸੰਗੀਤਕਾਰ ਓ. ਪੀ. ਨਈਅਰ ਨੇ ਹੀ ਦੱਸ ਦਿੱਤਾ ਸੀ, ਜਿਨ੍ਹਾਂ ਦੇ ਨਿਰਦੇਸ਼ਨ 'ਚ ਕਿਸ਼ੋਰ ਕੁਮਾਰ ਨੇ ਬਹੁਤ ਹੀ ਘੱਟ ਗੀਤ ਗਾਏ ਸਨ ਪਰ ਇਹ ਸਾਰੇ ਗੀਤ ਹੀ ਬੇਹੱਦ ਸਫਲ ਹੋਏ ਸਨ।

ਰਫੀ ਅਤੇ ਮੁਕੇਸ਼ ਦੀ ਤੁਲਨਾ 'ਚ ਕਿਸ਼ੋਰ ਦੇ ਪਿਛੜਨ ਦਾ ਇਕ ਕਾਰਨ ਸੀ, ਸਮੇਂ ਦਾ ਪਾਬੰਦ ਨਾ ਹੋਣਾ। ਓ. ਪੀ. ਨਈਅਰ ਨੇ ਕਿਹਾ ਸੀ, ''ਜੇਕਰ ਕਿਸ਼ੋਰ ਕੁਮਾਰ ਸਮੇਂ ਦੇ ਪਾਬੰਦ ਹੁੰਦੇ ਤਾਂ ਉਹ ਕਾਫੀ ਅਗਾਂਹ ਨਿਕਲ ਗਏ ਹੁੰਦੇ।'' ਜੋ ਵੀ ਹੋਵੇ, ਗਾਇਕੀ ਤੋਂ ਇਲਾਵਾ ਫ਼ਿਲਮ ਨਿਰਮਾਣ ਨਾਲ ਜੁੜੇ ਬਾਕੀ ਖੇਤਰਾਂ 'ਚ ਕਿਸ਼ੋਰ ਕੁਮਾਰ ਦਾ ਘੱਟ ਯੋਗਦਾਨ ਨਹੀਂ ਹੈ। ਉਹ ਇਕ ਗਾਇਕ ਦੇ ਨਾਲ-ਨਾਲ ਅਦਾਕਾਰ, ਫ਼ਿਲਮ ਨਿਰਦੇਸ਼ਕ, ਗੀਤਕਾਰ, ਕਹਾਣੀਕਾਰ ਅਤੇ ਸੰਗੀਤਕਾਰ ਵੀ ਸਨ। ਇਕ ਅਦਾਕਾਰ ਵਜੋਂ ਉਨ੍ਹਾਂ ਨੇ 102 ਫ਼ਿਲਮਾਂ 'ਚ ਅਦਾਕਾਰੀ ਕੀਤੀ, ਜਿਨ੍ਹਾਂ 'ਚੋਂ 98 ਹਿੰਦੀ ਅਤੇ 4 ਬੰਗਲਾ ਭਾਸ਼ਾ ਵਿਚ ਸਨ। ਕਿਸ਼ੋਰ ਕੁਮਾਰ ਨੇ ਕੁੱਲ 2905 ਗੀਤ ਗਾਏ, 16 ਫਿਲਮਾਂ ਲਈ ਸੰਗੀਤ ਦਿੱਤਾ, 24 ਗੀਤ ਲਿਖੇ, 14 ਫ਼ਿਲਮਾਂ ਦਾ ਨਿਰਮਾਣ ਕੀਤਾ, 15 ਫ਼ਿਲਮਾਂ ਦੀ ਸਕ੍ਰਿਪਟ ਲਿਖੀ, ਜਿਨ੍ਹਾਂ 'ਚੋਂ 9 ਰਿਲੀਜ਼ ਹੋਈਆਂ ਅਤੇ 12 ਫ਼ਿਲਮਾਂ ਦਾ ਨਿਰਦੇਸ਼ਨ ਕੀਤਾ ਸੀ।

ਲਤਾ ਮੰਗੇਸ਼ਕਰ ਦਾ ਕਹਿਣਾ ਹੈ ਕਿ ਕਿਸੇ ਵੀ ਗੀਤ ਦੀ ਰਿਕਾਰਡਿੰਗ ਮੌਕੇ ਕਿਸ਼ੋਰ ਦੀ ਮੌਜੂਦਗੀ ਦਾ ਮਤਲਬ ਹੁੰਦਾ ਸੀ ਰੌਲਾ-ਰੱਪਾ, ਮੌਜ-ਮਸਤੀ, ਹਾਸਾ-ਮਜ਼ਾਕ ਅਤੇ ਹੰਗਾਮਾ।'' ਸੱਚ ਤਾਂ ਇਹ ਹੈ ਕਿ ਰਿਕਾਰਡਿੰਗ 'ਤੇ ਕਿਸ਼ੋਰ ਕੁਮਾਰ ਦੇ ਪਹੁੰਚਦਿਆਂ ਹੀ ਲੋਕ ਹੱਸਣਾ ਸ਼ੁਰੂ ਕਰ ਦਿੰਦੇ ਸਨ ਅਤੇ ਗਾਉਣ ਮੁਤਾਬਕ ਮਾਹੌਲ ਬਣਾਉਣ ਲਈ ਕਿਸ਼ੋਰ ਨੂੰ ਮਨਾਉਣਾ ਪੈਂਦਾ ਸੀ।

ਇਕ ਵਿਅਕਤੀ ਵਜੋਂ ਕਿਸ਼ੋਰ ਕੁਮਾਰ ਕਿਸੇ ਮਸਤਰਾਮ ਤੋਂ ਘੱਟ ਨਹੀਂ ਸਨ। ਅੱਜ ਕਿਸ਼ੋਰ ਕੁਮਾਰ ਭਾਵੇਂ ਇਸ ਦੁਨੀਆਂ 'ਚ ਨਹੀਂ ਪਰ ਉਨ੍ਹਾਂ ਦੇ ਗਾਏ ਗੀਤਾਂ ਦੀ ਅੱਜ ਵੀ ਫ਼ਿਲਮਾਂ 'ਚ



ਵਰਤੋਂ ਹੋ ਰਹੀ ਹੈ।

ਇਕ ਗਾਇਕ ਵਜੋਂ ਉਹ ਕਿੰਨੇ ਮਹਾਨ ਸਨ, ਇਸ ਦਾ ਅੰਦਾਜ਼ਾ ਇਸ ਤੱਥ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਮੌਤ ਨੇ ਕਈ ਪ੍ਰਸਿੱਧ ਸੰਗੀਤਕਾਰਾਂ ਦੇ ਕੈਰੀਅਰ ਨੂੰ ਛੋਟਾ ਕਰ ਦਿੱਤਾ। ਇਨ੍ਹਾਂ 'ਚ ਲਕਸ਼ਮੀਕਾਂਤ-ਪਿਆਰੇ ਲਾਲ ਅਤੇ ਆਰ. ਡੀ. ਬਰਮਨ ਦਾ ਨਾਂ ਸਭ ਤੋਂ ਪਹਿਲਾਂ ਆਉਂਦਾ ਹੈ।

ਕਿਸ਼ੋਰ ਕੁਮਾਰ ਨੇ ਭਾਵੇਂ ਹਾਸੇ-ਮਜ਼ਾਕ ਨਾਲ ਭਰਪੂਰ ਹਲਕੇ-ਫੁਲਕੇ ਅਤੇ ਯੋਡਲਿੰਗ ਵਾਲੇ ਗੀਤ ਗਾਏ ਹੋਣ ਅਤੇ ਕਾਮੇਡੀ ਅਦਾਕਾਰ ਵਜੋਂ ਆਪਣੀ ਇਮੇਜ ਬਣਾਈ ਹੋਵੇ ਪਰ ਗੰਭੀਰ ਗੀਤਾਂ ਤੇ ਗੰਭੀਰ ਕਿਰਦਾਰਾਂ 'ਚ ਵੀ ਉਨ੍ਹਾਂ ਨੇ ਬਰਾਬਰ ਸਫਲਤਾ ਪ੍ਰਾਪਤ ਕੀਤੀ।

ਜਿਥੇ ਇਕ ਪਾਸੇ ਉਨ੍ਹਾਂ ਨੇ 'ਚਲਤੀ ਕਾ ਨਾਮ ਗਾੜੀ' ਅਤੇ 'ਝੁਮਰੂ' ਵਰਗੀਆਂ ਕਾਮੇਡੀ ਫ਼ਿਲਮਾਂ 'ਚ ਅਦਾਕਾਰੀ ਕੀਤੀ ਅਤੇ ਉਸੇ ਮੁਤਾਬਕ ਇਕ 'ਮਸਤਰਾਮ' ਦੀ ਇਮੇਜ ਬਣਾਈ, ਉਥੇ ਹੀ 'ਦੂਰ ਗਗਨ ਕੀ ਛਾਂਵ ਮੇਂ' ਵਰਗੀ ਬੇਹੱਦ ਗੰਭੀਰ ਫ਼ਿਲਮ ਦਾ ਨਿਰਮਾਣ ਕੀਤਾ। ਇਸ ਫ਼ਿਲਮ ਦੇ ਗੀਤਕਾਰ, ਸੰਗੀਤਕਾਰ ਅਤੇ ਕਹਾਣੀਕਾਰ ਤੋਂ ਇਲਾਵਾ ਹੀਰੋ ਵੀ ਉਹੀ ਸਨ। ਇਸੇ ਫ਼ਿਲਮ ਰਾਹੀਂ ਉਨ੍ਹਾਂ ਨੇ ਸੁਲਕਸ਼ਣਾ ਪੰਡਿਤ ਵਰਗੀ ਗਾਇਕਾ ਫ਼ਿਲਮ ਨਗਰੀ ਨੂੰ ਦਿੱਤੀ।

ਕਿਸ਼ੋਰ ਕੁਮਾਰ ਦੇ ਮਸਤ ਸੁਭਾਅ ਦਾ ਅੰਦਾਜ਼ਾ ਇਸੇ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਉਹ ਉਸੇ ਫ਼ਿਲਮੀ ਦੁਨੀਆਂ ਦੇ ਲੋਕਾਂ ਨੂੰ ਖਾਸ ਤੌਰ 'ਤੇ ਬਹੁਤ ਬੋਰ ਮੰਨਦੇ ਸਨ, ਜਿਸ ਦਾ ਖੁਦ ਇਕ ਹਿੱਸਾ ਸਨ ਅਤੇ ਕਹਿੰਦੇ ਹੁੰਦੇ ਸਨ ਕਿ ਉਹ ਲੋਕਾਂ ਨਾਲ ਗੱਲਬਾਤ ਕਰਨ ਦੀ ਬਜਾਏ ਰੁੱਖਾਂ ਨਾਲ ਗੱਲਬਾਤ ਕਰਨਾ ਪਸੰਦ ਕਰਦੇ ਹਨ।

ਕਿਸੇ ਵੀ ਗੀਤ 'ਚ ਉਸ ਦੀ ਭਾਵਨਾ ਲਿਆਉਣ ਲਈ ਕਿਸ਼ੋਰ ਕੁਮਾਰ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਰਹਿੰਦੇ ਸਨ। ਫ਼ਿਲਮ 'ਪਲਕੋਂ ਕੀ ਛਾਂਵ ਮੇਂ' ਦਾ ਗੀਤ 'ਡਾਕੀਆ ਡਾਕ ਲਾਇਆ' ਰਿਕਾਰਡਿੰਗ ਸਟੂਡੀਓ 'ਚ ਸਾਈਕਲ 'ਤੇ ਚੜ੍ਹ ਕੇ ਉਸ ਦੇ ਪੈਡਲ ਘੁੰਮਾਦਿਆਂ ਗਾਇਆ ਸੀ।

ਕਿਸ਼ੋਰ ਕੁਮਾਰ ਦੀ ਗਾਇਕੀ ਦੀ ਰੇਂਜ ਦਾ ਅੰਦਾਜ਼ਾ ਤਾਂ ਇਸ ਗੱਲ ਤੋਂ ਵੀ ਲੱਗ ਜਾਂਦਾ ਹੈ ਕਿ ਲਤਾ ਮੰਗੇਸ਼ਕਰ ਜਦੋਂ ਫ਼ਿਲਮ 'ਹਾਫ ਟਿਕਟ' ਦਾ ਗੀਤ 'ਲੇ ਗਈ ਮੇਰਾ ਦਿਲ' ਗਾਉਣ ਲਈ ਸਟੂਡੀਓ 'ਚ ਨਾ ਪਹੁੰਚ ਸਕੀ ਤਾਂ ਲਤਾ ਦੇ ਹਿੱਸੇ ਦਾ ਗੀਤ ਵੀ ਉਨ੍ਹਾਂ ਨੇ ਔਰਤ ਦੀ ਆਵਾਜ਼ 'ਚ ਖੁਦ ਹੀ ਗਾ ਦਿੱਤਾ। ਇਹੀ ਇਕੋ-ਇਕ ਮਿਸਾਲ ਨਹੀਂ ਹੈ, ਕਿਸ਼ੋਰ ਨੇ ਹੋਰ ਵੀ ਕਈ ਗੀਤਾਂ 'ਚ ਔਰਤ ਦੀ ਆਵਾਜ਼ ਦਿੱਤੀ ਹੈ। ਹੁਣ ਅਜਿਹੇ ਮਹਾਨ ਹਰਫਨਮੌਲਾ ਕਲਾਕਾਰ ਦੀ ਯਾਦ ਕਿਸੇ ਨੂੰ ਭਲਾ ਕਿਉਂ ਨਾ ਆਵੇ।

ਜਿੱਤ ਦੇ ਨਿਸ਼ਾਨ ਸਦਾ ਲਾਏ ਜਾਂਦੇ ਝੰਡੇ ਨਾਲ

ਆਪ ਦੇ ਭਰਵੇਂ ਹੁੰਗਾਰੇ ਅਤੇ ਮਿਲੇ ਪਿਆਰ ਨੂੰ ਮੁੱਖ ਰੱਖਦਿਆਂ ਇਕ ਵਾਰ ਫਿਰ

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ (ਮਿਸ਼ੀਗਨ) ਵਲੋਂ

ਡਿਟਰਾਇਟ, ਮਿਸ਼ੀਗਨ ਵਿਚ ਤੀਜਾ ਸਾਲਾਨਾ ਟੂਰਨਾਮੈਂਟ

# "ਪੰਜਾਬੀ ਖੇਡ ਮੇਲਾ-2010"



## 10 ਜੁਲਾਈ, 2010

ਸਵੇਰੇ 7:00 ਵਜੇ ਤੋਂ ਸ਼ਾਮ 7:00 ਵਜੇ ਤੱਕ

**Independence Park**

1898 Denton Rd., Canton (MI)

**Family Event**

Food & Refreshments Provided

**ਖੇਡਾਂ**

ਕਬੱਡੀ
ਵਾਲੀਬਾਲ
ਸੋਕਰ
ਅਥਲੈਟਿਕਸ

Kabaddi
Volleyball
Soccer
Athletics



ਸਭਿਆਚਾਰਕ ਪ੍ਰੋਗਰਾਮ ਵੀ ਹੋਵੇਗਾ



**Famous Punjabi Singer**
**Professional Stage MC**



*For Mor Info.:*

| | | | |
|---|---|---|---|
| Karmbir Singh | Raj Jamarai | Jaswinder Singh | Karn Gill |
| 734-558-3151 | 734-299-6868 | 734-347-1154 | 734-612-9984 |

**WWW.PSCA-MI.COM**

ਚਾਰ ਹੀ ਤਰੀਕਿਆਂ ਨਾਲ ਬੰਦਾ ਕਰੇ ਕੰਮ ਸਾਰੇ-ਸ਼ੌਂਕ ਨਾਲ, ਪਿਆਰ ਨਾਲ, ਲਾਲਚ ਜਾਂ ਡੰਡੇ ਨਾਲ।

ੴ ਸਤਿਗੁਰ ਪ੍ਰਸਾਦਿ॥

# ਖੁੱਲ੍ਹਾ ਸੱਦਾ



*ਜਿਨਾ ਸਾਸਿ ਗਿਰਾਸਿ ਨਾ ਵਿਸਰੈ ਹਰਿ ਨਾਮਾਂ ਮਨਿ ਮੰਤੁ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥*

*ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਅਦੁੱਤੀ ਸ਼ਖ਼ਸੀਅਤ ਹੋਏ ਹਨ, ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ। ਪੰਜਾਬ ਦੀ ਲੁਬਾਣਾ ਬਰਾਦਰੀ ਉਨ੍ਹਾਂ ਦੀ ਬਖਸ਼ਿਸ਼ ਸਦਕਾ ਹੀ ਅੱਜ ਦੁਨੀਆਂ ਵਿਚ ਉਜਵਲ ਇਤਿਹਾਸ ਸਿਰਜ ਰਹੀ ਹੈ।*

## ਸੰਤ ਬਾਬਾ ਪ੍ਰੇਮ ਸਿੰਘ ਸੁਸਾਇਟੀ ਆਫ ਇੰਡੀਆਨਾ

ਵਲੋਂ

## ਸਿੱਖ ਰਿਲੀਜੀਅਸ ਸੁਸਾਇਟੀ ਆਫ਼ ਇੰਡੀਆਨਾ

10005 Colorado Street Crown Point IN 46307

ਦੇ ਸਹਿਯੋਗ ਨਾਲ

# ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ 60ਵੀਂ ਬਰਸੀ

ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ।

## ਪ੍ਰੋਗਰਾਮ

*ਆਰੰਭ ਸ੍ਰੀ ਅਖੰਡ ਪਾਠ*

4 ਜੂਨ ਸ਼ੁਕਰਵਾਰ 9.30 ਵਜੇ ਸਵੇਰੇ

5 ਜੂਨ ਸਨਿਚਰਵਾਰ ਸ਼ਾਮ 7 ਤੋਂ 8 ਵਜੇ ਤੱਕ

ਕੀਰਤਨ ਭਾਈ ਬਲਕਾਰ ਸਿੰਘ ਮੁਲਤਾਨੀ

*ਸਮਾਪਤੀ ਅਤੇ ਭੋਗ*

6 ਜੂਨ ਐਤਵਾਰ 10.30 ਵਜੇ ਸਵੇਰੇ

ਉਪਰੰਤ ਕੀਰਤਨ ਦਰਬਾਰ

## ਰਾਗੀ ਜਥੇ

*ਭਾਈ ਹਰਪਾਲ ਸਿੰਘ ਇੰਡੀਆਨਾ ਵਾਲੇ*
*ਭਾਈ ਅਜੀਤ ਸਿੰਘ ਜੱਬਲਪੁਰ ਵਾਲੇ*
*ਭਾਈ ਅਮਰਜੀਤ ਸਿੰਘ ਸਾਊਥਬੈਂਡ, ਇੰਡੀਆਨਾ*
*ਭਾਈ ਬਲਕਾਰ ਸਿੰਘ ਮੁਲਤਾਨੀ*



*ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ ਇੰਡੀਆਨਾ ਵਲੋਂ 6 ਜੂਨ 2010 ਨੂੰ ਬਾਬਾ ਜੀ ਦੀ ਯਾਦ ਵਿਚ ਕਰਵਾਇਆ ਜਾ ਰਿਹਾ ਇਹ ਪੰਜਾਵਾਂ ਮੇਲਾ ਹੈ। ਇਸ ਮੇਲੇ ਨੂੰ ਐਨ ਉਸੇ ਤਰ੍ਹਾਂ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ ਜਿਸ ਤਰ੍ਹਾਂ ਕਿ ਪੰਜਾਬ ਵਿਚ ਸੰਗਤਾਂ ਵਲੋਂ ਮਨਾਇਆ ਜਾਂਦਾ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਮੌਕੇ ਹਾਜ਼ਰੀਆਂ ਭਰ ਕੇ ਧੰਨਵਾਦੀ ਬਣਾਓ ਜੀ।*

## ਸੰਗਤ ਦੇ ਸੇਵਾਦਾਰ

*ਪ੍ਰਿਤਪਾਲ ਸਿੰਘ ਘੋਤੜਾ:765-714-2699, ਪਾਲ ਖਲੀਲ:269-861-1800, ਬਲਦੇਵ ਸਿੰਘ ਸੱਲ੍ਹਾਂ:317-362-5843, ਕਿਰਨਜੀਤ ਸਿੰਘ ਬਾਵਾ:574-320-3242, ਇੰਦਰਪਾਲ ਸਿੰਘ:219-741-2119, ਸੁਰਜੀਤ ਸਿੰਘ ਗਿਲਜੀਆਂ:708-205-5235, ਬਲਵਿੰਦਰ ਸਿੰਘ ਸੱਲ੍ਹਾਂ:219-670-7289, ਸੁਖਦੇਵ ਸਿੰਘ ਮੁਲਤਾਨੀ, ਕੁਲਦੀਪ ਸਿੰਘ ਟਾਂਡਾ:219-775-5903, ਬਲਰਾਜ ਸਿੰਘ: 219-484-9403, ਇਕਬਾਲ ਸਿੰਘ ਮਿਆਣੀ:219-588-1817, ਰਣਜੀਤ ਸਿੰਘ ਰੈਂਡੀ:219-617--5641, ਜਸਪਾਲ ਸਿੰਘ ਮੁਲਤਾਨੀ ਭੀਵਾਲ:515-991-4274, ਜਸਬੀਰ ਸਿੰਘ ਪੇਲੀਆ:219-218-2042, ਲਖਵੀਰ ਸਿੰਘ ਚੱਕਭਾਮੂ:219-828-8410*

ਇੰਦਰਜੀਤ ਸਿੰਘ (ਡਾਲਾ), ਜੋਗਿੰਦਰ ਸਿੰਘ, ਸਿਕੰਦਰ ਸਿੰਘ ਨੰਗਲੀ, ਸੁਖਵਿੰਦਰ ਸਿੰਘ, ਜਸਪਾਲ ਸਿੰਘ ਘੋਤੜਾ, ਸਰਬਜੀਤ ਸਿੰਘ ਸੱਲ੍ਹਾਂ, ਹਰਪਾਲ ਸਿੰਘ, ਗੁਰਮੇਲ ਸਿੰਘ, ਲਖਵਿੰਦਰ ਸਿੰਘ ਸੱਲ੍ਹਾਂ, ਗੁਰਦੇਵ ਸਿੰਘ, ਦਲਜੀਤ ਸਿੰਘ, ਮੁਖਤਿਆਰ ਸਿੰਘ, ਜਸਬੀਰ ਸਿੰਘ ਡਿਪਟੀ, ਮਨਜੀਤ ਸਿੰਘ, ਹਰਭਜਨ ਸਿੰਘ, ਓਂਕਾਰ ਸਿੰਘ, ਗੁਰਮੀਤ ਸਿੰਘ, ਸੁਖਦੇਵ ਸਿੰਘ ਖਾਲਸਾ, ਅੰਮ੍ਰਿਤਪਾਲ ਸਿੰਘ, ਗੁਰਪ੍ਰੀਤ ਸਿੰਘ, ਹਰਦੀਪ ਸਿੰਘ, ਨਪਿੰਦਰਪਾਲ ਸਿੰਘ ਹੈਪੀ, ਰੁਪਿੰਦਰ ਸਿੰਘ ਭਗਿਆਣਾ, ਜਸਵੰਤ ਸਿੰਘ (ਤਲਵੰਡੀ ਕੂਕਿਆਂ), ਸਵਰਨ ਸਿੰਘ ਬੈਂਸ ਅਵਾਨ, ਸੁਰਿੰਦਰ ਪਾਲੀਆ, ਕੁਲਵਿੰਦਰ ਸਿੰਘ ਬੰਟੀ, ਗੁਰਪ੍ਰੀਤ ਸਿੰਘ ਸਲੇਮਪੁਰ, ਲਖਵਿੰਦਰ ਸਿੰਘ ਪੇਲੀਆ, ਜਸਵੰਤ ਸਿੰਘ (ਤਲਵੰਡੀ ਕੂਕਿਆਂ), ਸੁਰਿੰਦਰ ਸਿੰਘ ਮੁਲਤਾਨੀ